ਮਿੱਤਰ ਸੈਨ ਮੀਤ

# ਸਵਾਲਾਂ ਦੇ ਰੂਬਰੂ

## *ਏਸੇ ਕਲਮ ਤੋਂ*

- ***ਮੌਲਿਕ***

ਭਾਰਤੀ ਸਾਹਿਤ ਦੇ ਨਿਰਮਾਤਾ : ਡਾ. ਮੋਹਨ ਸਿੰਘ ਦੀਵਾਨਾ—2013
ਸੰਵਾਦ ਪੁਨਰ ਸੰਵਾਦ—2012
ਚਿੰਤਨ ਪੁਨਰ-ਚਿੰਤਨ—2010
ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ—2004
ਪੰਜਾਬੀ ਗਲਪ : ਸੰਵਾਦ ਤੇ ਸਮੀਖਿਆ—2001
ਪੰਜਾਬੀ ਆਲੋਚਨਾ : ਸਿੱਧਾਂਤ ਤੇ ਵਿਹਾਰ—1988
ਮੌਲਾ ਬਖ਼ਸ਼ ਕੁਸ਼ਤਾ : ਜੀਵਨ ਤੇ ਰਚਨਾ (ਸਹਿ ਲੇਖਕ)—1987

- ***ਸੰਪਾਦਿਤ***

ਕੌਰਵ ਸਭਾ ਦੀਆਂ ਪਰਤਾਂ—2006
ਸਾਹਿਤ ਅਧਿਐਨ ਵਿਧੀਆਂ : ਵਰਤਮਾਨ ਪਰਿਪੇਖ—2006
ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਦਾ ਸਰੂਪ—2003
ਡਾ. ਅਤਰ ਸਿੰਘ : ਸਾਹਿਤ ਚਿੰਤਨ—2003
ਕੁਲਬੀਰ ਸਿੰਘ ਕਾਂਗ ਦੇ ਲਲਿਤ ਨਿਬੰਧ—2002
ਸਵਰਨ ਚੰਦਨ : ਰਚਨਾ ਤੇ ਸੰਦਰਭ—2002
ਡਾ. ਰਵਿੰਦਰ ਸਿੰਘ ਰਵੀ ਦਾ ਚਿੰਤਨ ਸ਼ਾਸਤਰ—2000
ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ : ਸੰਵਾਦ ਤੇ ਮੁੱਲਾਂਕਣ—1998, 2006
ਖੋਜ ਦਰਪਣ (ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ)—1997
ਸ. ਸੋਜ਼ ਦੀ ਨਾਵਲ ਸੰਵੇਦਨਾ—1994
ਸਵਰਨ ਚੰਦਨ ਦੀ ਗਲਪ ਚੇਤਨਾ—1992
ਗਿਆਨ ਵਿਗਿਆਨ (ਸਹਿ ਸੰਪ.) 1990
ਪੰਜਾਬੀ ਸਾਹਿਤ ਦੀ ਇਤਿਹਾਸਕਾਰੀ (ਸਹਿ ਸੰਪ. ਜਿਲਦ-I)—1989
ਪੰਜਾਬੀ ਸਾਹਿਤ ਦੀ ਇਤਿਹਾਸਕਾਰੀ (ਸਹਿ ਸੰਪ. ਜਿਲਦ-II)—1989

ਮਿੱਤਰ ਸੈਨ ਮੀਤ

# ਸਵਾਲਾਂ ਦੇ ਰੂਬਰੂ

ਹਰਿਭਜਨ ਸਿੰਘ ਭਾਟੀਆ

***ਸਮਰਪਣ***

"ਜੇਕਰ ਅੱਜ ਅਸੀਂ ਦਰਿਆਵਾਂ ਦੇ ਰੁਖ਼ ਮੋੜ ਸਕਦੇ ਹਾਂ ਤਾਂ ਅਸੀਂ
ਜ਼ਿੰਦਗੀ ਦਾ ਰੁਖ਼ ਕਿਉਂ ਨਹੀਂ ਮੋੜ ਸਕਦੇ ? ਸਮਾਜ ਦੇ ਰੁਖ਼
ਕਿਉਂ ਨਹੀਂ ਮੋੜ ਸਕਦੇ ?"

**—ਗੁਰਸ਼ਰਨ ਸਿੰਘ**

ਹਰ ਪ੍ਰਕਾਰ ਦੀ
ਤਾਨਾਸ਼ਾਹੀ ਦੇ ਵਿਰੋਧੀ, ਕ੍ਰਾਂਤੀ ਦੇ ਕਲਾਕਾਰ ਅਤੇ
ਲੋਕ ਥੀਏਟਰ ਦੇ ਬਾਦਸ਼ਾਹ, ਲੋਕ-ਪੱਖੀ ਰੰਗਕਰਮੀ ਅਤੇ
ਨਾਟਕਕਾਰ **ਗੁਰਸ਼ਰਨ ਭਾਅ ਜੀ** ਦੀ ਇਨਕਲਾਬੀ
ਸੋਚ ਨੂੰ ਸਮਰਪਿਤ

"ਹਵਾ ਮੇਂ ਰਹੇਂਗੀ ਮੇਰੇ ਖ਼ਯਾਲੋਂ ਕੀ ਬਿਜਲੀਆਂ
ਯੇ ਮੁਸ਼ਤੇ ਖ਼ਾਕ ਹੈ ਫ਼ਾਨੀ ਰਹੇ ਨ ਰਹੇ।"

*—ਸ਼ਹੀਦ ਭਗਤ ਸਿੰਘ*

ਅਤੇ

*ਗੁਰਸ਼ਰਨ ਭਾਅ ਜੀ* ਦਾ

**ਪਸੰਦੀਦਾ ਸ਼ਿਅਰ**

# ਤਰਤੀਬ

• ਮੁੱਢਲੀ ਗੱਲ
(ਮਿੱਤਰ ਸੈਨ ਮੀਤ : ਮਹੱਤਵ ਅਤੇ ਗਲਪੀ ਵਿਲੱਖਣਤਾ) 7

• ਮਿੱਤਰ ਸੈਨ ਮੀਤ : ਸਵਾਲਾਂ ਦੇ ਰੂਬਰੂ 35

• ਮੈਂ ਅਤੇ ਮੇਰੇ ਆਲੋਚਕ : ਮਿੱਤਰ ਸੈਨ ਮੀਤ 136

• ਵਿਦਵਾਨਾਂ ਦੀ ਪ੍ਰਤਿਕਿਰਿਆ 144

• **ਅੰਤਿਕਾਵਾਂ :** 159

ਅੰਤਿਕਾ-I
ਮਿੱਤਰ ਸੈਨ ਮੀਤ : ਜੀਵਨ ਬਿਓਰਾ
ਕਾਰੋਬਾਰੀ ਤਜਰਬਾ ਅਤੇ ਮਾਨ ਸਨਮਾਨ
ਕਾਨੂੰਨੀ ਮਸਲਿਆਂ ਬਾਰੇ ਪੰਜ ਪੁਸਤਕਾਂ ਦੀ ਰਚਨਾ
ਸਾਹਿਤਕ ਯੋਗਦਾਨ ਅਤੇ ਮਾਨ ਸਨਮਾਨ

ਅੰਤਿਕਾ-II
ਮਿੱਤਰ ਸੈਨ ਮੀਤ ਦੀਆਂ ਮੌਲਿਕ ਰਚਨਾਵਾਂ 165

ਅੰਤਿਕਾ-III
ਮਿੱਤਰ ਸੈਨ ਮੀਤ ਦੀਆਂ ਰਚਨਾਵਾਂ ਉੱਪਰ ਹੋਇਆ ਖੋਜ ਕਾਰਜ 166

ਅੰਤਿਕਾ-IV
ਮਿੱਤਰ ਸੈਨ ਮੀਤ ਦੇ ਨਾਵਲਾਂ ਸੰਬੰਧੀ ਪ੍ਰਾਪਤ ਖੋਜ ਮੂਲਕ ਪੁਸਤਕਾਂ 168

## ਮੁੱਢਲੀ ਗੱਲ
### (ਮਿੱਤਰ ਸੈਨ ਮੀਤ : ਮਹੱਤਵ ਅਤੇ ਗਲਪੀ ਵਿਲੱਖਣਤਾ)

ਮੈਂ ਪਿਛਲੇ ਤਿੰਨ ਦਹਾਕਿਆਂ ਤੋਂ ਮਿੱਤਰ ਸੈਨ ਮੀਤ ਦੀ ਰਚਨਾਕਾਰੀ ਦੇ ਅਮਲ ਨਾਲ ਜੁੜਿਆ ਹੋਇਆ ਹਾਂ। ਉਸ ਦੀ ਗਲਪ ਰਚਨਾ ਨਾਲ ਮੇਰਾ ਵਾਹ-ਵਾਸਤਾ ਪਹਿਲਾਂ ਅਤੇ ਉਸ ਦੀ ਸ਼ਖ਼ਸੀਅਤ ਨਾਲ ਮੇਰਾ ਸੰਪਰਕ ਮਗਰੋਂ ਜੁੜਿਆ। ਗੱਲ 1990 ਈ. ਦੀ ਹੈ। ਮਿੱਤਰ ਸੈਨ ਮੀਤ ਦੇ ਨਾਵਲ **ਤਫ਼ਤੀਸ਼** ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਦੁਆਰਾ **ਨਾਨਕ ਸਿੰਘ ਗਲਪ ਪੁਰਸਕਾਰ** ਲਈ ਚੁਣਿਆ ਗਿਆ। ਇਸ ਨਾਵਲ ਵਿਚਲੇ ਗੌਰਵਸ਼ਾਲੀ ਵੱਥ ਅਤੇ ਇਸ ਦੀਆਂ ਤੈਹਾਂ ਵਿਚ ਛੁਪੀ ਪਾਠਕ ਦੀ ਚੇਤਨਾ ਵਿਚ ਬੁਨਿਆਦੀ ਤਬਦੀਲੀ ਦੀ ਭਾਵਨਾ ਸਦਕਾ ਮੇਰਾ ਉਸ ਦੀਆਂ ਹੋਰਨਾਂ ਰਚਨਾਵਾਂ ਵੱਲ ਅਹੁਲਣਾ ਕੁਦਰਤੀ ਸੀ। ਪਤਾ ਲੱਗਾ ਕਿ ਉਹ ਪਹਿਲਾਂ **ਅੱਗ ਦੇ ਬੀਜ** (1971) ਤੇ **ਕਾਫ਼ਲਾ** (1986) ਨਾਵਲ ਅਤੇ ਫਿਰ ਦੋ ਕਹਾਣੀ-ਸੰਗ੍ਰਹਿ **ਪੁਨਰਵਾਸ** (1987) ਅਤੇ **ਲਾਮ** (1988) ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਮਗਰੋਂ 1992 ਵਿਚ ਉਸ ਦਾ ਇਕ ਹੋਰ ਕਹਾਣੀ ਸੰਗ੍ਰਹਿ **ਠੋਸ ਸਬੂਤ** ਵੀ ਸਾਮ੍ਹਣੇ ਆਇਆ। ਉਸ ਦੀਆਂ ਮੁੱਢਲੇ ਦੌਰ ਦੀਆਂ ਰਚਨਾਵਾਂ ਵਿਚੋਂ ਮਾਨਵੀ ਪੀੜਾ, ਖ਼ਾਸਕਰ ਨਿਮਨ ਕਿਰਸਾਨੀ ਅਤੇ ਦਲਿਤ ਸਮਾਜ ਦਾ ਦਰਦ, ਉਨ੍ਹਾਂ ਦੇ ਆਰ-ਪਾਰ ਫੈਲਿਆ ਦਿਖਾਈ ਦਿੱਤਾ। ਫਰੋਲਾ-ਫਰਾਲੀ ਮਗਰੋਂ ਇਸ ਸਭ ਕੁਝ ਦੇ ਬੀਜ ਮੈਨੂੰ ਉਸ ਦੀ ਪਰਿਵਾਰਕ ਸਥਿਤੀ, ਚੌਤਰਫ਼ੀ ਪੱਸਰੇ ਵਾਤਾਵਰਣ ਅਤੇ ਮਿੱਤਰ ਮੰਡਲੀ (ਖ਼ਾਸਕਰ ਨਕਸਲੀ ਮਿੱਤਰਾਂ ਦੇ ਸਾਥ) ਵਿਚੋਂ ਲੱਭੇ। ਲੱਗਾ ਕਿ ਨਕਸਲੀ ਲਹਿਰ ਨਾਲ ਜੁੜ ਹੋਰਨਾਂ ਨੌਜਵਾਨਾਂ ਵਾਂਗ ਇਸ ਦਾ ਵੀ ਮੁਲਕ ਦੀ ਆਜ਼ਾਦੀ ਪ੍ਰਤਿ ਮੋਹ-ਭੰਗ ਹੋ ਚੁੱਕਾ ਹੈ ਅਤੇ ਇਸ ਦੀ ਸੋਚ ਪੂਰੀ ਤਰ੍ਹਾਂ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਤੋਂ ਮੁਕਤ ਹੋ ਚੁੱਕੀ ਹੈ। ਆਲੇ-ਦੁਆਲੇ ਪੱਸਰੀ ਆਦਰਸ਼-ਵਿਹੂਣੀ ਸਥਿਤੀ ਨੂੰ ਇਹ ਪਹਿਲਾਂ ਸਮਝਣ ਅਤੇ ਮੁੜ ਬਦਲਣ ਦਾ ਇਛੁੱਕ ਹੈ। ਇਸ ਨੂੰ ਰਹੱਸ ਅਤੇ ਰੁਮਾਂਸ ਨਾਲ ਗਲੇਫ਼ੀਆਂ ਰਚਨਾਵਾਂ ਆਪਣੇ ਸ਼ਾਇਰ ਮਿੱਤਰ ਪਾਸ਼ ਵਾਂਗ "ਚਗਲੇ ਸੁਆਦਾਂ ਤੋਂ ਵੱਧ ਕੁਝ ਨਹੀਂ ਲੱਗਦੀਆਂ।" ਸਾਹਿਤਕਾਰੀ ਇਸ ਲਈ ਉਦੇਸ਼-ਮੂਲਕ ਕਾਰਜ ਹੈ ਜਿਸ ਦੇ ਮਾਧਿਅਮ ਰਾਹੀਂ ਉਹ ਲੋਕ-ਚੇਤਨਾ ਨੂੰ ਬਦਲਣਾ ਲੋੜਦਾ ਹੈ। ਸਿਆਸੀ ਤਬਦੀਲੀ ਲਈ ਇਹ ਅਦਬ ਨੂੰ ਇਕ ਸ਼ਕਤੀਸ਼ਾਲੀ ਹਥਿਆਰ ਮਹਿਸੂਸਦਾ ਹੈ। ਇਹ ਵੀ ਲੱਗਾ ਕਿ ਜੋ ਕੰਮ ਇਸ ਲਹਿਰ ਨਾਲ ਜੁੜੇ ਉਸ ਦੇ ਅਦਬੀ ਮਿੱਤਰ ਅਤੇ ਉਸਤਾਦ ਪਾਸ਼, ਉਦਾਸੀ, ਗੁਰਸ਼ਰਨ ਸਿੰਘ ਅਤੇ ਵਰਿਆਮ ਸੰਧੂ

ਵਰਗੇ ਸ਼ਾਇਰ, ਨਾਟਕਕਾਰ ਅਤੇ ਕਹਾਣੀਕਾਰ ਆਪਣੀਆਂ ਵੱਖ-ਵੱਖ ਰਚਨਾਵਾਂ ਰਾਹੀਂ ਕਰ ਰਹੇ ਹਨ, ਠੀਕ ਉਹ ਕਾਰਜ ਹੀ ਮਿੱਤਰ ਸੈਨ ਮੀਤ ਆਪਣੀਆਂ ਗਲਪ-ਰਚਨਾਵਾਂ ਰਾਹੀਂ ਕਰਨਾ ਲੋੜਦਾ ਹੈ। ਉਦਾਸੀ ਦੀ ਸ਼ਾਇਰੀ ਵਿਚਲਾ ਇਨਕਲਾਬੀ ਸੁਨੇਹਾ "ਅਸੀਂ ਤੋੜੀਆਂ ਗ਼ੁਲਾਮੀ ਦੀਆਂ ਕੜੀਆਂ, ਬੜੇ ਹੀ ਅਸੀਂ ਦੁਖੜੇ ਸਹੇ, ਆਖਣਾ ਸਮੇਂ ਦੀ ਸਰਕਾਰ ਨੂੰ ਕਿ ਗਹਿਣੇ ਸਾਡਾ ਦੇਸ਼ ਨਾ ਧਰੇ" ਉਸ ਦੀਆਂ ਮੁੱਢਲੇ ਦੌਰ ਦੀਆਂ ਰਚਨਾਵਾਂ ਦੇ ਆਰ-ਪਾਰ ਫੈਲਿਆ ਹੋਇਆ ਸੀ। ਉਸ ਦੇ ਸਮਕਾਲੀ ਮਿੱਤਰ ਵੇਲੇ ਦੀਆਂ ਹਕੂਮਤਾਂ ਦੇ ਸਿਆਸੀ ਤਸ਼ੱਦਦ ਦਾ ਸ਼ਿਕਾਰ ਹੋ ਰਹੇ ਸਨ। ਇੰਜ ਉਸ ਦੀ ਲਿਖਤ ਲਈ ਵਕਤੀ ਆਨੰਦ ਜਾਂ ਮਜ਼ਾ ਅਸਲੋਂ ਬੇਅਰਥ ਹੋ ਗਏ। ਪ੍ਰਚਾਰ ਜਾਂ ਸਮਾਜਕ ਆਲੋਚਨਾ ਉਸ ਲਈ ਕੋਈ ਭਿੱਟਣ ਵਾਲੀ ਸ਼ੈਅ ਨਹੀਂ ਸਗੋਂ ਅਦਬ ਦੀ ਕਾਇਆ ਦਾ ਲਾਜ਼ਮੀ ਜੁਜ਼ ਸੀ। ਸਮਾਜਕ ਤਬਦੀਲੀ ਅਤੇ ਪਰਿਵਰਤਨ ਉਸ ਦੀ ਗਲਪਕਾਰੀ ਦਾ ਕੇਵਲ ਤੇ ਕੇਵਲ ਇਕੋ ਇਕ ਮਨੋਰਥ ਸੀ ਜਿਹੜਾ ਸ਼ੁਰੂ ਤੋਂ ਲੈ ਕੇ ਹੁਣ ਤਕ ਉਸ ਦੀ ਗਲਪ ਰਚਨਾ ਦਾ ਸੰਗੀ-ਸਾਥੀ ਬਣਿਆ ਹੋਇਆ ਹੈ। ਸ਼ੁਰੂ-ਸ਼ੁਰੂ ਵਿਚ ਉਹ ਇਸ ਉਦੇਸ਼ ਪ੍ਰਤਿ ਏਨਾ ਉਤੇਜਿਤ ਨਜ਼ਰ ਆਉਂਦਾ ਸੀ ਕਿ ਉਹ ਅਕਸਰ ਕਲਾ ਦੀਆਂ ਹੱਦਬੰਦੀਆਂ ਨੂੰ ਵੀ ਉਲੰਘ ਜਾਂਦਾ ਸੀ। ਹੌਲੀ-ਹੌਲੀ ਕਲਾ ਦੀਆਂ ਵਲਗਣਾਂ ਅੰਦਰ ਰਹਿ ਕੇ ਉਸ ਨੇ ਭ੍ਰਿਸ਼ਟ ਸਮਾਜ ਦੀਆਂ ਹੇਠਲੀਆਂ ਤੈਹਾਂ ਨੂੰ ਉਧੇੜਨਾ-ਫਰੋਲਣਾ ਅਤੇ ਲੋਕ ਮਾਨਸਿਕਤਾ ਨੂੰ ਨਵੇਂ ਗਿਆਨ ਅਤੇ ਰੌਸ਼ਨੀ ਨਾਲ ਮਾਲਾਮਾਲ ਕੀਤਾ। ਇਹ ਨਵੀਂ ਰੌਸ਼ਨੀ ਲੋਕਤੰਤਰ ਦੀ ਸ਼ਕਤੀ, ਪੁਲਿਸ ਦੀ ਸੱਚ ਦੀ ਤਲਾਸ਼ ਕਰਨ ਦੀ ਜ਼ਿੰਮੇਵਾਰੀ, ਨਿਆਇ ਦੇ ਮੰਦਰ ਸਮਝੀਆਂ ਜਾਂਦੀਆਂ ਅਦਾਲਤਾਂ, ਸੁਧਾਰ ਘਰ ਸਦਵਾਉਂਦੀਆਂ ਜੇਲ੍ਹਾਂ ਪ੍ਰਤਿ ਬਣੀਆਂ ਗ਼ਲਤ ਧਾਰਨਾਵਾਂ ਤੇ ਵਿਸ਼ਵਾਸਾਂ ਨੂੰ ਠਕੋਰਣ ਅਤੇ ਅਸਲੀਅਤ ਨੂੰ ਬੇਪਰਦਾ ਕਰਨ ਵਾਲੀ ਸੀ। ਇਸੇ ਰਾਹੀਂ ਮਨੁੱਖੀ ਸਮਾਜ ਦੇ ਚੌਤਰਫ਼ੀ ਪਸਰਿਆ ਭਿਆਨਕ ਨਰਕ ਸਾਫ਼ ਦਿਖਾਈ ਦੇਣ ਲੱਗਾ। ਇਹ ਕਾਰਜ ਉਸ ਨੇ ਅਪਰਾਧ-ਸ਼ਾਸਤਰ ਨੂੰ ਸਮਝਣ ਦੇ ਮਾਧਿਅਮ ਰਾਹੀਂ ਨੇਪਰੇ ਚਾੜ੍ਹਿਆ। ਕੀ ਅਜੋਕੀ ਭ੍ਰਿਸ਼ਟ ਰਾਜਨੀਤਕ ਵਿਵਸਥਾ ਅਤੇ ਜਰਜਰ ਹੋ ਚੁੱਕੇ ਨਿਆਂ ਪ੍ਰਬੰਧ ਵਿਚ ਆਮ ਸਧਾਰਨ ਬੰਦੇ ਨੂੰ ਹੱਕ, ਸੱਚ ਜਾਂ ਇਨਸਾਫ਼ ਦੀ ਕੋਈ ਉਮੀਦ ਰੱਖਣੀ ਚਾਹੀਦੀ ਹੈ ? ਉਸ ਦੀਆਂ ਸਮੁੱਚੀਆਂ ਲਿਖਤਾਂ ਦਾ ਜੁਆਬ "ਨਹੀਂ" ਵਿਚ ਹੈ। ਇਹ ਜੁਆਬ ਉਸ ਕਦੀ ਪੁਲਿਸ ਤੰਤਰ, ਕਦੀ ਅਦਾਲਤਾਂ, ਕਦੀ ਜੇਲ੍ਹਾਂ ਅਤੇ ਰਾਜਨੀਤੀਵਾਨਾਂ ਦੇ ਪ੍ਰਚਲਿਤ ਵਿਹਾਰ ਦੀ ਗਹਿਰ ਗੰਭੀਰ ਵਿਆਖਿਆ ਦੇ ਮਾਧਿਅਮ ਰਾਹੀਂ ਦਿੱਤਾ। ਇਸ ਗੁੱਝੀ ਸੱਚਾਈ ਦੇ ਸਾਮ੍ਹਣੇ ਆਉਣ ਨਾਲ ਹੀ ਉਸ ਦਾ ਤਬਦੀਲੀ ਦਾ ਸੁਨੇਹਾ ਵਧੇਰੇ ਅਰਥ ਭਰਪੂਰ ਲੱਗਣ ਲੱਗਾ। ਪ੍ਰਸਿੱਧ ਹਿੰਦੀ ਵਿਦਵਾਨ ਪ੍ਰੋਫ਼ੈਸਰ ਮੈਨੇਜਰ ਪਾਂਡੇ ਨੇ ਉਸ ਦੇ ਸਮੁੱਚੇ ਨਾਵਲਾਂ ਉੱਪਰ ਦਰੁਸਤ ਸੂਤਰਕ ਟਿੱਪਣੀ ਕੀਤੀ ਹੈ ਕਿ "ਇਹ ਉਪਨਿਆਸ ਵਿਅਕਤੀ ਨੂੰ ਸਮਾਜਿਕ ਅਤੇ ਸਮਾਜ ਨੂੰ ਮਾਨਵੀ ਬਣਾਉਂਦੇ ਹਨ।"

## I

ਮਿੱਤਰ ਸੈਨ ਮੀਤ ਦੇ ਪਰਿਵਾਰਕ ਸਮਾਚਾਰਾਂ ਵੱਲ ਪਿਛਲਝਾਤ ਮਾਰੀਏ ਤਾਂ ਕੁਝ ਤੱਥ ਸਾਮ੍ਹਣੇ ਆਉਂਦੇ ਹਨ। ਉਸ ਦਾ ਜਨਮ 20 ਅਕਤੂਬਰ 1952 ਨੂੰ ਹੇਠਲੀ ਮੱਧਸ਼੍ਰੇਣੀ ਦੇ ਮਹਾਜਨ ਪਰਿਵਾਰ ਵਿਚ ਹੋਇਆ ਸੀ। ਗੋਇਲ ਪਰਿਵਾਰ ਨਾਲ ਸੰਬੰਧਤ ਇਸ ਬਾਲ ਦੇ ਪਹਿਲੇ ਦਸ ਵਰ੍ਹੇ ਪੇਂਡੂ ਵਾਤਾਵਰਣ ਵਿਚ ਹੀ ਗੁਜ਼ਰੇ। ਪਿਤਾ ਦੇ ਪਟਵਾਰੀ ਹੋਣ ਕਰਕੇ ਕਿਰਸਾਨੀ ਜੀਵਨ ਦੇ ਆਸ-ਪਾਸ ਵਿਚਰਣਾ ਸੁਭਾਵਿਕ ਸੀ। ਨਿਮਨ ਕਿਰਸਾਨੀ ਦੀ ਪੀੜਾ, ਮਹਿਰੂਮੀਅਤ ਭਰੀ ਜ਼ਿੰਦਗੀ ਜਿਵੇਂ ਉਸ ਦੇ ਅਵਚੇਤਨ ਤਕ ਧਸ ਗਈ। 1962 ਈ. ਵਿਚ ਇਹ ਪਰਿਵਾਰ ਬਰਨਾਲੇ ਆ ਟਿਕਿਆ। ਜਿਸ ਇਲਾਕੇ ਵਿਚ ਇਹ ਟਿਕੇ, ਉਥੇ ਮੀਤ ਦੇ ਕਹਿਣ ਵਾਂਗ ਇਥੇ “ਦਲਿਤਾਂ ਦੇ ਦਲਿਤ ਧਾਨਕੇ” ਰਹਿੰਦੇ ਸਨ। ਇੰਜ ਇਕ ਪਾਸੇ ਪਰਿਵਾਰ ਦੀ ਤੰਗਦਸਤੀ, ਪਿੱਛੋਂ ਨਿਮਨ ਕਿਰਸਾਨੀ, ਦਲਿਤਾਂ ਅਤੇ ਸਾਂਸੀਆਂ ਨਾਲ ਵਾਹ ਨੇ ਉਸ ਦੇ ਜ਼ਿਹਨ ਅੰਦਰ ਮਾਨਵੀ ਦਰਦ ਅਤੇ ਪੀੜਾ ਵਰਗਾ ਕੁਝ ਬੀਜਣਾ ਆਰੰਭ ਕਰ ਦਿੱਤਾ। ਏਥੇ ਉਸ ਅੰਦਰ ਸਵਾਲ ਉਗਮ ਰਹੇ ਸਨ ਅਤੇ ਆਲੇ-ਦੁਆਲੇ ਨੂੰ ਦੇਖਣ-ਸਮਝਣ ਲਈ ਬਣੇ ਵਿਸ਼ਵਾਸ ਟੁੱਟ ਰਹੇ ਸਨ। 1968 ਵਿਚ ਉਹ ਦਸਵੀਂ ਅਤੇ 1972 ਵਿਚ ਬੀ.ਏ. ਪਾਸ ਕਰ ਗਿਆ। ਠੀਕ ਇਸੇ ਜ਼ਮਾਨੇ ਵਿਚ ਨਕਸਲੀ ਲਹਿਰ ਆਪਣੇ ਜੋਬਨ ਉੱਪਰ ਸੀ। ਇਸੇ ਲਹਿਰ ਪਿੱਛੇ ਕੰਮ ਕਰਦੇ ਵਿਚਾਰਧਾਰਕ ਚੌਖਟੇ (ਮਾਰਕਸਵਾਦੀ-ਲੈਨਿਨਵਾਦ ਵਿਚਾਰਧਾਰਾ) ਨੇ ਉਸ ਦੇ ਜ਼ਿਹਨ ਵਿਚ ਉੱਗੇ ਸਵਾਲਾਂ ਦੇ ਸਹੀ ਅਤੇ ਵਿਗਿਆਨਕ ਹੱਲ ਤਲਾਸ਼ਣੇ ਆਰੰਭ ਕੀਤੇ। ਚੇਤਨਾ ਦੀ ਅੱਖ ਖੁੱਲ੍ਹਣ ਨਾਲ ਉਂਜ ਵੀ ਵਹਿਮ-ਭਰਮ, ਅੰਧ ਵਿਸ਼ਵਾਸ ਅਤੇ ਰੂੜ੍ਹੀਵਾਦੀ ਕੀਮਤਾਂ ਬੰਦੇ ਦੀ ਸ਼ਖ਼ਸੀਅਤ ਵਿਚੋਂ ਲੋਪ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। 1976 ਵਿਚ ਉਸ ਨੇ ਕਾਨੂੰਨ ਦੀ ਵਿਦਿਆ (ਐੱਲ.ਐੱਲ.ਬੀ.) ਹਾਸਿਲ ਕਰ ਲਈ। ਵਿਚ-ਵਿਚਾਲੇ ਉਹ ਗਿਆਨੀ ਅਤੇ ਬੀ.ਐੱਡ. ਦੀਆਂ ਡਿਗਰੀਆਂ ਵੀ ਕਰ ਗਿਆ। ਇੰਜ ਇਕ ਪਾਸੇ ਬਰਨਾਲੇ ਦਾ ਖ਼ੁਸ਼ਗਵਾਰ ਅਦਬੀ ਵਾਤਾਵਰਣ ਤੇ ਪੀੜਤ ਜ਼ਿੰਦਗੀ ਦਾ ਅਨੁਭਵ ਅਤੇ ਦੂਸਰੇ ਪਾਸੇ ਗਣਿਤ, ਮਨੋਵਿਗਿਆਨ, ਕਾਨੂੰਨ ਅਤੇ ਪੰਜਾਬੀ ਅਦਬ ਦੀ ਜਾਣਕਾਰੀ ਵਿਚੋਂ ਉਸ ਦੀ ਅਦਬੀ ਜ਼ਿੰਦਗੀ ਨੇ ਵੀ ਪੁੰਗਰਣਾ ਸ਼ੁਰੂ ਕੀਤਾ। ਯਾਨੀ ਉਹ ਗੋਇਲ ਤੋਂ ਮੀਤ ਬਣਨਾ ਸ਼ੁਰੂ ਹੋ ਗਿਆ। ਇਕ ਪਾਸੇ ਉਹ ਵਿਦਿਆ ਹਾਸਲ ਕਰ ਰਿਹਾ ਸੀ ਅਤੇ ਦੂਸਰੇ ਪਾਸੇ ਉਸ ਨੂੰ ਲੋਕ-ਪੀੜਾ ਤੇ ਨਿੱਜ ਪੀੜਾ ਸਤਾਅ ਰਹੀ ਸੀ। ਇਸੇ ਸਥਿਤੀ ਵਿਚੋਂ ਬੀ.ਏ. ਦੀ ਡਿਗਰੀ ਹਾਸਲ ਕਰਦਿਆਂ ਹੀ 1971 ਈ. ਵਿਚ ਉਸ ਦੇ ਨਾਵਲ **ਅੱਗ ਦੇ ਬੀਜ** ਨੇ ਜਨਮ ਲਿਆ। ਮੀਤ ਦੇ ਜੀਵਨ ਦੇ ਪਹਿਲੇ ਦੋ ਦਹਾਕਿਆਂ ਉੱਪਰ ਧਿਆਨ ਟਿਕਾਈਏ ਤਾਂ ਪਤਾ ਲੱਗਦਾ ਹੈ ਕਿ ਬੰਦੇ ਦੀ ਤਾਲੀਮ, ਉਸ ਦੀ ਸੰਵੇਦਨਸ਼ੀਲਤਾ, ਅਨੁਭਵ ਦੇ ਪ੍ਰਗਟਾਵੇ ਦੀ ਰੀਝ, ਹੱਲਾਸ਼ੇਰੀ

ਅਤੇ ਅਦਬੀ ਸੰਗਤ ਆਦਿ ਦੇ ਸੰਜੋਗ ਵਿਚੋਂ ਹੀ ਸਿਰਜਣਾ ਦਾ ਜਨਮ ਹੁੰਦਾ ਹੈ। ਨਾਵਲ ਤੋਂ ਪਹਿਲਾਂ ਉਸ ਦੀਆਂ ਨਿੱਕੀਆਂ-ਮੋਟੀਆਂ ਕਹਾਣੀਆਂ ਵੀ ਅਖ਼ਬਾਰਾਂ-ਰਿਸਾਲਿਆਂ ਵਿਚ ਛਪ ਚੁੱਕੀਆਂ ਸਨ। ਪਰੰਤੂ **ਅੱਗ ਦੇ ਬੀਜ** ਦੇ ਪ੍ਰਕਾਸ਼ਨ ਅਤੇ ਉਸ ਵਿਚਲੀ ਇਨਕਲਾਬੀ ਸੁਰ ਨੇ ਉਸ ਦੇ ਅਦਬੀ ਮੁਹਾਂਦਰੇ ਦੇ ਨਕਸ਼ ਘੜਨੇ ਆਰੰਭ ਕੀਤੇ। ਇਸ ਨਾਵਲ ਨੂੰ ਇਨਕਲਾਬੀ ਸਾਹਿਤ ਨੂੰ ਪਰਨਾਏ ਗੁਰਸ਼ਰਨ ਭਾਅ ਜੀ ਨੇ ਸਾਹਿਤ ਕਲਾ ਕੇਂਦਰ, ਅਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤਾ ਸੀ। ਇਸ ਨਾਵਲ ਦੀ ਇਨਕਲਾਬੀ ਸੁਰ ਗੁਰਸ਼ਰਨ ਭਾਅ ਜੀ ਦੀ ਉਸ ਇਨਕਲਾਬੀ ਸੋਚ ਨਾਲ ਮੇਲ ਖਾਂਦੀ ਸੀ ਜਿਸ ਵਿਚੋਂ ਇਸ ਵਿਚਾਰ ਨੇ ਜਨਮ ਲਿਆ ਸੀ ਕਿ "ਜੇਕਰ ਅਸੀਂ ਦਰਿਆਵਾਂ ਦੇ ਰੁਖ਼ ਮੋੜ ਸਕਦੇ ਹਾਂ ਤਾਂ ਅਸੀਂ ਜ਼ਿੰਦਗੀ ਦਾ ਰੁਖ਼ ਕਿਉਂ ਨਹੀਂ ਮੋੜ ਸਕਦੇ ? ਸਮਾਜ ਦਾ ਰੁਖ਼ ਕਿਉਂ ਨਹੀਂ ਮੋੜ ਸਕਦੇ ?" **ਅੱਗ ਦੇ ਬੀਜ** ਨਾਵਲ ਵਿਚਲੇ ਵੱਥ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਅਤੇ ਮਿੱਤਰ ਸੈਨ ਮੀਤ ਨੂੰ ਹੱਲਾਸ਼ੇਰੀ ਦਿੰਦਿਆਂ ਗੁਰਸ਼ਰਨ ਭਾਅ ਜੀ ਨੇ ਟਿੱਪਣੀ ਕੀਤੀ :

> ਇਸ ਨਾਵਲ (**ਅੱਗ ਦੇ ਬੀਜ**) ਦੇ ਬੀਜ ਬਗਾਵਤ ਦੇ ਬੀਜ ਹਨ ਜੋ ਨੌਜਵਾਨਾਂ ਦੀਆਂ ਛਾਤੀਆਂ ਵਿਚ ਬੀਜੇ ਜਾ ਰਹੇ ਹਨ ਅਤੇ ਜਿਨ੍ਹਾਂ ਨੇ ਇਕ ਦਿਨ ਉਸ ਅੱਗ ਨੂੰ ਜਨਮ ਦੇਣਾ ਹੈ, ਜਿਸ ਨੇ ਇਸ ਨਕਾਰਾ ਸਮਾਜਕ ਭਾਈਚਾਰੇ ਨੂੰ ਸਾੜ ਕੇ ਸੁਆਹ ਕਰਨਾ ਹੈ।
>
> [**ਅੱਗ ਦੇ ਬੀਜ** ਨਾਵਲ ਦੇ] ਪ੍ਰਗਟਾਵੇ ਵਿਚ ਕੋਈ ਬਨਾਵਟ, ਕੋਈ ਦੰਭ ਨਹੀਂ ਅਤੇ ਕੋਈ ਕਲਾ ਦੀਆਂ ਕਲਾਬਾਜ਼ੀਆਂ ਨਹੀਂ, ਸਗੋਂ ਕਲਾ ਸੱਚੇ ਤੇ ਸੁੱਚੇ ਰੂਪ ਵਿਚ ਪਾਠਕਾਂ ਦੇ ਅੱਗੇ ਹੈ। ਇਸ ਵਿਚ ਸਮੋਈ ਹੋਈ ਅੱਗ ਦਾ ਸੇਕ ਪਾਠਕਾਂ ਦੇ ਖ਼ੂਨ ਨੂੰ ਗਰਮਾਉਂਦਾ ਹੈ ਅਤੇ ਉਨ੍ਹਾਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਇਹ ਅੱਗ ਜਦੋਂ ਪ੍ਰਚੰਡ ਹੋਵੇਗੀ, ਉਸ ਵੇਲੇ ਹੀ ਸਮਾਜ ਦਾ ਕਲਿਆਣ ਹੋਵੇਗਾ।

("ਦੋ ਸ਼ਬਦ" ਵਿਚੋਂ)

ਕਾਨੂੰਨ ਦੀ ਵਿਦਿਆ ਹਾਸਲ ਕਰਦਾ ਉਹ ਚੰਡੀਗੜ੍ਹ ਅੱਪੜਿਆ ਸੀ ਅਤੇ ਮੁੜ ਰੋਟੀ-ਰੋਜ਼ੀ ਦੇ (ਸਰਕਾਰੀ ਵਕੀਲ) ਚੱਕਰ ਵਿਚ ਉਲਝਿਆ ਪਟਿਆਲਾ, ਨਾਭਾ ਅਤੇ ਰਾਮਪੁਰਾ ਫੂਲ ਦੇ ਇਰਦ-ਗਿਰਦ ਵਿਚਰਿਆ। ਸਰਕਾਰੀ ਵਕੀਲ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਉਸ ਦਾ ਅਨੁਭਵ ਫੈਲਦਾ ਅਤੇ ਗਹਿਰਾਈ ਹਾਸਲ ਕਰਦਾ ਗਿਆ। ਇਹ ਜ਼ਮਾਨਾ ਨੌਂਵੇਂ ਦਹਾਕੇ ਦੇ ਆਰੰਭ ਦਾ ਸੀ ਜਦੋਂ ਪੰਜਾਬ ਵਿਚ ਦਹਿਸ਼ਤਗਰਦੀ ਨੇ ਪਨਪਣਾ ਅਤੇ ਵਿਕਰਾਲ ਰੂਪ ਧਾਰਨਾ ਸ਼ੁਰੂ ਕੀਤਾ ਸੀ। ਇਸੇ ਜ਼ਮਾਨੇ ਵਿਚ ਹੀ ਉਸ ਦਾ ਦੂਸਰਾ ਨਾਵਲ **ਕਾਫ਼ਲਾ** (1986) ਪ੍ਰਕਾਸ਼ਿਤ ਹੋਇਆ ਅਤੇ ਨਾਲ ਹੀ ਨਾਲ ਕਹਾਣੀ ਸੰਗ੍ਰਹਿ **ਪੁਨਰਵਾਸ** (1987), **ਲਾਮ** (1988) ਅਤੇ **ਠੋਸ ਸਬੂਤ** (1992) ਵਿਚ ਪ੍ਰਕਾਸ਼ਿਤ ਹੋਏ। ਮੀਤ ਦਾ ਅਨੁਭਵ ਅਤੇ ਗਿਆਨ ਉਸ ਦੀ

ਸਮਾਜਕ ਸੂਝ ਨੂੰ ਨਿਖਾਰਦੇ ਗਏ। ਅਦਬੀ ਖੇਤਰ ਵਿਚ ਉਸ ਦੀ ਨਿਰੰਤਰ ਮਸ਼ਕ ਉਸ ਦੀ ਕਲਾਤਮਕ ਸਮਰੱਥਾ ਦੇ ਨਕਸ਼ ਘੜਦੀ ਗਈ। ਉਂਜ ਵੀ ਅਦੀਬਾਂ ਤੋਂ ਇਲਾਵਾ ਉਹ ਕਾਮਰੇਡ ਸੁਰਜੀਤ ਗਿੱਲ ਅਤੇ ਡਾ. ਟੀ.ਆਰ. ਵਿਨੋਦ ਦੇ ਸੰਪਰਕ ਵਿਚ ਆ ਚੁੱਕਾ ਸੀ। ਦੋ ਦਹਾਕਿਆਂ ਦੀ ਅਦਬੀ ਮਸ਼ਕ ਨੇ ਉਸ ਦੀ ਸੋਚ ਸੂਝ ਨੂੰ ਹਰ ਪ੍ਰਕਾਰ ਦੇ ਅੰਧ ਵਿਸ਼ਵਾਸਾਂ ਤੋਂ ਮੁਕਤ ਕਰਕੇ ਤਰਕਸ਼ੀਲ ਅਤੇ ਵਿਗਿਆਨਕ ਬਣਾ ਦਿੱਤਾ। ਉਸ ਦਾ ਅਨੁਭਵ ਗਹਿਰਾ ਹੁੰਦਾ ਗਿਆ ਅਤੇ ਉਸ ਨੇ ਅਨੁਭਵ ਨੂੰ ਗਲਪ ਵਿਚ ਢਾਲਣ ਦੀ ਅਟਕਲ ਵੀ ਖ਼ੂਬ ਸਿੱਖ ਲਈ। ਰਹੱਸਵਾਦੀ ਤੇ ਰੁਮਾਂਸਵਾਦੀ ਦ੍ਰਿਸ਼ਟੀ ਨਾਲੋਂ ਯਥਾਰਥਵਾਦੀ ਜੀਵਨ ਦ੍ਰਿਸ਼ਟੀ ਨੇ ਉਸ ਦੀਆਂ ਗਲਪੀ ਰਚਨਾਵਾਂ ਨੂੰ ਸੰਗਠਿਤ ਕੀਤਾ। ਆਲੋਚਨਾਤਮਕ ਯਥਾਰਥਵਾਦ ਦੇ ਪੈਮਾਨੇ ਅਤੇ ਤਰਕ-ਸ਼ਕਤੀ ਨਾਲ ਉਹ ਪਹਿਲਾਂ ਵਰਤਾਰਿਆਂ ਨੂੰ ਤਰਕ ਦੀ ਕਸਵੱਟੀ 'ਤੇ ਪਰਖਦਾ-ਜੋਖਦਾ ਅਤੇ ਮੁੜ ਗਲਪੀ-ਚੌਖਟਿਆਂ ਵਿਚ ਢਾਲਦਾ ਸੀ। ਨਿਰਸੰਦੇਹ, ਪੁਲਿਸ-ਪ੍ਰਬੰਧ ਹੋਵੇ, ਨਿਆਂ-ਪ੍ਰਣਾਲੀ, ਜੇਲ੍ਹ ਪ੍ਰਬੰਧ ਜਾਂ ਅਜੋਕਾ ਪੂੰਜੀਵਾਦੀ ਨਿਜ਼ਾਮ, ਇਸ ਦੇ ਹਰ ਨਿੱਕੇ-ਨੰਨ੍ਹੇ ਵੇਰਵੇ ਨੂੰ ਪਹਿਲਾਂ ਉਸ ਤਰਕ ਦੀ ਕਸਵੱਟੀ ਉੱਪਰ ਪਰਖਿਆ ਅਤੇ ਮੁੜ ਗਲਪੀ ਪ੍ਰਬੰਧ ਵਿਚ ਢਾਲਿਆ। ਇੰਜ ਉਸ ਪੰਜਾਬੀ ਬੰਦੇ ਦੀ ਸੋਚ ਅੰਦਰ ਆਈ ਖੜੋਤ ਨੂੰ ਆਪਣੀਆਂ ਗਲਪੀ ਰਚਨਾਵਾਂ ਰਾਹੀਂ ਵੰਗਾਰਣਾ ਸ਼ੁਰੂ ਕੀਤਾ। ਆਪਣੇ ਚਾਰ ਨਾਵਲਾਂ **ਤ.ਫਤੀਸ਼** (1990), **ਕਟਹਿਰਾ** (1993), **ਕੌਰਵ ਸਭਾ** (2003) ਅਤੇ **ਸੁਧਾਰ ਘਰ** (2006) ਦੇ ਪ੍ਰਕਾਸ਼ਨ ਨਾਲ ਮੀਤ ਨੇ ਨਾਸਿਰਫ਼ ਅਸਲੋਂ ਅਦੁੱਤੀ ਅਤੇ ਨਿਵੇਕਲੇ ਅਨੁਭਵ ਨੂੰ ਹੀ ਪ੍ਰਸਤੁਤ ਕੀਤਾ ਬਲਕਿ ਉਸ ਦੀਆਂ ਇਨ੍ਹਾਂ ਲਿਖਤਾਂ ਨਾਲ ਪੰਜਾਬੀ ਗਲਪ ਦੀ ਦੁਨੀਆ ਵਿਚ ਇਕ ਵੱਖਰੇ ਤੇ ਨਵੇਂ ਅੰਦਾਜ਼ ਅਤੇ ਜੀਵਨ ਨਜ਼ਰੀਏ ਨੇ ਵੀ ਪ੍ਰਵੇਸ਼ ਕੀਤਾ। ਜ਼ਿਕਰਯੋਗ ਹੈ ਕਿ ਉਸ ਨੇ ਆਪਣੇ ਨਾਵਲਾਂ ਵਿਚ ਉਸੇ ਅਨੁਭਵ ਨੂੰ ਗਲਪੀ-ਬਿੰਬਾਂ ਵਿਚ ਢਾਲਿਆ ਜਿਹੜਾ ਉਸ ਨੇ ਆਪਣੇ ਵਕਾਲਤ ਦੇ ਕਿੱਤੇ ਵਿਚੋਂ ਗ੍ਰਹਿਣ ਕੀਤਾ ਸੀ। ਏਥੇ ਤਕ ਅੱਪੜ ਕੇ ਕੁਝ ਸੂਤਰ ਸਪੱਸ਼ਟ ਹਨ :

ੳ. ਮਿੱਤਰ ਸੈਨ ਮੀਤ ਦਾ ਜੀਵਨ ਤੇ ਰਚਨਾ ਪੱਕੇ-ਪੀਡੇ ਰਿਸ਼ਤੇ ਵਿਚ ਬੱਝੇ ਹੋਏ ਹਨ। ਉਸ ਦੇ ਅਨੁਭਵ ਦੀ ਵਿਸ਼ਾਲਤਾ, ਗਿਆਨ ਅਤੇ ਗਲਪ ਦੇ ਤਰੀਕਾਕਾਰ ਦੀ ਵਧਦੀ ਸੋਝੀ ਨੇ ਉਸ ਦੀ ਸਮੁੱਚੀ ਗਲਪ-ਰਚਨਾ ਨੂੰ ਘੜਿਆ-ਸੰਵਾਰਿਆ ਹੈ।

ਅ. ਉਸ ਦੀ ਗਲਪ-ਰਚਨਾ ਕੋਈ ਸਥਿਰ ਵਰਤਾਰਾ ਨਹੀਂ, ਇਸ ਨੇ ਨਿਰੰਤਰ ਵਿਕਾਸ ਕੀਤਾ ਹੈ। ਇਸ ਦਾ ਪਹਿਲਾ ਪੜਾਅ 1970 ਈ. ਤਕ ਦਾ ਹੈ, ਜਦ ਉਹ ਕਹਾਣੀਆਂ ਲਿਖਦਾ ਅਤੇ **ਪ੍ਰੀਤ ਸੰਦੇਸ਼**, **ਹਾਣੀ**, **ਸਮਰਾਟ** ਅਤੇ **ਸਰਦਲ** ਆਦਿ ਪੱਤ੍ਰਿਕਾਵਾਂ ਵਿਚ ਛਪਵਾਉਂਦਾ ਹੈ। ਇਸ ਨਾਲ ਉਸ ਅੰਦਰ ਸਾਹਿਤ-ਰਚਨਾ ਲਈ ਲੋੜੀਂਦਾ ਸ੍ਵੈ-ਵਿਸ਼ਵਾਸ ਪੈਦਾ ਹੁੰਦਾ ਹੈ।

ਇਥੋਂ ਤਕ ਉਹ ਆਪਣੀ ਅਗਾਂਹਵਧੂ ਸੋਚ ਨੂੰ ਉੱਚੀ ਸੁਰ ਵਿਚ ਪੇਸ਼ ਕਰਨਾ ਆਰੰਭ ਕਰਦਾ ਹੈ। ਅਗਲੇ ਪੜਾਅ ਵਿਚ ਉਹ ਦੋ ਨਾਵਲ ਅਤੇ ਤਿੰਨ ਕਹਾਣੀ-ਸੰਗ੍ਰਹਿ ਲਿਖਦਾ ਹੈ। ਤੀਸਰਾ ਕਹਾਣੀ-ਸੰਗ੍ਰਹਿ ਬੇਸ਼ੱਕ ਛਪਦਾ 1992 ਈ. ਵਿਚ ਹੈ ਪਰੰਤੂ ਇਸ ਦਾ ਮੂਲ ਸੁਭਾਅ ਅੱਠਵੇਂ ਤੇ ਨੌਵੇਂ ਦਹਾਕੇ ਦੀ ਉਸ ਦੀ ਗਲਪਕਾਰੀ ਜੇਹਾ ਹੀ ਹੈ। ਤੀਸਰਾ ਪੜਾਅ 1990 ਯਾਨੀ **ਤਫ਼ਤੀਸ਼** ਦੇ ਪ੍ਰਕਾਸ਼ਨ ਤੋਂ ਆਰੰਭ ਹੋ ਕੇ ਹੁਣ ਤਕ ਫੈਲਦਾ ਹੈ। ਇਸ ਪੜਾਅ ਉੱਪਰ ਉਸ ਦੀ ਗਲਪਕਾਰੀ ਪ੍ਰੌੜ ਰੂਪ ਅਖ਼ਤਿਆਰ ਕਰਦੀ ਹੈ।

ੲ. ਉਸ ਦੀ ਗਲਪ ਰਚਨਾ ਕਪੋਲ ਕਲਪਨਾ, ਰੁਮਾਂਟਿਕ ਜਾਂ ਰਹੱਸਵਾਦੀ ਬਿਰਤੀ ਵਿਚੋਂ ਨਹੀਂ ਸਗੋਂ ਜ਼ਮੀਨੀ ਹਕੀਕਤ ਦੀ ਸਮਝ, ਵਿਆਖਿਆ ਅਤੇ ਉਸ ਨੂੰ ਬਦਲਣ ਦੀ ਲੋਚਾ ਵਿਚੋਂ ਪੈਦਾ ਹੁੰਦੀ ਹੈ। ਇਸ ਰਾਹੀਂ ਉਹ ਐਸੀ ਚੇਤਨਾ ਦਾ ਸੰਚਾਰ ਕਰਦਾ ਹੈ ਜਿਸ ਨਾਲ ਨਾਜਿਊਣਯੋਗ ਅਤੇ ਸੰਵੇਦਨਹੀਣ ਹੋ ਰਹੇ ਸਮਾਜ ਨੂੰ ਸਮਝਿਆ ਅਤੇ ਬਦਲਿਆ ਜਾ ਸਕੇ।

ਸ. ਵਰਤਮਾਨ ਪੰਜਾਬੀ ਅਤੇ ਵਿਸ਼ੇਸ਼ਕਰ ਭਾਰਤੀ ਸਮਾਜ ਜਿਨ੍ਹਾਂ ਸੰਕਟਾਂ ਅਤੇ ਨਿਘਾਰ (ਇਹ ਕਾਰਪੋਰੇਟ ਤੇ ਭ੍ਰਿਸ਼ਟ-ਤੰਤਰ ਦੀ ਪੀਡੀ ਗ੍ਰਿਫ਼ਤ ਵਿਚ ਹੈ) ਵਿਚੋਂ ਗੁਜ਼ਰ ਰਿਹਾ ਹੈ, ਉਨ੍ਹਾਂ ਦੇ ਬੀਜ ਪਿਛਲੀ ਅੱਧੀ ਸਦੀ ਵਿਚ ਪਏ ਹਨ। ਇਸ ਪਿਛੋਕੜ ਦੀ ਠੀਕ ਸਮਝ ਲਈ ਮੀਤ ਦੀ ਰਚਨਾ ਵਿਚ ਚੋਖੀ ਤੱਥ-ਮੂਲਕ ਸਾਮਗ੍ਰੀ ਮੌਜੂਦ ਹੈ। ਇਸ ਸਾਮਗ੍ਰੀ ਪਿੱਛੇ ਉਸ ਦਾ ਅਨੁਭਵ, ਗਿਆਨ, ਦ੍ਰਿਸ਼ਟੀ ਅਤੇ ਕਲਾਯੋਗਤਾ ਸਭ ਸ਼ਾਮਿਲ ਹਨ। ਇਹ ਕਹਿਣਾ ਅਤਿਕਥਨੀ ਨਹੀਂ ਕਿ ਸਾਡੇ ਚੌਤਰਫ਼ੀ ਪਸਰੇ ਸੱਤਾ-ਤੰਤਰ, ਜਿਸ ਵਿਚ ਪੁਲਿਸ, ਕਾਨੂੰਨ, ਨਿਆਂ ਪ੍ਰਣਾਲੀ, ਜੇਲ੍ਹਾਂ ਆਦਿ ਸ਼ਾਮਿਲ ਹਨ, ਦੀ ਪ੍ਰਮਾਣਕ ਸੋਝੀ ਲਈ ਉਸ ਦੀ 1990 ਈ. ਤੋਂ ਮਗਰੋਂ ਦੀ ਸਮੁੱਚੀ ਗਲਪ-ਰਚਨਾ ਮੂਲ ਮਹੱਤਵ ਦੀ ਧਾਰਨੀ ਹੈ।

ਹ. ਉਸ ਦੀ ਗਲਪ-ਰਚਨਾ ਪਿੱਛੇ ਕਾਰਜਸ਼ੀਲ ਉਸ ਦਾ ਪ੍ਰਗਤੀਸ਼ੀਲ ਜੀਵਨ ਨਜ਼ਰੀਆ ਜਾਂ ਦ੍ਰਿਸ਼ਟੀ ਦਾ ਸਹਿਜ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਇਸ ਨਾਲ ਉਹ ਵਰਤਾਰਿਆਂ ਨੂੰ ਸਹਿਜ ਸੁਭਾਵਕ ਢੰਗ ਨਾਲ ਸਮਝਦਾ ਹੈ, ਨਜ਼ਰੀਏ ਦਾ ਆਰੋਪਣ ਨਹੀਂ ਕਰਦਾ। ਇਸ ਨੇ ਉਸ ਦੀ ਗਲਪ-ਰਚਨਾ ਦੇ ਸਾਹਿਤ ਗੁਣਾਂ ਅਤੇ ਕੀਮਤ ਵਿਚ ਵਾਧਾ ਕੀਤਾ ਹੈ। ਉਸ ਦੇ ਪਿਛਲੇ ਚਹੁੰ ਨਾਵਲਾਂ ਵਿਚੋਂ ਰਚਨਾ-ਵਸਤੂ ਅਤੇ ਰਚਨਾ-ਵਿਧੀ ਨੂੰ ਉਸ ਦੇ ਤਰੱਕੀਪਸੰਦ ਜ਼ਾਵੀਏ ਜਾਂ ਨਰੋਈ ਜੀਵਨ-ਦ੍ਰਿਸ਼ਟੀ ਨਾਲੋਂ ਤੋੜ-ਵਿਛੂੰਨ ਕੇ ਨਹੀਂ ਸਮਝਿਆ ਜਾ ਸਕਦਾ।

## II

ਨਿਰਸੰਦੇਹ, ਪੰਜਾਬੀ ਗਲਪ ਸੰਸਾਰ ਵਿਚ ਅੱਧੀ ਦਰਜਨ ਨਾਵਲਾਂ ਅਤੇ ਤਿੰਨ ਕਹਾਣੀ-ਸੰਗ੍ਰਹਿਾਂ ਦੀ ਸਿਰਜਣਾ ਨਾਲ ਮਿੱਤਰ ਸੈਨ ਮੀਤ ਆਪਣੀ ਵੱਖਰੀ ਪਛਾਣ ਅਤੇ ਨਿਵੇਕਲੇ ਨਕਸ਼ ਸਥਾਪਿਤ ਕਰ ਚੁੱਕਾ ਹੈ। ਇਸ ਖੇਤਰ ਵਿਚ ਉਸ 1971ਈ. ਵਿਚ ਆਪਣੇ ਨਾਵਲ **ਅੱਗ ਦੇ ਬੀਜ** ਨਾਲ ਪ੍ਰਵੇਸ਼ ਕੀਤਾ ਸੀ। ਪਹਿਲੇ ਦੋ ਦਹਾਕਿਆਂ ਵਿਚ ਉਸ ਦੇ ਦੋ ਨਾਵਲ (**ਅੱਗ ਦੇ ਬੀਜ** ਤੇ **ਕਾਫ਼ਲਾ**) ਅਤੇ ਦੋ ਕਹਾਣੀ-ਸੰਗ੍ਰਹਿ **ਪੁਨਰਵਾਸ** (1987) ਅਤੇ **ਲਾਮ** (1988) ਬੇਸ਼ੱਕ ਪ੍ਰਕਾਸ਼ਿਤ ਹੋਏ ਪਰੰਤੂ ਇਹ ਲਗਪਗ ਦੋਵੇਂ ਦਹਾਕੇ ਉਸ ਦੀ ਸਿਰਜਣਕਾਰੀ ਦੇ ਅਭਿਆਸ ਦੇ ਦਹਾਕੇ ਸਨ। ਅਸਲ ਵਿਚ **ਤਫ਼ਤੀਸ਼** ਨਾਵਲ ਦੇ 1990 ਈ. ਵਿਚ ਪ੍ਰਕਾਸ਼ਨ ਨਾਲ ਉਹ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੇ ਨਾਵਲਕਾਰਾਂ ਦੀ ਮੂਹਰਲੀ ਕਤਾਰ ਵਿਚ ਆਣ ਖਲੋਤਾ। ਭਾਰਤੀ ਫ਼ੌਜਦਾਰੀ ਨਿਆਂ-ਪ੍ਰਬੰਧ ਦੀ ਕਠੋਰਤਾ ਅਤੇ ਅਮਾਨਵੀਅਤਾ ਨੂੰ ਉਜਾਗਰ ਕਰਨਾ ਅਤੇ ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਨਸ਼ਰ ਜਾਂ ਨੰਗਾ ਕਰਨਾ ਉਸ ਦੀ ਸਿਰਜਣਕਾਰੀ ਦੇ ਅਮਲ ਦੇ ਕੇਂਦਰ ਵਿਚ ਟਿਕਿਆ ਰਿਹਾ ਹੈ। ਇਸੇ ਲਈ ਉਸ ਦੀਆਂ ਸਮੁੱਚੀਆਂ ਰਚਨਾਵਾਂ ਨੂੰ ਇਕ ਵਿਸ਼ਾਲ-ਲੜੀ ਦੇ ਹਿੱਸੇ ਵਜੋਂ ਵੀ ਵੇਖਿਆ-ਘੋਖਿਆ ਜਾ ਸਕਦਾ ਹੈ, ਉਸ ਦੀ ਗਲਪ ਰਚਨਾ ਦੇ ਵਿਕਾਸ ਦੇ ਕੋਣ ਤੋਂ ਵੀ ਅਤੇ ਆਪਣੇ ਆਪ ਵਿਚ ਸੁਤੰਤਰ ਰਚਨਾਵਾਂ ਵਜੋਂ ਵੀ। ਪਾਠਕ ਦੀ ਦ੍ਰਿਸ਼ਟੀ ਵਾਮਨ ਹੋਵੇ ਜਾਂ ਵਿਰਾਟ ਉਸ ਦੀਆਂ ਰਚਨਾਵਾਂ ਵਿਚੋਂ ਪੁਲਿਸ, ਨਿਆਂ-ਪ੍ਰਣਾਲੀ ਅਤੇ ਜੇਲ੍ਹ-ਪ੍ਰਬੰਧ ਦੀ ਭ੍ਰਿਸ਼ਟ, ਬਦਨਾਮ, ਅਮਾਨਵੀ ਅਤੇ ਘ੍ਰਿਣਾਯੋਗ ਸਥਿਤੀ ਦਾ ਅਤਿ ਵਿਸ਼ਾਲ ਅਤੇ ਸੰਘਣਾ ਬਿੰਬ ਉਜਾਗਰ ਹੁੰਦਾ ਹੈ। ਪੁਲਿਸ ਹੋਵੇ, ਨਿਆਂ-ਪ੍ਰਣਾਲੀ ਜਾਂ ਜੇਲ੍ਹ-ਪ੍ਰਬੰਧ ਉਸ ਦੀਆਂ ਰਚਨਾਵਾਂ ਇਨ੍ਹਾਂ ਦੀ ਕਾਰਜ-ਵਿਧੀ ਨੂੰ ਵੇਰਵਿਆਂ ਦੀ ਬਾਰੀਕੀ ਅਤੇ ਜਾਣਕਾਰੀ ਦੀ ਵਿਸ਼ਾਲਤਾ ਦੀ ਸਹਾਇਤਾ ਨਾਲ ਖੋਲ੍ਹਦੀਆਂ ਹੋਈਆਂ ਅੰਗ ਤੋਂ ਸਮੁੱਚ ਜਾਂ ਸਿਸਟਮ ਅਤੇ ਇਸ ਦੇ ਪਿਛੋਕੜ ਵਿਚ ਕਾਰਜਸ਼ੀਲ ਸ਼ਕਤੀਆਂ ਨੂੰ ਨਸ਼ਰ ਕਰਨ ਤਕ ਅੱਪੜਦੀਆਂ ਹਨ। ਪ੍ਰਬੰਧ ਦੀਆਂ ਕੜੀਆਂ ਦੇ ਖ਼ੌਫ਼ਨਾਕ ਚੱਕਰਵਿਊ ਨੂੰ ਪੂਰੀ ਬਾਰੀਕਬੀਨੀ ਅਤੇ ਬੇਬਾਕੀ ਨਾਲ ਇਹ ਰਚਨਾਵਾਂ ਸਿਰਫ਼ ਪੇਸ਼ ਜਾਂ ਨੰਗਿਆਂ ਹੀ ਨਹੀਂ ਕਰਦੀਆਂ ਬਲਕਿ ਇਸ ਨੂੰ ਸਮਝਣ ਤੋਂ ਅਗਾਂਹ ਬਦਲਣ ਲਈ ਲੋੜੀਂਦੇ ਬਗ਼ਾਵਤ ਦੇ ਜਜ਼ਬੇ ਦੇ ਸੰਕੇਤ ਵੀ ਆਪਣੀ ਕਾਇਆ ਵਿਚ ਸਮੋਈ ਬੈਠੀਆਂ ਹਨ। ਪਹਿਲਾ ਸਵਾਲ ਪੈਦਾ ਹੁੰਦਾ ਹੈ ਕਿ ਅਜੇਹਾ ਸਭ ਕੁਝ ਸੰਭਵ ਕਿਵੇਂ ਹੋਇਆ ? ਇਸ ਪ੍ਰਸ਼ਨ ਦਾ ਉੱਤਰ ਮਿੱਤਰ ਸੈਨ ਮੀਤ ਦੇ ਜੀਵਨੀ-ਮੂਲਕ ਵੇਰਵਿਆਂ ਵਿਚ ਛੁਪਿਆ ਹੋਇਆ ਹੈ। ਉਸ ਦੀਆਂ ਰਚਨਾਵਾਂ ਉਸ ਦੇ ਜੀਵਨੀ-ਮੂਲਕ ਪਾਸਾਰਾਂ ਨਾਲ ਜੁੜ ਕੇ ਅਧਿਐਨ ਤੇ ਸਮਝ ਦਾ ਇਕ ਨਵਾਂ ਪੱਖ ਉਜਾਗਰ ਕਰਨ ਲੱਗ ਪੈਂਦੀਆਂ ਹਨ। ਉਸ ਦਾ ਬਚਪਨ ਤੇ ਜਵਾਨੀ ਅਜਿਹੇ ਮਾਹੌਲ ਵਿਚ ਗੁਜ਼ਰਿਆ ਜਿਸ ਵਿਚ ਦਲਿਤਾਂ

ਅਤੇ ਨਿਮਨ ਕਿਰਸਾਨੀ ਦੀ ਪੀੜਾ ਉਸ ਦੇ ਚੇਤਨ-ਅਵਚੇਤਨ ਦਾ ਹਿੱਸਾ ਬਣ ਗਈ। ਇਸ ਜ਼ਮਾਨੇ (ਅੱਠਵੇਂ ਦਹਾਕੇ ਦੇ ਆਰੰਭ) ਵਿਚ ਇਨਕਲਾਬੀ ਲਹਿਰ ਵੀ ਜੋਬਨ ਉੱਪਰ ਸੀ ਅਤੇ ਉਸ ਦੇ ਸਾਹਿਤਕ ਆਲੇ-ਦੁਆਲੇ ਵਿਚ ਵੀ ਏਹੀ ਫ਼ਿਜ਼ਾ ਰਮੀ ਹੋਈ ਸੀ। ਇਸੇ ਲਈ 'ਰੁਮਾਂਸ ਦੇ ਸੁਪਨਿਆਂ' ਨਾਲੋਂ 'ਰੁਜ਼ਗਾਰ ਦੇ ਸੁਪਨੇ' ਉਸ ਦੀ ਸੋਚ ਦੇ ਵੱਧ ਮੇਚ ਆਏ। ਬਰਨਾਲੇ ਦੇ ਸਾਹਿਤਕ ਮਾਹੌਲ ਅਤੇ ਪਾਸ਼, ਉਦਾਸੀ, ਗੁਰਸ਼ਰਨ ਭਾਅ, ਜਸਵੰਤ ਸਿੰਘ ਕੰਵਲ ਅਤੇ ਗੁਰਦਿਆਲ ਸਿੰਘ ਦੀਆਂ ਰਚਨਾਵਾਂ ਨੇ ਜਿਥੇ ਉਸ ਦੀ ਜ਼ਿਹਨੀ ਬਣਤਰ ਦੀ ਸਿਰਜਣਾ ਕੀਤੀ, ਉਥੇ ਨਾਲ ਹੀ ਨਾਲ ਉਸ ਅੱਠਵੇਂ ਦਹਾਕੇ ਦੇ ਅੱਧ ਤਕ ਕਾਨੂੰਨ ਦੀ ਰਸਮੀ ਸਿੱਖਿਆ ਵੀ ਹਾਸਲ ਕਰ ਲਈ। ਆਪਣੀ ਰਸਮੀ ਤਾਲੀਮ ਹਾਸਲ ਕਰਨ ਤਕ ਉਹ ਇਨਕਲਾਬੀ ਸੋਚ, ਵਿਗਿਆਨਕ ਫ਼ਲਸਫ਼ੇ ਅਤੇ ਵਿਸ਼ਲੇਸ਼ਣਕਾਰੀ ਬਿਰਤੀ ਦਾ ਹਾਮੀ ਹੋ ਗਿਆ। ਇਸ ਇਨਕਲਾਬੀ ਫ਼ਸਲਫ਼ੇ ਦੇ ਉਸ ਦੇ ਗਿਆਨ ਤੋਂ ਅਨੁਭਵ ਵਿਚ ਢਲਣ ਦੀ ਪ੍ਰਕਿਰਿਆ ਵੀ ਆਰੰਭ ਹੋ ਚੁੱਕੀ ਸੀ। ਇਸ ਪ੍ਰਕਿਰਿਆ ਦੀ ਬਿਲਕੁਲ ਮੁੱਢਲੀ ਅਵਸਥਾ ਵਿਚੋਂ ਉਸ ਦੇ ਪਹਿਲੇ ਦੋ ਨਾਵਲਾਂ ਅਤੇ ਕਹਾਣੀਆਂ ਦਾ ਜਨਮ ਹੋਇਆ। ਉਸ ਦੌਰ ਦੇ ਉਸ ਦੇ ਪਾਤਰ ਅਤੇ ਘਟਨਾਵਾਂ ਰੁਮਾਂਸ ਦੀ ਸੰਘਣੀ ਪਰਤ ਹੇਠ ਵਿਚਰੇ। ਉਹ ਖ਼ੁਦ ਬੇਸ਼ੱਕ ਆਪਣੇ ਇਨਕਲਾਬੀ ਉਦੇਸ਼ ਪ੍ਰਤਿ ਸੁਹਿਰਦ ਅਤੇ ਪ੍ਰਤਿਬੱਧ ਜ਼ਰੂਰ ਸੀ ਪਰੰਤੂ ਉਸ ਦੇ ਪਾਤਰ ਅਤੇ ਸਿਰਜਤ ਘਟਨਾਵਾਂ ਸਥਿਤੀ ਦੀ ਜਟਿਲਤਾ ਨੂੰ ਸਮਝਣ ਤੋਂ ਲਗਪਗ ਅਸਮਰਥ ਹੀ ਸਨ। ਉਹ ਝਟਪਟ ਹੀ ਇਨਕਲਾਬੀ ਬਣ ਜਾਂਦੇ ਸਨ ਅਤੇ ਇਨਕਲਾਬ ਦੀਆਂ ਸੰਭਾਵਨਾਵਾਂ ਨੂੰ ਵਧਾ-ਚੜ੍ਹਾ ਕੇ ਗ੍ਰਹਿਣ ਤੇ ਪੇਸ਼ ਕਰਦੇ ਸਨ। ਉਨ੍ਹਾਂ ਲਈ ਜਮਾਤੀ ਦੁਸ਼ਮਣਾਂ ਦਾ ਸਫ਼ਾਇਆ, ਹਥਿਆਰਬੰਦ ਘੋਲ ਅਤੇ ਕ੍ਰਾਂਤੀ ਅਸਾਨ ਜਹੇ ਵਰਤਾਰੇ ਸਨ। ਨਿਰਸੰਦੇਹ, ਇਹ ਸਭ ਕੁਝ ਲੇਖਕ ਦੇ ਮਾਰਕਸਵਾਦੀ ਜੀਵਨ ਦਰਸ਼ਨ ਨਾਲ ਆਦਰਸ਼ਵਾਦੀ ਰੁਮਾਂਟਿਕ ਮੋਹ ਦੀ ਪੈਦਾਵਾਰ ਸੀ। ਇਸੇ ਲਈ ਸ਼ਾਇਦ ਉਸ ਦੀਆਂ ਪਹਿਲੇ ਦੋ ਦਹਾਕਿਆਂ ਦੀਆਂ ਰਚਨਾਵਾਂ ਨੂੰ ਚਿੰਤਨ-ਜਗਤ ਵੱਲੋਂ ਕੋਈ ਗੰਭੀਰ ਅਤੇ ਨਿੱਗਰ ਹੁੰਗਾਰਾ ਨਾ ਮਿਲਿਆ, ਬੇਸ਼ੱਕ ਇਹ ਲਿਖਤਾਂ ਇਨਕਲਾਬੀ ਹਲਕਿਆਂ ਵੱਲੋਂ ਸਰਾਹੀਆਂ ਜ਼ਰੂਰ ਗਈਆਂ। ਉਸ ਦੀਆਂ ਆਰੰਭਲੇ ਦੌਰ ਦੀਆਂ ਰਚਨਾਵਾਂ ਨੂੰ ਗੁਰਸ਼ਰਨ ਭਾਅ ਜੀ ਅਤੇ ਸੁਰਜੀਤ ਗਿੱਲ ਵੱਲੋਂ ਹੁੰਗਾਰਾ ਅਤੇ ਹੱਲਾਸ਼ੇਰੀ ਪ੍ਰਾਪਤ ਹੋਈ। ਡਾ. ਸੁਖਦੇਵ ਸਿੰਘ ਖਾਹਰਾ ਨੇ ਆਪਣੇ ਮਜ਼ਮੂਨ "ਪਿਛੋਕੜ ਅਤੇ ਪਰਿਪੇਖ : ਮੁੱਢਲੇ ਨਾਵਲ" ਵਿਚ ਉਸ ਦੇ ਮੁੱਢਲੇ ਨਾਵਲਾਂ ਵਿਚਲੀ ਰਚਨਾ-ਦ੍ਰਿਸ਼ਟੀ ਦੇ ਸਰੋਤ ਪਛਾਣਦੇ ਹੋਏ ਇਹ ਸਥਾਪਨਾ ਪ੍ਰਸਤੁਤ ਕੀਤੀ ਕਿ "ਇਨ੍ਹਾਂ ਦੀ ਰਚਨਾ ਦ੍ਰਿਸ਼ਟੀ ਦੇ ਸਰੋਤ ਨਾਨਕ ਸਿੰਘ ਦੀ ਵਿਅਕਤੀਵਾਦੀ ਸੁਧਾਰ, ਕੰਵਲ ਦੇ ਰੁਮਾਂਟਿਕ ਪ੍ਰਗਤੀਵਾਦ ਅਤੇ ਗੁਰਦਿਆਲ ਸਿੰਘ-ਸੀਤਲ ਦੇ ਹਕੀਕਤ ਪਸੰਦੀ ਵਾਲੇ ਰੁਝਾਨਾਂ ਨਾਲ ਵੀ ਜੁੜੇ ਹੋਏ ਨਜ਼ਰ ਆਉਂਦੇ ਹਨ।" ਆਪਣੇ ਮੁੱਢਲੇ ਦੌਰ ਦੀਆਂ ਇਨ੍ਹਾਂ ਗਲਪੀ ਰਚਨਾਵਾਂ ਵਿਚਲੀ ਕਚਿਆਈ ਨੂੰ ਆਪਣੀ "ਕੱਚ-ਘੜ

ਸੋਚ" ਵਜੋਂ ਸਵੀਕਾਰਦੇ ਹੋਏ ਮੀਤ ਨੇ ਮੰਨਿਆ ਕਿ "ਉਸ ਦੌਰ ਦੇ ਉਸ ਦੇ ਪਾਤਰ ਝਟਪਟ ਇਨਕਲਾਬੀ ਬਣ ਜਾਂਦੇ ਸਨ।" ਇਹ ਗੱਲ ਅਸਲ ਵਿਚ ਉਸ ਦੇ ਸਮਕਾਲੀ ਸਾਹਿਤ (ਖ਼ਾਸ ਤੌਰ ਉੱਪਰ ਰੁਮਾਂਟਿਕ ਪ੍ਰਗਤੀਵਾਦੀ ਸਾਹਿਤ ਵਿਚ) ਦੀ ਸਥਾਈ ਰੂੜ੍ਹੀ ਬਣ ਚੁੱਕੀ ਸੀ, ਜਿਸ ਤੋਂ ਉਹ ਵੀ ਮੁਕੰਮਲ ਰੂਪ ਵਿਚ ਪੱਲਾ ਨਾ ਬਚਾ ਸਕਿਆ। ਉਸ ਨੇ ਛੋਟੀ ਕਿਰਸਾਨੀ ਦੇ ਪਾਤਰਾਂ ਦੀਆਂ ਕਰੂਰ ਪਰਿਸਥਿਤੀਆਂ, ਖ਼ੌਫ਼ਨਾਕ ਚੱਕਰਵਿਊ, ਪਾਤਰਾਂ ਦੇ ਸੁਪਨਿਆਂ ਦੀ ਟੁੱਟ-ਭੱਜ ਨੂੰ **ਅੱਗ ਦੇ ਬੀਜ** ਵਿਚ ਚਿਤਰਿਆ ਜ਼ਰੂਰ ਪਰੰਤੂ ਇਹ ਸਭ ਕੁਝ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚਲੇ ਇੱਛਾ-ਮੂਲਕ ਘਟਨਾ-ਪ੍ਰਬੰਧ ਦੇ ਪੈਟਰਨ ਉੱਪਰ ਢਲ ਕੇ ਪਾਤਰਾਂ ਦੀ ਵਿਅਕਤੀਗਤ ਕ੍ਰਿਆ-ਪ੍ਰਤੀਕਿਰਿਆ ਜਾਂ ਰੋਹ-ਵਿਦਰੋਹ ਤੋਂ ਅਗਾਂਹ ਨਾ ਸਰਕ ਸਕਿਆ। ਇਸ ਵਿਚ ਪਰਿਸਥਿਤੀਆਂ ਚਿਤਰੀਆਂ ਜ਼ਰੂਰ ਗਈਆਂ, ਪਰੰਤੂ ਉਨ੍ਹਾਂ ਦਾ ਵਿਵੇਕ ਸਾਮ੍ਹਣੇ ਨਾ ਆ ਸਕਿਆ। ਮਸਲੇ ਪੇਸ਼ ਤਾਂ ਜ਼ਰੂਰ ਹੋਏ ਪਰੰਤੂ ਉਨ੍ਹਾਂ ਪਿੱਛੇ ਕੰਮ ਕਰਦੇ ਸਿਸਟਮ ਅਤੇ ਸ਼ਕਤੀਆਂ ਦੀ ਕਰੂਰਤਾ ਨਾ ਉੱਘੜ-ਉੱਭਰ ਸਕੀ। ਏਸ ਪੜਾਅ ਤਕ ਮਸਲਿਆਂ ਦੀ ਨਿਸ਼ਾਨਦੇਹੀ ਹੀ ਮੀਤ ਦੀ ਪ੍ਰਾਪਤੀ ਹੈ, ਉਨ੍ਹਾਂ ਦਾ ਵਸਤੂਭਾਵੀ ਬੌਧਿਕ ਮੁਤਾਲਿਆ ਅਤੇ ਉਸ ਨੂੰ ਗਲਪ-ਬਿੰਬਾਂ ਦੀਆਂ ਲੜੀਆਂ ਵਿਚ ਢਾਲਣ ਦਾ ਕਾਰਜ ਉਹ ਅਗਲੇ ਪੜਾਵਾਂ ਉੱਪਰ ਕਰਨਾ ਆਰੰਭ ਕਰਦਾ ਹੈ। ਨਿਰਸੰਦੇਹ; ਇਹ ਰਚਨਾਵਾਂ ਉਸ ਦੀ ਸਿਰਜਣਾ ਦੇ ਅਮਲ ਦਾ ਪਹਿਲਾ ਪੜਾਅ ਹਨ ਅਤੇ ਇਸ ਅਭਿਆਸੀ ਦੌਰ ਮਗਰੋਂ ਹੀ ਉਸ ਦੀ ਸਿਰਜਣਕਾਰੀ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰਦੀ ਹੈ ਜਿਸ ਦੇ **ਤਫ਼ਤੀਸ਼** ਰਾਹੀਂ ਹੋਏ ਆਰੰਭ ਨੂੰ ਡਾ. ਅਤਰ ਸਿੰਘ "ਨਵੀਂ ਦਿਸ਼ਾ ਦਾ ਸੂਚਕ" ਆਖਦਾ ਹੈ।

**ਤਫ਼ਤੀਸ਼** ਨਾਵਲ ਦਾ ਰਚਨਾ-ਵਸਤੂ ਸਾਡਾ ਪੁਲਿਸ ਸਭਿਆਚਾਰ ਹੈ। ਇਹ ਸਭਿਆਚਾਰ ਪਹਿਲੀ ਵਾਰ ਸੁਤੰਤਰ ਰੂਪ ਵਿਚ ਕਿਸੇ ਰਚਨਾ ਦੀ ਵਸਤੂ-ਸਾਮਗ੍ਰੀ ਬਣ ਕੇ ਆਪਣੇ ਇਤਿਹਾਸਕ ਮਹੱਤਵ ਨੂੰ ਸਿਰਜ ਲੈਂਦਾ ਹੈ। ਫ਼ੌਜਦਾਰੀ ਨਿਆਂ ਪ੍ਰਬੰਧ ਦੀ ਇਸ ਪਹਿਲੀ ਮਹੱਤਵਪੂਰਨ ਕੜੀ ਦੀ ਸਥਾਪਨਾ ਜਨਤਾ ਦੇ ਜਾਨ-ਮਾਲ ਦੀ ਰੱਖਿਆ, ਮਨੁੱਖ ਦੇ ਭਲੇ ਅਤੇ ਇਨਸਾਫ਼ ਦੇਣ ਲਈ ਕੀਤੀ ਗਈ। ਜੁਰਮ ਨੂੰ ਰੋਕਣਾ, ਮੁਜਰਮਾਂ ਨੂੰ ਸਜ਼ਾ ਦਵਾਉਣੀ ਅਤੇ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਇਸ ਦੇ ਮੁੱਢਲੇ ਫ਼ਰਜ਼ਾਂ ਵਿਚ ਸ਼ਾਮਿਲ ਸੀ। ਫ਼ੌਜਦਾਰੀ ਨਿਆਂ-ਪ੍ਰਬੰਧ ਦੀ ਇਸ ਕੜੀ ਦੇ ਇਰਦ-ਗਿਰਦ ਇਸ ਨਾਵਲ ਦੇ ਬਿਰਤਾਂਤ ਨੂੰ ਸਿਰਜ ਕੇ ਲੇਖਕ ਇਸ ਸੰਸਥਾ ਦੇ ਮਹੱਤਵ ਸਾਹਵੇਂ ਹੀ ਇਕ ਪ੍ਰਸ਼ਨ-ਚਿੰਨ੍ਹ ਲਗਾ ਦੇਂਦਾ ਹੈ। ਇਹ ਪ੍ਰਸ਼ਨ ਹੀ ਇਸ ਰਚਨਾ-ਵਸਤੂ ਦੇ ਥੀਮ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਹ ਰਚਨਾ ਪੁਲਿਸ ਸਭਿਆਚਾਰ ਦੇ ਧੁਰ ਡੂੰਘ ਤਕ ਲੈ ਜਾ ਕੇ ਇਸ ਸੰਬੰਧੀ ਬਣੀਆਂ ਭ੍ਰਾਂਤੀਆਂ ਨੂੰ ਅਮਿੱਥੀਕਰਨ ਦੀ ਪ੍ਰਕਿਰਿਆ ਵਿਚੋਂ ਲੰਘਾਉਂਦੀ ਅਤੇ ਇਸ ਸੰਸਥਾਈ ਬਣਤਰ ਪ੍ਰਤਿ ਮਾਨਵੀ ਚੇਤਨਾ ਅਤੇ ਪ੍ਰਤੱਖਣ ਨੂੰ ਤਿੱਖਿਆਂ ਕਰਕੇ ਇਸ ਦੇ ਮਹੱਤਵ ਨੂੰ ਹੀ

ਨਕਾਰ ਕੇ ਰੱਖ ਦਿੰਦੀ ਹੈ। ਇਸ ਕੋਣ ਤੋਂ ਇਸ ਰਚਨਾ ਦਾ ਚਰਿੱਤਰ ਵਿਦਰੋਹੀ ਅਤੇ ਸਥਿਤੀ ਆਕ੍ਰਮਣ ਵਾਲੀ ਹੈ। ਇਹੀ ਆਕ੍ਰਮਣਕ ਸਥਿਤੀ ਪੁਲਿਸ ਸਭਿਆਚਾਰ ਦੀ ਵਿਰਚਨਾ ਕਰਦੀ ਅਤੇ ਉਸ ਦੀ ਸਮੁੱਚੀ ਮੁੜ ਉਸਾਰੀ ਦਾ ਸੁਪਨਾ ਸਿਰਜਦੀ ਦਿਖਾਈ ਦਿੰਦੀ ਹੈ।

**ਤਫ਼ਤੀਸ਼** ਨਾਵਲ ਦੀ ਕਥਾ ਤਾਂ ਅਸਲੋਂ ਸਰਲ ਜੇਹੀ ਹੈ—ਇਕ ਮਾਸੂਮ ਬੱਚਾ ਬੰਟੀ ਅਗਵਾਹ ਹੋ ਜਾਂਦਾ ਹੈ, ਪੁਲਿਸ ਇਸ ਅਗਵਾ ਦੀ ਤਫ਼ਤੀਸ਼ ਦਾ ਕੰਮ ਆਪਣੇ ਹੱਥ ਲੈਂਦੀ ਹੈ, ਪੁਲਿਸ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਬੰਟੀ ਦਾ ਕਤਲ ਹੋ ਜਾਂਦਾ ਹੈ, ਪੁਲਿਸ ਦਾ ਧਿਆਨ ਬੱਚੇ ਦੀ ਬਜਾਏ ਕਾਤਲਾਂ ਦੀ ਢੂੰਡ-ਭਾਲ ਉੱਪਰ ਕੇਂਦ੍ਰਿਤ ਹੋ ਜਾਂਦਾ ਹੈ, ਜਿਵੇਂ ਅਗਵਾ ਬੱਚਾ ਪੁਲਿਸ ਨੂੰ ਨਹੀਂ ਲੱਭਦਾ, ਉਂਜ ਹੀ ਉਸ ਦੇ ਕਾਤਲਾਂ ਦੀ ਭਾਲ ਵਿਚ ਪੁਲਿਸ ਨਾਕਾਮਯਾਬ ਰਹਿੰਦੀ ਐ ਅਤੇ ਅਖ਼ੀਰ ਦੋ ਅਸਲੋਂ ਬੇਕਸੂਰ ਤੇ ਮਜ਼ਲੂਮ ਵਿਅਕਤੀਆਂ—ਪਾਲੇ ਤੇ ਮੀਤੇ, ਨੂੰ ਪਕੜ ਉਨ੍ਹਾਂ ਉੱਪਰ ਕਤਲ ਦਾ ਕੇਸ ਪਾ ਕੇ, ਪੁਲਿਸ ਸੁਰਖ਼ਰੂ ਹੋ ਜਾਂਦੀ ਹੈ। ਇੰਜ ਨਾਵਲ ਦੀ ਕਥਾ ਬੰਟੀ ਦੇ ਅਗਵਾ ਤੋਂ ਲੈ ਕੇ ਉਸ ਦੇ ਕਤਲ ਅਤੇ ਪੁਲਿਸ ਦੁਆਰਾ ਦੋ ਨਿਰਦੋਸ਼ ਵਿਅਕਤੀਆਂ ਨੂੰ ਫਸਾਉਣ ਤਕ ਫੈਲਦੀ ਹੈ। ਸਾਰੀ ਰਚਨਾ ਦੇ ਇਰਦ-ਗਿਰਦ ਇਕ ਤਨਾਉ ਪਸਰਿਆ ਨਜ਼ਰੀਂ ਪੈਂਦਾ ਹੈ। ਇਹ ਤਨਾਉ ਤਲਾਸ਼ ਵਿਚੋਂ ਪੈਦਾ ਹੁੰਦਾ ਹੈ। ਪਹਿਲਾ ਅਗਵਾਕਾਰਾਂ ਦੀ ਤਲਾਸ਼ ਅਤੇ ਮਗਰੋਂ ਕਾਤਲਾਂ ਦੀ ਤਲਾਸ਼। ਸ਼ੁਰੂ ਤੋਂ ਅਖ਼ੀਰ ਤਕ ਰਚਨਾ ਇਕ ਅਸੰਤੁਲਨ ਤੋਂ ਦੂਸਰੇ ਅਸੰਤੁਲਨ-ਬਿੰਦੂ ਤਕ ਦਾ ਸਫ਼ਰ ਤੈਅ ਕਰਦੀ ਹੈ। ਰਚਨਾ ਦੇ ਅੰਤ ਉਪਰ ਕਾਤਲਾਂ ਦੇ ਫੜੇ ਜਾਣ ਦਾ ਪੁਲਿਸ ਵੱਲੋਂ ਕੀਤਾ ਨਾਟਕ ਅਖੌਤੀ ਭਾਂਤ ਦਾ ਸੰਤੁਲਨ ਹੋ ਨਿਬੜਦਾ ਹੈ। ਇਸ ਨਾਵਲ ਵਿਚਲਾ ਇਹ ਅਸੰਤੁਲਨ ਅਜੋਕੇ ਸਮਾਜ ਵਿਚਲੀਆਂ ਇਨ੍ਹਾਂ ਸੰਸਥਾਵਾਂ ਵਿਚ ਵਿਆਪ ਰਹੀ ਅਫ਼ਰਾ-ਤਫ਼ਰੀ ਅਤੇ ਅਸੰਤੁਲਨ ਦਾ ਹੀ ਚਿਹਨਕ ਹੈ। ਨਾਵਲਕਾਰ ਦੀ ਖ਼ੂਬੀ ਇਨ੍ਹਾਂ ਦੋਵਾਂ ਘਟਨਾਵਾਂ ਦੇ ਇਰਦ-ਗਿਰਦ ਛੋਟੀਆਂ-ਛੋਟੀਆਂ ਘਟਨਾਵਾਂ ਦੀਆਂ ਲੜੀਆਂ ਨੂੰ ਟਿਕਾਉਣ ਵਿਚ ਨਿਹਿਤ ਹੈ। ਰਚਨਾ ਦੇ ਕਥਾਨਕ ਦੇ ਪਿਛੋਕੜ ਵਿਚ ਵਾਰਿਸ ਸ਼ਾਹ ਦੀ ਹੀਰ ਦੇ ਬਿਰਤਾਂਤ ਵਿਚਲੇ ਸੱਖਣੇ ਚੌਖਟੇ ਦੀ ਕਾਰਜਸ਼ੀਲਤਾ ਪਛਾਣੀ ਜਾ ਸਕਦੀ ਹੈ। ਜਿਵੇਂ ਵਾਰਿਸ ਨੂੰ ਇਸ ਗੱਲ ਦਾ ਇਲਮ ਹੈ ਕਿ ਉਸ ਨੇ ਮੱਧਕਾਲੀ ਜਗੀਰਦਾਰੀ ਸਮਾਜ ਦੇ ਜਟਿਲ ਵਿਹਾਰ ਦਾ ਮਹਾਂਦ੍ਰਿਸ਼ ਉਸਾਰਨਾ ਹੈ। ਇਸੇ ਲਈ ਉਹ ਕਥਾ ਦੀਆਂ ਇਕਾਈਆਂ ਦੀ ਨਿਰੰਤਰਤਾ ਨੂੰ ਮੁੜ-ਮੁੜ ਤੋੜ ਕੇ ਲਾਂਭ-ਚਾਂਭ ਫੈਲ ਜਾਂਦਾ ਜਾਂ ਡੂੰਘਾ ਉਤਰ ਜਾਂਦਾ ਹੈ। ਉਹ ਜੀਵਨ ਦੀਆਂ ਪਰਤਾਂ ਦੀ ਪਛਾਣ ਸਿੱਧੀ ਲਕੀਰ ਵਿਚੋਂ ਨਹੀਂ, ਗਹਿਰਾਈ ਵਿਚੋਂ ਤਲਾਸ਼ਦਾ ਹੈ। ਕਥਾ ਤਾਂ ਉਸ ਲਈ ਨਿਯੰਤਰਣ-ਬਿੰਦੂਆਂ ਦਾ ਕੰਮ ਕਰਦੀ ਹੈ, ਜਿਨ੍ਹਾਂ ਦੇ ਅੰਦਰਵਾਰ ਉਸ ਰਚਨਾ ਦੇ ਕਥਾਨਕ ਨੂੰ ਰੱਖਣਾ ਹੈ। ਉਥੇ ਬਿਰਤਾਂਤ ਦੀ ਨਿਰੰਤਰਤਾ ਅਤੇ ਬਣਤਰ ਦਾ ਨਿਯੰਤਰਣ ਦਵੰਦ-ਸੰਬੰਧਾਂ ਵਿਚ ਬੱਝੇ ਦਿਖਾਈ ਦਿੰਦੇ ਹਨ। ਵਾਰਿਸ ਮੁੜ-ਮੁੜ ਕਥਾ ਦੀ ਨਿਰੰਤਰਤਾ ਨੂੰ

ਭੰਗ ਕਰ ਦੂਰ-ਦੂਰ ਤਕ ਫੈਲ ਜਾਂਦਾ ਅਤੇ ਜਗੀਰਦਾਰੀ ਜੀਵਨ-ਵਿਹਾਰ ਦਾ ਮਹਾਂਦ੍ਰਿਸ਼ ਪੂਰੀ ਗਹਿਰਾਈ ਤੇ ਗੰਭੀਰਤਾ ਨਾਲ ਉਸਾਰਦਾ ਹੈ। **ਤਫ਼ਤੀਸ਼** ਦੇ ਲੇਖਕ ਨੂੰ ਪੂੰਜੀਵਾਦੀ ਨਿਜ਼ਾਮ, ਇਸ ਵਿਚਲੀਆਂ ਸੰਸਥਾਵਾਂ ਦੇ ਪੂੰਜੀਵਾਦੀ ਕਿਰਦਾਰ (ਸਾਮਰਾਜੀ ਮੰਡੀ) ਦਾ ਭਲੀਭਾਂਤ ਇਲਮ ਹੈ। ਇਸ ਲਈ ਉਹ ਤਫ਼ਤੀਸ਼ ਰਾਹੀਂ ਸਿੱਧ ਕਰਦਾ ਹੈ ਕਿ ਇਹ ਸੰਸਥਾਵਾਂ ਜਨਤਾ ਦੀ ਭਲਾਈ ਲਈ ਕੰਮ ਨਹੀਂ ਕਰਦੀਆਂ ਸਗੋਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਉਹ ਵੀ ਆਪਣੇ ਸਮਕਾਲੀ ਨਿੱਘਰੇ ਢਾਂਚੇ ਦਾ ਮਹਾਂਦ੍ਰਿਸ਼ ਉਸਾਰਣ ਲਈ ਮੂਲ-ਕਥਾ ਦੇ ਇਰਦ-ਗਿਰਦ ਛੋਟੀਆਂ-ਛੋਟੀਆਂ ਘਟਨਾਵਾਂ ਦਾ ਉਸਾਰ ਉਸਾਰਦਾ ਜਾਂਦਾ ਹੈ। ਕਥਾ ਦਾ ਵਿਕਾਸ ਤਾਂ ਉਸ ਸਾਹਵੇਂ ਮਸਲਾ ਨਹੀਂ। ਏਥੇ ਘਟਨਾਵਾਂ ਦਾ ਫੈਲਾਓ ਅਤੇ ਗਹਿਰਾਈ ਹੀ ਰੌਚਿਕਤਾ ਦਾ ਉਦੈ-ਬਿੰਦੂ ਬਣੀ ਰਹਿੰਦੀ ਹੈ। ਛੋਟੀਆਂ-ਛੋਟੀਆਂ ਘਟਨਾਵਾਂ ਹੋਣ ਜਾਂ ਸਿਰਜਤ ਪਾਤਰ ਇਨ੍ਹਾਂ ਰਾਹੀਂ ਉਹ ਸਮਕਾਲੀਨ ਯਥਾਰਥ ਦੀਆਂ ਘਿਣਾਉਣੀਆਂ ਪਰਤਾਂ ਨੂੰ ਹੀ ਖੋਲ੍ਹਦਾ ਹੈ।

**ਤਫ਼ਤੀਸ਼** ਵਿਚ ਪ੍ਰਸਤੁਤ ਯਥਾਰਥ ਦੀ ਵੰਨਸਵੰਨਤਾ ਦਾ ਦਿਸਦਾ ਜਾਂ ਸਤਹੀ ਪਾਸਾਰ ਪੰਜਾਬ ਸੰਤਾਪ ਨਾਲ ਜੁੜਿਆ ਹੋਇਆ ਹੈ। 1978 ਤੋਂ 1992 ਈ. ਤਕ ਦੇ ਕਾਲ-ਖੰਡ ਤਕ ਇਸ ਸੰਕਟ ਤੇ ਸੰਤਾਪ ਦਾ ਫੈਲਾਓ ਰਿਹਾ ਹੈ। ਇਸ ਕਾਲ-ਖੰਡ ਵਿਚ ਅਗਵਾਕਾਰੀ, ਕਤਲੋਗਾਰਤ, ਤਫ਼ਤੀਸ਼, ਨਾਕਾਬੰਦੀ, ਕਰਫਿਊ ਅਤੇ ਝੂਠੇ ਕੇਸਾਂ ਦੀਆਂ ਵਾਰਦਾਤਾਂ ਰੋਜ਼ਮੱਰਾ ਦਾ ਵਰਤਾਰਾ ਰਹੀਆਂ ਹਨ। ਨਾਵਲਕਾਰ ਨੇ ਪੰਜਾਬ ਸੰਤਾਪ ਦੇ ਇਸ ਸਮੁੱਚੇ ਕਾਲ-ਖੰਡ ਵਿਚੋਂ ਵੀ ਇਕ ਛੋਟੇ ਜਹੇ ਟੁਕੜੇ ਨੂੰ ਚੁਣਿਆ ਅਤੇ ਗਲਪੀ ਰੂਪਾਂਤਰਣ ਥਾਣੀਂ ਲੰਘਾਇਆ ਹੈ। ਇਸ ਰਚਨਾ ਵਿਚੋਂ ਪੁਸ਼ਟੀਯੋਗ ਤੱਥਾਂ, ਘਟਨਾਵਾਂ ਅਤੇ ਪਾਤਰਾਂ ਨੂੰ ਸਹਿਜ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਜੇਕਰ ਪੰਜਾਬ ਸੰਕਟ ਜਾਂ ਸੰਤਾਪ ਨੂੰ ਇਕ ਸੰਦਰਭ ਵਜੋਂ ਗ੍ਰਹਿਣ ਕਰਕੇ ਇਸ ਰਚਨਾ ਵਿਚੋਂ ਇਸ ਸਮੱਸਿਆ ਦੀ ਪ੍ਰਸਤੁਤੀ, ਵਿਸ਼ਲੇਸ਼ਣ ਅਤੇ ਹੱਲ ਨੂੰ ਢੂੰਡਣਾ ਹੋਵੇ ਤਾਂ ਸਹਿਜ ਸਿੱਟਾ ਇਹ ਨਿਕਲਦਾ ਹੈ ਕਿ ਇਹ ਰਚਨਾ ਅਜਿਹੇ ਵਰਤਾਰੇ ਨੂੰ ਇਸ ਦੀਆਂ ਜੜ੍ਹਾਂ ਜਾਂ ਉਲਟ-ਪੁਲਟ ਹੋਏ ਸਿਸਟਮ ਨਾਲ ਜੋੜ ਕੇ ਵੇਖਣ ਲਈ ਆਖਦੀ ਹੈ। ਨਾਵਲੀ ਪਾਠ ਵਿਚ ਸੁਨੇਹਾ ਹੈ : ਕਾਰਜ ਨੂੰ ਕਾਰਨਾਂ ਨਾਲ ਜੋੜ ਕੇ ਵੇਖਣ ਦਾ। ਕਾਰਨਾਂ ਨੂੰ ਸਮਝੋ, ਉਨ੍ਹਾਂ ਵਿਚਲੇ ਅਮਾਨਵਕਾਰੀ ਪਾਸਾਰਾਂ ਦਾ ਖ਼ਾਤਮਾ ਕਰੋ ਤਾਂ ਅਸੰਤੁਲਨ ਖ਼ੁਦ-ਬ-ਖ਼ੁਦ ਹੀ ਸੰਤੁਲਨ ਵਿਚ ਤਬਦੀਲ ਹੋ ਜਾਵੇਗਾ। ਪਰੰਤੂ ਇਸ ਰਚਨਾ ਨੂੰ ਸਿਰਫ਼ ਏਸੇ ਸੰਦਰਭ ਤਕ ਹੀ ਸੰਗੋੜ ਲੈਣ ਨਾਲ ਇਸ ਵਿਚੋਂ ਬਹੁਤ ਸਾਰੇ ਵੇਰਵੇ, ਘਟਨਾਵਾਂ ਅਤੇ ਪਾਤਰ ਗ਼ੈਰਹਾਜ਼ਰ ਨਜ਼ਰ ਆਉਣਗੇ। ਇਸ ਰਚਨਾ ਵਿਚੋਂ ਪੰਜਾਬ ਸੰਤਾਪ ਦੇ ਘਟਨਾਵੀ ਖੱਪੇ ਤਲਾਸ਼ ਕਰਨੇ ਅਸਲੋਂ ਅਨੁਚਿਤ ਇਸ ਲਈ ਹਨ ਕਿਉਂਕਿ ਇਸ ਸੰਤਾਪ ਦਾ ਮਹਾਂਦ੍ਰਿਸ਼ ਉਸਾਰਨਾ ਇਸ ਰਚਨਾ ਦਾ ਪ੍ਰਥਮ ਮਕਸਦ ਨਹੀਂ। ਇਹ ਸਭ ਕੁਝ ਤਾਂ ਇਸ ਰਚਨਾ ਦਾ ਤੁਰਣ

ਬਿੰਦੂ ਹੈ, ਪਹੁੰਚ ਬਿੰਦੂ ਨਹੀਂ। ਰਚਨਾ ਦਾ ਪਹੁੰਚ ਬਿੰਦੂ ਤਾਂ ਇਕ ਵਰਤਾਰੇ ਦੇ ਪਿਛੋਕੜ ਵਿਚ ਕਾਰਜਸ਼ੀਲ ਬਾਨੁਕਸ ਸਿਸਟਮ ਦੇ ਪਾਸਾਰਾਂ ਨੂੰ ਉਘਾੜਦਾ ਹੈ। ਮੁਜਰਮਾਂ ਜਾਂ ਦੋਸ਼ੀਆਂ ਦੀ ਪਛਾਣ ਅਤੇ ਸਜ਼ਾ ਲਈ ਉਸਾਰਿਆ ਇਹ ਪੁਲਿਸ ਸਭਿਆਚਾਰ ਖ਼ੁਦ ਹੀ ਮੁਜਰਮਾਨਾ ਸਰੂਪ ਧਾਰਨ ਕਰ ਚੁੱਕਾ ਹੈ। ਜ਼ਰੂਰਤ ਜੁਰਮ ਦੀ ਤਫ਼ਤੀਸ਼ ਤੋਂ ਵਧੇਰੇ ਤਫ਼ਤੀਸ਼ ਕਰਨ ਵਾਲਿਆਂ ਦੀ 'ਤਫ਼ਤੀਸ਼' ਦੀ ਭਾਸਦੀ ਹੈ। 'ਮੁਜਰਮਾਂ' ਨਾਲੋਂ ਉਨ੍ਹਾਂ ਦੀ ਤਫ਼ਤੀਸ਼ ਕਰਨ ਵਾਲੇ ਸੁਰੱਖਿਆ ਅਤੇ ਨਿਆਂ ਪ੍ਰਬੰਧ ਲਈ ਵਧੇਰੇ ਖ਼ਤਰਾ ਬਣੇ ਨਜ਼ਰ ਆਉਂਦੇ ਹਨ। 'ਮੁਜਰਮਾਂ' ਦਾ ਚਰਿੱਤਰ ਮੁਜਰਮਾਨਾ ਹੈ ਜਾਂ ਤਫ਼ਤੀਸ਼ ਕਰਨ ਵਾਲਿਆਂ ਦਾ ? ਇਹ ਪ੍ਰਸ਼ਨ ਇਸ ਰਚਨਾ ਦੀ ਹਰ ਛੋਟੀ ਤੋਂ ਛੋਟੀ ਘਟਨਾ ਜਾਂ ਕਥਾ-ਲੜੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਜੁਰਮ ਅਤੇ ਮੁਜਰਮ ਨੂੰ ਇਹ ਰਚਨਾ ਉਲਟਾ ਕਰਕੇ ਉਸਾਰਦੀ ਹੈ। ਫਲਸਰੂਪ ਦੋਸ਼ੀ ਸਮਝੇ ਜਾਂਦੇ ਨਿਰਦੋਸ਼ ਅਤੇ ਦੋਸ਼ੀਆਂ ਦੀ ਤਫ਼ਤੀਸ਼ ਕਰਨ ਵਾਲੇ ਮੁਜਰਮ ਨਜ਼ਰ ਆਉਂਦੇ ਹਨ। ਜੁਰਮ ਦਾ ਸਰੂਪ ਬਦਲ ਜਾਂਦਾ ਹੈ ਅਤੇ ਜੁਰਮ ਵਿਗਿਆਨ ਦੀ ਵਿਆਕਰਣ ਦਾ ਇਕ ਨਵਾਂ ਪਾਸਾਰ ਉੱਘੜਦਾ ਹੈ। ਸਿਰਫ਼ ਜੁਰਮ ਤੇ ਪੁਲਿਸ ਹੀ ਨਹੀਂ ਉਲਟਦੇ ਸਗੋਂ ਨਿਆਂ-ਪ੍ਰਬੰਧ ਦਾ ਖੋਖਲਾਪਣ ਵੀ ਜ਼ਾਹਰ ਹੁੰਦਾ ਹੈ। ਭੇਖ ਤੇ ਸੱਚ ਦੇ ਤਨਾਉ ਤੇ ਟਕਰਾਓ ਰਾਹੀਂ ਲੇਖਕ ਇਨ੍ਹਾਂ ਸੰਸਥਾਵੀ ਬਣਤਰਾਂ ਦੇ ਸਰੂਪ ਨੂੰ ਖੋਖਲਾ, ਭ੍ਰਿਸ਼ਟ, ਆਡੰਬਰ ਭਰਪੂਰ ਅਤੇ ਅਮਾਨਵਾਕਰੀ ਸਿੱਧ ਕਰਦਾ ਹੈ। ਪੁਲਿਸ ਸਭਿਆਚਾਰ ਵਿਚਲੇ ਭ੍ਰਿਸ਼ਟਾਚਾਰ ਨੂੰ ਉਘਾੜਣ ਲਈ ਲੇਖਕ ਸੰਤਰੀ ਤੋਂ ਤੁਰ ਮੁਨਸ਼ੀ, ਐੱਸ.ਐੱਚ.ਓ., ਡਿਪਟੀ, ਡੀ.ਐੱਸ.ਪੀ. ਅਤੇ ਇਸ ਤੋਂ ਅਗਾਂਹ ਡੀ.ਆਈ.ਜੀ. ਤਕ ਅੱਪੜ ਜਾਂਦਾ ਹੈ। ਨਾਲੋ-ਨਾਲ ਮੁਜਰਮਾਂ, ਪੁਲਿਸ ਦੇ ਟਾਊਟਾਂ, ਪੁਲਿਸ, ਰਾਜਨੀਤੀਵਾਨਾਂ ਅਤੇ ਸਰਮਾਏਦਾਰਾਂ ਦੀ ਆਪਸੀ ਗਾਂਢ-ਸਾਂਢ ਦੀ ਪਰਤ-ਦਰ-ਪਰਤ ਖੁੱਲ੍ਹਦੀ ਜਾਂਦੀ ਹੈ। ਲੇਖਕ ਪਾਸ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਸੂਖਮ, ਬੌਧਿਕ ਅਤੇ ਲੁਕਵੇਂ ਵਿਅੰਗ ਦਾ ਹੈ, ਜਿਸ ਦੀ ਸਹਾਇਤਾ ਨਾਲ ਉਹ ਇਸ ਪ੍ਰਬੰਧ ਵਿਚਲੇ ਅਹੁਦਿਆਂ, ਸੰਕਲਪਾਂ ਜਾਂ ਸੰਕੇਤਾਂ ਦੀ ਅਸਲੀਅਤ ਨੂੰ ਖੋਲ੍ਹਦਾ ਹੈ। ਉਹ ਵਰਤਾਰਿਆਂ ਦੇ ਪਾਖੰਡ ਨੂੰ ਹੀ ਜ਼ਾਹਰ ਨਹੀਂ ਕਰਦੋਂ ਸਗੋਂ ਇਨ੍ਹਾਂ ਪਿੱਛੇ ਕਾਰਜਸ਼ੀਲ ਭ੍ਰਿਸ਼ਟ, ਅਨੈਤਿਕ ਅਤੇ ਅਮਾਨਵੀ ਵਿਹਾਰ ਨੂੰ ਵੀ ਅਗਰਭੂਮੀ ਵਿਚ ਲੈ ਆਉਂਦਾ ਹੈ। ਮਸਲਾ ਚਾਹੇ ਰਿਪੋਰਟ ਲਿਖਵਾਉਣ ਦਾ ਹੋਵੇ, ਪੁੱਛਗਿੱਛ ਦਾ ਜਾਂ ਤਫ਼ਤੀਸ਼ ਦਾ ਜਾਂ ਕਰਫ਼ਿਊ, ਨਾਕਿਆਂ ਜਾਂ ਤਲਾਸ਼ੀ ਦਾ ਅਤੇ ਅੱਗੋਂ ਸੰਤਰੀ ਤੋਂ ਲੈ ਕੇ ਡੀ.ਆਈ.ਜੀ. ਅਤੇ ਮੰਤਰੀ ਤਕ ਇਸ ਮਸਲੇ ਨਾਲ ਕੋਈ ਵੀ ਧਿਰ ਜੁੜੀ ਹੋਵੇ, ਉਘੜਦੇ ਉਸਦੇ ਚਰਿੱਤਰ ਦੇ ਭ੍ਰਿਸ਼ਟ ਅਤੇ ਅਮਾਨਵੀ ਪਾਸਾਰ ਹੀ ਹਨ। ਜਿਵੇਂ ਵਾਰਿਸ ਸ਼ਾਹ ਨੇ ਮੱਧਕਾਲੀ ਜਾਂ ਅਠਾਰ੍ਹਵੀਂ ਸਦੀ ਦੇ ਪੰਜਾਬ ਦੀ ਸਮੁੱਚੀ ਤਨਾਉ ਆਧਾਰਿਤ ਵਾਸਤਵਿਕਤਾ ਨੂੰ ਹੀਰ ਦੇ ਕਿੱਸੇ ਵਿਚ ਸਾਖਸ਼ਾਤ ਕੀਤਾ, ਠੀਕ ਉਂਜ ਦੀ ਜੁਗਤ ਅਪਣਾਈ ਹੈ ਇਸ ਨਾਵਲ ਵਿਚ ਮਿੱਤਰ ਸੈਨ ਮੀਤ ਨੇ। ਉਸ ਦੀ ਵਸਤੂ-ਸਾਮਗ੍ਰੀ

ਮੱਧਕਾਲੀ ਪੰਜਾਬ ਨਹੀਂ ਅਤੇ ਨਾ ਹੀ ਉਸ ਦੀ ਦ੍ਰਿਸ਼ਟੀ ਧਾਰਮਿਕ-ਅਧਿਆਤਮਕ ਜਾਂ ਰੁਮਾਂਟਿਕ ਕਿਸਮ ਦੀ ਹੈ। ਅਜੋਕਾ ਪੁਲਿਸ ਸਭਿਆਚਾਰ ਅਤੇ ਉਸ ਦੀ ਮਾਰਫ਼ਤ ਸਾਡਾ ਸਮਾਜ, ਨਿਆਂ ਪ੍ਰਬੰਧ, ਸਟੇਟ ਦਾ ਢਾਂਚਾ ਅਤੇ ਉਸ ਪਿੱਛੇ ਕਾਰਜਸ਼ੀਲ ਸ਼ਕਤੀਆਂ ਹਨ। ਉਸ ਨੇ ਇਸ ਸਭਿਆਚਾਰ ਦੇ ਦੋ ਪੱਖਾਂ, ਬਾਹਰੀ ਅਤੇ ਅੰਦਰੂਨੀ ਨੂੰ, ਇਕ ਦੂਸਰੇ ਦੇ ਸਮਾਂਨਾਤਰ ਰੱਖਿਆ ਹੈ। ਬਾਹਰੀ ਧਰਾਤਲ ਉੱਪਰ ਅਹੁਦਿਆਂ, ਵਰਦੀਆਂ, ਪੁੱਛਗਿੱਛ ਅਤੇ ਤਫ਼ਤੀਸ਼ ਦਾ ਬੋਲਬਾਲਾ ਹੈ। ਮੁਜਰਮ ਧਿਰ ਨੂੰ ਸਜ਼ਾ ਮਿਲਣ ਦਾ ਵਾਅਦਾ ਹੈ ਪਰੰਤੂ ਅੰਦਰਖਾਤੇ ਕੋਹਝਾ, ਹੋਛਾ, ਅਮਾਨਵੀ ਅਤੇ ਭ੍ਰਿਸ਼ਟ ਵਿਹਾਰ ਹੈ। ਉਹ ਡੂੰਘੀ ਨੀਝ ਨਾਲ ਬੇਇਨਸਾਫ਼ੀ ਅਤੇ ਬਦਨੀਅਤੀ ਨੂੰ ਭਾਂਪਦਾ ਹੈ ਅਤੇ ਫਿਰ ਨਾ "ਜਿਨ੍ਹਾਂ ਖਾਧੀਆਂ ਚੋਪੜੀਆਂ, ਸੋ ਘਣੇ ਸਹਿਣਗੇ ਦੁਖ" ਦੀਆਂ ਗੱਲਾਂ ਕਰਦਾ ਹੈ ਅਤੇ ਨਾ "ਕੌਣ ਸਾਹਿਬ ਨੂੰ ਆਖੇ ਇਉਂ ਨਹੀਂ ਇੰਜ ਕਰ" ਆਖ ਕੇ ਸੰਤੁਸ਼ਟ ਹੁੰਦਾ ਹੈ। ਉਹ ਅਨੇਕਾਂਨੇਕ ਸਵਾਲ ਸਿਰਜ ਕੇ ਇਨ੍ਹਾਂ ਸੰਸਥਾਵਾਂ ਨੂੰ ਸਿਰਜਣ ਪਿੱਛੇ ਕੰਮ ਕਰਦੀ ਭਾਵਨਾ ਅਤੇ ਇਨ੍ਹਾਂ ਦੇ ਵਰਤਮਾਨ ਵਿਹਾਰ ਜਾਂ ਕਾਰਗੁਜ਼ਾਰੀ ਨੂੰ ਉਭਾਰ ਕੇ ਇਨ੍ਹਾਂ ਦੇ ਮਹੱਤਵ ਨੂੰ ਹੀ ਨਕਾਰਾਤਮਕ ਅਤੇ ਮਨਫ਼ੀ ਸਿੱਧ ਕਰਦਾ ਹੈ। ਅਜੇਹਾ ਕਰਕੇ ਉਹ ਸਚਮੁੱਚ ਅਜੋਕੇ ਯੁੱਗ ਦਾ ਜਾਂ ਸਮੇਂ ਦਾ ਹਾਣੀ ਬਿਰਤਾਂਤ ਸਿਰਜਦਾ ਹੈ।

ਪੁਲਿਸ ਸਭਿਆਚਾਰ ਦੇ ਸਰੂਪ ਤੇ ਵਿਹਾਰ ਵਿਚਾਲੇ ਤਨਾਉ ਰਾਹੀਂ **ਤਫ਼ਤੀਸ਼** ਨਾਵਲ ਇਕ ਮੂਲ ਇਖ਼ਲਾਕੀ ਸਵਾਲ ਨੂੰ ਅਗਰਭੂਮੀ ਵਿਚ ਲਿਆਉਂਦਾ ਹੈ। ਇਕ ਵਾਮਨ ਸੰਸਾਰ ਦੇ ਛੋਟੇ ਤੋਂ ਛੋਟੇ ਜੁਜ਼ ਤੋਂ ਲੈ ਕੇ ਮੁਕੰਮਲ ਇਕਾਈ ਤਕ ਇਹ ਇਖ਼ਲਾਕੀ ਮੁੱਲ ਨਿਰੰਤਰ ਗੁੰਮ ਗੁਆਚ ਰਹੇ ਹਨ। ਜੇਕਰ ਇਕ ਸੰਸਥਾਵੀ ਚੌਖਟਾ ਮੂਲੋਂ ਭ੍ਰਿਸ਼ਟ, ਬੇਕਿਰਦਾਰ ਅਤੇ ਬੇਇਖ਼ਲਾਕ ਹੋ ਗਿਆ ਹੈ ਤਾਂ ਇਸ ਸਮੁੱਚੇ ਢਾਂਚੇ ਦੀਆਂ ਬਾਕੀ ਇਕਾਈਆਂ ਇਸ ਤੋਂ ਪਾਕ ਤੇ ਸੁਤੰਤਰ ਕਿਵੇਂ ਰਹਿ ਸਕਦੀਆਂ ਹਨ ? ਜੇਕਰ ਰਚਨਾ ਵਿਚਲੇ ਹਰ ਕਿਰਦਾਰ ਅਤੇ ਘਟਨਾ ਨੂੰ ਹਿੰਦੁਸਤਾਨ ਦੀਆਂ ਤਮਾਮ ਸੰਸਥਾਵੀ ਬਣਤਰਾਂ ਵਿਚਲੇ ਜੁਜ਼ਾਂ ਦੇ ਪ੍ਰਤੀਕ ਮੰਨ ਲਿਆ ਜਾਵੇ ਤਾਂ ਇਹ ਰਚਨਾ ਸਾਡੇ ਸਮਿਆਂ ਦੇ ਕਰੂਰ ਸੱਚ ਦੀ ਅੱਕਾਸੀ ਕਰਦੀ ਹੈ। ਇਹ ਕਰੂਰ ਸੱਚ ਇਹ ਹੈ ਕਿ ਤਮਾਮ ਸੰਸਥਾਵਾਂ ਭ੍ਰਿਸ਼ਟਾਚਾਰ ਦੇ ਰੋਗ ਅਤੇ ਮੁਜਰਮਾਂ, ਪੁਲਿਸ, ਰਾਜਨੀਤੀਵਾਨਾਂ ਅਤੇ ਸਰਮਾਏਦਾਰਾਂ ਦੇ ਗੱਠਜੋੜ ਸਦਕਾ ਅੰਦਰੋਂ ਜਰਜਰੀਆਂ ਅਤੇ ਖੰਡਿਤ ਹੋ ਚੁੱਕੀਆਂ ਹਨ। ਇਨ੍ਹਾਂ ਦੇ ਇੱਛਿਤ ਸਰੂਪ ਅਤੇ ਅਸਲ ਵਿਹਾਰ ਵਿਚ ਵੱਡਾ ਖੱਪਾ ਪੈਦਾ ਹੋਇਆ ਹੈ। ਇਸ ਸਥਿਤੀ ਵਿਚ ਅਮਾਨਵੀਕਰਨ ਅਤੇ ਜ਼ਾਲਮਾਨਾ ਕੀਮਤਾਂ ਦਾ ਬੋਲਬਾਲਾ ਹੈ ਅਤੇ ਮਾਸੂਮ ਤੇ ਮਜ਼ਲੂਮ ਲੋਕਾਈ ਬੁਰੀ ਤਰ੍ਹਾਂ ਪਿਸ ਰਹੀ ਹੈ। ਇਸ ਨਾਵਲ ਵਿਚਲੀਆਂ ਗਲਪੀ-ਬਿੰਬਾਂ ਦੀਆਂ ਲੜੀਆਂ ਸਿਸਟਮ ਅਤੇ ਪਾਠਕ ਦੀ ਮਾਨਸਿਕਤਾ ਨਾਲ ਸੰਵਾਦ ਸਿਰਜਦੀਆਂ ਹਨ। ਨਾਵਲ ਵਿਚਲੀ ਬਿਰਤਾਂਤਕ ਜੁਗਤ ਸਿਸਟਮ ਪ੍ਰਤਿ ਸਹਾਨੁਭੂਤੀ ਜਗਾਉਣ ਜਾਂ ਉਸ ਨੂੰ ਜਿਉਂ ਦਾ ਤਿਉਂ ਰੱਖਣ

ਦੀ ਬਜਾਏ ਚੇਤੰਨ ਮਨੁੱਖ ਅੰਦਰਲੀ ਨਿਪੁੰਸਕਤਾ ਤੇ ਬੇਹਿੰਮਤੀ ਨੂੰ ਵੰਗਾਰਦੀ ਅਤੇ ਅਜੋਕੇ ਪ੍ਰਬੰਧ ਵਿਚਲੇ ਮਾਨਵ-ਵਿਰੋਧੀ ਚਰਿੱਤਰ ਦੀ ਪਛਾਣ ਅਤੇ ਸਹੀ ਤਫ਼ਤੀਸ਼ ਲਈ ਉਕਸਾਉਂਦੀ ਹੈ।

ਫ਼ੌਜਦਾਰੀ ਨਿਆਂ-ਪ੍ਰਬੰਧ ਦੀ ਇਕ ਸੰਸਥਾ ਪੁਲਿਸ ਪ੍ਰਬੰਧ ਦੀਆਂ ਛੁਪੀਆਂ ਪਰਤਾਂ ਨੂੰ ਫਰੋਲਣ ਮਗਰੋਂ ਮੀਤ ਦੂਸਰੀਆਂ ਸੰਸਥਾਵਾਂ ਨਿਆਂ ਪ੍ਰਬੰਧ ਅਤੇ ਜੇਲ੍ਹ ਪ੍ਰਬੰਧ ਦੀ ਤਫ਼ਤੀਸ਼ ਵੱਲ ਪਰਤਿਆ ਅਤੇ ਇਸ ਤਫ਼ਤੀਸ਼ ਵਿਚੋਂ ਉਸ ਦੇ ਅਗਲੇ ਤਿੰਨ ਨਾਵਲਾਂ **ਕਟਹਿਰਾ**, **ਕੌਰਵ ਸਭਾ** ਅਤੇ **ਸੁਧਾਰ ਘਰ** ਨੇ ਜਨਮ ਲਿਆ। **ਤਫ਼ਤੀਸ਼** ਨਾਵਲ ਪੁਲਿਸ ਸਭਿਆਚਾਰ ਦੀਆਂ ਦਿਸਦੀਆਂ-ਅਣਦਿਸਦੀਆਂ ਪਰਤਾਂ ਨੂੰ ਮਹੀਨ ਦ੍ਰਿਸ਼ਟੀ ਨਾਲ ਫਰੋਲਦਾ ਹੈ ਅਤੇ ਇਹੋ ਕਾਰਜ ਲੇਖਕ ਨੇ **ਕਟਹਿਰਾ** ਨਾਵਲ ਵਿਚ ਨਿਆਂ ਪਾਲਿਕਾ ਦੇ ਸੰਦਰਭ ਵਿਚ ਕਰ ਦਿਖਾਇਆ ਹੈ। **ਕਟਹਿਰਾ** ਨਾਵਲ ਵਿਚ ਪੁਲਿਸ ਸਭਿਆਚਾਰ ਪਿੱਠਭੂਮੀ ਵਿਚ ਚਲਾ ਗਿਆ ਹੈ ਅਤੇ ਨਿਆਂ ਪ੍ਰਣਾਲੀ ਅਗਰਭੂਮੀ ਵਿਚ ਆ ਗਈ ਹੈ। ਲੇਖਕ ਇਸ ਪ੍ਰਣਾਲੀ ਨੂੰ ਵੀ ਬਾਰੀਕੀ ਨਾਲ ਚਿਤਰਦਾ ਹੈ ਅਤੇ ਨਾਲ ਹੀ ਨਾਲ ਇਸ ਦੀ ਕਾਰਜ-ਸ਼ੈਲੀ ਅਤੇ ਸਾਰਥਕਤਾ ਉੱਪਰ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ। ਉਸ ਦੀ ਕੋਸ਼ਿਸ਼ ਇਨ੍ਹਾਂ ਦੋਵਾਂ ਪ੍ਰਬੰਧਾਂ ਦੇ ਮਾਨਵ-ਵਿਰੋਧੀ ਅਤੇ ਭ੍ਰਿਸ਼ਟ ਚਰਿੱਤਰ ਨੂੰ ਸਮੂਰਤ ਰੂਪ ਦੇਣ ਦੀ ਹੈ। ਦੋਵੇਂ ਨਾਵਲ ਇਕ ਛੋਟੀ ਜਹੀ ਘਟਨਾ ਦੇ ਦੋ ਸਿਰਿਆਂ (ਇਕ ਮਾਸੂਮ ਬੱਚੇ ਬੰਟੇ ਦੇ ਕਤਲ ਅਤੇ ਕਾਤਲਾਂ ਨੂੰ ਸਜ਼ਾ ਦੇ) ਉੱਪਰ ਖਲੋਤੇ ਹੋਏ ਹਨ। ਕਈ ਵਾਰ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਲੇਖਕ ਨੇ ਜਿਵੇਂ ਆਪਣੀ ਗੱਲ ਕਹਿਣ ਜਾਂ ਉਸ ਉੱਪਰ ਬਲ ਦੇਣ ਲਈ ਇਨ੍ਹਾਂ ਘਟਨਾਵਾਂ ਨੂੰ ਇਕ ਮਾਧਿਅਮ ਵਜੋਂ ਵਰਤਿਆ ਹੈ। ਅਸਲ ਵਿਚ ਉਸ ਪਾਸ ਮਾਧਿਅਮ ਨਾਲੋਂ ਵਡੇਰੀ ਕੋਈ ਗੱਲ ਹੈ, ਜਿਸ ਦੇ ਰਾਹੀਂ ਉਹ ਪ੍ਰਬੰਧ ਜਾਂ ਵਿਵਸਥਾ ਦੇ ਛੁਪੇ, ਗੁੱਝੇ ਤੇ ਅਣਦਿਸਦੇ ਪਾਸਾਰਾਂ ਅਤੇ ਪਰਿਸਥਿਤੀਆਂ ਦੀ ਕਰੂਰਤਾਂ ਨੂੰ ਉਜਾਗਰ ਕਰਨਾ ਚਾਹੁੰਦਾ ਹੈ। **ਕਟਹਿਰਾ** ਨਾਵਲ ਦੇ ਕੇਂਦਰ ਵਿਚ ਸਾਧਨਹੀਣ, ਬੇਕਸੂਰ ਅਤੇ ਮਜ਼ਲੂਮ ਪਾਤਰ ਹਨ ਜਿਨ੍ਹਾਂ ਨੂੰ ਬੇਕਸੂਰ ਹੋਣ ਦੇ ਬਾਵਜੂਦ ਜ਼ਿਆਦਤੀਆਂ ਵੀ ਸਹਿਣੀਆਂ ਪੈਂਦੀਆਂ ਹਨ ਅਤੇ ਸਜ਼ਾ ਦੇ ਭਾਗੀ ਵੀ ਬਣਨਾ ਪੈਂਦਾ ਹੈ। ਇਹ ਰਚਨਾ ਆਪਣੇ ਅਨੁਭਵ, ਤੱਥਾਂ ਤੇ ਘਟਨਾਵਾਂ ਦੀ ਪੇਸ਼ਕਾਰੀ ਲਈ ਸੱਖਣਾ-ਚੌਖਟਾ ਖ਼ੁਦ ਸਿਰਜਦੀ ਹੈ। ਲੇਖਕ ਆਪਣੇ ਅਨੁਭਵ-ਖੇਤਰ ਦੀਆਂ ਵੱਧ ਤੋਂ ਵੱਧ ਤੰਦਾਂ ਪਕੜਣ ਲਈ **ਤਫ਼ਤੀਸ਼** ਵਾਂਗ ਕਥਾ ਨੂੰ ਸਿੱਧੀ ਲਕੀਰ ਵਿਚ ਨਹੀਂ ਤੋਰਦਾ ਸਗੋਂ ਬਹੁਤ ਸਾਰੇ ਪ੍ਰਸੰਗਾਂ ਉਪ-ਪ੍ਰਸੰਗਾਂ ਦੀ ਸਿਰਜਣਾ ਕਰਦਾ ਅਤੇ ਉਨ੍ਹਾਂ ਨੂੰ ਕੇਂਦਰੀ ਸੰਦਰਭ ਨਾਲ ਜੋੜਦਾ ਹੈ। ਇਸੇ ਸਦਕਾ ਇਨ੍ਹਾਂ ਸੰਸਥਾਵਾਂ ਅਤੇ ਵਰਤਾਰਿਆਂ ਦਾ ਮਹਾਂਦ੍ਰਿਸ਼ ਉੱਭਰ ਕੇ ਸਾਹਮਣੇ ਆਉਂਦਾ ਹੈ। ਇਸ ਦੇ ਨਾਲ ਹੀ ਰਚਨਾ ਆਪਣੇ ਆਪ ਵਿਚ ਇਕ ਐਸਾ ਲਘੂ-ਬ੍ਰਹਿਮੰਡ ਸਿਰਜਦੀ ਪ੍ਰਤੀਤ ਹੁੰਦੀ ਹੈ ਜਿਸ ਰਾਹੀਂ ਸਾਡੇ ਸਿਸਟਮ ਅਤੇ ਉਸ ਪਿੱਛੇ ਕਾਰਜਸ਼ੀਲ ਸ਼ਕਤੀਆਂ ਦੇ ਵਿਸ਼ਾਲ ਬ੍ਰਹਿਮੰਡ

(macro-cosm) ਸੰਬੰਧੀ ਪੇਸ਼ਕਿਆਸੀ ਕਰਨ ਵਿਚ ਰਤਾ ਦਿੱਕਤ ਨਹੀਂ ਆਉਂਦੀ। ਪੁਲਿਸ ਤੇ ਨਿਆਇਪਾਲਿਕਾ ਦਾ ਉਜੜਿਆ-ਉਖੜਿਆ ਤਾਣਾ-ਪੇਟਾ ਗਹਿਨ ਜਾਂ ਚਿਹਨਤ ਪੱਧਰ ਉੱਪਰ ਰਾਇ ਬਣਾਉਣ ਵਿਚ ਸਹਾਇਕ-ਸ਼ਕਤੀ ਬਣਦਾ ਹੈ। ਇੰਜ ਇਹ ਲਘੂ-ਬ੍ਰਹਿਮੰਡ ਮਾਨਵ-ਵਿਰੋਧੀ ਤੇ ਸਾਹ-ਘੋਟੂ ਵਾਤਾਵਰਣ ਪ੍ਰਤਿ ਚੇਤਨਾ ਨੂੰ ਜਗਾਉਂਦਾ ਜਾਂ ਝੰਜੋੜਦਾ ਹੀ ਨਹੀਂ ਸਗੋਂ ਇਸ ਪ੍ਰਤਿ ਇਕ ਅਸੰਤੋਖ ਦਾ ਭਾਵ ਵੀ ਉਜਾਗਰ ਕਰਦਾ ਹੈ। ਜੇਕਰ ਇਨ੍ਹਾਂ ਦੋਵਾਂ ਰਚਨਾਵਾਂ ਨੂੰ ਜੋੜ ਕੇ ਪੜ੍ਹਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚ ਲਗਪਗ ਇਕ ਦੂਜੇ ਨਾਲ ਮੇਲ ਖਾਂਦੀਆਂ ਜੁਗਤਾਂ ਜਿਵੇਂ ਵਿਅੰਗ, ਕਟਾਖ਼ਸ਼, ਪਿਛਲਝਾਤ, ਚੇਤਨਾ ਪ੍ਰਵਾਹ, ਕਿਧਰੇ ਤੱਥਾਂ ਦਾ ਸਪਾਟ ਵਰਣਨ, ਕਿਧਰੇ ਚਿਤਰਾਤਮਕ ਸ਼ੈਲੀ, ਸਮਾਨਾਂਤਰਤਾ, ਪਰਸਪਰ ਵਿਰੋਧੀ ਦ੍ਰਿਸ਼ਾਂ ਦੀ ਸਿਰਜਣਾ ਅਤੇ ਸਭ ਤੋਂ ਵਧੇਰੇ ਟੇਢਮਈ ਸੰਕੇਤਾਤਮਕ ਭਾਸ਼ਾ ਆਦਿ ਦੀ ਵਰਤੋਂ ਹੋਈ ਹੈ।

**ਕਟਹਿਰਾ** ਨਾਵਲ ਦੇ ਥੀਮ ਪ੍ਰਬੰਧ ਵਿਚ ਇੱਛਿਤ-ਵਸਤੂ ਇਨਸਾਫ਼ ਪ੍ਰਾਪਤੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਇਨਸਾਫ਼ ਉਹ ਧਿਰ ਲੋਚਦੀ ਹੈ ਜੋ ਅਸਲੋਂ ਨਿਰਦੋਸ਼ ਹੈ, ਜਿਸ ਨੂੰ ਜਾਣ ਬੁੱਝ ਕੇ ਝੂਠੇ ਕੇਸ ਵਿਚ ਅੜੁੰਗਿਆ ਗਿਆ ਹੈ। ਅਗਲਾ ਵਿਅੰਗ ਇਹ ਹੈ ਕਿ ਇਨਸਾਫ਼ ਉਸ ਧਿਰ ਨੇ ਦੇਣਾ ਹੈ ਜਿਹੜੀ ਭ੍ਰਿਸ਼ਟ ਤੇ ਚਰਿਤ੍ਰਹੀਣ ਤਾਂ ਹੈ ਹੀ ਇਸ ਤੋਂ ਵੀ ਵੱਧ ਜਿਹੜਾ ਵੀ ਮਨਫ਼ੀ ਵਿਸ਼ੇਸ਼ਣ ਉਸ ਧਿਰ ਨਾਲ ਜੋੜ ਲਈਏ, ਸੱਚਾ ਸਿੱਧ ਹੋਣ ਲੱਗ ਪੈਂਦਾ ਹੈ। ਲੋਕ-ਪੱਖੀ ਸ਼ਕਤੀਆਂ ਇਸ ਇਨਸਾਫ਼-ਪ੍ਰਾਪਤੀ ਲਈ ਸਹਾਇਕ ਸ਼ਕਤੀ ਬਣਦੀਆਂ ਹਨ। ਪਰੰਤੂ ਇਕ ਪਾਸੇ ਉਨ੍ਹਾਂ ਦੀ ਘੱਟ ਗਿਣਤੀ ਤੇ ਅਸੰਗਠਿਤ ਹੋਣਾ ਅਤੇ ਦੂਸਰੇ ਪਾਸੇ ਵਿਵਸਥਾ ਦੀ ਵਹਿਸ਼ਤ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦੇਂਦੀ। ਵਿਵਸਥਾ ਦੀ ਵਹਿਸ਼ਤ, ਚਾਲਾਂ ਤੇ ਮਜ਼ਬੂਤੀ ਹੀ ਇਸ ਰਚਨਾ ਵਿਚ ਵਿਰੋਧੀ ਸ਼ਕਤੀ ਦੀ ਭੂਮਿਕਾ ਨਿਭਾਉਂਦੀਆਂ ਹਨ। ਨਿਆਇ/ਇਨਸਾਫ਼ ਦਾ ਪ੍ਰਸ਼ਨ ਇਸ ਰਚਨਾ ਵਿਚ ਕੇਂਦਰੀ ਥੀਮ ਵਜੋਂ ਟਿਕ ਕੇ ਜ਼ਿਹਨ ਵਿਚ ਕਈ ਪ੍ਰਸ਼ਨਾਂ ਦੀ ਸਿਰਜਣਾ ਕਰਦਾ ਹੈ। ਨਾਵਲ ਵਿਚ ਇਹ ਥੀਮ ਤਿੰਨ ਇਕ ਦੂਸਰੇ ਨਾਲ ਜੁੜਵੇਂ ਹਿੱਸਿਆਂ ਰਾਹੀਂ ਸੰਗਠਿਤ ਹੋਇਆ ਹੈ :

ੳ. ਦੋਸ਼ੀ ਸਮਝੀ ਜਾਂਦੀ ਧਿਰ ਦਾ ਚਲਾਨ ਪੇਸ਼ ਕਰਨ ਰਾਹੀਂ
ਅ. ਉਸ ਦੀ ਜ਼ਮਾਨਤ ਕਰਾਉਣ ਦੇ ਯਤਨਾਂ ਰਾਹੀਂ
ੲ. ਉਸ ਨੂੰ ਸਜ਼ਾ ਸੁਣਾਉਣ ਰਾਹੀਂ।

ਇਨ੍ਹਾਂ ਤਿੰਨਾਂ ਹਿੱਸਿਆਂ ਵਿਚੋਂ ਅੱਗੋਂ ਪਹਿਲੇ ਰਾਹੀਂ ਜਿਥੇ ਨਿਆਂਪਾਲਿਕਾ ਦੀ ਮਸ਼ੀਨਰੀ ਦੀ ਕਾਰਜਸ਼ੀਲਤਾ ਉੱਭਰਦੀ ਹੈ, ਦੂਸਰੇ ਰਾਹੀਂ ਲੋਕ ਪੱਖੀ ਧਿਰ ਤੇ ਸਰਕਾਰੀ ਮਸ਼ੀਨਰੀ ਤਨਾਉ ਦੀ ਅਵਸਥਾ ਵਿਚ ਨਜ਼ਰ ਆਉਂਦੇ ਹਨ ਅਤੇ ਤੀਸਰੇ ਹਿੱਸੇ ਵਿਚ ਉਨ੍ਹਾਂ ਉੱਪਰ ਸਟੇਟ ਮਸ਼ੀਨਰੀ ਦਾ ਮੁਕੰਮਲ ਗਲਬਾ ਦਿਖਾਈ ਦੇਂਦਾ ਹੈ।

**ਕਟਹਿਰਾ** ਨਾਵਲ ਦੇ ਪਹਿਲੇ ਹਿੱਸੇ ਵਿਚ ਸਥਿਤੀ ਤਨਾਉਸ਼ੀਲ ਇਸ ਲਈ ਹੈ

ਕਿ ਚਲਾਨ ਪੇਸ਼ ਕਰਨ ਦੀ ਮਿਆਦ ਖ਼ਤਮ ਹੋ ਚੁੱਕੀ ਹੈ। ਬੇਦੋਸ਼ਿਆਂ ਨੂੰ ਫੜ ਕੇ ਝੂਠੇ ਕਤਲ ਕੇਸ ਵਿਚ ਅੰਦਰ ਸੁੱਟਿਆ ਜਾ ਚੁੱਕਾ ਹੈ। ਪੁਲਿਸ ਬੇਦੋਸ਼ਿਆਂ ਨੂੰ ਫਸਾ ਕੇ ਖ਼ੁਦ ਸੁਰਖ਼ਰੂ ਹੋਣਾ ਲੋਚਦੀ ਹੈ। ਇਸ ਦੁਖਾਂਤਕ ਸਥਿਤੀ ਸਦਕਾ ਗੁਰਮੀਤ ਵਰਗਾ ਆਦਰਸ਼ਵਾਦੀ ਸਰਕਾਰੀ ਵਕੀਲ ਨੌਕਰੀ ਤੋਂ ਅਸਤੀਫ਼ਾ ਦੇ ਚੁੱਕਾ ਹੈ। ਕੇਸ ਪਿੱਛੇ ਪੈਸਾ ਖਰਚਣ ਵਾਲੀ ਧਿਰ ਗ਼ੈਰਹਾਜ਼ਰ ਹੈ। ਇਸੇ ਲਈ ਪੁਲਿਸ ਨੂੰ ਇਹ ਕੇਸ "ਮਨਹੂਸ ਬੰਟੀ ਕਤਲ ਕੇਸ" ਲੱਗਦਾ ਹੈ ਜਾਂ "ਮਰਿਆ ਸੱਪ" ਤੇ ਜਾਂ "ਵਾਧੂ ਦੀ ਵਗਾਰ"। ਇਕੋ ਗੱਲ ਤਫ਼ਤੀਸ਼ੀ ਲਈ ਖਿੱਚ ਦਾ ਕਾਰਨ ਹੈ ਤੇ ਉਹ ਹੈ ਅਫ਼ਸਰਾਂ ਦੀ ਨਜ਼ਰ ਵਿਚ ਚੰਗਾ ਬਣਨਾ ਤੇ ਤਰੱਕੀ ਹਾਸਲ ਕਰਨੀ। ਤਫ਼ਤੀਸ਼ੀ ਦੀ ਸਮੱਸਿਆ ਕਹਾਣੀ ਘੜਨ ਦੀ ਵੀ ਹੈ ਅਤੇ ਸਬੂਤ ਘੜਨ ਦੀ ਵੀ। ਇਸ ਰਚਨਾ ਵਿਚ ਜੇਕਰ ਪੁਲਿਸ ਇਸ ਭ੍ਰਿਸ਼ਟ ਪ੍ਰਬੰਧ ਦਾ ਇਕ ਸਿਰਾ ਹੈ ਤਾਂ ਸਰਕਾਰੀ ਵਕੀਲ ਦੂਸਰਾ ਸਿਰਾ। ਦੂਸਰੇ ਸਿਰੇ ਦਾ ਪ੍ਰਤੀਨਿਧ ਪਾਤਰ ਸੁਰਿੰਦਰ ਸਿੰਘ ਪਹਿਲੇ ਸਿਰੇ ਦੇ ਪ੍ਰਤੀਨਿਧ ਪਾਤਰ ਨਾਜਰ ਸਿੰਘ ਨੂੰ ਅਸਲੋਂ ਬੇਜ਼ਾਰ ਤੇ ਬੇਬਸ ਕਰ ਦਿੰਦਾ ਹੈ। ਲੇਖਕ ਸਮੁੱਚੀ ਸਥਿਤੀ ਨੂੰ ਸਪਾਟ ਤੇ ਇਕਹਿਰੇ ਰੂਪ ਵਿਚ ਨਹੀਂ ਚਿਤਰਦਾ ਸਗੋਂ ਉਸ ਵਿਚਲੇ ਅੰਤਰ-ਵਿਰੋਧਾਂ ਨੂੰ ਸਾਮ੍ਹਣੇ ਲਿਆ ਕੇ ਉਸ ਦੀ ਸੰਬਾਦਕਤਾ ਨੂੰ ਉਜਾਗਰ ਕਰਦਾ ਅਤੇ ਸਥਿਤੀ ਦਾ ਨਕਸ਼ਾ ਉਲੀਕਦਾ ਹੈ। ਇਹ ਨਕਸ਼ਾ ਦਿਸਦੇ ਪੱਧਰ ਉੱਪਰ ਤਾਂ ਅਜੋਕੇ ਨਿਆਂ ਪ੍ਰਬੰਧ ਦਾ ਨਕਸ਼ਾ ਹੈ ਪਰੰਤੂ ਅਣਦਿਸਦੇ ਪੱਧਰ ਉੱਪਰ ਘਪਲੇਬਾਜ਼ੀ, ਮੁਨਾਫ਼ਾਖੋਰੀ, ਸਾਜ਼ਿਸ਼ਾਂ ਉੱਪਰ ਉੱਸਰੇ ਪ੍ਰਬੰਧ ਤੇ ਤਾਣੇ-ਪੇਟੇ ਦੀ ਨੁਹਾਰ ਨੂੰ ਰੂਪਮਾਨ ਕਰਦਾ ਹੈ। ਦੂਸਰੇ ਹਿੱਸੇ ਵਿਚ ਨਿਰਦੋਸ਼ ਧਿਰ ਦਾ ਪਿਛੋਕੜ ਤੇ ਸਥਿਤੀ, ਉਸ ਦੇ ਇਤਿਹਾਸਕ ਕਾਰਨ ਅਤੇ ਉਸ ਦੀਆਂ ਪੱਖੀ ਸ਼ਕਤੀਆਂ ਦੀ ਕਾਰਜਸ਼ੀਲਤਾ ਦੇਖੀ ਜਾ ਸਕਦੀ ਹੈ। ਇਨ੍ਹਾਂ ਲੋਟੂ ਧਿਰਾਂ ਦਾ ਘੇਰਾ ਨਿਆਇਪਾਲਿਕਾ ਦੇ ਅੰਦਰ ਅਰਦਲੀ, ਰੀਡਰ, ਸਟੈਨੋ, ਵਕੀਲ ਅਤੇ ਜੱਜ ਤਕ ਫੈਲਿਆ ਹੋਇਆ ਹੈ ਤੇ ਨਿਆਂਪਾਲਿਕਾ ਦੇ ਬਾਹਰ ਪਿੰਡ ਦੇ ਚੌਕੀਦਾਰ ਤੇ ਪਟਵਾਰੀ ਤੋਂ ਲੈ ਕੇ ਮੰਤਰੀ ਤਕ। ਇਸ ਦੇ ਨਾਲ ਤੀਸਰੀ ਧਿਰ ਹੈ ਜੋ ਬਿਲਕੁਲ ਮੂਕ ਤੇ ਘੜੇ-ਮਿੱਥੇ ਵਿਸ਼ਵਾਸਾਂ ਤੇ ਮਿੱਥਾਂ ਸਹਾਰੇ ਜਿਊਂਦੀ ਹੈ। ਇਸ ਧਿਰ ਦਾ ਵਿਸ਼ਵਾਸ ਹੈ ਕਿ "ਸੱਚੇ ਬੰਦੇ ਦਾ ਕਦੇ ਵਾਲ ਵਿੰਗਾ ਨਹੀਂ ਹੁੰਦਾ।" ਪਰੰਤੂ ਇਸ ਦੇ ਨਾਲ ਇਕ ਧਿਰ ਐਸੀ ਵੀ ਹੈ ਜੋ ਸਮਾਜਕ ਯਥਾਰਥ ਦੀ ਤੋਰ ਤੇ ਅਸਲੀਅਤ ਤੋਂ ਵਾਕਿਫ਼ ਹੈ। ਲੋਕਪੱਖੀ ਸ਼ਕਤੀਆਂ ਵਕੀਲ ਪਿਆਰੇ ਲਾਲ ਅਤੇ ਉਸ ਦੇ ਸਹਿਯੋਗੀ ਹਨ। ਇਸ ਪਿਆਰੇ ਲਾਲ ਦੇ ਪਾਤਰ ਰਾਹੀਂ ਲੇਖਕ ਆਪਣੀ ਗੱਲ ਨਿਆਇ ਪਾਲਿਕਾ ਤੋਂ ਬਾਹਰਲੇ ਸਮਾਜ ਤਕ ਫੈਲਾਉਂਦਾ ਹੈ। ਇਸ ਬਾਹਰ ਫੈਲੇ ਸਮਾਜ ਵਿਚ ਯੋਗਤਾ ਤੇ ਲਿਆਕਤ ਦੀ ਰੱਜ ਕੇ ਬੇਕਦਰੀ ਹੁੰਦੀ ਹੈ। ਲੇਖਕ ਸਮਾਨਾਂਤਰਤਾ ਦੀ ਜੁਗਤ ਰਾਹੀਂ ਪਿਆਰੇ ਲਾਲ ਦੇ ਸਮਾਨਾਂਤਰ ਆਰਥਿਕ ਪੱਖੋਂ ਮਜ਼ਬੂਤ ਤੇ ਪਹੁੰਚ ਵਾਲੇ ਪਾਤਰਾਂ ਨੂੰ ਸਿਰਜਦਾ ਹੈ। ਇਹ ਪਾਤਰ ਹਨ : ਬੱਬੂ, ਬਿੱਲੂ ਤੇ ਤਰੱਕੀ ਲਾਲ। ਪਿਆਰੇ ਲਾਲ ਸਾਡੀ ਉਸ ਨੌਜਵਾਨ ਪੀੜ੍ਹੀ ਦਾ ਪ੍ਰਤੀਨਿਧ ਹੈ ਜਿਹੜੀ ਆਪਣੀ

ਲਿਆਕਤ ਦੇ ਬਲਬੂਤੇ ਕੁਝ ਕਰਨਾ ਤਾਂ ਚਾਹੁੰਦੀ ਹੈ ਪਰੰਤੂ ਉਸ ਨੂੰ ਯੋਗਤਾ ਦਿਖਾਉਣ ਦਾ ਮੌਕਾ ਨਹੀਂ ਮਿਲਦਾ ਅਤੇ ਜੇਕਰ ਥੋੜ੍ਹਾ-ਬਹੁਤ ਮਿਲਦਾ ਵੀ ਹੈ ਤਾਂ ਪਰਿਸਥਿਤੀ ਦੀ ਕਰੂਰਤਾ ਤੇ ਪ੍ਰਬੰਧ ਦੀ ਕਪਟਤਾ ਉਸ ਦਾ ਮੋਹ ਭੰਗ ਕਰ ਦੇਂਦੀ ਹੈ। ਨਾਵਲ ਦੇ ਇਸ ਹਿੱਸੇ ਵਿਚ ਇਹ ਧਿਰ ਆਪਣੇ ਆਪ ਨੂੰ ਸੰਗਠਿਤ ਕਰਦੀ ਅਤੇ ਦੋਸ਼ੀ ਧਿਰ ਦੀ ਜ਼ਮਾਨਤ ਦੀ ਕੋਸ਼ਿਸ਼ ਕਰਦੀ ਹੈ। ਲੇਖਕ ਹਵਾਲਾਤ ਅੰਦਰ ਬੰਦ ਧਿਰਾਂ ਦੇਬੂ ਭਈਏ, ਬਹਾਦਰ ਪਹਾੜੀਏ ਤੇ ਸੋਨੂੰ ਸੁਨਿਆਰ ਉੱਪਰ ਫੋਕਸ ਕਰਦਾ ਹੈ ਤਾਂ ਪ੍ਰਗਟ ਹੁੰਦਾ ਹੈ ਕਿ ਇਨ੍ਹਾਂ ਧਿਰਾਂ ਨੂੰ ਵੀ ਲੁੰਪਨ ਬਣਨ ਲਈ ਮਜਬੂਰ ਕੀਤਾ ਗਿਆ ਹੈ। ਇਹ ਪ੍ਰਬੰਧ ਪ੍ਰੋਲੇਤਾਰੀ ਵਰਗ ਨੂੰ ਆਪਣੀਆਂ ਲੁੱਟ-ਚੋਂਘ ਉੱਪਰ ਉੱਸਰੀਆਂ ਕੀਮਤਾਂ ਅਨੁਸਾਰ ਢਾਲਦਾ ਹੈ ਅਤੇ ਜੋ ਨਹੀਂ ਢਲਦਾ ਉਸ ਨੂੰ ਜੇਲ੍ਹ ਦੀ ਹਵਾ ਖਾਣੀ ਪੈਂਦੀ ਹੈ। ਲੋਕਪੱਖੀ ਧਿਰ ਦੀ ਹਮਦਰਦੀ ਤੇ ਯਤਨਾਂ ਦੇ ਬਾਵਜੂਦ ਜਦੋਂ ਜ਼ਮਾਨਤ ਨਹੀਂ ਹੁੰਦੀ ਤਾਂ ਫਿਰ ਇਹ ਧਿਰ ਉਨ੍ਹਾਂ ਸਭਨਾਂ ਦਾ ਕੇਸ ਲੜਨ ਦੀ ਠਾਣਦੀ ਹੈ, ਜਿਨ੍ਹਾਂ ਨਾਲ 'ਧੱਕਾ' ਹੋਇਆ ਹੈ।

**ਕਟਹਿਰਾ** ਦੇ ਤੀਸਰੇ ਹਿੱਸੇ ਵਿਚ ਲੋਕਪੱਖੀ ਧਿਰ ਆਪਣੇ ਆਪ ਨੂੰ ਸੰਗਠਿਤ ਕਰਦੀ ਹੈ। ਤਰਕ ਤੇ ਦਲੀਲ ਨਾਲ ਬੇਦੋਸ਼ਿਆਂ ਦਾ ਕੇਸ ਲੜਨ ਲਈ ਮਸੌਦਾ ਤਿਆਰ ਹੀ ਨਹੀਂ ਕੀਤਾ ਜਾਂਦਾ ਸਗੋਂ ਨਿਆਇਪਾਲਿਕਾ ਦੇ ਹਰ ਹਰਬੇ ਤੇ ਸਾਜਿਸ਼ ਨੂੰ ਇਸ ਦੀ ਸਹਾਇਤਾ ਨਾਲ ਸਿਰ ਭਾਰ ਖੜ੍ਹਾ ਕਰ ਦਿੱਤਾ ਜਾਂਦਾ ਹੈ। ਆਸ ਤੇ ਉਮੀਦ ਦੀ ਕਿਰਨ ਪੈਦਾ ਹੁੰਦੀ ਹੈ। ਲੋਕ ਪੱਖੀ ਸ਼ਕਤੀਆਂ ਦਾ ਦਬਾਅ ਵਧਦਾ ਵੇਖ ਕੇ ਸਟੇਟ ਹਰਕਤ ਵਿਚ ਆਉਂਦੀ ਹੈ ਅਤੇ ਇਸ ਧਿਰ ਦੀ ਪੂਰੇ ਯਤਨਾਂ ਨਾਲ ਹਾਸਲ ਕੀਤੀ ਸ਼ਕਤੀ ਨੂੰ ਆਪਣੇ ਇਕੋ ਮੋਹਰੇ ਜੱਜ ਮੋਤਾ ਸਿੰਘ ਰਾਹੀਂ ਢਹਿ-ਢੇਰੀ ਕਰ ਦੇਂਦੀ ਹੈ। ਇੰਜ ਇਹ ਰਚਨਾ ਸਾਡੀ ਨਿਆਇਪ੍ਰਣਾਲੀ ਦੇ ਆਡੰਬਰ ਨੂੰ ਚੰਗੀ ਤਰ੍ਹਾਂ ਘੋਖਦੀ ਹੋਈ ਉਸ ਦੀ ਅਸਲੀਅਤ ਨੂੰ ਨਸ਼ਰ ਕਰਦੀ ਹੈ। ਸਟੇਟ ਦੀਆਂ ਵੱਖ-ਵੱਖ ਧਿਰਾਂ ਦੇ ਸੰਗਲੀ ਦੀਆਂ ਘੁਰੀਆਂ ਵਾਂਗ ਇਕ ਦੂਸਰੇ ਨਾਲ ਜੁੜੇ ਹੋਣ ਦੀ ਟੋਹ ਤਾਂ ਮਿਲਦੀ ਹੀ ਹੈ, ਨਾਲ ਹੀ ਨਾਲ ਇਨ੍ਹਾਂ ਦੀ ਪੀਡੀ ਪਕੜ ਦਾ ਪਤਾ ਵੀ ਲੱਗਦਾ ਹੈ। ਇਸ ਵਿਵਸਥਾ ਦੀ ਮੁੱਖ ਚਾਲਕ ਸ਼ਕਤੀ ਪੈਸਾ, ਰੁਤਬਾ, ਗਰਜ਼ ਤੇ ਭਾਈ-ਭਤੀਜਾਵਾਦ ਬਣੇ ਦਿਖਾਈ ਦੇਂਦੇ ਹਨ। ਜ਼ਮੀਰ ਤੇ ਲਿਆਕਤ ਵਰਗੀ ਸ਼ੈਅ ਇਸ ਚਾਲਕ-ਸ਼ਕਤੀ ਦੀ ਪਕੜ ਤੇ ਵਹਿਸ਼ਤ ਹੇਠ ਬੁਰੀ ਤਰ੍ਹਾਂ ਕੁਚਲੀ ਜਾਂਦੀ ਹੈ। ਜਸਟਿਸ ਨਾਥ ਤੇ ਵਕੀਲ ਭੰਡਾਰੀ ਇਸੇ ਚਾਲਕ ਸ਼ਕਤੀ ਦੇ ਹੀ ਚਿਹਨਕ ਹਨ। ਨਾਵਲ ਦੇ ਅੰਤ ਉੱਪਰ ਲਤਾੜੀ ਧਿਰ ਪਿਆਰੇ ਲਾਲ ਦੇ ਪ੍ਰਤੀਕ-ਪਾਤਰ ਰਾਹੀਂ ਮੱਧਸ਼੍ਰੇਣੀ ਦੀ ਭਾਵੁਕਤਾ ਨੂੰ ਉਜਾਗਰ ਕਰਦੀ ਹੈ। ਇਹ ਧਿਰ ਆਦਰਸ਼ਾਂ ਦੇ ਤਿੜਕਣ ਪਿੱਛੋਂ ਬਗ਼ਾਵਤ ਦਾ ਝੰਡਾ ਚੁੱਕਦੀ ਹੈ। ਲੋਕਪੱਖੀ ਲਹਿਰਾਂ ਵਿਚ ਸ਼ਾਮਲ ਹੁੰਦੀ ਹੈ। ਉਸ ਦੀ ਇਸ ਹਰਕਤ ਦੀਆਂ ਜੜ੍ਹਾਂ ਸਾਡੇ ਸਮਾਜਕ ਯਥਾਰਥ ਦੀ ਭੂਮੀ ਵਿਚ ਕਿੰਨੀਆਂ ਕੁ ਡੂੰਘੀਆਂ ਹਨ ? ਇਹ ਵਿਚਾਰਣਯੋਗ ਮਸਲਾ ਹੈ। ਜੱਜ ਮੋਤਾ ਸਿੰਘ

ਉਸ ਧਿਰ ਦਾ ਪ੍ਰਤੀਕ ਹੈ ਜਿਹੜੀ ਇਹ ਤਾਂ ਮਹਿਸੂਸ ਕਰਦੀ ਹੈ ਕਿ ਬੇਦੋਸ਼ੀਆਂ ਧਿਰਾਂ ਨਾਲ ਜ਼ਿਆਦਤੀ ਅਤੇ ਵਧੀਕੀ ਹੋ ਰਹੀ ਹੈ, ਪਲ ਦੀ ਪਲ ਤਰਲ ਵੀ ਹੁੰਦੀ ਹੈ ਪਰੰਤੂ ਫਿਰ ਉਸੇ ਪ੍ਰਬੰਧ ਦਾ ਕਲ-ਪੁਰਜ਼ਾ ਬਣ ਜਾਂਦੀ ਹੈ। ਇਸ ਧਿਰ ਦੇ ਅੰਦਰੂਨੀ ਤੇ ਬਾਹਰੀ ਤਨਾਉ ਨੂੰ ਲੇਖਕ ਰੂਪਮਾਨ ਕਰਦਾ ਹੈ। ਨਾਵਲ ਦੀ ਦੁਨੀਆ ਵਿਚ ਮਾਸੂਮ ਦੇ ਕਾਤਲ ਨਹੀਂ ਲੱਭਦੇ ਅਤੇ ਨਾਲ ਹੀ ਬੇਦੋਸ਼ਿਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਇਹ ਦੋਵੇਂ ਗੱਲਾਂ ਮਾਸੂਮੀਅਤ ਦੇ ਵਰਤਮਾਨ ਵਿਚ ਹੋਏ ਕਤਲ ਅਤੇ ਬੇਦੋਸ਼ਿਆਂ ਨਾਲ ਭਵਿੱਖ ਵਿਚ ਹੋਣ ਵਾਲੇ ਵਿਹਾਰ ਨੂੰ ਪ੍ਰਗਟ ਕਰਦੀਆਂ ਹਨ। ਇੰਜ ਇਹ ਰਚਨਾ ਮਾਸੂਮ ਤੇ ਨਿਰਦੋਸ਼ ਸ਼੍ਰੇਣੀ ਦੀ ਤ੍ਰੈਕਾਲ ਵਿਚ ਫੈਲੀ ਲੁੱਟ ਤੇ ਪੀੜਾ ਦਾ ਪ੍ਰਤੀਕ ਬਣ ਜਾਂਦੀ ਹੈ।

ਮੀਤ ਨੇ **ਤਫ਼ਤੀਸ਼** ਵਿਚ ਫ਼ੌਜਦਾਰੀ ਨਿਆਂ ਪ੍ਰਬੰਧ ਦੀ ਪਹਿਲੀ ਕੜੀ ਪੁਲਿਸ ਪ੍ਰਬੰਧ ਦੇ ਪਾਜ ਨੂੰ ਉਘੇੜਿਆ, **ਕਟਹਿਰਾ** ਵਿਚ ਨਿਆਂ ਪਾਲਿਕਾ ਖ਼ੁਦ ਕਟਹਿਰੇ ਵਿਚ ਆਣ ਖਲੋਤੀ ਅਤੇ **ਕੌਰਵ ਸਭਾ** ਵਿਚ ਉਸ, ਡਾ. ਕੇਸਰ ਸਿੰਘ ਕੇਸਰ ਦੇ ਕਹਿਣ ਵਾਂਗ, 'ਪੈਸੇ ਦੀ ਸ਼ਕਤੀ ਦਾ ਪ੍ਰਵਚਨ' ਸਿਰਜਿਆ। ਖ਼ੁਦ ਉਸ ਨੇ ਇਸ ਨੂੰ "ਮਾਇਆ ਦੇ ਤਾਂਡਵ ਨਾਚ ਦੇ ਦ੍ਰਿਸ਼ ਚਿਤਰਣ" ਦਾ ਨਾਂ ਦਿੱਤਾ। ਪਹਿਲੇ ਦੋਵਾਂ ਨਾਵਲਾਂ ਵਿਚ ਇਕ ਪਾਸੇ ਸਾਧਨਹੀਣ ਲੋਕਾਂ ਉੱਪਰ ਹੁੰਦੇ ਅੱਤਿਆਚਾਰਾਂ ਅਤੇ ਪੀੜਾ ਨੂੰ ਚਿਤਰਿਆ ਉਥੇ ਨਾਲ ਹੀ ਨਾਲ ਉਨ੍ਹਾਂ ਨੂੰ ਇਸ ਪੀੜਾ ਅਤੇ ਅੱਤਿਆਚਾਰਾਂ ਤੋਂ ਮੁਕਤ ਕਰਨ ਲਈ ਉਨ੍ਹਾਂ ਹਮਦਰਦਾਂ ਅਤੇ ਸਮਰਥਕਾਂ ਵੱਲੋਂ ਵਿੱਢੇ ਸੰਘਰਸ਼ਾਂ ਦੀ ਗਾਥਾ ਨੂੰ ਵੀ ਉਭਾਰਿਆ। **ਕਟਹਿਰਾ** ਅਤੇ **ਕੌਰਵ ਸਭਾ** ਨੂੰ ਉਸ ਪੂਰਕ ਰਚਨਾਵਾਂ ਵਜੋਂ ਸਿਰਜਿਆ ਹੈ। ਜਿਥੇ **ਕਟਹਿਰਾ** ਵਿਚ ਉਹ ਸਾਧਨਹੀਣ, ਮਜ਼ਲੂਮ, ਬੇਕਸੂਰ ਅਤੇ ਨਿਆਂਪਾਲਿਕਾ ਦੀਆਂ ਜ਼ਿਆਦਤੀਆਂ ਦੀ ਸ਼ਿਕਾਰ ਧਿਰ ਦਾ ਪੱਖ ਪੇਸ਼ ਕੀਤਾ ਉਥੇ **ਕੌਰਵ ਸਭਾ** ਵਿਚ ਪੈਸੇ ਅਤੇ ਸੰਪਰਕਾਂ ਦੀ ਸ਼ਕਤੀ ਰਾਹੀਂ ਮੁਲਜ਼ਮ ਧਿਰ ਦੀ ਫ਼ਤਹਿ ਨੂੰ ਉਭਾਰਿਆ। ਆਪਣੀ ਖੋਜਮੂਲਕ ਬਿਰਤੀ ਨਾਲ ਉਸ ਇਹ ਸਿੱਧਾ ਕੀਤਾ ਕਿ ਕਾਨੂੰਨ ਕਿਉਂ, ਕਿਸ ਤਰ੍ਹਾਂ ਸਾਧਨ ਸੰਪੰਨ ਧਿਰ ਦੇ ਪੱਖ ਵਿਚ ਭੁਗਤਦਾ ਹੈ। ਜ਼ਿਆਦਤੀਆਂ, ਹਨੇਰਗਰਦੀਆਂ ਅਤੇ ਬੇਇਨਸਾਫ਼ੀਆਂ ਨਾਲ ਭਰੇ ਪੂੰਜੀਵਾਦੀ ਦੌਰ ਦੇ ਇਸ ਕੌਰਵਾਂ ਦੇ ਜ਼ਮਾਨੇ ਨੂੰ ਤਾਂ ਉਸ ਚਿਤਰਿਆ ਹੀ ਹੈ, ਨਾਲ ਹੀ ਨਾਲ ਪਾਂਡਵਾਂ ਨੂੰ ਵੀ ਇਸ ਸਭ ਕੁਝ ਦੇ ਖ਼ਿਲਾਫ਼ ਤਿੱਖਾ ਸੰਘਰਸ਼ ਕਰਦੇ ਦਿਖਾਇਆ ਹੈ। ਨਾਵਲ ਦੇ ਥੀਮ ਦੇ ਪ੍ਰਸੰਗ ਵਿਚ ਲੇਖਕ ਦਾ ਸ੍ਵੈ-ਕਥਨ ਖ਼ਾਸਾ ਮਹੱਤਵਪੂਰਨ ਹੈ ਕਿ "ਇਸ ਨਾਵਲ ਰਾਹੀਂ ਉਸ ਪੂੰਜੀਪਤੀ ਵਰਗ ਦੇ ਹੋਂਦ ਵਿਚ ਆਉਣ ਦੇ ਸ੍ਰੋਤਾਂ, ਉਨ੍ਹਾਂ ਦੀ ਨਿਮਨ ਵਰਗ ਨੂੰ ਹੜੱਪਣ ਦੀ ਪ੍ਰਵਿਰਤੀ, ਮਹਾਂਨਗਰੀ ਅਤੇ ਸ਼ਹਿਰੀ ਸਭਿਆਚਾਰ ਦਾ ਤੁਲਨਾਤਮਕ ਅਧਿਐਨ, ਆਰਥਿਕਤਾ ਦੇ ਆਧਾਰ 'ਤੇ ਬਣਦੇ ਵਿਗੜਦੇ ਰਿਸ਼ਤਿਆਂ ਨੂੰ ਕੇਂਦਰ ਵਿਚ ਰੱਖਿਆ ਹੈ। ਨਾਲ ਹੀ ਨਾਲ ਕਾਨੂੰਨ ਦੀ ਤੱਕੜੀ ਦੇ ਇਕ ਪੱਲੜੇ ਦੇ ਪੈਸੇ ਦੇ ਭਾਰ ਨਾਲ ਸਾਧਨ ਸੰਪੰਨ ਲੋਕਾਂ ਵੱਲ ਝੁਕਣ ਦੇ ਰੁਝਾਨ ਅਤੇ

ਕਾਰਨਾਂ ਨੂੰ ਪੇਸ਼ ਕੀਤਾ ਹੈ ਅਤੇ ਸਾਧਨਹੀਣ ਲੋਕਾਂ ਨਾਲ ਹੁੰਦੇ ਧੱਕੇ ਨੂੰ ਵੀ। ਸਾਡਾ ਕਾਨੂੰਨੀ ਢਾਂਚਾ ਮੁਜਰਿਮ ਪੱਖੀ ਅਤੇ ਲਚਕਦਾਰ ਹੈ।"

**ਕੌਰਵ ਸਭਾ** ਨਾਵਲ ਦੀ ਖ਼ੂਬੀ ਸਟੇਟ ਦੇ ਵਿਭਿੰਨ ਪ੍ਰਬੰਧਾਂ ਦੀ ਜਟਿਲ ਕਾਰਜਸ਼ੀਲਤਾ ਨੂੰ ਗਤੀਸ਼ੀਲ ਰੂਪ ਵਿਚ ਪਕੜਣ ਅਤੇ ਚਿਤਰਣ ਵਿਚ ਨਿਹਿਤ ਹੈ। ਪੂੰਜੀਵਾਦੀ ਪ੍ਰਬੰਧ ਦੇ ਭੇਤਾਂ ਅਤੇ ਪੈਸੇ ਹੱਥੀਂ ਵਿਕਦੇ ਕਾਨੂੰਨ ਨੂੰ ਚਿਤਰਣ ਲਈ ਉਹ ਸਿਰਫ਼ ਨਿਆਂ-ਪ੍ਰਣਾਲੀ ਦੀ ਮਨਫ਼ੀ ਭੂਮਿਕਾ ਅਤੇ ਮਹੱਤਵਹੀਣਤਾ ਨੂੰ ਹੀ ਨਹੀਂ ਚਿਤਰਦਾ ਬਲਕਿ ਸਿਹਤ ਪ੍ਰਬੰਧ, ਅਫ਼ਸਰਸ਼ਾਹੀ, ਰਾਜਨੀਤੀ, ਧਰਮ, ਵਿਦਿਅਕ ਢਾਂਚੇ ਅਤੇ ਮੀਡੀਏ ਦੀ ਨਾਕਾਰਾਤਮਕ ਭੂਮਿਕਾ ਤਕ ਫੈਲ ਜਾਂਦਾ ਹੈ। ਇਹ ਸਭ ਸੰਸਥਾਵਾਂ ਮਾਇਆ ਦੀ ਅੰਨ੍ਹੀ ਦੌੜ ਵਿਚ ਪਈਆਂ ਬੇਫ਼ਿਕਰ ਹੋ ਕੇ ਬੇਇਨਸਾਫ਼ੀਆਂ, ਧੱਕੇਸ਼ਾਹੀਆਂ, ਭ੍ਰਿਸ਼ਟਾਚਾਰ ਅਤੇ ਦੁਰਾਚਾਰ ਵਿਚ ਵਿਅਸਤ ਹਨ। ਭ੍ਰਿਸ਼ਟਾਚਾਰ, ਲੋਭ, ਕਪਟ, ਛਲ ਅਤੇ ਹਿੰਸਾ ਇਨ੍ਹਾਂ ਦੀ ਕਾਰਜਸ਼ੈਲੀ ਦਾ ਹਿੱਸਾ ਬਣ ਚੁੱਕੇ ਹਨ। ਉੱਪਰੋਂ ਅਲੱਗ-ਅਲੱਗ ਭਾਸਦੀਆਂ ਇਨ੍ਹਾਂ ਸੰਸਥਾਵਾਂ ਵਿਚ ਸਾਂਝ ਹੈ : ਵਿਆਪਕ ਭ੍ਰਿਸ਼ਟਾਚਾਰ ਦੀ। ਵਿਆਪਕ ਭ੍ਰਿਸ਼ਟਾਚਾਰ ਦਾ ਮਹਾਂਦ੍ਰਿਸ਼ ਸਿਰਜ ਕੇ ਜਿਥੇ ਲੇਖਕ **ਕੌਰਵ ਸਭਾ** ਦੀ **ਤਫ਼ਤੀਸ਼** ਅਤੇ **ਕਟਹਿਰਾ** ਨਾਲ ਸਾਂਝ ਨੂੰ ਸਿਰਜਦਾ ਹੈ, ਉਥੇ ਮਾਇਆ ਦੀ ਸ਼ਕਤੀ ਨੂੰ ਉਭਾਰ ਕੇ ਇਸ ਰਚਨਾ ਦੇ ਵਿਲੱਖਣ ਸਰੂਪ ਨੂੰ ਘੜਦਾ ਹੈ। ਮਾਇਆ, ਸਾਧਨ ਅਤੇ ਸੰਪਰਕ ਹੋਣ ਤਾਂ ਕਾਨੂੰਨ ਦੀਆਂ ਕਮਜ਼ੋਰੀਆਂ ਸ੍ਵੈ-ਸਹਿਜ ਹੀ ਸਮਝ ਆ ਜਾਂਦੀਆਂ ਹਨ। ਮੁਲਜ਼ਮ ਧਿਰ ਇਸ ਸਭ ਕੁਝ ਰਾਹੀਂ ਬੇਕਸੂਰ ਹੋ ਜਾਂਦੀ ਹੈ। ਮੁਲਜ਼ਮ ਧਿਰ ਕਿਵੇਂ ਮਾਇਆ, ਸਾਧਨਾਂ ਅਤੇ ਸੰਪਰਕਾਂ ਨਾਲ ਬੇਕਸੂਰ ਬਣ ਜਾਂਦੀ ਹੈ, ਲੇਖਕ ਇਸ ਸਮੁੱਚੀ ਪ੍ਰਕਿਰਿਆ ਨੂੰ ਗਲਪ ਬਿੰਬਾਂ ਵਿਚ ਢਾਲਦਾ ਹੈ। ਅਜਿਹੇ ਮਾਹੌਲ ਵਿਚ ਸਮੁੱਚੀਆਂ ਸੰਸਥਾਵਾਂ ਵਿਚ ਕਿਸੇ ਇਕ ਦਾ ਵੀ ਆਪਣੇ ਫ਼ਰਜ਼ ਪ੍ਰਤਿ ਪ੍ਰਤਿਬੱਧ ਜਾਂ ਸੁਹਿਰਦ ਰਹਿਣਾ ਮੁਮਕਿਨ ਹੀ ਨਹੀਂ। ਇਹ ਸੰਸਥਾਵਾਂ ਆਪਣੇ ਸੰਗਠਨ ਦੇ ਤਰਕ ਦੇ ਖ਼ਿਲਾਫ਼ ਜਾ ਹੀ ਨਹੀਂ ਸਕਦੀਆਂ। ਇਸ ਸਮੁੱਚੇ ਪਸਮੰਜ਼ਰ ਵਿਚ ਕੌਰਵਾਂ ਦੀ ਜਿੱਤ ਯਕੀਨੀ ਹੈ, ਪਾਂਡਵ ਤਾਂ ਆਦਰਸ਼ਕ ਸਥਿਤੀ ਵਿਚ ਸੰਘਰਸ਼ ਵਿੱਢ ਸਕਦੇ ਹਨ ਅਤੇ ਵਾਸਤਵਿਕ ਸਥਿਤੀ ਵਿਚ ਨਿਰਾਸ਼ ਹੋ ਕੇ ਗੋਸ਼ਾ ਪਕੜ ਬੈਠਦੇ ਹਨ। ਮੀਤ ਦੇ ਪਾਤਰ ਬੇਬਸ ਜਾਂ ਨਿਰਾਸ਼ ਨਹੀਂ ਹੁੰਦੇ ਸਗੋਂ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਕੇ ਫ਼ਤਹਿ ਹਾਸਲ ਕਰਦੇ ਹਨ।

**ਕੌਰਵ ਸਭਾ** ਵਿਚ ਮੀਤ ਆਪਣੇ ਪਹਿਲੇ ਨਾਵਲਾਂ ਵਾਂਗ ਕਥਾ ਨੂੰ ਤਾਂ ਵੱਖ-ਵੱਖ ਸੰਸਥਾਵਾਂ ਦੇ ਭ੍ਰਿਸ਼ਟ ਪੂੰਜੀਵਾਦੀ ਕਿਰਦਾਰ ਨੂੰ ਦਰਸਾਉਣ ਲਈ ਇਕ ਬਹਾਨਾ ਬਣਾਉਂਦਾ ਹੈ। ਇਸ ਬਹਾਨੇ ਹੀ ਉਹ ਇਨ੍ਹਾਂ ਸੰਸਥਾਵਾਂ ਦੇ ਆਰ-ਪਾਰ ਫੈਲ ਜਾਂਦਾ ਹੈ। ਨਾਵਲ ਦੀ ਮੂਲ ਕਥਾ ਵਿਚ ਤਾਂ ਇਕੋ ਨਿਮਨ ਮੱਧਵਰਗੀ ਪਰਿਵਾਰ ਨਾਲ ਸੰਬੰਧਿਤ ਜਗੀਰੂ ਸੰਸਕਾਰਾਂ ਨਾਲ ਜੁੜੇ ਛੋਟੇ ਜਹੇ ਕਸਬੇ ਵਿਚ ਵੱਸੇ ਦੋ ਟੱਬਰ ਹਨ। ਉਨ੍ਹਾਂ ਦੀ ਜ਼ਿੰਦਗੀ ਵਿਚ ਸੁਖ, ਚੈਨ ਅਤੇ ਸੰਤੁਲਨ ਹੈ। ਇਸ ਪਰਿਵਾਰ ਵਿਚੋਂ ਇਕ

ਜੀਅ ਮਾਇਆ ਨਗਰ ਵਿਚ ਉਚੇਰੀ ਸਿੱਖਿਆ ਲਈ ਆਉਂਦਾ, ਇੰਜੀਨੀਅਰ ਬਣਦਾ ਅਤੇ ਮਾਇਆ ਦੇ ਅੰਬਾਰ ਲਾ ਕੇ ਸਰਮਾਏਦਾਰਾਂ ਦੀ ਮੂਹਰਲੀ ਕਤਾਰ ਵਿਚ ਆ ਖਲੋਂਦਾ ਹੈ। ਮਾਇਆ ਦੀ ਵਧੀ ਹੋਈ ਲਾਲਸਾ ਦੀ ਪੂਰਤੀ ਲਈ ਮੋਹਨ ਆਪਣੇ ਛੋਟੇ ਭਰਾ ਵੇਦ ਨੂੰ ਕਸਬੇ ਵਿਚੋਂ, ਉਸ ਦੀ ਜਕੋਤਕੀ ਦੇ ਬਾਵਜੂਦ, ਮਾਇਆ ਨਗਰੀ ਵਿਚ ਬੁਲਾਉਂਦਾ ਹੈ। ਦੋਵਾਂ ਪਰਿਵਾਰਾਂ ਦੇ ਮਾਇਆ ਨਗਰੀ ਵਿਚ ਪੈਰ ਲੱਗ ਜਾਂਦੇ ਹਨ। ਮਾਇਆ ਨਾਲ ਰਸੂਖ਼ ਵਧਦਾ ਹੈ ਅਤੇ ਰਸੂਖ਼ ਨਾਲ ਮਾਇਆ ਵਧਦੀ ਹੈ। ਤਨਾਉ ਜਾਂ ਅਸੰਤੁਲਨ ਉਦੋਂ ਵਿਆਪਦਾ ਹੈ ਜਦੋਂ ਮੋਹਨ ਦੀ ਮੌਤ ਹੋ ਜਾਂਦੀ ਹੈ। ਸੁਭਾਵਿਕ ਤੌਰ ’ਤੇ ਕਾਰੋਬਾਰ ਮੋਹਨ ਦੇ ਦੋ ਪੁੱਤਰਾਂ ਪੰਕਜ ਅਤੇ ਨੀਰਜ ਦੇ ਹੱਥਾਂ ਵਿਚ ਅੱਪੜ ਜਾਂਦਾ ਹੈ। ਮਾਹੌਲ, ਸ਼ੰਕੇ ਅਤੇ ਆਪਾਧਾਪੀ ਦਾ ਪੈਦਾ ਹੁੰਦਾ ਹੈ। ਮਸਲਾ ਚਾਚੇ ਅਤੇ ਉਸ ਦੇ ਪਰਿਵਾਰ ਨੂੰ ਸਬਕ ਸਿਖਾਉਣ ਤਕ ਅੱਪੜਦਾ ਹੈ। ਇਸ ਸਬਕ ਸਿਖਾਉਣ ਦੇ ਕਾਰਜ ਵਿਚ ਹੀ ਵੇਦ ਦੀ ਪਤਨੀ ਭਾੜੇ ਦੇ ਬੰਦਿਆਂ ਹੱਥੋਂ ਗੰਭੀਰ ਰੂਪ ਵਿਚ ਜ਼ਖ਼ਮੀ ਹੁੰਦੀ ਹੈ, ਉਸ ਦੇ ਪੁੱਤਰ ਕਮਲ ਦਾ ਕਤਲ ਅਤੇ ਧੀ ਨੇਹਾ ਦਾ ਬਲਾਤਕਾਰ ਹੁੰਦਾ ਹੈ। ਇਕ ਪਰਿਵਾਰ ਦੇ ਜੀਅ ਮੁਲਜ਼ਮ ਧਿਰ ਅਤੇ ਮੁਦੱਈ ਧਿਰ ਵਿਚ ਵਟ ਜਾਂਦੇ ਹਨ। ਮੁਲਜ਼ਮ ਧਿਰ ਪੈਸੇ, ਸਿਆਸੀ ਤਾਕਤ, ਰਸੂਖ਼ ਅਤੇ ਅਫ਼ਸਰਸ਼ਾਹੀ ਦੇ ਸਾਥ ਨਾਲ, ਰਾਮ ਨਾਥ ਵਰਗੇ ਸਰਕਾਰੀ ਵਕੀਲ ਦੇ ਨਿਆਂ ਦਿਵਾਉਣ ਦੀ ਸਿਰਤੋੜ ਕੋਸ਼ਿਸ਼ ਦੇ ਬਾਵਜੂਦ ਬਰੀ ਹੋ ਜਾਂਦੀ ਹੈ। ਗੁਰਦੇਵ ਨਗਰ ਦੀ ਪੌਸ਼ ਕਾਲੋਨੀ ਵਿਚਲੇ ਇਕ ਹਜ਼ਾਰ ਗਜ਼ ਦੇ ਪਲਾਟ ਦੀ ਵੰਡ-ਵੰਡਾਈ ਨਾਲ ਝਗੜਾ ਆਰੰਭ ਹੋ ਕੇ ਭਿਅੰਕਰ ਰੂਪ ਧਾਰਦਾ, ਰਿਸ਼ਤਿਆਂ ਵਿਚ ਸ਼ਿਗਾਫ ਪੈਦਾ ਕਰਦਾ ਅਤੇ ਅਪਰਾਧ ਤਕ ਅੱਪੜ ਜਾਂਦਾ ਹੈ। ਲੇਖਕ ਦੀ ਇਕ ਕਟਾਖ਼ਸ਼ੀ ਟਿੱਪਣੀ ਸਮੁੱਚੀ ਮਸ਼ੀਨਰੀ ਦੀ ਚਾਲ ਨੂੰ ਨੰਗਿਆਂ ਕਰ ਦੇਂਦੀ ਹੈ, “ਉੱਪਰੋਂ ਖੜਕਦੇ ਫ਼ੋਨਾਂ ਅਤੇ ਜੇਬ ਵਿਚ ਪੈਂਦੇ ਨੋਟਾਂ ਨੇ ਮਿਸਲ ਨੂੰ ਚੱਕਰੀ ਵਾਂਗ ਘੁੰਮਾਈ ਰੱਖਿਆ। ਚੌਵੀ ਘੰਟੇ ਦੇ ਅੰਦਰ-ਅੰਦਰ ਮਿਸਲ ਆਈ.ਜੀ. ਕੋਲੋਂ ਚੱਲ ਕੇ ਡੀ.ਆਈ.ਜੀ., ਪੁਲਿਸ ਕਪਤਾਨ, ਉਪ-ਪੁਲਿਸ ਕਪਤਾਨ ਰਾਹੀਂ ਹੁੰਦੀ ਹੋਈ ਮੁੱਖ ਅਫ਼ਸਰ ਤਕ ਪੁੱਜ ਗਈ।” ਕਥਾ ਦਾ ਇਹ ਸਰੂਪ ਇਕ ਪਰਿਵਾਰ ਦੀ ਤ੍ਰਾਸਦੀ ਨੂੰ ਉਭਾਰਦਾ ਹੈ। ਪਰੰਤੂ ਮੈਟਾਫ਼ਰ ਦੀ ਪੱਧਰ ਉੱਪਰ ਜਾਂ ਪ੍ਰਤੀਕ ਦੇ ਧਰਾਤਲ ਉੱਪਰ ਅੱਪੜ ਕੇ ਇਹ ਰਚਨਾ ਸਮੁੱਚੀਆਂ ਸਮਾਜਿਕ ਕੀਮਤਾਂ, ਮਾਨਵੀ ਰਿਸ਼ਤਿਆਂ ਅਤੇ ਸਮੁੱਚੇ ਸਿਸਟਮ ਦੀ ਤ੍ਰਾਸਦੀ ਹੋ ਨਿਬੜਦੀ ਹੈ।

ਨਾਵਲਕਾਰ ਅਜੋਕੀ ਤ੍ਰਾਸਦਿਕ ਸਥਿਤੀ ਨੂੰ ਮਹਾਂਭਾਰਤ ਦੀ ਕਥਾ ਤੇ ਕਥਾਨਕ ਰੂੜ੍ਹੀਆਂ ਦਾ ਸੰਦਰਭ ਪ੍ਰਦਾਨ ਕਰਕੇ ਅਸਲ ਵਿਚ ਸਥਿਤੀ ਦੀ ਜਟਿਲਤਾ ਨੂੰ ਖੋਲ੍ਹਦਾ ਹੈ। ਨਾਵਲੀ ਬਿਰਤਾਂਤ ਵਿਚਲੇ ਮਿਥਿਹਾਸਕ ਵੇਰਵੇ ਸੰਕਟ ਦੇ ਮੂਲ ਦੀ ਨਿਰੰਤਰਤਾ ਨੂੰ ਉਭਾਰਦੇ ਹਨ। ਮਸਲਾ ਜ਼ਮੀਨ ਤੇ ਜ਼ਰ ਦਾ ਆਦਿ ਜੁਗਾਦੀ ਹੈ। ਵਰਤਮਾਨ ਸੰਕਟ ਦੇ ਵੇਰਵਿਆਂ ਨਾਲ ਮੇਲ ਖਾਂਦੇ ਮਿਥਿਹਾਸਕ ਵੇਰਵੇ ਨਾਵਲੀ

ਬਿਰਤਾਂਤ ਦੀ ਸਤਹ ਉੱਪਰ ਹੀ ਮੌਜੂਦ ਹਨ। ਮਿਥਿਹਾਸ ਵਿਚ "ਨੇਕੀ ਦੀ ਜਿੱਤ ਤੇ ਬਦੀ ਦੀ ਹਾਰ" ਯਕੀਨੀ ਹੈ, ਕ੍ਰਿਸ਼ਨ ਪਾਂਡਵਾਂ ਦੀ ਧਿਰ ਬਣ ਕੇ ਉਨ੍ਹਾਂ ਦੀ ਜਿੱਤ ਨੂੰ ਯਕੀਨੀ ਬਣਾਉਂਦਾ ਹੈ। ਪਰੰਤੂ ਅਜੋਕੇ ਯੁੱਗ ਦੀ ਤਾਂ, ਮਾਇਆ ਅਤੇ ਰਸੂਖ਼ ਨੇ, ਵਿਆਕਰਣ ਹੀ ਉਲਟ-ਪੁਲਟ ਕਰਕੇ ਰੱਖ ਦਿੱਤੀ ਹੈ। ਏਥੇ ਪੀੜਤ ਧਿਰ ਦੀ ਹਾਰ ਯਕੀਨੀ ਹੈ। ਨਾਵਲੀ ਬਿਰਤਾਂਤ ਵਿਚਲੇ ਫ਼ੌਜਦਾਰੀ ਅਪਰਾਧ ਦੀ ਇਕੋ ਕੁੰਜੀ-ਘਟਨਾ ਨਾਲ ਲੇਖਕ ਮਸਲੇ ਦੀ ਨਿਰੰਤਰਤਾ ਨੂੰ ਵੀ ਉਭਾਰ ਜਾਂਦਾ ਹੈ ਅਤੇ ਉਸ ਦੇ ਵਰਤਮਾਨ ਸਰੂਪ ਦੀ ਜਟਿਲਤਾ ਨੂੰ ਵੀ। ਅਸਲ ਵਿਚ ਉਹ ਦੋ ਧੜਿਆਂ ਦੇ ਟਕਰਾਉ ਰਾਹੀਂ ਮਾਇਆ ਦੁਆਲੇ ਘੁੰਮਦੇ ਰਿਸ਼ਤਿਆਂ, ਮਾਇਆ ਦੀ ਤਾਕਤ ਅਤੇ ਸਮੁੱਚੀ ਭ੍ਰਿਸ਼ਟ ਸਥਿਤੀ ਨੂੰ ਉਭਾਰਦਾ ਹੈ। "ਕਾਨੂੰਨ ਇਸ ਦਾ (ਪੈਸੇ ਦਾ) ਗੁਲਾਮ ਹੈ" ਅਤੇ "ਕਾਨੂੰਨ ਦੋਸ਼ੀਆਂ ਦੀ ਪਿੱਠ ਪਲੋਸਦਾ ਹੈ" (ਖੜਕਦੇ ਫੋਨਾਂ ਅਤੇ ਜੇਬ ਵਿਚ ਪੈਂਦੇ ਨੋਟਾਂ ਕਰਕੇ) ਅਤੇ ਅਜਿਹੇ ਹੋਰ ਕਈ ਕਾਰਨ ਨਾਵਲੀ ਬਿਰਤਾਂਤ ਦੀ ਦਿਸ਼ਾ ਨੂੰ ਉਭਾਰਦੇ ਹਨ। ਦੋਸ਼ੀਆਂ ਦੀ ਜਿੱਤ ਅਤੇ ਪੀੜਤਾਂ ਦੀ ਹਾਰ ਰਾਹੀਂ ਲੇਖਕ ਅਸਲ ਵਿਚ ਅਜੋਕੇ ਸਮਾਜ ਨੂੰ ਸਮਝਣ ਅਤੇ ਬਦਲਣ ਲਈ ਗਲਪੀ ਬਿਰਤਾਂਤ ਦੇ ਜ਼ਰੀਏ ਇਕ ਪ੍ਰਤੱਖਣ ਮਾਡਲ ਮੁਹੱਈਆ ਕਰਦਾ ਦਿਖਾਈ ਦੇਂਦਾ ਹੈ। ਨਾਵਲਕਾਰ ਦੀ ਖ਼ੂਬੀ ਮਿਥਿਕ ਵੇਰਵਿਆਂ ਅਤੇ ਕਥਾਨਕ ਰੂੜ੍ਹੀਆਂ ਰਾਹੀਂ ਇਸ ਨੂੰ ਵੱਧ ਤੋਂ ਵੱਧ ਸੰਕੇਤਕ ਅਤੇ ਪ੍ਰਤੀਕਮਈ ਬਣਾਉਣ ਵਿਚ ਨਿਹਿਤ ਹੈ।

ਫ਼ੌਜਦਾਰੀ ਨਿਆਂ ਪ੍ਰਬੰਧ ਦੀ ਤੀਸਰੀ ਕੜੀ ਜੇਲ੍ਹ ਜੀਵਨ ਨੂੰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ **ਸੁਧਾਰ ਘਰ** ਦੇ ਕੇਂਦਰ ਵਿਚ ਟਿਕਾਇਆ ਹੈ। ਪੁਲਿਸ ਸਭਿਆਚਾਰ ਅਤੇ ਨਿਆਂ ਪ੍ਰਣਾਲੀ ਦੇ ਕੰਮ ਕਾਜ ਦੇ ਢੰਗ ਤਰੀਕੇ ਨੂੰ ਚਿਤਰਣ ਵਾਲੇ ਤਿੰਨ ਨਾਵਲਾਂ **ਤਫ਼ਤੀਸ਼**, **ਕਟਹਿਰਾ** ਅਤੇ **ਕੌਰਵ ਸਭਾ** ਦੀ ਇਹ ਨਾਵਲ ਇਕ ਕੜੀ ਵੀ ਹੈ ਅਤੇ ਆਪਣੇ ਆਪ ਵਿਚ ਸੁਤੰਤਰ ਰਚਨਾ ਵੀ। ਇਹ ਨਾਵਲ ਵੀ ਜੇਲ੍ਹਾਂ ਅੰਦਰਲੀ ਦੋਗਲੀ ਨੀਤੀ, ਭ੍ਰਿਸ਼ਟ ਪ੍ਰਬੰਧ ਅਤੇ ਪੈਸੇ ਦੀ ਸ਼ਕਤੀ ਨੂੰ ਉਘਾੜ-ਉਭਾਰ ਕੇ ਭਾਰਤੀ ਜੇਲ੍ਹ ਪ੍ਰਬੰਧ ਦੇ ਵਰਤਮਾਨ ਰੂਪ ਨੂੰ ਅਸਲੋਂ ਬੇਲੋੜਾ ਅਤੇ ਮਹੱਤਵ ਤੋਂ ਕੋਰਾ ਸਿੱਧ ਕਰਦਾ ਹੈ। ਇਹ ਨਾਵਲ 'ਸੁਧਾਰ ਘਰ' ਵਿਚ ਲੋੜੀਂਦੇ ਸੁਧਾਰਾਂ ਦੀ ਜ਼ਰੂਰਤ ਨੂੰ ਧਨਵਾਨ ਅਤੇ ਧਨਹੀਣ ਲੋਕਾਂ ਦੇ ਵਿਰੋਧ ਜੁੱਟ ਰਾਹੀਂ ਸਾਮ੍ਹਣੇ ਲਿਆਉਂਦਾ ਹੈ। ਭਾਰਤੀ ਨਿਆਂ-ਪ੍ਰਬੰਧ ਹੋਵੇ ਜਾਂ ਜੇਲ੍ਹ ਪ੍ਰਬੰਧ, ਇਨਸਾਫ਼ ਜਾਂ ਨਿਆਂ ਅਤੇ ਸੁੱਖ ਸਹੂਲਤਾਂ ਕੇਵਲ ਧਨਵਾਨ ਲੋਕਾਂ ਦੀ ਪਹੁੰਚ ਦੇ ਘੇਰੇ ਵਿਚ ਆਉਂਦਆਂ ਹਨ। ਇਸ ਨਾਵਲ ਵਿਚਲੇ ਗਲਪੀ ਪ੍ਰਬੰਧ ਰਾਹੀਂ ਉਹ ਨਾ ਤਾਂ ਇਸ ਪ੍ਰਚਲਿਤ ਧਾਰਨਾ ਨੂੰ ਪੱਕਿਆਂ ਕਰਦਾ ਹੈ ਕਿ ਜੇਲ੍ਹਾਂ ਵਿਚ ਕੈਦੀਆਂ ਨੂੰ ਲੋੜ ਨਾਲੋਂ ਵੱਧ ਸਹੂਲਤਾਂ ਮਿਲ ਰਹੀਆਂ ਹਨ ਅਤੇ ਨਾ ਹੀ ਇਸ ਧਾਰਨਾ ਨੂੰ ਪਰਿਪੱਕ ਕਰਦਾ ਹੈ ਕਿ ਜੇਲ੍ਹਾਂ ਵਿਚ ਕੈਦੀ ਨਰਕ ਵਰਗਾ ਜੀਵਨ ਬਤੀਤ ਕਰ ਰਹੇ ਹਨ। ਉਹ ਮਸਲੇ ਦੀ ਜਟਿਲਤਾ ਨੂੰ ਪੂੰਜੀਵਾਦੀ ਪ੍ਰਬੰਧ ਦੀ ਸੋਝੀ ਦੇ ਆਧਾਰ ਉੱਪਰ ਖੋਲ੍ਹਦਾ ਹੈ। ਇਸ ਪ੍ਰਬੰਧ ਵਿਚੋਂ ਪੈਦਾ

ਹੋਏ ਜੇਲ੍ਹ-ਪ੍ਰਬੰਧ ਵਿਚ ਸਹੂਲਤਾਂ ਕੇਵਲ ਸਾਧਨ ਸੰਪੰਨ ਧਿਰ ਤਕ ਮਹਿਦੂਦ ਹਨ, ਸਾਧਨਹੀਣ ਧਿਰ ਨੂੰ ਤਾਂ ਗੰਦਗੀ ਦੇ ਕੀੜਿਆਂ ਜੇਹਾ ਜੀਵਨ ਬਸਰ ਕਰਨਾ ਪੈਂਦਾ ਹੈ। ਇਨ੍ਹਾਂ ਧਿਰਾਂ ਨੂੰ ਚਿਤਰਣ ਦੇ ਨਾਲ-ਨਾਲ ਉਹ ਜੇਲ੍ਹ ਅਧਿਕਾਰੀਆਂ ਦੇ ਤਨਾਉਸ਼ੀਲ ਜੀਵਨ ਪਾਸਾਰਾਂ ਨੂੰ ਸਾਮ੍ਹਣੇ ਲਿਆ ਕੇ ਸਮੁੱਚੀ ਤਨਾਉਸ਼ੀਲ ਸਥਿਤੀ ਲਈ ਜ਼ਿੰਮੇਵਾਰ ਰਾਜਨੀਤਕ ਢਾਂਚੇ ਅਤੇ ਸਟੇਟ ਦੇ ਭ੍ਰਿਸ਼ਟ ਪ੍ਰਬੰਧ ਦੀ ਪੇਸ਼ਕਾਰੀ ਤਕ ਅੱਪੜਦਾ ਹੈ।

**ਸੁਧਾਰ ਘਰ** ਵਿਚ ਮੀਤ ਜੇਲ੍ਹ ਜੀਵਨ ਪਿੱਛੇ ਕੰਮ ਕਰਦੀ ਅਤਿ ਗੁੰਝਲਦਾਰ ਪ੍ਰਣਾਲੀ ਦੇ ਤਾਣੇ-ਬਾਣੇ ਨੂੰ ਪੇਸ਼ ਕਰਨ ਲਈ ਨਾਵਲ ਦੀ ਦੁਨੀਆ ਵਿਚ ਪਾਤਰਾਂ ਦੇ ਕੋਲਾਜ ਨੂੰ ਸਿਰਜਦਾ ਹੈ। ਪਾਤਰਾਂ ਦੇ ਸਮੂਹ ਰਾਹੀਂ ਉਹ ਜੇਲ੍ਹ ਦੀ ਦੁਨੀਆ ਦਾ ਮਹਾਂਦ੍ਰਿਸ਼ ਉਭਾਰਦਾ ਹੈ। ਇਸ ਦੁਨੀਆ ਵਿਚ ਪਾਲੇ ਅਤੇ ਮੀਤੇ ਤੋਂ ਇਲਾਵਾ ਮੰਗਤੇ, ਜੂਏਬਾਜ਼, ਸੱਟੇਬਾਜ਼, ਚੋਰ, ਸ਼ਰਾਬੀ ਆਦਿ ਹਨ। ਵਿਅੰਗਮਈ ਦ੍ਰਿਸ਼ਟੀ ਨਾਲ ਲੇਖਕ ਇਸ ਨੂੰ ਬਾਦਸ਼ਾਹਾਂ ਵਾਲਾ ਅਹਾਤਾ ਆਖਦਾ ਹੈ। ਇਸ ਬਾਦਸ਼ਾਹਾਂ ਵਾਲੇ ਅਹਾਤੇ ਵਿਚ ਬਦਬੂ, ਗੰਦ, ਬਿਮਾਰੀ ਅਤੇ ਮੌਤ ਵਰਗੀਆਂ ਘਟਨਾਵਾਂ ਦਾ ਵਾਪਰ ਜਾਣਾ ਸਧਾਰਨ ਘਟਨਾ ਹੈ। ਦੂਸਰੇ ਪਾਸੇ ਇਨ੍ਹਾਂ ਦੇ ਸਮਾਨਾਂਤਰ ਜੈਨ ਸੇਠ, ਗੁਰਨਾਮ ਸ਼ੈਲਰ ਮਾਲਕ, ਵਿਧਾਇਕ ਦਾ ਰਿਸ਼ਤੇਦਾਰ ਅਤੇ ਦੀਪੇ ਵਰਗੇ ਕਿਰਦਾਰ ਹਨ, ਜਿਹੜੇ ਪੈਸੇ ਦੀ ਸ਼ਕਤੀ ਅਤੇ ਅਸਰ ਰਸੂਖ਼ ਨਾਲ ਕਾਨੂੰਨ-ਪ੍ਰਬੰਧ ਦੀਆਂ ਧੱਜੀਆਂ ਉਡਾਉਂਦੇ ਅਤੇ ਜੇਲ੍ਹ ਅੰਦਰ ਹੀ ਸਭ ਸੁੱਖ ਸਹੂਲਤਾਂ ਮਾਣਦੇ ਹਨ। ਤੀਸਰੀ ਬੈਰਕ ਸਿੰਘਾਂ ਦੀ ਹੈ ਅਤੇ ਚੌਥੀ ਜ਼ਨਾਨਾ ਬੈਰਕ। ਸਿੰਘਾਂ ਦੀ ਬੈਰਕ ਅੰਦਰਲਾ ਮਾਹੌਲ "ਇਕ ਚੰਗੇ ਗੁਰਦੁਆਰੇ ਨਾਲ ਮਿਲਦਾ-ਜੁਲਦਾ ਸੀ। ਤਾਜ਼ੀ ਹੋਈ ਸਫ਼ੇਦੀ ਕਾਰਨ ਕੰਧਾਂ ਚਮਕ ਰਹੀਆਂ ਸਨ...ਇਕ ਅਲਮਾਰੀ ਦੀਆਂ ਸ਼ੈਲਫ਼ਾਂ ਵਿਚ ਟਰੰਕ, ਸੂਟਕੇਸ, ਬੈਗ, ਰੇਡੀਓ ਤੇ ਹੋਰ ਨਿੱਕ-ਸੁੱਕ ਪਿਆ ਸੀ। ਦੂਜੀ ਸ਼ੈਲਫ਼ ਵਿਚ ਸ਼ਹੀਦ ਸਿੰਘਾਂ ਦੀਆਂ ਸੁਨਹਿਰੀ ਫਰੇਮਾਂ ਵਿਚ ਜੜੀਆਂ ਤਸਵੀਰਾਂ ਪਈਆਂ ਸਨ।" ਜ਼ਨਾਨਾ ਬੈਰਕ ਵਿਚ ਕੈਦਣਾਂ ਨਾਲ ਦੁਰਵਿਹਾਰ ਅਤੇ ਉਨ੍ਹਾਂ ਦੀ ਇੱਜ਼ਤ ਨਾਲ ਖਿਲਵਾੜ ਵਰਗੀਆਂ ਘਟਨਾਵਾਂ ਵਾਪਰਦੀਆਂ ਹਨ। ਪੜ੍ਹਿਆਂ ਲਿਖਿਆਂ ਦੀ ਬੈਰਕ ਤਾਂ ਜਿਵੇਂ ਅੱਯਾਸ਼ੀ ਦਾ ਅੱਡਾ ਹੈ ਅਤੇ ਇਸ ਸਭ ਕੁਝ ਦੇ ਉਲਟ ਆਮ ਕੈਦੀ ਹਰ ਪ੍ਰਕਾਰ ਦੀ ਸੁੱਖ-ਸਹੂਲਤ ਤੋਂ ਵੰਚਿਤ ਹਨ। ਜੇਲ੍ਹ ਪ੍ਰਸ਼ਾਸਨ ਦੇ ਆਪਣੇ ਤਨਾਉ ਤੇ ਸਮੱਸਿਆਵਾਂ ਨਿਰਸੰਦੇਹ ਹਨ ਪਰੰਤੂ ਜੇਲ੍ਹ ਅੰਦਰਲੀ ਦੁਨੀਆ ਵਿਚ ਜੋ ਕੁਝ ਵਾਪਰਦਾ ਹੈ, ਉਨ੍ਹਾਂ ਦੀ ਮਿਲੀਭੁਗਤ ਨਾਲ ਵਾਪਰਦਾ ਹੈ। ਜੇਲ੍ਹ ਦੀ ਦੁਨੀਆ ਨਾਲ ਸੰਬੰਧਤ ਕੁਲ ਪਾਤਰ ਜੇਲ੍ਹ ਪ੍ਰਸ਼ਾਸਨ, ਸਮਾਜ ਅਤੇ ਰਾਜਨੀਤੀ ਦੇ ਹੀ ਵੱਖ-ਵੱਖ ਰੰਗਾਂ-ਰੂਪਾਂ ਨੂੰ ਉਭਾਰਦਾ ਹੈ। ਇਨ੍ਹਾਂ ਕੁਲ ਪਾਤਰਾਂ ਅਤੇ ਘਟਨਾਵਾਂ ਦੇ ਅੰਤਰ-ਸੰਬੰਧਾਂ ਰਾਹੀਂ ਜੇਲ੍ਹ ਅੰਦਰਲਾ ਪ੍ਰਸ਼ਾਸਨ, ਕਾਨੂੰਨੀ ਸੁਰੱਖਿਆ ਅਤੇ ਨਿਆਂਇਕ ਢਾਂਚਾ ਵੇਰਵਿਆਂ ਦੀ ਬਾਰੀਕੀ ਸਹਿਤ ਫਰੋਲਿਆ ਜਾਂਦਾ ਹੈ। ਵੇਰਵਿਆਂ ਦੀ ਇਹ ਬਾਰੀਕੀ ਹੀ ਵਿਅੰਗ ਅਤੇ ਵਿਡੰਬਨਾ ਦੀ ਜੁਗਤ ਰਾਹੀਂ **ਸੁਧਾਰ ਘਰ** ਦਾ 'ਵਿਗਾੜ ਘਰ' ਵਜੋਂ ਵਿਸ਼ਾਲ ਤੇ

ਬਹੁਪਾਸਾਰੀ ਬਿੰਬ ਉਭਾਰਦੀ ਹੈ। ਜੇਕਰ **ਤਫ਼ਤੀਸ਼** ਵਿਚ ਸਮੁੱਚਾ ਪੁਲਿਸ ਸਭਿਆਚਾਰ, **ਕੌਰਵ ਸਭਾ** ਤੇ **ਕਟਹਿਰਾ** ਵਿਚ ਨਿਆਂ ਪ੍ਰਬੰਧ ਕਟਹਿਰੇ ਵਿਚ ਖੜ੍ਹਾ ਹੈ ਤਾਂ ਇਸ ਨਾਵਲ ਵਿਚ ਜੇਲ੍ਹ-ਪ੍ਰਬੰਧ ਵੀ ਕਟਹਿਰੇ ਵਿਚ ਆ ਖਲੋਂਦਾ ਹੈ। ਅਸਲ ਵਿਚ ਆਪਣੇ ਪਹਿਲੇ ਤਿੰਨਾਂ ਨਾਵਲਾਂ ਵਾਂਗ ਇਸ ਚੌਥੇ ਨਾਵਲ ਵਿਚ ਵੀ ਲੇਖਕ ਵਰਤਮਾਨ ਨਿਆਂ-ਪ੍ਰਣਾਲੀ ਅਤੇ ਸਮਾਜਕ ਆਰਥਿਕ ਵਿਵਸਥਾ ਨੂੰ ਕਟਹਿਰੇ ਵਿਚ ਖੜ੍ਹਾ ਕਰਕੇ ਇਸ ਦੇ ਖਲਨਾਇਕੀ ਸਰੂਪ ਨੂੰ ਕੁਝ ਇਸ ਕਦਰ ਉਭਾਰਦਾ ਹੈ ਕਿ ਇਹ ਅਤੇ ਇਸ ਦੀ ਸਮੁੱਚੀ ਭੂਮਿਕਾ ਮਨਫ਼ੀ ਅਤੇ ਮਹੱਤਵ ਤੋਂ ਕੋਰੀ ਪ੍ਰਤੀਤ ਹੋਣ ਲੱਗ ਪੈਂਦੀ ਹੈ। ਨਾਵਲਕਾਰ ਪਾਤਰਾਂ ਤੇ ਘਟਨਾਵਾਂ ਰਾਹੀਂ ਜੇਲ੍ਹ ਪ੍ਰਬੰਧ ਦਾ ਜੋ ਮਹਾਂਦ੍ਰਿਸ਼ ਉਭਾਰਦਾ ਹੈ ਉਸ ਵਿਚ ਜੇਲ੍ਹਾਂ ਅੰਦਰਲੀ ਦੁਨੀਆ ਤਾਂ ਉਭਰਦੀ ਹੀ ਹੈ, ਨਾਲ ਹੀ ਨਾਲ ਜੁਰਮ ਜਾਂ ਅਪਰਾਧ ਦੇ ਸੰਸਾਰ ਦਾ ਉਹ ਚਿਹਰਾ ਵੀ ਸਾਹਮਣੇ ਆਉਂਦਾ ਹੈ ਜਿਸ ਦੀ ਤਸਵੀਰ ਆਮ ਆਦਮੀ ਦੇ ਪ੍ਰਤੱਖਣ ਦੇ ਘੇਰੇ ਵਿਚੋਂ ਬਾਹਰ ਰਹਿੰਦੀ ਹੈ। ਇੰਜ ਹੀ ਜੇਲ੍ਹ ਪ੍ਰਸ਼ਾਸਨ ਦੇ ਤਨਾਵਾਂ ਤੋਂ ਇਲਾਵਾ ਉਸ ਦਾ ਭ੍ਰਿਸ਼ਟ ਕਿਰਦਾਰ ਵੀ ਸਾਮ੍ਹਣੇ ਆਉਂਦਾ ਹੈ।

ਜਿਵੇਂ **ਤਫ਼ਤੀਸ਼** ਨਾਵਲ ਦੀ ਕਥਾ ਮਾਸੂਮ ਬੱਚੇ ਬੰਟੀ ਦੇ ਅਗਵਾ ਤੋਂ ਲੈ ਕੇ ਉਸ ਦੇ ਕਤਲ ਅਤੇ ਪੁਲਿਸ ਦੁਆਰਾ ਦੋ ਨਿਰਦੋਸ਼ ਵਿਅਕਤੀਆਂ ਨੂੰ ਫਸਾਉਣ ਤਕ ਫੈਲਦੀ ਹੈ, ਠੀਕ ਓਵੇਂ ਹੀ ਕਥਾ ਦੀ ਪੱਧਰ ਉੱਪਰ ਇਹ ਨਾਵਲ ਵੀ ਪਾਲੇ-ਮੀਤੇ ਨੂੰ ਹੋਈ ਸਜ਼ਾ ਤੋਂ ਆਰੰਭ ਹੋ ਕੇ ਉਨ੍ਹਾਂ ਦੇ ਬਰੀ ਹੋਣ ਤਕ ਫੈਲਦਾ ਹੈ। ਅਸਲ ਵਿਚ ਨਾਵਲਕਾਰ ਕਥਾ ਦੇ ਵਿਚ ਵਿਚਾਲੇ ਹੀ ਨਾਵਲ ਨੂੰ ਸਿਰਜਦਾ ਹੈ ਅਤੇ ਇਸ ਸਿਰਜਿਤ ਨਾਵਲ ਵਿਚ ਭਾਰਤੀ ਫ਼ੌਜਦਾਰੀ ਨਿਆਂ-ਪ੍ਰਬੰਧ ਦੀ ਇਕ ਕੜੀ ਨੂੰ ਪੂਰੀ ਤਰ੍ਹਾਂ ਡੀਕੋਡ ਕਰਕੇ ਰੱਖ ਦੇਂਦਾ ਹੈ। ਜਿਥੇ ਨਾਵਲੀ ਬਿਰਤਾਂਤ ਦਾ ਇਕ ਹਿੱਸਾ ਜੇਲ੍ਹ ਜੀਵਨ ਦਾ ਮਹਾਂਦ੍ਰਿਸ਼ ਸਿਰਜਦਾ ਹੈ ਉਥੇ ਦੂਸਰਾ ਪਾਸਾਰ ਉਸ ਦੀ ਪ੍ਰਗਤੀਵਾਦੀ ਦ੍ਰਿਸ਼ਟੀ ਨੂੰ ਨਾਵਲ ਦੀ ਥੀਮਿਕ-ਲੈਅ ਦਾ ਹਿੱਸਾ ਬਣਾਉਂਦਾ ਹੈ। ਉਸ ਦੀ ਇਹ ਬਿਰਤੀ ਯਥਾਰਥ ਨੂੰ ਚਿਤਰਣ-ਦਰਸਾਉਣ ਤੋਂ ਅਗਾਂਹ ਸਰਕ ਕੇ ਉਸ ਬਾਰੇ ਦੱਸਣ ਦੇ ਰਾਹ ਵੀ ਤੁਰਦੀ ਹੈ। ਨਾਵਲ ਦੇ ਪਾਠ ਵਿਚਲੀਆਂ ਸਤਰਾਂ ਉਸ ਦੀ ਯਥਾਰਥਵਾਦੀ ਦ੍ਰਿਸ਼ਟੀ ਦੇ ਆਲੋਚਨਾਤਮਕ ਅਤੇ ਸਮਾਜਵਾਦੀ ਯਥਾਰਥਵਾਦ ਵਿਚ ਢਲਣ ਦੀ ਸੋਅ ਦੇਂਦੀਆਂ ਹਨ। ਮਿਸਾਲ ਵਜੋਂ :

ੳ. ਜੇਲ੍ਹ ਵਿਚ ਬੰਦ ਅੱਸੀ ਫ਼ੀਸਦੀ ਕੈਦੀ ਨਿਮਨ ਵਰਗ ਨਾਲ ਸੰਬੰਧ ਰੱਖਦੇ ਸਨ। ਇਨ੍ਹਾਂ ਵਿਚੋਂ ਤਿੰਨ ਚੌਥਾਈ ਹਵਾਲਾਤੀ ਅਜਿਹੇ ਸਨ, ਜਿਨ੍ਹਾਂ ਦੇ ਮੁਕੱਦਮੇ ਤਫ਼ਤੀਸ਼ ਅਧੀਨ ਜਾਂ ਸੁਣਵਾਈ ਅਧੀਨ ਸਨ ਅਤੇ ਉਹ ਕਾਨੂੰਨ ਵੱਲੋਂ ਨਿਸ਼ਚਿਤ ਕੀਤੀ ਵੱਧੋ ਵੱਧ ਸਜ਼ਾ ਨਾਲੋਂ ਕਈ ਗੁਣਾ ਵੱਧ ਸਜ਼ਾ ਕੱਟ ਚੁੱਕੇ ਸਨ। ਹਾਲੇ ਵੀ ਉਨ੍ਹਾਂ ਵੱਲੋਂ ਰਿਹਾ ਹੋਣ ਦੇ ਆਸਾਰ ਨਹੀਂ ਸਨ। ਕਾਰਨ ਹਵਾਲਾਤੀਆਂ ਦੀ ਗ਼ਰੀਬੀ, ਸਰਕਾਰ ਦੀ ਬੇਰੁਖਤਾ ਅਤੇ

ਅਦਾਲਤਾਂ ਦੀ ਲਾ-ਪ੍ਰਵਾਹੀ ਸੀ। (ਪੰਨਾ 132)

ਅ. ਇਕੱਲੇ ਕਾਨੂੰਨੀ ਢਾਂਚੇ ਦੇ ਸੁਧਰਨ ਨਾਲ ਕੁਝ ਨਹੀਂ ਸੰਵਰਨਾ। ਸਮੱਸਿਆ ਸਮੁੱਚਾ ਰਾਜਸੀ ਢਾਂਚਾ ਬਦਲ ਕੇ ਹੱਲ ਹੋਣੀ ਹੈ...ਨਿਆਂ ਪ੍ਰਬੰਧ ਸਰਕਾਰ ਦਾ ਮੋਹਰਾ ਹੈ। ਨਿਆਂ-ਪ੍ਰਬੰਧ ਵਿਰੁੱਧ ਲੜ ਕੇ ਅਸੀਂ ਸਰਕਾਰ ਵਿਰੁੱਧ ਹੀ ਲੜ ਰਹੇ ਹਾਂ। (ਪੰਨਾ 67)

ਇਹ ਅਤੇ ਹੋਰ ਅਜਿਹੇ ਵੇਰਵੇ ਲੇਖਕ ਦੀ ਸਾਧਨ-ਵਿਹੂਣੀ ਜਾਂ ਮਜ਼ਲੂਮ ਧਿਰ ਨਾਲ ਸਾਂਝ ਪ੍ਰਗਟਾਉਂਦੇ ਹਨ। ਅਸਲ ਵਿਚ ਉਸ ਦੇ ਸਮੁੱਚੇ ਨਾਵਲਾਂ ਦਾ ਤਾਣਾ-ਪੇਟਾ ਹੀ ਉਸ ਦੀ ਖੋਜਮੂਲਕ ਬਿਰਤੀ, ਤਰੱਕੀ ਪਸੰਦ ਦ੍ਰਿਸ਼ਟੀ ਅਤੇ ਗਲਪੀ ਵੇਰਵਿਆਂ ਦੇ ਸੰਜੋਗੀ ਰਿਸ਼ਤੇ ਨਾਲ ਉਸਰਦਾ ਹੈ। ਇਨ੍ਹਾਂ ਤਿੰਨਾਂ ਵਿਚੋਂ ਇਕ ਨੂੰ ਵੀ ਮਨਫ਼ੀ ਕਰਕੇ ਉਸ ਦੇ ਗਲਪ ਸੰਸਾਰ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਉਸ ਦੁਆਰਾ ਸਿਰਜਤ ਰਚਨਾਵਾਂ ਪ੍ਰਚਲਿਤ ਅਰਥਾਂ ਵਾਲੀਆਂ ਗਲਪੀ ਰਚਨਾਵਾਂ ਹਰਗਿਜ਼ ਨਹੀਂ ਹਨ। ਇਨ੍ਹਾਂ ਦਾ ਮਕਸਦ ਤਾਂ ਵਿਸਤ੍ਰਿਤ ਢੰਗ ਨਾਲ ਵਿਸ਼ੇਸ਼ ਯਥਾਰਥ ਦੀਆਂ ਅਣਦਿਸਦੀਆਂ ਪਰਤਾਂ, ਕਰੂਰਤਾ ਅਤੇ ਅਮਾਨਵੀ ਲੋਕ ਵਿਰੋਧੀ ਸੁਭਾਅ ਨੂੰ ਨੰਗਿਆਂ ਕਰਨਾ ਹੈ। ਇਨ੍ਹਾਂ ਵਿਚਲੀ ਪ੍ਰਗਤੀਵਾਦੀ ਚੇਤਨਾ ਇਨ੍ਹਾਂ ਦੇ ਸੰਗਠਨ ਦਾ ਪਛਾਣ-ਚਿੰਨ੍ਹ ਵੀ ਹੈ ਅਤੇ ਨਾਵਲ ਦੀ ਕਲਾਗਤ ਸੀਮਾ ਵੀ। ਉਸ ਦੇ ਨਾਵਲਾਂ ਵਿਚ ਪਾਤਰ ਅਤੇ ਘਟਨਾਵਾਂ ਤਾਂ ਬੋਲਦੀਆਂ ਹੀ ਹਨ, ਨਾਲ ਹੀ ਨਾਲ ਨਾਵਲਕਾਰ ਵੀ ਬੋਲਦਾ ਹੈ; ਦਰਸਾਉਣ ਤੇ ਦੱਸਣ ਦੀਆਂ ਪ੍ਰਕਿਰਿਆਵਾਂ ਨਾਲ-ਨਾਲ ਤੁਰਦੀਆਂ ਹਨ। ਅਜਿਹੀਆਂ ਰਚਨਾਵਾਂ ਵਿਚ ਭਾਸ਼ਣ ਦੀ ਵਿਧੀ, ਸੰਜੀਦਾ ਕਟਾਖ਼ਸ਼ੀ ਵਿਧੀ ਅਤੇ ਨਾਵਲ ਦੇ ਸੁਭਾਅ ਨੂੰ ਅਸਲੋਂ ਸਹਿਜ ਰੱਖਣ ਦੀਆਂ ਵਿਧੀਆਂ ਦਾ ਇਕ ਦੂਸਰੇ ਵਿਚ ਰਲ ਜਾਣਾ ਸੁਭਾਵਿਕ ਘਟਨਾ ਹੁੰਦੀ ਹੈ। ਉਸ ਦੇ ਨਾਵਲ ਟੇਢੇ ਢੰਗ ਨਾਲ ਦਰਸਾਉਂਦੇ ਵੀ ਉਹੋ ਕੁਝ ਹਨ, ਜੋ ਦੱਸਦੇ ਹਨ। ਜੇਕਰ ਉਸ ਦੁਆਰਾ ਸਿਰਜੇ ਮਹਾਂਕਾਵਿਕ ਨਾਵਲ ਵਿਚੋਂ ਮੂਲ ਥੀਮਿਕ ਸੂਤਰਾਂ ਨੂੰ ਪਛਾਣਨਾ ਹੋਵੇ ਤਾਂ ਉਹ ਸਹਿਜ ਰੂਪ ਵਿਚ ਹੀ ਸਾਮ੍ਹਣੇ ਆ ਜਾਂਦੇ ਹਨ ਕਿ ਭਾਰਤੀ ਫ਼ੌਜਦਾਰੀ ਨਿਆਂ ਪ੍ਰਬੰਧ ਦੀਆਂ ਸਭ ਕੜੀਆਂ ਭ੍ਰਿਸ਼ਟ ਅਤੇ ਲੋਕ ਵਿਰੋਧੀ ਕਿਰਦਾਰ ਧਾਰਨ ਕਰ ਚੁੱਕੀਆਂ ਹਨ। ਪੁਲਿਸ ਹੋਵੇ, ਚਾਹੇ ਨਿਆਂ ਪ੍ਰਬੰਧ ਜਾਂ ਜੇਲ੍ਹ ਪ੍ਰਬੰਧ ਸਭ ਆਪਣੇ ਉਦੇਸ਼ ਤੋਂ ਉਲਟ ਕਿਰਦਾਰ ਨਿਭਾਅ ਰਹੇ ਹਨ, ਇਸ ਨਿਆਂ ਪ੍ਰਬੰਧ ਦੀ ਇਕ ਕੜੀ ਦੂਸਰੇ ਅੰਦਰਲੇ ਸੱਚ ਨੂੰ ਸਹਿਜ ਰੂਪ ਵਿਚ ਦਰਸਾਅ ਦੇਂਦੀ ਹੈ, ਕਾਨੂੰਨ, ਨਿਆਂ ਅਤੇ ਜੇਲ੍ਹਾਂ ਵਿਚ ਪੈਸੇ ਦੀ ਸ਼ਕਤੀ ਆਪਣੇ ਜੌਹਰ ਵਿਖਾ ਰਹੀ ਹੈ ਅਤੇ ਚੌਤਰਫ਼ੀ ਕਾਨੂੰਨ ਦਾ ਨਹੀਂ, ਜੰਗਲ ਦਾ ਰਾਜ ਨਜ਼ਰ ਆਉਂਦਾ ਹੈ। ਇਸ ਸਭ ਕੁਝ ਨੂੰ ਬਦਲਿਆ ਅਤੇ ਲੋਕਪੱਖੀ ਬਣਾਇਆ ਜਾਣਾ ਚਾਹੀਦਾ ਹੈ। ਆਪਣੇ ਆਖ਼ਰੀ ਸੂਤਰ ਉੱਪਰ ਬਲ ਦੇਣ ਲਈ ਲੇਖਕ ਆਪਣੇ ਹਰ ਨਾਵਲ ਵਿਚ ਸਾਂਝੇ ਵਰਗ ਸੰਘਰਸ਼ ਅਤੇ ਪ੍ਰਭਾਵਸ਼ਾਲੀ ਲੋਕ ਲਹਿਰ ਨੂੰ ਉਸਾਰਨ ਦੀ ਤੀਬਰ ਲੋੜ ਨੂੰ ਉਭਾਰਦਾ ਹੈ। ਫਲਸਰੂਪ ਮਸਲਾ ਤੇ

ਹੱਲ, ਕਰੂਰ ਯਥਾਰਥ ਤੇ ਜਮਾਤੀ ਚੇਤਨਾ ਦੀ ਜ਼ਰੂਰਤ ਉਸ ਦੇ ਨਾਵਲਾਂ ਵਿਚ ਨਾਲ-ਨਾਲ ਤੁਰਦੇ ਉਸ ਦੇ ਗਲਪੀ ਪ੍ਰਬੰਧ ਦੀ ਸਿਰਜਣਾ ਕਰਦੇ ਹਨ। ਕਰੀਬ ਸਾਢੇ ਤਿੰਨ ਦਹਾਕਿਆਂ ਉੱਪਰ ਫੈਲੀ ਮਿੱਤਰ ਸੈਨ ਮੀਤ ਦੀ ਗਲਪਕਾਰੀ ਨੇ ਥੀਮ, ਗਲਪੀ ਤਕਨੀਕ, ਭਾਸ਼ਾ ਸ਼ੈਲੀ ਅਤੇ ਗਲਪ ਦ੍ਰਿਸ਼ਟੀ ਦੇ ਪੱਖੋਂ ਆਪਣੀ ਵੱਖਰੀ ਪਛਾਣ, ਨਿਵੇਕਲੇ ਨਕਸ਼ ਅਤੇ ਗਲਪੀ ਸੀਮਾਵਾਂ ਨੂੰ ਸਿਰਜਿਆ ਹੈ :

ੳ. ਮੀਤ ਨੇ ਆਪਣੀ ਗਲਪ-ਰਚਨਾ ਵਿਚ ਪ੍ਰਚਲਿਤ ਵਿਸ਼ਿਆਂ ਅਤੇ ਮੁੱਦਿਆਂ ਨਾਲੋਂ ਅਸਲੋਂ ਵੱਖਰਾ ਅਤੇ ਨਵਾਂ ਮੁੱਦਾ ਅਤੇ ਮਸਲਾ ਉਠਾਇਆ ਹੈ।

ਅ. ਥੀਮ ਪੱਖੋਂ ਉਸ ਦੇ ਨਾਵਲ ਇਕੋ ਹੀ ਧੁਰੇ (ਫ਼ੌਜਦਾਰੀ ਨਿਆਂ ਪ੍ਰਬੰਧ) ਦੁਆਲੇ ਘੁੰਮਦੇ ਅਤੇ ਉਸ ਦੀਆਂ ਵੱਖ-ਵੱਖ ਕੜੀਆਂ ਦੇ ਪਾਜ ਉਘਾੜਦੇ ਜਾਂ ਉਨ੍ਹਾਂ ਨੂੰ ਨੰਗਾ ਕਰਦੇ ਹਨ। ਉਸ ਦੀ ਸਮੁੱਚੀ ਤਖ਼ਲੀਕ ਦਾ ਮਕਸਦ ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਨਸ਼ਰ ਕਰਨਾ ਹੈ। ਅਜੋਕੇ ਭਿਅੰਕਰ, ਚਰ੍ਰਿਤਰਹੀਨ, ਤਲਿੱਸਮੀ, ਵਿਕਾਊ ਅਤੇ ਮਾਇਆ ਦੇ ਇਰਦ-ਗਿਰਦ ਘੁੰਮ ਰਹੇ ਯੁੱਗ ਦੀਆਂ ਪਰਤਾਂ ਨੂੰ ਫਰੋਲਣਾ ਉਸ ਦੀ ਗਲਪ-ਰਚਨਾ ਦਾ ਸ਼ਨਾਖਤੀ ਲੱਛਣ ਹੈ।

ੲ. ਉਸ ਦੇ ਨਾਵਲ ਫ਼ੌਜਦਾਰੀ ਨਿਆਂ ਪ੍ਰਬੰਧ ਦੀਆਂ ਕਮਜ਼ੋਰੀਆਂ ਨੂੰ ਦਰਸਾਉਣ ਲਈ ਮਜ਼ਲੂਮਾਂ, ਸਾਧਨਹੀਣਾਂ ਅਤੇ ਨਿਰਦੋਸ਼ਾਂ ਨਾਲ ਹੁੰਦੀਆਂ ਜ਼ਿਆਦਤੀਆਂ ਨੂੰ ਚਿਤਰਦੇ ਹਨ ਅਤੇ ਨਾਲ ਹੀ ਨਾਲ ਸਾਧਨ-ਸੰਪੰਨ ਧਿਰ ਦੀ ਪੈਸੇ ਅਤੇ ਸੰਪਰਕਾਂ ਦੀ ਸ਼ਕਤੀ ਨੂੰ ਉਭਾਰਦੇ ਹਨ। ਇਹ ਨਾਵਲ ਉਸ ਨੇ ਮਜ਼ਲੂਮ, ਸਾਧਨਹੀਣ, ਨਿਰਦੋਸ਼ ਅਤੇ ਪੀੜਤ ਧਿਰ ਦੇ ਹੱਕ ਦੇ ਪੈਂਤੜੇ ਤੋਂ ਸਿਰਜੇ ਹਨ। ਇਨ੍ਹਾਂ ਵਿਚ ਪੈਸੇ ਦੀ ਸ਼ਕਤੀ, ਅੱਤਿਆਚਾਰ ਅਤੇ ਗੁਲਾਮੀ ਦੇ ਸਮਵਿੱਥ ਸੰਘਰਸ਼ ਦੀ ਗਾਥਾ ਵੀ ਤੁਰਦੀ ਹੈ।

ਸ. ਉਸ ਦੀਆਂ ਰਚਨਾਵਾਂ ਵਕਤੀ ਮਜ਼ਾ ਦੇਣ ਵਾਲੀਆਂ ਨਹੀਂ ਅਤੇ ਇਨ੍ਹਾਂ ਨੂੰ ਪ੍ਰਚਲਿਤ ਸੁਹਜ ਸ਼ਾਸਤਰੀ ਪ੍ਰਤਿਮਾਨਾਂ ਉੱਪਰ ਨਹੀ ਪਰਖਿਆ ਜਾਣਾ ਚਾਹੀਦਾ। ਇਹ ਲਿਖਤਾਂ ਗਲਪ ਅਤੇ ਖੋਜ ਦੇ ਸੰਜੋਗੀ ਰਿਸ਼ਤੇ ਉੱਪਰ ਉੱਸਰੀਆਂ ਨਵੀਂ ਗਲਪ ਵਿਧਾ ਸਿਰਜਣ ਵੱਲ ਰੁਚਿਤ ਹਨ।

ਹ. ਸਿਰਜਣਾ ਦੇ ਦੈਵੀ ਸਿਧਾਂਤ ਨਾਲ ਇਨ੍ਹਾਂ ਲਿਖਤਾਂ ਦਾ ਕੋਈ ਸਰੋਕਾਰ ਨਹੀਂ। ਇਹ ਸੰਦੇਸ਼ ਮੁਖ ਅਤੇ ਪ੍ਰਤਿਬੱਧ ਚਰਿਤ੍ਰ ਦੀਆਂ ਧਾਰਨੀ ਰਚਨਾਵਾਂ ਹਨ। ਇਨ੍ਹਾਂ ਦਾ ਇਕੋ ਇਕ ਆਸ਼ਾ ਅਜੋਕੀ ਭ੍ਰਿਸ਼ਟ ਅਤੇ ਸਾਧਨਹੀਣ ਵਿਵਸਥਾ ਵਿਚ ਕ੍ਰਾਂਤੀਕਾਰੀ ਤਬਦੀਲੀ ਅਤੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਹੈ। ਸਾਮਰਾਜੀ ਵਿਸ਼ਵੀਕਰਨ ਦਾ ਵਿਰੋਧ ਇਨ੍ਹਾਂ ਰਚਨਾਵਾਂ ਦੀ

ਥੀਮਿਕ-ਲੈਅ ਦਾ ਅਟੁੱਟ ਹਿੱਸਾ ਹੈ। ਇਨ੍ਹਾਂ ਵਿਚਲੇ ਪਾਤਰ ਅਤੇ ਘਟਨਾਵਾਂ ਆਪਹੁਦਰੇ ਢੰਗ ਨਾਲ ਨਹੀਂ ਬਲਕਿ ਇਕ ਨਿਸ਼ਚਤ ਉਦੇਸ਼ ਅਤੇ ਨਿਸ਼ਚਤ ਦਿਸ਼ਾ ਵਿਚ ਸਰਕਦੇ ਅਤੇ ਨਿਸ਼ਚਤ ਭੂਮਿਕਾ ਨਿਭਾਉਂਦੇ ਹਨ।

ਕ. ਉਦੇਸ਼-ਮੂਲਕ ਅਤੇ ਪ੍ਰਤਿਬੱਧ ਰਚਨਾਵਾਂ ਹੋਣ ਕਰਕੇ ਇਨ੍ਹਾਂ ਗਲਪੀ ਰਚਨਾਵਾਂ ਦੇ ਸੰਗਠਨ ਵਿਚ ਮਸਲਾ ਤੇ ਹੱਲ, ਕਰੂਰ ਯਥਾਰਥ ਤੇ ਜਮਾਤੀ ਚੇਤਨਾਂ/ਸੰਘਰਸ਼ ਦੀ ਜ਼ਰੂਰਤ ਦੀ ਪ੍ਰਕਿਰਿਆ ਇਕ ਦੂਸਰੇ ਦੇ ਅੰਗ-ਸੰਗ ਤੁਰਦੀ ਹੈ। ਇਨ੍ਹਾਂ ਵਿਚ ਪਾਤਰਾਂ ਦੇ ਸੰਬਾਦ-ਪ੍ਰਬੰਧ ਦੇ ਨਾਲ-ਨਾਲ ਲੇਖਕ ਦਾ ਪ੍ਰਵਚਨ ਵੀ ਖ਼ਾਮੋਸ਼ ਨਹੀਂ ਰਹਿੰਦਾ। ਇੰਜ ਇਹ ਰਚਨਾਵਾਂ ਕੁਝ ਕਹਿੰਦੀਆਂ ਵੀ ਹਨ ਤੇ ਦਿਖਾਉਂਦੀਆਂ ਵੀ, ਦਰਸਾਉਂਦੀਆਂ ਵੀ ਹਨ ਅਤੇ ਬਹੁਤ ਕੁਝ ਦੱਸਦੀਆਂ ਵੀ।

ਖ. ਮੀਤ ਦੇ ਨਾਵਲਾਂ ਵਿਚਲਾ ਪਾਤਰ ਪ੍ਰਬੰਧ ਅਤੇ ਘਟਨਾ-ਪ੍ਰਬੰਧ ਵੀ ਅਸਲੋਂ ਵੱਖਰੀ ਅਤੇ ਨਿਵੇਕਲੀ ਕਿਸਮ ਦਾ ਹੈ। ਉਸ ਦੇ ਜ਼ਿਆਦਾਤਰ ਪਾਤਰ ਸ਼ਹਿਰਾਂ ਅਤੇ ਕਸਬਿਆਂ ਵਿਚੋਂ ਹਨ। ਇਸ ਪਾਤਰ ਪ੍ਰਬੰਧ ਨੂੰ ਨਾਇਕ ਖਲਨਾਇਕ ਦੀ ਰਵਾਇਤੀ ਵੰਡ ਅਨੁਸਾਰ ਨਹੀਂ ਪਰਖਿਆ ਜਾ ਸਕਦਾ। ਉਸ ਨੇ ਆਪਣੇ ਨਾਵਲਾਂ ਵਿਚ ਪਾਤਰਾਂ ਦੇ ਜਟਿਲ ਸਮੂਹ ਨੂੰ ਸਿਰਜਿਆ ਹੈ। ਇਨ੍ਹਾਂ ਵਿਚ ਨਾਇਕ ਲੋਕ ਸਮੂਹ ਹੈ ਜੋ ਜਮਾਤੀ ਚੇਤਨਾ ਜਾਂ ਸੰਘਰਸ਼ ਦੇ ਰਾਹ ਤੁਰਦਾ ਹੈ ਅਤੇ ਉਸ ਦਾ ਇੱਛਤ ਵਸਤੂ ਸ਼ੋਸ਼ਿਤ ਅਤੇ ਮਜ਼ਲੂਮ ਜਨਤਾ ਦੇ ਏਕੇ ਰਾਹੀਂ ਸਮਾਜਵਾਦੀ ਇਨਕਲਾਬ ਦੀ ਪ੍ਰਾਪਤੀ ਹੈ। ਖਲਨਾਇਕ ਧਿਰ ਅਜੋਕੀ ਨਿਆਂ ਪ੍ਰਣਾਲੀ ਅਤੇ ਸਮਾਜਕ ਆਰਥਿਕ ਵਿਵਸਥਾ ਹੈ ਜੋ ਸਾਧਨਹੀਣ ਦੀ ਵਿਰੋਧੀ ਅਤੇ ਸਾਧਨ ਸੰਪੰਨ ਦੀ ਪੱਖੀ ਹੈ। ਨਾਵਲਕਾਰ ਸਮੁੱਚੀ ਗਲਪ ਰਚਨਾ ਵਿਚ ਇਸ ਸਮੁੱਚੇ ਭ੍ਰਿਸ਼ਟ ਅਤੇ ਅਮਾਨਵੀ ਪ੍ਰਬੰਧ ਦੇ ਜੂਲੇ ਹੇਠੋਂ ਨਿਕਲਣ ਲਈ ਅਸਲ ਵਿਚ ਇਨ੍ਹਾਂ ਵਿਰੋਧੀ ਧਿਰਾਂ ਦੇ ਭੇੜ ਦਾ ਇਕ ਮਹਾਂਬਿਰਤਾਂਤ ਸਿਰਜਦਾ ਹੈ। ਉਹ ਲੁੰਪਨ-ਵਰਗ ਨੂੰ ਪਰਿਸਥਿਤੀਆਂ ਦੀ ਕਰੂਰਤਾ ਦੀ ਪੈਦਾਵਾਰ ਦੱਸ ਕੇ ਉਸ ਪ੍ਰਤਿ ਹਮਦਰਦੀ ਜਗਾਉਂਦਾ ਹੈ। ਇੰਜ ਇਸ ਨਾਵਲ ਵਿਚਲਾ ਘਟਨਾ ਪ੍ਰਬੰਧ ਵੀ ਆਪਣੇ ਆਪ ਵਿਚ ਮਕਸਦ ਨਹੀਂ, ਸਗੋਂ ਮਾਧਿਅਮ ਹੈ ਕਿਸੇ ਵਡੇਰੇ ਆਸ਼ੇ ਦੀ ਪੂਰਤੀ ਦਾ।

ਗ. ਅਜੋਕੀ ਬੁਰਜੂਆ ਨਿਆਂ ਪ੍ਰਣਾਲੀ ਅਤੇ ਉਸ ਦੀਆਂ ਦੂਸਰੀਆਂ ਸੰਸਥਾਵਾਂ ਵਿਚ ਵਿਆਪ ਰਹੇ ਨਿਘਾਰ ਦੀਆਂ ਵਿਭਿੰਨ ਪਰਤਾਂ ਅਤੇ ਕਿਰਦਾਰ ਨੂੰ ਉਭਾਰਨ ਲਈ ਨਾਵਲਕਾਰ ਨੇ ਤੱਥਾਂ, ਸਿਧਾਂਤਾਂ, ਅਨੁਭਵ, ਵਿਅੰਗ ਅਤੇ ਵਿਡੰਬਨਾ ਆਦਿ ਜੁਗਤਾਂ ਦੀ ਸਹਾਇਤਾ ਲਈ ਹੈ।

ਪ੍ਰਤਿਬੱਧ ਅਤੇ ਉਦੇਸ਼-ਮੂਲਕ ਸਾਹਿਤ ਦੀਆਂ ਆਪਣੀਆਂ ਸੰਭਾਵਨਾਵਾਂ ਦੇ

ਨਾਲ-ਨਾਲ ਸੀਮਾਵਾਂ ਵੀ ਹੁੰਦੀਆਂ ਹਨ। ਪੀੜਾ ਤੋਂ ਮੁਕਤੀ ਦਾ ਪ੍ਰਵਚਨ ਸਿਰਜਣ ਪ੍ਰਤਿ ਵਚਨਬੱਧ ਹੋਣ ਕਰਕੇ ਇਨ੍ਹਾਂ ਵਿਚ ਇਕ ਖ਼ਾਸ ਕਿਸਮ ਦੀ ਨਿਸ਼ਚਿਤਤਾ ਅਤੇ ਕਈ ਵਾਰ ਸਰਲਤਾ ਆ ਜਾਂਦੀ ਹੈ। ਇਨ੍ਹਾਂ ਦੀ ਪ੍ਰਾਪਤੀ ਆਪਣੇ ਸਮਿਆਂ ਦੀ ਵਿਆਕਰਣ ਅਤੇ ਮਨੁੱਖੀ ਜ਼ਿੰਦਗੀ ਦਾ ਮਹਾਂਬਿਰਤਾਂਤ ਸਿਰਜਣ ਵਿਚ ਨਿਹਿਤ ਹੁੰਦੀ ਹੈ। ਮੀਤ ਨੇ ਆਪਣੇ ਨਾਵਲਾਂ ਵਿਚ ਪੈਸੇ ਤੇ ਸੰਪਰਕਾਂ ਦੀ ਸ਼ਕਤੀ ਅਤੇ ਉਸ ਦੇ ਖ਼ਿਲਾਫ਼ ਉੱਠ ਰਹੇ ਵਿਦਰੋਹ ਨੂੰ ਸਮਾਨਾਂਤਰ ਰੂਪ ਵਿਚ ਚਿਤਰ ਕੇ ਇਤਿਹਾਸਕ ਮਹੱਤਵ ਦਾ ਕਾਰਜ ਕੀਤਾ ਹੈ। ਇਨ੍ਹਾਂ ਵਿਚ ਤਸਵੀਰਕਸ਼ੀ ਹੋਈ ਹੈ ਸਾਡੇ ਸਮਿਆਂ ਦੇ ਇਤਿਹਾਸ ਦੀ, ਜਿਸ ਵਿਚ ਪੀੜਾ ਤੇ ਸੰਘਰਸ਼, ਕਰੁਣਾ ਤੇ ਨਾਬਰੀ ਦੋਵੇਂ ਸ਼ਾਮਿਲ ਹਨ। ਇਸ ਲਈ ਇਨ੍ਹਾਂ ਨਾਵਲਾਂ ਨੂੰ ਇਨ੍ਹਾਂ ਦੀਆਂ ਕਲਾਤਮਕ ਸੀਮਾਵਾਂ ਦੀ ਬਜਾਏ ਇਨ੍ਹਾਂ ਦੀਆਂ ਸਮਾਜੀ ਤੇ ਰਾਜਨੀਤਕ ਸੰਭਾਵਨਾਵਾਂ ਦੇ ਕੋਣ ਤੋਂ ਪਰਖਿਆ ਜਾਣਾ ਬਣਦਾ ਹੈ।

## III

ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਸਮਝ ਲਈ ਤਿੰਨ ਮੌਲਿਕ ਅਤੇ ਪੰਜ ਸੰਪਾਦਿਤ ਪੁਸਤਕਾਂ ਸਾਮ੍ਹਣੇ ਆ ਚੁੱਕੀਆਂ ਹਨ। ਇਸ ਤੋਂ ਇਲਾਵਾ ਤਿੰਨ ਪੀਐੱਚ.ਡੀ. ਦੇ ਖੋਜ ਪ੍ਰਬੰਧ ਅਤੇ ਐੱਮ.ਫਿਲ. ਦੇ ਅਠਾਰਾਂ ਖੋਜ ਨਿਬੰਧ ਲਿਖੇ ਜਾ ਚੁੱਕੇ ਹਨ। ਫਿਰ ਇਸ ਪੁਸਤਕ ਦੀ ਜ਼ਰੂਰਤ ਕੀ ਹੈ ?

**ਮਿੱਤਰ ਸੈਨ ਮੀਤ : ਸਵਾਲਾਂ ਦੇ ਰੂਬਰੂ** ਪੁਸਤਕ ਦਾ ਮੁੱਖ ਮਕਸਦ ਮਿੱਤਰ ਸੈਨ ਮੀਤ ਦੀ ਸਮੁੱਚੀ ਰਚਨਾ ਸੰਬੰਧੀ ਤੱਥਿਕ ਵਾਕਫ਼ੀ ਪ੍ਰਦਾਨ ਕਰਨ ਅਤੇ ਉਸ ਦੇ ਨਾਵਲਾਂ ਸੰਬੰਧੀ ਹੋਈ ਸਮੁੱਚੀ ਖੋਜ ਅਤੇ ਆਲੋਚਨਾ ਸੰਬੰਧੀ ਜਾਣਕਾਰੀ ਦੇਣ ਤੋਂ ਕਿਤੇ ਵਧੇਰੇ ਹੈ। ਇਸ ਕਾਰਜ ਦਾ ਕੇਂਦਰੀ ਪ੍ਰਯੋਜਨ ਗਲਪਕਾਰ ਮੀਤ ਨੂੰ ਉਸ ਦੇ ਜੀਵਨ, ਰਚਨਾ, ਚਿੰਤਕਾਂ ਦੇ ਪ੍ਰਤਿਕਰਮ ਅਤੇ ਉਨ੍ਹਾਂ ਪ੍ਰਤਿ ਉਸ ਦੀ ਪ੍ਰਤਿਕਿਰਿਆ ਦੇ ਰੂਬਰੂ ਕਰਨਾ ਹੈ। ਇਸੇ ਲਈ ‘ਸਵਾਲ’ ਹੀ ਇਸ ਰਚਨਾ ਦੀ ਕਾਇਆ ਦਾ ਮੂਲ ਹਿੱਸਾ ਹਨ। ਇਨ੍ਹਾਂ ਸਵਾਲਾਂ ਰਾਹੀਂ ਪਤਾ ਲੱਗਾ ਹੈ : ਉਸ ਦੇ ਜੀਵਨ ਸਮਾਚਾਰਾਂ ਅਤੇ ਸਥਿਤੀ ਦਾ, ਉਸ ਦੀ ਗਲਪ ਰਚਨਾ ਦੇ ਉਦਭਵ ਤੇ ਵਿਕਾਸ ਦਾ, ਉਸ ਦੀ ਗਲਪ ਰਚਨਾ ਦੇ ਵਸਤੂ ਤੇ ਵਿਧੀ ਦਾ ਅਤੇ ਉਸ ਦੇ ਜੀਵਨ ਨਜ਼ਰੀਏ ਦਾ, ਆਦਿ। ਇਹ ਸਭ ਕੁਝ ਇਕ ਦੂਸਰੇ ਨਾਲ ਜੀਵੰਤ ਰਿਸ਼ਤੇ ਵਿਚ ਬੱਝਾ ਹੋਇਆ ਹੈ। ਇਸ ਰਾਹੀਂ ਲੇਖਕ ਦਾ ਆਪਣੀ ਗਲਪ ਰਚਨਾ ਪ੍ਰਤਿ ਆਪਣਾ ਸੰਕਲਪ ਜਾਂ ਜ਼ਾਵੀਆ ਪ੍ਰਗਟ ਹੁੰਦਾ ਹੈ। ਕੀ, ਕਿਉਂ, ਕਿਵੇਂ, ਕਿਸ ਲਈ, ਕਿੱਥੇ, ਕਦੋਂ ਵਰਗੇ ਸਵਾਲਾਂ ਦੇ ਜਵਾਬ ਮਿਲਣ ਲੱਗਦੇ ਹਨ। ਚਿੰਤਨ ਚਾਹੇ ਰੂਸੀ ਰੂਪਵਾਦੀਆਂ ਦਾ ਹੋਵੇ, ਅਮਰੀਕੀ ਨਵਾਲੋਚਕਾਂ ਦਾ, ਫਰਾਂਸੀਸੀ ਸੰਰਚਨਾਵਾਦੀਆਂ ਦਾ ਜਾਂ ਉਨ੍ਹਾਂ ਦੇ ਪ੍ਰਭਾਵ ਹੇਠ ਵਜੂਦ ਵਿਚ ਆਇਆ ਡਾ. ਹਰਿਭਜਨ ਸਿੰਘ ਅਤੇ ਉਸ ਦੇ ਸਾਥੀਆਂ ਦੁਆਰਾ ਪੇਸ਼

ਕੀਤਾ ਗਿਆ, ਉਸ ਵਿਚ ਲੇਖਕ ਹਾਸ਼ੀਏ ਉੱਪਰ ਖੜ੍ਹਾ ਦਿਖਾਈ ਦਿੰਦਾ ਹੈ। ਕੀ ਕਿਸੇ ਵੀ ਵਸਤੂ ਜਾਂ ਵਰਤਾਰੇ ਦੇ ਸਿਰਜਕ ਨੂੰ ਇਸ ਤਰ੍ਹਾਂ ਹਾਸ਼ੀਏ 'ਤੇ ਖੜ੍ਹਾ ਕਰ ਦੇਣਾ ਜਾਂ ਉਸ ਦੇ ਮੁੱਲ ਤੇ ਮਹੱਤਵ ਨੂੰ ਸ਼ੂਨਯ ਤਕ ਘਟਾ ਦੇਣਾ ਉਚਿਤ ਹੈ ? ਹਰਗਿਜ਼ ਨਹੀਂ। ਸਾਹਿਤ-ਮੁੱਲ ਉੱਪਰ ਆਧਾਰਿਤ ਅਧਿਐਨ-ਵਿਧੀ ਨਾਲ ਸਾਹਿਤ ਪਾਠ ਏਸ ਹੱਦ ਤਕ ਕੇਂਦਰ ਵਿਚ ਆ ਟਿਕਦਾ ਹੈ ਕਿ ਜਿਵੇਂ ਉਸ ਦਾ ਸਮਾਜ, ਲੇਖਕ ਅਤੇ ਪਾਠਕ ਨਾਲ ਕੋਈ ਰਿਸ਼ਤਾ ਹੀ ਨਾ ਹੋਵੇ। ਸਾਹਿਤ ਦੀ ਸਿਰਜਤ ਹੋਂਦ ਨੂੰ ਲੇਖਕ ਦੇ ਜੀਵਨ ਅਤੇ ਪਾਠਕ ਨਾਲੋਂ ਅਸਲੋਂ ਵਿਜੋਗ ਦਿੱਤਾ ਜਾਂਦਾ ਹੈ। ਸਾਡੀ ਜਾਚੇ "ਸਿਰਜਤ ਹੋਂਦ" ਦਾ ਆਪਣਾ ਮੁੱਲ ਤੇ ਮਹੱਤਵ ਹੋਣ ਦੇ ਬਾਵਜੂਦ ਇਸ ਨੂੰ ਸਿਰਜਕ ਜਾਂ ਕਰਤਾ ਤੋਂ ਅਸਲੋਂ ਵਿਜੋਗਿਆ ਨਹੀਂ ਜਾਣਾ ਚਾਹੀਦਾ। ਕਰਤਾ ਦੇ ਜੀਵਨ ਸਮਾਚਾਰਾਂ ਅਤੇ ਸਿਰਜਣਾ ਦੇ ਸੰਕਲਪ ਵਿਚ ਬਹੁਤ ਸਾਰੀਆਂ ਅਜੇਹੀਆਂ ਅੰਤਰ-ਦ੍ਰਿਸ਼ਟੀਆਂ ਮੌਜੂਦ ਹੁੰਦੀਆਂ ਹਨ ਜਿਹੜੀਆਂ ਉਸ ਦੀ ਰਚਨਾ ਨੂੰ ਸਮਝਣ ਲਈ ਇਕ ਨਵਾਂ ਕੋਣ ਮੁਹੱਈਆ ਕਰਦੀਆਂ ਹਨ। ਇਸ ਸਭ ਕੁਝ ਨਾਲ ਵਿਸ਼ਲੇਸ਼ਣ ਅਤੇ ਵਿਵੇਚਨ ਦਾ ਇਕ ਅਸਲੋਂ ਨਵਾਂ ਪਾਸਾਰ ਰੂਪਮਾਨ ਹੁੰਦਾ ਹੈ। ਨਿਰਸੰਦੇਹ, ਕਰਤਾ/ਲੇਖਕ ਦੇ ਆਪਣੀ ਸਿਰਜਣਾ ਪ੍ਰਤਿ ਸੰਕਲਪ ਦਾ ਆਪਣਾ ਮੁੱਲ ਹੈ ਤੇ ਮਹਤੱਵ ਹੈ, ਭਾਵੇਂ ਕਿ ਇਸ ਨੂੰ ਅੰਤਿਮ ਸੱਚ ਵਜੋਂ ਗ੍ਰਹਿਣ ਨਹੀਂ ਕੀਤਾ ਜਾਣਾ ਚਾਹੀਦਾ। ਹਥਲੀ ਪੁਸਤਕ ਲੇਖਕ ਦੀ ਸ਼ਖ਼ਸੀਅਤ, ਉਸ ਦੀ ਸਿਰਜਣਾ ਦੇ ਸੰਕਲਪ ਅਤੇ ਉਸ ਦੇ ਜੀਵਨ ਅਤੇ ਸਿਰਜਣਾ ਦੇ ਰਿਸ਼ਤੇ ਨੂੰ ਉਘਾੜਣ-ਉਭਾਰਣ ਹਿਤ ਵਿਉਂਤੀ ਗਈ ਹੈ। ਇਸ ਵਿਚੋਂ ਤੱਥਿਕ ਜਾਣਕਾਰੀ ਹਾਸਲ ਕਰਕੇ ਖੋਜ ਤੇ ਆਲੋਚਨਾ ਦੇ ਖੇਤਰ ਵਿਚ ਵਿਆਪ ਰਹੇ ਦੁਹਰਾਓ ਅਤੇ ਪੀਠੇ ਨੂੰ ਮੁੜ ਮੁੜ ਪੀਸਣ ਦੀ ਰੁਚੀ ਤੋਂ ਤਾਂ ਬਚਿਆ ਜਾ ਹੀ ਸਕੇਗਾ, ਨਾਲ ਹੀ ਨਾਲ ਵਿਸ਼ਲੇਸ਼ਣ ਤੇ ਵਿਵੇਚਨ ਵੀ ਆਪਹੁਦਰੇਪਨ ਤੋਂ ਖਹਿੜਾ ਛੁਡਾ ਕੇ ਤਰਕਸ਼ੀਲ ਬੁਨਿਆਦ ਉੱਪਰ ਖੜ੍ਹਾ ਹੋ ਸਕੇਗਾ। ਇਹ ਸਾਡੀ ਮਨਸ਼ਾ ਹੈ। ਇਹ ਕਾਰਜ ਇਸ ਮਨਸ਼ਾ ਨੂੰ ਕਿੰਨਾ ਕੁ ਹਕੀਕਤ ਵਿਚ ਢਾਲਦਾ ਹੈ ? ਇਸ ਦਾ ਥਹੁ-ਪਤਾ ਵਿਦਵਾਨਾਂ ਅਤੇ ਸੁਹਿਰਦ ਪਾਠਕਾਂ ਦੇ ਹੁੰਗਾਰੇ ਤੋਂ ਹੀ ਲੱਗੇਗਾ। ਇਸ ਹੁੰਗਾਰੇ ਦੀ ਇੰਤਜ਼ਾਰ ਰਹੇਗੀ।

**ਮਈ 2014**

**ਪ੍ਰੋ.ਫ਼ੈਸਰ ਹਰਿਭਜਨ ਸਿੰਘ ਭਾਟੀਆ**
**ਪੰਜਾਬੀ ਅਧਿਐਨ ਸਕੂਲ**
**ਗੁਰੂ ਨਾਨਕ ਦੇਵ ਯੂਨੀਵਰਸਿਟੀ**
**ਅਮ੍ਰਿਤਸਰ**
**98557 19118 (ਮੋਬਾਇਲ)**

# ਮਿੱਤਰ ਸੈਨ ਮੀਤ : ਸਵਾਲਾਂ ਦੇ ਰੂਬਰੂ

ਮੀਤ ਜੀ, ਮੈਂ ਤੁਹਾਡੇ ਜੀਵਨ, ਉਸ ਉੱਪਰ ਪਏ ਪ੍ਰਭਾਵਾਂ, ਤੁਹਾਡੇ ਜੀਵਨ ਅਤੇ ਤੁਹਾਡੀ ਸਿਰਜਣਾ ਦੇ ਰਿਸ਼ਤੇ, ਤੁਹਾਡੀ ਇਕੱਲੀ ਇਕੱਲੀ ਰਚਨਾ ਦੀ ਸਿਰਜਣ-ਪ੍ਰਕਿਰਿਆ, ਤੁਹਾਡੇ ਸਿਰਜਣਾ ਦੇ ਸੰਕਲਪ ਤੇ ਉਦੇਸ਼, ਤੁਹਾਡੇ ਨਾਵਲਾਂ ਸੰਬੰਧੀ ਹੁਣ ਤਕ ਹੋਏ ਅਧਿਐਨਾਂ, ਸਮੁੱਚੇ ਸਿਰਜਣ-ਕਾਰਜ ਸੰਬੰਧੀ ਤੁਹਾਡੀ ਰਾਇ, ਸਮਕਾਲੀ ਸਾਹਿਤਕਾਰਾਂ ਪ੍ਰਤਿ ਤੁਹਾਡਾ ਦ੍ਰਿਸ਼ਟੀਕੋਣ ਅਤੇ ਉਨ੍ਹਾਂ ਸਾਹਿਤਕਾਰਾਂ ਦਾ ਤੁਹਾਡੀ ਰਚਨਾਕਾਰੀ ਦੇ ਅਮਲ ਪ੍ਰਤਿ ਸਮੁੱਚਾ ਵਤੀਰਾ ਆਦਿ ਸੰਬੰਧੀ ਤੁਹਾਡੇ ਨਾਲ ਵਿਸਤ੍ਰਿਤ ਵਿਚਾਰ-ਚਰਚਾ ਦਾ ਇਛੁੱਕ ਹਾਂ। ਚਾਹੁੰਦਾ ਹਾਂ ਕਿ ਉਪਰੋਕਤ ਸਭਨਾਂ ਪਸਾਰਾਂ ਸੰਬੰਧੀ ਤੁਹਾਡੀ ਰਾਇ ਨੂੰ ਬਣਦਾ ਵਜ਼ਨ ਦਿੱਤਾ ਜਾਵੇ ਅਤੇ ਉਸ ਕੋਣ ਤੋਂ ਵੀ ਤੁਹਾਡੀ ਸਿਰਜਣਕਾਰੀ ਦੇ ਅਮਲ ਨੂੰ ਸਮਝਿਆ ਜਾ ਸਕੇ। ਇਕ ਢੰਗ ਨਾਲ ਮੈਂ ਤੁਹਾਨੂੰ ਤੁਹਾਡੀ ਹੀ ਸਿਰਜਣਾ ਦੇ ਰੂਬਰੂ ਕਰਨਾ ਚਾਹੁੰਦਾ ਹਾਂ। ਬੇਸ਼ੱਕ ਲੇਖਕ ਦੇ ਆਪਣੀ ਸਿਰਜਣਾ ਸੰਬੰਧੀ ਵਿਚਾਰ 'ਆਖ਼ਰੀ ਸੱਚ' ਨਹੀਂ ਹੁੰਦੇ ਪਰੰਤੂ ਉਨ੍ਹਾਂ ਪ੍ਰਤਿ ਬੇਧਿਆਨੀ ਵੀ ਨਹੀਂ ਵਰਤੀ ਜਾ ਸਕਦੀ। ਉਨ੍ਹਾਂ ਵਿਚ ਵੀ ਸੱਚ ਦੇ ਕੁਝ ਅੰਸ਼ ਜ਼ਰੂਰ ਮੌਜੂਦ ਹਨ। ਸਪੱਸ਼ਟ ਕਰ ਦੇਵਾਂ ਕਿ ਮਹਿਜ਼ ਤੁਹਾਡੀ ਰਾਇ ਨੂੰ ਕਿਸੇ ਅੰਤਿਮ ਸੱਚ ਵਜੋਂ ਨਹੀਂ, ਇਕ ਜ਼ਾਵੀਏ ਵਜੋਂ ਪ੍ਰਸਤੁਤ ਕਰਨਾ ਚਾਹੁੰਦਾ ਹਾਂ। ਵਿਗਿਆਨ ਜਾਂ ਵਿਗਿਆਨਕ ਅਧਿਐਨ, ਨਿਰੀਖਣ ਅਤੇ ਪ੍ਰਯੋਗ ਥਾਣੀਂ ਗੁਜ਼ਰਦਾ ਹੋਇਆ ਸੂਤਰਾਂ ਜਾਂ ਸਿੱਟਿਆਂ ਤਕ ਅੱਪੜਦਾ ਹੈ ਅਤੇ ਉਨ੍ਹਾਂ ਸਿੱਟਿਆਂ ਨੂੰ ਕਦੀ ਵੀ ਅੰਤਿਮ ਸੱਚ ਵਜੋਂ ਗ੍ਰਹਿਣ ਜਾਂ ਪ੍ਰਸਤੁਤ ਨਹੀਂ ਕੀਤਾ ਜਾ ਸਕਦਾ। ਹਰ ਵਿਗਿਆਨਕ ਅਧਿਐਨ ਦੀ ਵੀ ਆਪਣੀ ਕੋਈ ਨਾ ਕੋਈ ਸੀਮਾ ਹੁੰਦੀ ਹੈ। ਤੁਹਾਡੇ ਨਾਲ ਕੀਤੀ ਗੁਫ਼ਤਗੂ ਵਿਚੋਂ ਸਾਨੂੰ ਅਧਿਐਨ ਦਾ ਇਕ ਮਹੱਤਵਪੂਰਨ ਕੋਣ ਜਾਂ ਜ਼ਾਵੀਆ ਆਵੱਸ਼ ਹੀ ਮਿਲੇਗਾ।

? *ਮੀਤ ਜੀ, ਤੁਹਾਡੀ ਸਿਰਜਣਾ ਦਾ ਅਮਲ ਚਾਰ ਤੋਂ ਵੀ ਉੱਪਰ ਦਹਾਕਿਆਂ ਵਿਚੋਂ ਗੁਜ਼ਰ ਚੁੱਕਾ ਹੈ ਪਰੰਤੂ ਮੈਂ ਪਿੱਛਲਝਾਤ ਰਾਹੀਂ ਗੱਲ ਸ਼ੁਰੂ ਤੋਂ ਸ਼ੁਰੂ ਕਰਨਾ*

*ਚਾਹੁੰਦਾ ਹਾਂ। ਸੋ ਤੁਸੀਂ ਆਪਣੇ ਮੁੱਢਲੇ ਜੀਵਨ ਤੇ ਵਿੱਦਿਆ ਬਾਰੇ ਕੁਝ ਤੱਥ ਸਾਡੇ ਨਾਲ ਸਾਂਝੇ ਕਰੋ ?*

- ਮੇਰਾ ਜਨਮ 20 ਅਕਤੂਬਰ 1952 ਈ. ਨੂੰ ਇਕ ਨਿਮਨ ਮੱਧਵਰਗੀ ਮਹਾਜਨ ਪਰਿਵਾਰ ਵਿਚ ਹੋਇਆ ਸੀ। ਮੇਰੇ ਪਿਤਾ ਜੀ ਪਟਵਾਰੀ ਸਨ। ਪਰਿਵਾਰ ਉਨ੍ਹਾਂ ਦੇ ਨਾਲ-ਨਾਲ ਰਹਿੰਦਾ ਸੀ। ਜੀਵਨ ਦੇ ਪਹਿਲੇ ਅੱਠ-ਨੌਂ ਸਾਲ ਪਿੰਡਾਂ ਵਿਚ ਗੁਜ਼ਰੇ। ਪਟਵਾਰੀ ਹੋਣ ਕਾਰਨ ਪਿਤਾ ਜੀ ਦਾ ਵਾਹ ਕਿਰਸਾਨਾਂ ਨਾਲ ਪੈਂਦਾ ਸੀ। ਅਨਭੋਲ ਮਨ ਨੇ ਜਿਥੇ ਪੇਂਡੂ ਜੀਵਨ ਨੂੰ ਆਪਣੇ ਅੰਦਰ ਸਮੋ ਲਿਆ, ਉਥੇ ਕਿਰਸਾਨੀ ਦੇ ਦੁੱਖ-ਦਰਦ ਵੀ ਅਚੇਤ ਤੌਰ 'ਤੇ ਜ਼ਿਹਨ ਵਿਚ ਉਕਰੇ ਗਏ। ਸੰਨ 1962 ਵਿਚ ਅਸੀਂ ਪੱਕੇ ਤੌਰ 'ਤੇ ਬਰਨਾਲੇ ਟਿਕ ਗਏ। ਪੈਸੇ ਦੀ ਘਾਟ ਕਾਰਨ ਜਾਂ ਨਾਸਮਝੀ ਕਾਰਨ ਪਿਤਾ ਜੀ ਨੇ ਜਿਹੜਾ ਕੱਚਾ-ਪੱਕਾ ਘਰ ਖਰੀਦਿਆ, ਉਹ ਅਜਿਹੇ ਮੁਹੱਲੇ ਵਿਚ ਸੀ ਜਿਥੇ ਦਲਿਤਾਂ ਦੇ ਦਲਿਤ ਰਹਿੰਦੇ ਸਨ। ਧਾਨਕੇ (ਬਰਨਾਲੇ ਵਿਚ ਬਾਂਗਰੂ ਉਸ ਜਾਤੀ ਨੂੰ ਆਖਿਆ ਜਾਂਦਾ ਹੈ, ਜਿਹੜੀ ਲੋਕਾਂ ਦਾ ਮਲ-ਮੂਤਰ ਚੁੱਕਦੀ ਅਤੇ ਨਾਲੇ-ਨਾਲੀਆਂ ਸਾਫ਼ ਕਰਦੀ ਹੈ) ਮੁਹੱਲੇ ਵਿਚ ਕੁਝ ਘਰ ਚੂਹੜਿਆਂ ਦੇ ਵੀ ਸਨ। ਘਰ ਤੋਂ ਚਾਰ-ਪੰਜ ਸੌ ਗਜ਼ ਦੇ ਫ਼ਾਸਲੇ 'ਤੇ ਸਿਵੇ ਸਨ, ਜਿਥੇ ਹਰ ਸਮੇਂ ਮੁਰਦੇ ਸੜਦੇ ਰਹਿੰਦੇ ਸਨ। ਸਿਵਿਆਂ ਦੇ ਨਾਲ ਸਾਂਸੀਆਂ ਦੀਆਂ ਕੁੱਲੀਆਂ ਸਨ। ਇਸ ਤਰ੍ਹਾਂ ਮੇਰਾ ਲੜਕਪਨ ਦਲਿਤ ਸਾਥੀਆਂ ਦੀਆਂ ਕੁੱਲੀਆਂ ਵਿਚਕਾਰ ਉਨ੍ਹਾਂ ਦੇ ਦੁੱਖ-ਦਰਦਾਂ ਨਾਲ ਸਾਂਝਾਂ ਪਾਉਂਦੇ ਬੀਤਿਆ। ਇਸ ਦੁਆਲੇ ਨੇ ਮੈਨੂੰ ਦਲਿਤ ਵਰਗ ਦੀਆਂ ਸਮੱਸਿਆਵਾਂ ਦਾ ਗਿਆਨ ਕਰਵਾਇਆ ਜਿਹੜਾ ਹੁਣ ਤਕ ਮੇਰਾ ਸਹਾਈ ਹੈ ਅਤੇ ਮੇਰੀਆਂ ਰਚਨਾਵਾਂ ਵਿਚ ਸਹਿਜ ਸੁਭਾਅ ਪ੍ਰਗਟ ਹੁੰਦਾ ਹੈ। ਇਹ ਲੋਕ ਮੇਰੀ ਲਿਖਣ ਸਾਮਗ੍ਰੀ ਦਾ ਸੋਮਾ, ਮੇਰੇ ਪ੍ਰੇਰਨਾ ਸਰੋਤ ਅਤੇ ਮੇਰੇ ਦ੍ਰਿਸ਼ਟੀਕੋਣ ਦੇ ਸਿਰਜਕ ਹਨ।

  ਉਨ੍ਹਾਂ ਦਿਨਾਂ ਵਿਚ ਨਕਸਲੀ ਲਹਿਰਾਂ ਜ਼ੋਰ 'ਤੇ ਸੀ। 1968 ਵਿਚ ਦਸਵੀਂ ਪਾਸ ਕਰਨ ਬਾਅਦ ਜਦੋਂ ਕਾਲਜ ਵਿਚ ਪ੍ਰਵੇਸ਼ ਕੀਤਾ ਤਾਂ ਨਕਸਲੀ ਦੋਸਤਾਂ ਨਾਲ ਵਾਹ ਪਿਆ। ਦਲਿਤ ਦੋਸਤਾਂ ਦੀ ਭੈੜੀ ਹਾਲਤ ਦੇਖ ਕੇ ਮਨ ਵਿਚ ਪ੍ਰਸ਼ਨ ਪੈਦਾ ਹੁੰਦਾ ਸੀ ਕਿ ਇਹ ਲੋਕ 'ਨਰਕ' ਕਿਉਂ ਭੋਗ ਰਹੇ ਹਨ ? ਨਕਸਲੀਆਂ ਦੇ ਸਾਥ ਨੇ ਇਸ ਭੈੜੀ ਦਸ਼ਾ ਦੇ ਕਾਰਨ ਪਤਾ ਲਾਉਣ ਵਿਚ ਮਦਦ ਕੀਤੀ ਅਤੇ ਹੱਲ ਸੁਝਾਉਣੇ ਸ਼ੁਰੂ ਕੀਤੇ। ਸੋਚ ਵਿਚ ਨਿਖਾਰ ਆਉਣ ਲੱਗਾ।

  ਇਸੇ ਪ੍ਰਸ਼ਨ ਨਾਲ ਸੰਬੰਧਤ ਇਕ ਨੁਕਤਾ ਹੋਰ ਵੀ ਹੈ। ਸਾਡੇ ਪਰਿਵਾਰ ਵਿਚ ਨਿਰੋਲ ਪੰਜਾਬੀ ਸਭਿਆਚਾਰ ਭਾਰੂ ਸੀ। ਘਰ ਵਿਚ ਪੂਜਾ-ਪਾਠ ਨਹੀਂ ਸੀ ਹੁੰਦਾ, ਕੋਈ ਵਹਿਮ-ਭਰਮ ਨਹੀਂ ਸੀ ਪਾਲਿਆ ਜਾਂਦਾ ਅਤੇ ਨਾ ਹੀ ਕੋਈ ਆਡੰਬਰ ਰਚਿਆ ਜਾਂਦਾ ਸੀ। ਸਾਰੇ ਧਰਮਾਂ ਦਾ ਸਨਮਾਨ ਹੁੰਦਾ ਸੀ। ਇਸ ਤਰ੍ਹਾਂ ਮੇਰਾ ਬਚਪਨ ਕੱਟੜ ਧਾਰਮਿਕ ਸੰਸਕਾਰਾਂ ਦੀ ਜਕੜ ਤੋਂ ਮੁਕਤ ਰਿਹਾ।

ਇਸ ਤਰ੍ਹਾਂ ਪਿੱਛੋਂ ਵਿਗਿਆਨਕ ਸੋਚ ਅਪਨਾਉਣ ਵਿਚ ਮੈਨੂੰ ਸੌਖ ਰਹੀ। ਬੀ.ਏ. ਮੈਂ 1972 ਵਿਚ ਆਨਰਜ਼-ਇਨ-ਮੈਥ ਵਿਚ ਕੀਤੀ ਸੀ। ਇਸ ਇਮਤਿਹਾਨ ਵਿਚ ਮੈਂ ਪੰਜਾਬੀ ਯੂਨੀਵਰਸਿਟੀ ਪਹਿਲੇ ਸਥਾਨ 'ਤੇ ਰਿਹਾ ਸੀ ਅਤੇ ਮੈਨੂੰ ਗੋਲਡ-ਮੈਡਲ ਮਿਲਿਆ ਸੀ। ਐੱਲ.ਐੱਲ.ਬੀ. ਮੈਂ 1976 ਵਿਚ ਪੰਜਾਬ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਤੋਂ ਸ਼ਾਮ ਦੀਆਂ ਜਮਾਤਾਂ ਵਿਚ ਕੀਤੀ ਸੀ। ਗੁਜ਼ਾਰਾ ਚਲਾਉਣ ਲਈ ਦਿਨੇ ਨੌਕਰੀ ਕਰਦਾ ਸੀ। ਐੱਲ.ਐੱਲ.ਬੀ. ਵਿਚੋਂ ਵੀ ਮੈਂ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ 'ਤੇ ਰਿਹਾ ਸੀ। ਵਿਚਕਾਰਦੀ ਗਿਆਨੀ ਅਤੇ ਬੀ.ਐੱਡ. ਵੀ ਕਰ ਲਈ। ਇਨ੍ਹਾਂ ਵਾਧੂ ਡਿਗਰੀਆਂ ਨਾਲ ਮੈਨੂੰ ਪੰਜਾਬੀ ਸਿੱਖਿਆ ਅਤੇ ਮਨੋਵਿਗਿਆਨਕ ਵਿਸ਼ਿਆਂ ਦੀ ਸਮਝ ਵੀ ਆ ਗਈ। ਜਨਵਰੀ 1979 ਵਿਚ ਮੈਨੂੰ ਸਰਕਾਰੀ ਵਕੀਲ ਦੀ ਨੌਕਰੀ ਮਿਲ ਗਈ।

? *ਤੁਹਾਡੇ ਸ਼ੁਰੂ ਦੇ ਜੀਵਨ ਉੱਪਰ ਕਿਸ ਤਰ੍ਹਾਂ ਦੇ ਪ੍ਰਭਾਵ ਪਏ ਅਤੇ ਤੁਸੀਂ ਸਿਰਜਣਕਾਰੀ ਦੇ ਅਮਲ ਵੱਲ ਕਿਉਂ ਅਤੇ ਕਿਵੇਂ ਪਰਤੇ ?*

• ਬਰਨਾਲੇ ਦੀ ਮਿੱਟੀ ਵਿਚ ਲੇਖਕ ਪੈਦਾ ਕਰਨ ਦਾ ਕੋਈ ਖ਼ਾਸ ਗੁਣ ਹੈ ਜਾਂ ਉਥੋਂ ਦਾ ਵਾਤਾਵਰਣ ਜਾਂ ਮਾਹੌਲ ਲੋਕਾਂ ਨੂੰ ਲੇਖਕ ਬਣਨ ਲਈ ਪ੍ਰੇਰਦਾ ਹੈ। ਇਸ ਬਾਰੇ ਪੱਕੀ ਤਰ੍ਹਾਂ ਨਾਲ ਕੁਝ ਨਹੀਂ ਆਖਿਆ ਜਾ ਸਕਦਾ। ਪਰ ਇਕ ਗੱਲ ਸੱਚ ਹੈ ਕਿ ਸੱਠਵਿਆਂ ਦੇ ਅਖ਼ੀਰ ਅਤੇ ਸੱਤਰਵਿਆਂ ਦੇ ਸ਼ੁਰੂ ਵਿਚ ਬਰਨਾਲੇ ਦੀ ਮੰਡੀਰ ਦਾ ਰੁਝਾਨ ਕੁੜੀਆਂ ਪਿੱਛੇ ਖਾਕ ਛਾਨਣ ਵੱਲ ਘੱਟ, ਅੰਮ੍ਰਿਤਾ ਪ੍ਰੀਤਮ ਅਤੇ ਪਾਸ਼ ਦੀਆਂ ਕਵਿਤਾਵਾਂ, ਕੰਵਲ ਅਤੇ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਬਹਿਸਾਂ ਕਰਨ ਵੱਲ ਵਧੇਰੇ ਹੁੰਦਾ ਸੀ। ਉਨ੍ਹੀਂ ਦਿਨੀਂ ਬਰਨਾਲੇ ਵਿਚੋਂ ਦੋ ਸਾਹਿਤਕ ਪੱਤ੍ਰਿਕਾਵਾਂ **ਪ੍ਰਤੀਕ** ਅਤੇ **ਮੁਹਾਂਦਰਾ** ਜ਼ੋਰ ਸ਼ੋਰ ਨਾਲ ਨਿਕਲ ਰਹੀਆਂ ਸਨ। ਬਰਨਾਲਾ ਅਤੇ ਇਸ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਸਕੂਲਾਂ ਵਿਚ ਰਾਮ ਸਰੂਪ ਅਣਖੀ, ਇੰਦਰ ਸਿੰਘ ਖ਼ਾਮੋਸ਼, ਓਮ ਪ੍ਰਕਾਸ਼ ਗਾਸੋ ਅਤੇ ਬਸੰਤ ਕੁਮਾਰ ਰਤਨ ਵਰਗੇ ਨਾਵਲਕਾਰ ਬਾਲ ਮਨਾਂ ਵਿਚ ਸਾਹਿਤਕ ਰੁਚੀਆਂ ਦੇ ਬੀਜ ਬੋ ਰਹੇ ਸਨ। ਐੱਸ.ਡੀ. ਕਾਲਜ ਬਰਨਾਲਾ ਵਿਚ ਪ੍ਰੋ. ਜੱਗਾ ਸਿੰਘ, ਸੁਖਜੀਤ ਭੱਠਲ ਅਤੇ ਪ੍ਰੀਤਮ ਸਿੰਘ ਰਾਹੀ ਵਰਗੇ ਸ਼ਾਇਰ ਲੇਖਕਾਂ ਦੀ ਨਵੀਂ ਪਨੀਰੀ ਨੂੰ ਪਰਪੱਕਤਾ ਬਖਸ਼ਣ ਵਿਚ ਜੁਟੇ ਹੋਏ ਸਨ। ਕਾਲਜ ਦੇ ਮੈਗਜ਼ੀਨ ਅਤੇ ਸਾਹਿਤ ਸਭਾ ਨੂੰ ਜੋਗਿੰਦਰ ਸਿੰਘ ਨਿਰਾਲਾ, ਵਰਿਆਮ ਮਸਤ ਅਤੇ ਸੁਖਜੀਤ ਭੱਠਲ ਵਰਗੇ ਹੋਣਹਾਰ ਸਾਹਿਤਕਾਰ ਵਿਦਿਆਰਥੀ ਚਾਰ ਚੰਨ ਲਾ ਰਹੇ ਸਨ। ਆਲੇ-ਦੁਆਲੇ ਇਨਕਲਾਬੀ ਲਹਿਰ ਪੂਰੇ ਜੋਬਨ ਉੱਪਰ ਸੀ। ਸੰਤ ਰਾਮ ਉਦਾਸੀ ਦੇ ਗੀਤਾਂ, ਪਾਸ਼ ਦੀਆਂ ਕਵਿਤਾਵਾਂ ਅਤੇ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਗੂੰਜ ਕਾਲਜ ਦੇ ਨਾਲ-ਨਾਲ ਪਿੰਡਾਂ ਵਿਚ ਵੀ ਸੁਣਾਈ ਦਿੰਦੀ ਸੀ। **ਸਰਦਲ**, **ਹੇਮ ਜਯੋਤੀ** ਅਤੇ **ਸਿਆੜ** ਵਰਗੇ ਸਾਹਿਤਕ ਪੱਤਰ ਅਗਾਂਹਵਧੂ

ਲੇਖਕਾਂ ਦੀਆਂ ਕੱਚ-ਘੜ ਰਚਨਾਵਾਂ ਵੀ ਖ਼ੁਸ਼ ਹੋ ਕੇ ਛਾਪਦੇ ਸਨ। ਇਹੋ ਜਿਹੇ ਖ਼ੁਸ਼ਗਵਾਰ ਸਾਹਿਤਕ ਮਾਹੌਲ ਵਿਚ ਵਿਚਰਦਾ ਮਿੱਤਰ ਸੈਨ ਗੋਇਲ, ਮਿੱਤਰ ਸੈਨ ਮੀਤ ਬਣ ਗਿਆ।

ਪ੍ਰਗਟ ਸਿੰਘ ਖਹਿਰਾ ਮੇਰਾ ਦਸਵੀਂ ਜਮਾਤ ਦਾ ਜਮਾਤੀ ਸੀ। ਉਨ੍ਹੀਂ ਦਿਨੀਂ ਉਸ ਦੀ ਕਹਾਣੀ **ਬਾਲ ਸੰਦੇਸ਼** (ਪ੍ਰੀਤਨਗਰ) ਵਿਚ ਛਪੀ ਸੀ। ਸ਼ੁਰੂ ਤੋਂ ਹੀ ਮੇਰੇ ਵਿਚ ਹਰ ਕੰਮ ਵਿਚ ਮੋਹਰੀ ਰਹਿਣ ਦੀ ਪ੍ਰਵਿਰਤੀ ਰਹੀ ਹੈ। ਮੈਂ ਸੋਚਿਆ, ਮੈਨੂੰ ਵੀ ਲਿਖਣਾ ਅਤੇ ਛਪਣਾ ਚਾਹੀਦਾ ਏ। ਖਹਿਰਾ ਦੀ ਰੀਸ/ਪ੍ਰੇਰਨਾ ਨਾਲ ਮੈਂ ਇਕ ਕਹਾਣੀ ਲਿਖ ਕੇ **ਬਾਲ ਸੰਦੇਸ਼** ਵਿਚ ਭੇਜ ਦਿੱਤੀ ਜੋ ਅਗਲੇ ਹੀ ਅੰਕ ਵਿਚ ਛਪ ਗਈ। ਉਤਸ਼ਾਹਿਤ ਹੋ ਕੇ ਮੈਂ ਇਕ ਹੋਰ ਕਹਾਣੀ ਲਿਖੀ। ਦੋ-ਤਿੰਨ ਮਹੀਨਿਆਂ ਬਾਅਦ ਉਹ ਵੀ ਛਪ ਗਈ। ਇਨ੍ਹਾਂ ਦੋ ਕਹਾਣੀਆਂ ਦੀ ਪ੍ਰਕਾਸ਼ਨਾ ਨੇ ਮੇਰੇ ਲੇਖਕ ਬਣਨ ਦੀ ਨੀਂਹ ਰੱਖੀ। ਮੁੜ ਮੇਰੀ ਕਹਾਣੀ **ਬਾਲ ਸੰਦੇਸ਼** ਵਿਚ ਤਾਂ ਨਾ ਛਪੀ ਪਰ **ਹਾਣੀ** ਅਤੇ **ਸਮਰਾਟ** ਸਪਤਾਹਿਕਾਂ ਨੇ ਮੈਨੂੰ ਧੜਾ-ਧੜ ਛਾਪਿਆ। ਮੇਰੇ ਲੇਖਕ ਅਖਵਾਉਣ ਦੀ ਹਉਮੈ ਨੂੰ ਪੱਠੇ ਪੈਂਦੇ ਰਹੇ।

ਇਨਕਲਾਬੀ ਦੋਸਤਾਂ ਦੇ ਸਾਥ ਕਾਰਨ ਹੋਰ ਪੁਸਤਕਾਂ ਦੇ ਨਾਲ-ਨਾਲ ਮਾਸਿਕ **ਸਰਦਲ** ਵੀ ਪੜ੍ਹਨ ਨੂੰ ਮਿਲਣ ਲੱਗੀ। ਮੇਰੀ ਸੋਚ ਨੇ ਪਲਟਾ ਖਾਧਾ ਅਤੇ ਮੈਂ ਇਨਕਲਾਬੀ ਦ੍ਰਿਸ਼ਟੀਕੋਣ ਤੋਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਗੁਰਸ਼ਰਨ ਭਾ ਜੀ ਉਨ੍ਹਾਂ ਦਿਨਾਂ ਵਿਚ **ਸਰਦਲ** ਦੇ ਸੰਪਾਦਕ ਸਨ। ਉਨ੍ਹਾਂ ਨੇ ਮੇਰੀਆਂ ਕਹਾਣੀਆਂ ਨੂੰ ਇਸ ਮੈਗ਼ਜ਼ੀਨ ਵਿਚ ਵਿਸ਼ੇਸ਼ ਸਥਾਨ ਦਿੱਤਾ। 1971 ਦੇ ਅਖ਼ੀਰ ਵਿਚ ਜਦੋਂ ਮੈਂ ਬੀ.ਏ. ਜਮਾਤ ਦਾ ਵਿਦਿਆਰਥੀ ਹੀ ਸੀ ਤਾਂ ਗੁਰਸ਼ਰਨ ਭਾਅ ਜੀ ਨੇ ਮੇਰਾ ਪਹਿਲਾ ਨਾਵਲ **ਅੱਗ ਦੇ ਬੀਜ** ਸਾਹਿਤ ਕਲਾ ਕੇਂਦਰ ਅੰਮ੍ਰਿਤਸਰ ਵੱਲੋਂ ਛਾਪਿਆ। ਬਲਰਾਜ ਸਾਹਨੀ ਪ੍ਰਕਾਸ਼ਨ ਦੀ ਉਸ ਸਮੇਂ ਸਥਾਪਨਾ ਨਹੀਂ ਸੀ ਹੋਈ। ਨਾਵਲ ਦੀ ਸੁਰ ਇਨਕਲਾਬੀ ਸੀ। ਇਸ ਲਈ ਕੁਝ ਚਰਚਾ ਵੀ ਹੋਈ। ਨਾਵਲ ਦੀ ਇਸ ਪ੍ਰਕਾਸ਼ਨਾ ਨੇ ਸਾਹਿਤਕਾਰ ਬਣਨ ਦਾ ਮੇਰਾ ਰਾਹ ਪੱਧਰਾ ਕਰ ਦਿੱਤਾ।

ਲਾਅ ਦੀ ਪੜ੍ਹਾਈ ਲਈ 1972 ਵਿਚ ਮੈਨੂੰ ਚੰਡੀਗੜ੍ਹ ਜਾਣਾ ਪਿਆ। ਬਰਨਾਲੇ ਦਾ ਸਾਹਿਤਕ ਮਾਹੌਲ ਛੁੱਟ ਗਿਆ। ਇਨਕਲਾਬੀ ਲਹਿਰ ਪੱਤਣ ਵੱਲ ਤੁਰ ਪਈ। ਇਕ-ਇਕ ਕਰਕੇ ਸਾਹਿਤਕ ਪਰਚੇ ਬੰਦ ਹੋ ਗਏ। ਸਧਾਰਨ ਵਿਚਾਰਧਾਰਾ ਵਾਲੇ ਪਰਚੇ ਸਾਨੂੰ ਛਾਪਣ ਤੋਂ ਡਰਦੇ ਸਨ। ਇਸ ਤਰ੍ਹਾਂ ਨਿਰਉਤਸ਼ਾਹਿਤ ਹੋਣ ਕਾਰਨ ਲਿਖਣਾ ਬੰਦ ਹੋ ਗਿਆ।

ਪਟਿਆਲੇ ਅਤੇ ਨਾਭੇ ਦਾ ਪਾਣੀ ਪੀਣ ਬਾਅਦ 1981 ਵਿਚ ਮੈਂ ਰਾਮਪੁਰਾ ਫੂਲ ਆ ਗਿਆ। ਉਸ ਸਮੇਂ ਦਰਸ਼ਨ ਸਿੰਘ ਗਿੱਲ (ਬਠਿੰਡਾ) ਇਸ ਹਲਕੇ ਵਿਚ ਐਕਸਾਈਜ਼ ਇੰਸਪੈਕਟਰ ਲੱਗਾ ਹੋਇਆ ਸੀ। ਲਾਹਨ ਦੇ ਕੇਸਾਂ ਵਿਚ

ਗਵਾਹੀ ਦੇਣ ਉਹ ਮੇਰੇ ਕੋਲ ਕਚਹਿਰੀ ਆਉਂਦਾ ਹੁੰਦਾ ਸੀ। ਗੱਲੀਂ-ਗੱਲੀਂ ਇਕ ਦਿਨ ਪੁਰਾਣੇ ਭੇਤ ਖੁੱਲ੍ਹ ਗਏ। ਉਨ੍ਹਾਂ ਦੀ ਪ੍ਰੇਰਨਾ 'ਤੇ 12 ਸਾਲਾਂ ਬਾਅਦ ਮੈਂ ਫਿਰ ਕਲਮ ਚੁੱਕ ਲਈ।

ਸਰਕਾਰੀ ਵਕੀਲ, ਪੁਲਿਸ ਅਤੇ ਨਿਆਂ-ਪਾਲਿਕਾਂ ਵਿਚ, ਇਕ ਕੜੀ ਦੇ ਤੌਰ 'ਤੇ ਕੰਮ ਕਰਦਾ ਹੈ। ਸੁਭਾਵਿਕ ਹੀ ਉਸ ਨੂੰ ਦੋਹਾਂ ਸੰਸਥਾਵਾਂ ਦੇ ਕੰਮਕਾਜ ਦਾ ਗਹਿਰਾ ਅਧਿਐਨ ਹੋ ਜਾਂਦਾ ਹੈ। ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਨਵੇਂ ਦੌਰ ਵਿਚ ਅਛੂਤੇ ਪਏ ਵਿਸ਼ੇ **ਪੁਲਿਸ ਪ੍ਰਬੰਧ** ਬਾਰੇ ਲਿਖਣਾ ਚਾਹੀਦਾ ਹੈ। ਮੈਂ ਵਿਗਿਆਨਕ ਅਤੇ ਯੋਜਨਾਬੱਧ ਢੰਗ ਨਾਲ ਪੁਲਿਸ ਸਭਿਆਚਾਰ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਅੱਤਵਾਦ ਵੀ ਜ਼ੋਰਾਂ ਉੱਪਰ ਸੀ। ਪੁਲਿਸ ਮਹਿਕਮੇ ਦਾ ਅੰਗ ਹੋਣ ਕਾਰਨ ਮੈਨੂੰ ਅੱਤਵਾਦ ਨਾਲ ਜੁੜੇ ਲੋਕਾਂ ਦੇ ਵਿਚਾਰਾਂ ਅਤੇ ਕਿਰਦਾਰਾਂ ਨੂੰ ਸਮਝਣ ਦਾ ਮੌਕਾ ਵੀ ਮਿਲਿਆ। ਦੋਹਾਂ ਸਮੱਸਿਆਵਾਂ ਨੂੰ ਲੈ ਕੇ ਮੈਂ ਕੁਝ ਕਹਾਣੀਆਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚੋਂ "ਲਾਮ", "ਖਾਨਾਪੂਰੀ" ਅਤੇ "ਦਹਿਸ਼ਤਗਰਦ" ਕਹਾਣੀਆਂ ਨੇ ਲੋਕਾਂ ਦਾ ਧਿਆਨ ਖਿੱਚਿਆ।

ਦਰਸ਼ਨ ਗਿੱਲ ਨੇ ਮੇਰੀ ਬਾਂਹ ਅੱਗੇ ਕਾਮਰੇਡ ਸੁਰਜੀਤ ਗਿੱਲ ਨੂੰ ਫੜਾ ਦਿੱਤੀ। ਰਾਮਪੁਰਾ ਫੂਲ ਤੋਂ ਮੇਰੀ ਬਦਲੀ ਜਗਰਾਉਂ ਦੀ ਹੋ ਗਈ। ਕਾਮਰੇਡ ਗਿੱਲ ਨੂੰ ਸ਼ਾਇਦ ਮੇਰੇ ਵਿਚ ਛੁਪੀ ਪ੍ਰਤਿਭਾ ਨਜ਼ਰ ਆ ਗਈ ਸੀ। ਉਹ ਮੇਰੇ ਕੋਲ ਜਗਰਾਉਂ ਗੇੜਾ ਮਾਰਨ ਲੱਗੇ। ਕਈ ਵਾਰ ਰਾਤ ਵੀ ਰਹਿ ਜਾਂਦੇ। ਕਾਮਰੇਡਾਂ ਵਾਂਗ ਸਕੂਲਿੰਗ ਕਰਦੇ। ਮੇਰੇ ਦਿਮਾਗ਼ ਦੇ ਕਿਵਾੜ ਖੁੱਲ੍ਹਣ ਲੱਗੇ। ਮੇਰੇ ਅੰਦਰਲਾ ਲੇਖਕ ਤਰਕਸੰਗਤ ਅਤੇ ਵਿਗਿਆਨਕ ਸੋਚ ਵੱਲ ਸੇਧਤ ਹੋਣ ਲੱਗਾ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਸਮਾਜ ਨੂੰ ਮਾਰਕਸੀ ਨਜ਼ਰੀਏ ਤੋਂ ਸਮਝਣ ਦੀ ਕੁਝ ਸੂਝ ਮੈਨੂੰ ਕਾਲਜ ਦੇ ਦਿਨਾਂ ਤੋਂ ਹੀ ਆਉਣੀ ਸ਼ੁਰੂ ਹੋ ਗਈ ਸੀ। ਲਾਅ ਦੀ ਪੜ੍ਹਾਈ ਕਰਦੇ ਸਮੇਂ ਜੁਰਮ ਵਿਗਿਆਨ (Criminology) ਅਤੇ ਦੰਡ ਵਿਗਿਆਨ (Penology) ਪੜ੍ਹਿਆ। ਨੌਕਰੀ ਦੌਰਾਨ ਪੁਲਿਸ ਅਤੇ ਜਰਾਇਮ ਪੇਸ਼ਾ ਲੋਕਾਂ ਨਾਲ ਨੇੜੇ ਤੋਂ ਵਾਹ ਪਿਆ। ਇਸ ਤਰ੍ਹਾਂ ਸਿੱਧਾਂਤਾਂ ਅਤੇ ਤੱਥਾਂ ਦਾ ਸੁਮੇਲ ਦਿਮਾਗ਼ ਵਿਚ ਜਮ੍ਹਾਂ ਹੋਣ ਲੱਗਾ।

ਕਹਾਣੀ ਲਿਖਣ ਬਾਅਦ ਲੱਗਦਾ ਸੀ ਕਿ ਰੂੰ ਦੇ ਟੋਕਰੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ। ਮਹਿਸੂਸ ਹੋਣ ਲੱਗਾ ਕਿ ਰਾਈ-ਰਾਈ ਢੋਣ ਨਾਲ ਪਹਾੜ ਨਹੀਂ ਢੋਹਿਆ ਜਾ ਸਕਦਾ। ਹਨੂੰਮਾਨ ਵਾਂਗ ਪੂਰੇ ਪਹਾੜ ਨੂੰ ਹੀ ਹੱਥ ਪਾਉਣ ਦੀ ਲੋੜ ਮਹਿਸੂਸ ਹੋਣ ਲੱਗੀ। ਮੈਨੂੰ ਲੱਗਾ, ਮੈਨੂੰ ਨਾਵਲ ਲਿਖਣਾ ਚਾਹੀਦਾ ਹੈ। ਇਸ ਤਰ੍ਹਾਂ ਮੈਂ ਕਹਾਣੀ ਤੋਂ ਨਾਵਲ ਵੱਲ ਪਰਤਿਆ।

? *ਸ਼ੁਰੂ ਸ਼ੁਰੂ ਵਿਚ ਤੁਹਾਡੇ ਆਦਰਸ਼ਕ ਲੇਖਕ ਕਿਹੜੇ ਸਨ ਅਤੇ ਤੁਸੀਂ ਉਨ੍ਹਾਂ ਤੋਂ*

*ਕੀ ਪ੍ਰਭਾਵ ਗ੍ਰਹਿਣ ਕੀਤਾ ?*

- ਸਾਡੇ ਸਮਿਆਂ (1968) ਵਿਚ ਸਕੂਲਾਂ ਦੀਆਂ ਲਾਇਬ੍ਰੇਰੀਆਂ ਪੁਸਤਕਾਂ ਨਾਲ ਭਰੀਆਂ ਹੁੰਦੀਆਂ ਸਨ। ਬੱਚਿਆਂ ਵਿਚ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਬਕਾਇਦਾ ਇਕ ਪੀਰੀਅਡ ਲਾਇਬ੍ਰੇਰੀ ਜਾਣ ਲਈ ਰੱਖਿਆ ਜਾਂਦਾ ਸੀ। ਘਰ ਨੂੰ ਲਿਜਾਣ ਲਈ ਪੁਸਤਕਾਂ ਖੁੱਲ੍ਹਦਿਲੀ ਨਾਲ ਦਿੱਤੀਆਂ ਜਾਂਦੀਆਂ ਸਨ। ਉਨ੍ਹਾਂ ਦਿਨਾਂ ਵਿਚ ਜੋ ਪੁਸਤਕਾਂ ਪੜ੍ਹੀਆਂ ਉਨ੍ਹਾਂ ਵਿਚੋਂ ਕੁਝ ਦੇ ਨਾਂ ਮੈਨੂੰ ਅੱਜ ਤਕ ਚੇਤੇ ਹਨ ਜਿਵੇਂ **ਖੀਵਾ ਘੁਮਿਆਰ**, **ਰੋਬਿਨਸਨ ਕਰੂਸੋ**, **ਮੇਰੇ ਬੁੱਕਲ ਦੇ ਵਿਚ ਚੋਰ** ਅਤੇ **ਮੌਸਮ ਖਰਾਬ ਹੈ**। ਬਰਨਾਲੇ ਦੀ ਮਿਉਂਸਪਲ ਲਾਇਬ੍ਰੇਰੀ ਵਿਚ ਵੀ ਹਜ਼ਾਰਾਂ ਦੀ ਗਿਣਤੀ ਵਿਚ ਸਾਹਿਤਕ ਪੁਸਤਕਾਂ ਮੌਜੂਦ ਸਨ। ਇਥੇ ਰੋਜ਼ਾਨਾ ਅਖ਼ਬਾਰਾਂ ਦੇ ਨਾਲ ਨਾਲ **ਪੰਜ ਦਰਿਆ**, **ਪ੍ਰੀਤਲੜੀ**, **ਨਾਗਮਣੀ**, **ਆਰਸੀ**, **ਜਨ ਸਾਹਿਤ** ਆਦਿ ਸਾਹਿਤਕ ਰਸਾਲੇ ਪੜ੍ਹਨ ਨੂੰ ਮਿਲਦੇ ਸਨ। ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੇ ਨਾਵਲ ਇਸੇ ਲਾਇਬ੍ਰੇਰੀ ਵਿਚੋਂ ਲੈ ਕੇ ਪੜ੍ਹੇ। ਐੱਸ.ਡੀ. ਕਾਲਜ ਬਰਨਾਲਾ ਦੀ ਲਾਇਬ੍ਰੇਰੀ ਵੀ ਅੱਜ-ਕੱਲ੍ਹ ਦੀਆਂ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਜਿੱਡੀ ਸੀ। ਰਹਿੰਦੀ ਕਸਰ ਉਥੋਂ ਪੂਰੀ ਹੋ ਜਾਂਦੀ। ਰੂਸੀ ਸਾਹਿਤ ਕੌਡੀਆਂ ਦੇ ਭਾਅ ਮਿਲਦਾ ਸੀ। ਗੋਰਕੀ, ਟਾਲਸਟਾਇ ਅਤੇ ਚੈਖਵ ਸਸਤੇ ਭਾਅ ਵਿਚ ਪੜ੍ਹੇ ਗਏ। ਬੀ.ਏ. ਕਰਦੇ-ਕਰਦੇ, ਸ਼ੌਕ ਵਜੋਂ ਗਿਆਨੀ ਦੇ ਇਮਤਿਹਾਨ ਵਿਚ ਬੈਠਣ ਲਈ ਫਾਰਮ ਭਰ ਦਿੱਤਾ। ਤਿਆਰੀ ਕਰਦੇ ਸਮੇਂ ਸਾਹਿਤ ਦੀ, ਆਲੋਚਨਾਤਮਕ ਦ੍ਰਿਸ਼ਟੀ ਤੋਂ ਸਮਝ ਆਉਣ ਲੱਗੀ। ਗੁਰਬਾਣੀ ਅਤੇ ਭਗਤੀ-ਕਾਵਿ ਦਾ ਅਧਿਐਨ ਉਨ੍ਹੀਂ ਦਿਨੀਂ ਹੋਇਆ। ਪੀ.ਸੀ.ਐੱਸ. ਦੇ ਇਮਤਿਹਾਨ ਵਿਚ ਬੈਠਣ ਲਈ ਪੰਜਾਬੀ ਸਾਹਿਤ ਦਾ ਪਰਚਾ ਰੱਖਿਆ। ਸੂਫ਼ੀ ਸਾਹਿਤ ਦੀਆਂ ਬਾਰੀਕੀਆਂ ਦੀ ਸਮਝ ਉਸ ਸਮੇਂ ਪਈ। ਸ਼ੁਰੂ ਸ਼ੁਰੂ ਵਿਚ ਅਚੇਤ ਤੌਰ 'ਤੇ ਇਹ ਲੇਖਕ ਮੇਰੇ ਆਦਰਸ਼ਕ ਲੇਖਕ ਬਣੇ ਅਤੇ ਅਸਿੱਧੇ ਤੌਰ 'ਤੇ ਇਨ੍ਹਾਂ ਨੇ ਮੈਨੂੰ ਪ੍ਰਭਾਵਿਤ ਵੀ ਕੀਤਾ।

? *ਤੁਸੀਂ ਆਪਣੇ ਅਨੁਭਵ ਦੇ ਪ੍ਰਗਟਾਵੇ ਲਈ ਗਲਪ ਦੀ ਵਿਧਾ ਨੂੰ ਹੀ ਕਿਉਂ ਚੁਣਿਆ ?*

- ਕਹਿੰਦੇ ਹਨ ਵਧੀਆ ਕਵਿਤਾ ਭਾਵੁਕ ਸੁਭਾਅ ਵਾਲਾ ਵਿਅਕਤੀ ਲਿਖ ਸਕਦਾ ਹੈ। ਬਾਕੀ ਵਿਧਾਵਾਂ ਲਈ ਬੁੱਧੀ ਦੀ ਵੱਧ ਲੋੜ ਪੈਂਦੀ ਹੈ। ਮੈਂ ਹਿਸਾਬ, ਅਰਥ-ਸ਼ਾਸਤ੍ਰ ਅਤੇ ਕਾਨੂੰਨ ਦਾ ਵਿਦਿਆਰਥੀ ਹਾਂ। ਇਹ ਵਿਸ਼ੇ ਬੁੱਧੀ ਨੂੰ ਤੀਖਣ ਕਰਦੇ ਹਨ। ਆਮ ਲੇਖਕਾਂ ਵਾਂਗ ਸ਼ੁਰੂ ਵਿਚ ਮੈਂ ਵੀ ਕੁਝ ਕਵਿਤਾਵਾਂ ਲਿਖੀਆਂ। ਸ਼ਾਇਦ ਭਾਵੁਕ ਸੁਭਾਅ ਨਾ ਹੋਣ ਕਾਰਨ ਕਾਮਯਾਬੀ ਹਾਸਿਲ ਨਹੀਂ ਹੋਈ। ਸ਼ਾਇਦ ਬੌਧਿਕ ਕਿਸਮ ਦਾ ਹੋਣ ਕਾਰਨ ਮੈਂ ਗਲਪ ਵੱਲ ਮੁੜਿਆ ਅਤੇ ਕਾਮਯਾਬੀ ਦੇ ਨੇੜੇ ਢੁਕਿਆ।

? *ਗਲਪ ਵਿਚੋਂ ਵੀ ਅੱਗੋਂ ਤੁਹਾਨੂੰ ਨਾਵਲ ਦੀ ਵਿਧਾ ਹੀ ਆਪਣੇ ਅਨੁਭਵ ਦੇ ਪ੍ਰਗਟਾਵੇ ਲਈ ਵੱਧ ਮੇਚ ਦੀ ਕਿਉਂ ਪ੍ਰਤੀਤ ਹੋਈ ?*

- ਨਾਵਲ ਦਾ ਖੇਤਰ ਬਹੁਤ ਵਿਸ਼ਾਲ ਹੈ। ਬਾਰੀਕ ਤੋਂ ਬਾਰੀਕ ਗੱਲ ਆਖੀ ਜਾ ਸਕਦੀ ਹੈ। ਸਰਕਾਰੀ ਵਕੀਲ ਹੋਣ ਕਾਰਨ ਮੇਰਾ ਵਾਹ ਪੁਲਿਸ, ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ ਨਾਲ ਨੇੜੇ ਤੋਂ ਪੈ ਰਿਹਾ ਸੀ। ਇਸ ਨਿਕੇਵਲੇ ਅਤੇ ਗਹਿਰ ਗੰਭੀਰ ਵਿਸ਼ੇ ਉੱਪਰ ਕੋਈ ਨਿੱਗਰ ਰਚਨਾ ਰਚੀ ਗਈ ਹੋਵੇ, ਇਹ ਵੀ ਨਜ਼ਰ ਨਹੀਂ ਸੀ ਆ ਗਿਆ। ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਵਿਸ਼ਾਲਤਾ ਨਾਲ ਚਿਤਰਨ ਲਈ ਨਾਵਲ ਹੀ ਉਚਿਤ ਵਿਧਾ ਹੋ ਸਕਦੀ ਸੀ। ਆਪਣੀ ਗੱਲ ਕਹਿੰਦੇ-ਕਹਿੰਦੇ ਮੈਨੂੰ ਵੀ ਕਰੀਬ 1200 ਪੰਨਿਆਂ ਦੇ ਚਾਰ ਨਾਵਲ ਲਿਖਣੇ ਪਏ। ਇੰਨਾ ਵਿਰਾਟ ਚਿਤਰਣ ਸਾਹਿਤ ਦੀ ਹੋਰ ਕਿਸੇ ਵਿਧਾ ਵਿਚ ਸੰਭਵ ਨਹੀਂ ਸੀ ਹੋ ਸਕਦਾ।

? *ਤੁਸੀਂ ਸ਼ੁਰੂ ਸ਼ੁਰੂ ਵਿਚ ਕਹਾਣੀਆਂ ਵੀ ਲਿਖੀਆਂ, ਜੋ **ਪੁਨਰਵਾਸ** (1987), **ਲਾਮ** (1988) ਅਤੇ **ਠੋਸ ਸਬੂਤ** (1992) ਆਦਿ ਸਿਰਲੇਖਾਂ ਹੇਠ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋਈਆਂ। 1971 ਈ. ਵਿਚ **ਅੱਗ ਦੇ ਬੀਜ** ਨਾਵਲ ਲਿਖਣ ਉਪਰੰਤ ਤੁਸੀਂ ਕਹਾਣੀ ਦੀ ਵਿਧਾ ਵੱਲ ਪਰਤੇ ਜਾਂ ਇਹ ਸਿਲਸਿਲਾ ਸਮਾਨਾਂਤਰ ਰੂਪ ਵਿਚ ਤੁਰਦਾ ਰਿਹਾ ?*

- ਸ਼ੁਰੂਆਤ ਕਹਾਣੀਆਂ ਤੋਂ ਕੀਤੀ। ਉਨ੍ਹਾਂ ਵਿਚੋਂ ਇੱਕੀ ਕਹਾਣੀਆਂ **ਪੁਨਰਵਾਸ** ਵਿਚ ਸ਼ਾਮਲ ਹਨ। ਨਾਵਲ **ਅੱਗ ਦੇ ਬੀਜ** ਦੀ ਰਚਨਾ ਮਈ-ਜੂਨ 1991 ਦੀਆਂ ਛੁੱਟੀਆਂ ਵਿਚ ਹੋਈ। **ਕਾਫ਼ਲਾ** ਨਾਵਲ ਇਸ ਤੋਂ ਬਾਅਦ ਲਿਖਿਆ। ਇਨ੍ਹਾਂ ਵਿਚੋਂ **ਅੱਗ ਦੇ ਬੀਜ** ਦਸੰਬਰ 1991 ਵਿਚ ਪ੍ਰਕਾਸ਼ਿਤ ਹੋ ਗਿਆ। **ਕਾਫ਼ਲਾ** ਅਤੇ **ਪੁਨਰਵਾਸ** ਦਾ ਪ੍ਰਕਾਸ਼ਨ ਕ੍ਰਮ ਅਨੁਸਾਰ 1986 ਅਤੇ 1987 ਵਿਚ ਹੋਇਆ। ਦੂਸਰਾ ਦੌਰ 1984 ਤੋਂ ਸ਼ੁਰੂ ਹੋਇਆ। ਪਹਿਲਾਂ ਕਹਾਣੀਆਂ ਲਿਖੀਆਂ ਜੋ **ਲਾਮ** ਅਤੇ **ਠੋਸ ਸਬੂਤ** ਸੰਗ੍ਰਹਿਆਂ ਵਿਚ ਸ਼ਾਮਲ ਸਨ। **ਤਫ਼ਤੀਸ਼** ਅਤੇ **ਕਟਹਿਰਾ** ਬਾਅਦ ਵਿਚ ਲਿਖਿਆ। ਇਸ ਤਰ੍ਹਾਂ ਇਨ੍ਹਾਂ ਦੋਹਾਂ ਦੌਰਾਂ ਵਿਚ ਨਾਵਲ ਅਤੇ ਕਹਾਣੀਆਂ ਦੀ ਸਿਰਜਣਾ ਨਾਲੋ-ਨਾਲ ਹੋਈ।

? ***ਤਫ਼ਤੀਸ਼** ਨਾਵਲ ਦੇ 1990 ਈ. ਵਿਚ ਪ੍ਰਕਾਸ਼ਨ ਉਪਰੰਤ ਤੁਸੀਂ ਕਿੰਨੀਆਂ ਕੁ ਕਹਾਣੀਆਂ ਲਿਖੀਆਂ ਹਨ ?*

- ਪੱਕੀ ਤਰ੍ਹਾਂ ਯਾਦ ਨਹੀਂ। ਇਕ ਕਹਾਣੀ ਜ਼ਰੂਰ ਲਿਖੀ ਸੀ। ਉਸ ਦਾ ਪ੍ਰਸਾਰਨ ਜਲੰਧਰ ਰੇਡੀਓ ਸਟੇਸ਼ਨ ਤੋਂ ਹੋਇਆ ਸੀ। ਉਸ ਕਹਾਣੀ ਦੀ ਪੜ੍ਹਤ ਗੁਆਚ ਗਈ ਹੈ।

? *ਸਾਡੇ ਪੰਜਾਬੀ ਦੇ ਕਈ ਗਲਪਕਾਰ ਹਨ ਜਿਨ੍ਹਾਂ ਦੀਆਂ ਕਹਾਣੀਆਂ ਉਨ੍ਹਾਂ ਦੇ*

*ਨਾਵਲਾਂ ਵਿਚਲੇ ਅਨੁਭਵ-ਪਸਾਰੇ ਦਾ ਹੀ ਇਕ ਛੋਟਾ ਜਾਂ ਮੁਕੰਮਲ ਭਾਸਦਾ ਜੁਜ਼ ਹੁੰਦੀਆਂ ਹਨ। ਤੁਸੀਂ ਇਸ ਅਮਲ ਬਾਰੇ ਆਪਣੀ ਸਿਰਜਣਾ ਦੇ ਪ੍ਰਸੰਗ ਵਿਚ ਕੀ ਕਹੋਗੇ ?*

• ਨਾਵਲ ਦੇ ਚੌਖਟੇ ਵਿਚ ਕਈ ਵਾਰ ਅਜਿਹੀਆਂ ਘਟਨਾਵਾਂ ਸ਼ਾਮਲ ਹੁੰਦੀਆਂ ਹਨ ਜਿਹੜੀਆਂ ਨਾਵਲ ਦੀ ਕਹਾਣੀ ਨੂੰ ਅੱਗੇ ਤੋਰਨ ਲਈ ਵੀ ਜ਼ਰੂਰੀ ਹੁੰਦੀਆਂ ਹਨ ਅਤੇ ਆਪਣੇ-ਆਪ ਵਿਚ ਸੁਤੰਤਰ ਕਹਾਣੀਆਂ ਵੀ ਹੁੰਦੀਆਂ ਹਨ। ਇੰਜ ਇਕ ਦੋ-ਵਾਰ ਮੈਨੂੰ ਵੀ ਮਹਿਸੂਸ ਹੋਇਆ ਹੈ। ਮੈਂ **ਤਫਤੀਸ਼** ਨਾਵਲ ਦੇ ਕਾਂਡ ਨੰ. 17 ਨੂੰ "ਛੁਰੀ" ਕਹਾਣੀ ਹੇਠ ਛਾਪਿਆ ਸੀ। ਲਾਸ਼ਾਂ ਦੀ ਚੀਰ ਫਾੜ ਕਰਨ ਵਾਲੇ, ਸਮਾਜ ਦੇ ਇਕ ਅਤੀ ਨਿਮਨ ਵਰਗ ਨਾਲ ਸੰਬੰਧਤ ਇਕ ਪਾਤਰ ਦਾ ਮਨੋਵਿਗਿਆਨ ਮੈਂ ਇਸ ਕਾਂਡ/ਕਹਾਣੀ ਵਿਚ ਪੇਸ਼ ਕੀਤਾ ਸੀ। ਉਸ ਪਾਤਰ ਦਾ ਨਾਵਲ ਵਿਚ ਹੋਰ ਕਿਧਰੇ ਨਾ ਜ਼ਿਕਰ ਹੈ, ਨਾ ਕੋਈ ਭੂਮਿਕਾ ਹੈ। ਇਹ ਤਜਰਬਾ ਸਫ਼ਲ ਰਿਹਾ ਸੀ। **ਕੌਰਵ ਸਭਾ** ਨਾਵਲ ਦੇ ਕਾਂਡ ਨੰ. 60 ਨੂੰ "ਜਫ਼ੀ" ਕਹਾਣੀ ਦੇ ਨਾਂ ਹੇਠ ਛਾਪਿਆ ਸੀ। **ਸੁਧਾਰ ਘਰ** ਦੇ ਕੁਝ ਕਾਂਡ ਜਿਵੇਂ ਕਿ ਹਾਕਮ ਦੇ ਆਰੇ ਉੱਪਰ ਕੰਮ ਕਰਨ, ਹਸਪਤਾਲ ਵਿਚ ਇਲਾਜ ਲਈ ਤੜਫ਼ਣ ਅਤੇ ਤਨਹਾਈ ਕੋਠੜੀ ਵਿਚ ਮਾਨਸਿਕ ਸੰਤੁਲਨ ਬਣਾਈ ਰੱਖਣ ਲਈ ਸੰਘਰਸ਼ ਵਾਲੇ ਕਾਂਡਾਂ ਵਿਚ ਸੁਤੰਤਰ ਕਹਾਣੀਆਂ ਵਾਲੇ ਸਭ ਤੱਤ ਮੌਜੂਦ ਹਨ। ਜੇਲ੍ਹ ਅਧਿਕਾਰੀਆਂ ਵੱਲੋਂ ਮੋਦਨ ਅਤੇ ਹੇਮਾ ਨਾਲ ਕੀਤੀਆਂ ਜ਼ਿਆਦਤੀਆਂ ਵਾਲੇ ਕਾਂਡ ਵੀ ਸੁਤੰਤਰ ਕਹਾਣੀਆਂ ਦੇ ਤੌਰ 'ਤੇ ਪੜ੍ਹੇ ਜਾ ਸਕਦੇ ਹਨ। ਨਾਵਲ ਦੇ ਕਿਸੇ ਕਾਂਡ ਨੂੰ ਇਕ ਕਹਾਣੀ ਦੇ ਤੌਰ 'ਤੇ ਪੇਸ਼ ਕਰਨ ਵਿਚ ਮੈਨੂੰ ਕੋਈ ਬੁਰਾਈ ਨਜ਼ਰ ਨਹੀਂ ਆਉਂਦੀ। ਹਾਂ, ਕਾਂਡ ਦਾ ਕਹਾਣੀ ਦੇ ਪੈਮਾਨਿਆਂ ਉੱਪਰ ਪੂਰਾ ਉਤਰਨਾ ਜ਼ਰੂਰੀ ਹੈ।

? *ਜਦੋਂ ਤੁਸੀਂ ਆਪਣੀਆਂ ਕਹਾਣੀਆਂ ਅਤੇ ਨਾਵਲਾਂ ਨੂੰ ਇਕੱਠਾ ਪੜ੍ਹਦੇ ਹੋ ਤਾਂ ਕਿਧਰੇ ਅਨੁਭਵ ਦੇ ਦੁਹਰਾਓ ਦਾ ਅਹਿਸਾਸ ਨਹੀਂ ਹੁੰਦਾ ?*

• ਮੇਰਾ ਕੰਮ ਬਹੁਤ ਥੋੜ੍ਹਾ ਹੈ। ਨਵੀਂ ਰਚਨਾ ਦਾ ਖ਼ਾਕਾ ਉਲੀਕਣ ਤੋਂ ਪਹਿਲਾਂ ਮੈਂ ਪਹਿਲੇ ਕੰਮ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਰੱਖਦਾ ਹਾਂ। ਇਸ ਲਈ ਅਨੁਭਵ ਦੇ ਦੁਹਰਾਓ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਮੈਂ ਆਪਣੀ ਰਚਨਾ ਪ੍ਰਕਿਰਿਆ ਦਾ ਇਕ ਹੋਰ ਭੇਤ ਦੱਸਦਾ ਹਾਂ। ਵੱਡਾ ਨਾਵਲ ਲਿਖਣ ਤੋਂ ਪਹਿਲਾਂ ਮੈਂ ਕੁਝ ਕਹਾਣੀਆਂ ਲਿਖਦਾ ਹਾਂ। ਇੰਜ ਕਰਨ ਨਾਲ ਵੱਡੀ ਗੱਲ ਨੂੰ ਪ੍ਰਭਾਵਸ਼ਾਲੀ ਅਤੇ ਥੋੜ੍ਹੇ ਸ਼ਬਦਾਂ ਵਿਚ ਪੇਸ਼ ਕਰਨ ਦੀ ਜਾਚ ਆ ਜਾਂਦੀ ਹੈ। ਫਿਰ ਨਾਵਲ ਲਿਖਣ ਵਿਚ ਬਹੁਤੀ ਔਖ ਮਹਿਸੂਸ ਨਹੀਂ ਹੁੰਦੀ। ਪਹਿਲਾਂ ਮੈਂ ਨਾਵਲ ਦੇ ਵਿਸ਼ੇ ਨੂੰ ਕਹਾਣੀ ਵਿਚ ਸਮੇਟ ਕੇ ਪਾਠਕਾਂ ਅੱਗੇ ਰੱਖਦਾ ਹਾਂ ਅਤੇ ਉਨ੍ਹਾਂ ਦਾ ਪ੍ਰਤਿਕਰਮ ਜਾਣਦਾ ਹਾਂ। ਜੇ ਹੁੰਗਾਰਾ ਹਾਂ-ਪੱਖੀ ਹੋਵੇ ਤਾਂ ਨਾਵਲ ਸ਼ੁਰੂ ਕਰਦਾ

ਹਾਂ। ਨਹੀਂ ਤਾਂ ਉਸ ਵਿਸ਼ੇ ਉੱਪਰ ਨਾਵਲ ਲਿਖਣ ਤੋਂ ਗੁਰੇਜ਼ ਕਰਦਾ ਹਾਂ। ਨਾਵਲ **ਅੱਗ ਦੇ ਬੀਜ** "ਮਸਲਾ" ਕਹਾਣੀ ਦਾ ਵਿਸਤ੍ਰਿਤ ਰੂਪ ਹੈ। **ਤਫ਼ਤੀਸ਼** "ਖਾਨਾਪੂਰੀ" ਕਹਾਣੀ ਉੱਪਰ ਆਧਾਰਿਤ ਹੈ। ਇੰਨੇ ਕੁ ਦੁਹਰਾਉ ਨੂੰ ਛੱਡ ਕੇ, ਮੇਰੀਆਂ ਕਹਾਣੀਆਂ ਅਤੇ ਨਾਵਲਾਂ ਵਿਚ ਕਿਤੇ ਕੋਈ ਦੁਹਰਾਓ ਨਹੀਂ ਹੈ।

? *ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਸਰਕਾਰੀ ਵਕੀਲ ਵਜੋਂ ਕੰਮ ਕਰ ਰਹੇ ਹੋ। ਤੁਹਾਨੂੰ ਆਪਣੇ "ਕਿੱਤੇ" ਅਤੇ "ਸਿਰਜਣਾ" ਵਿਚਾਲੇ ਕਿਸ ਤਰ੍ਹਾਂ ਦਾ ਰਿਸ਼ਤਾ ਪ੍ਰਤੀਤ ਹੁੰਦਾ ਹੈ ?*

• ਮੇਰੇ ਕਿੱਤੇ ਅਤੇ ਸਿਰਜਣਾ ਵਿਚ ਗੂੜ੍ਹਾ ਰਿਸ਼ਤਾ ਹੈ। ਇਕ ਲੇਖਕ ਲਈ ਵਕਾਲਤ ਤੋਂ ਵਧੀਆ ਕੋਈ ਕਿੱਤਾ ਹੋ ਨਹੀਂ ਸਕਦਾ। ਵਕੀਲ ਹਰ ਸਮੇਂ ਗਿਆਨ ਦੇ ਸਮੁੰਦਰ ਵਿਚ ਵਿਚਰਦਾ ਹੈ। ਕੇਸ ਤਿਆਰ ਕਰਦੇ ਸਮੇਂ ਉਸ ਦਾ ਹਰ ਵਰਗ, ਹਰ ਜਮਾਤ ਅਤੇ ਹਰ ਕਿੱਤੇ ਨਾਲ ਸੰਬੰਧਤ ਵਿਅਕਤੀਆਂ ਨਾਲ ਵਾਹ ਪੈਂਦਾ ਹੈ। ਮੁਕੱਦਮਾ ਜਿੱਤਣ ਲਈ ਵਕੀਲ ਨੂੰ ਸਮੱਸਿਆ ਦੀ ਤਹਿ ਤਕ ਜਾਣਾ ਪੈਂਦਾ ਹੈ। ਮਜਬੂਰੀ ਵੱਸ ਸਾਇਲ ਨੂੰ ਵਾਪਰੀ ਘਟਨਾ ਦੀ ਜਾਣਕਾਰੀ ਆਪਣੇ ਵਕੀਲ ਨੂੰ ਬਾਰੀਕੀ ਨਾਲ ਦੇਣੀ ਪੈਂਦੀ ਹੈ। ਆਪਣੇ ਹਰ ਰਾਜ ਤੋਂ ਪਰਦਾ ਚੁੱਕਣਾ ਪੈਂਦਾ ਹੈ। ਇਥੋਂ ਤਕ ਕਿ ਕਾਤਲ ਨੂੰ ਵੀ ਇਹ ਦੱਸਣਾ ਪੈਂਦਾ ਹੈ ਕਿ ਉਸ ਨੇ ਕਤਲ ਕਿਉਂ ਅਤੇ ਕਿਸ ਤਰ੍ਹਾਂ ਕੀਤਾ ਹੈ। ਤਿੱਖੀ ਸੂਝ ਵਾਲਾ ਵਕੀਲ ਸਮੱਸਿਆ ਪਿਛਲੇ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਪੱਖਾਂ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਸਰਕਾਰੀ ਵਕੀਲ ਹੋਣ ਦਾ ਇਕ ਹੋਰ ਵਾਧਾ ਹੈ। ਪ੍ਰਾਈਵੇਟ ਵਕੀਲ ਕੋਲ ਕੇਵਲ ਇਕ ਧਿਰ ਆਉਂਦੀ ਹੈ, ਇਸ ਲਈ ਉਸ ਨੂੰ ਸਮੱਸਿਆ ਦੇ ਇਕ ਪੱਖ ਦੀ ਸਮਝ ਹੀ ਪੈਂਦੀ ਹੈ। ਸਰਕਾਰੀ ਵਕੀਲ ਕੋਲ ਕਈ ਵਾਰ ਦੋਵੇਂ ਧਿਰਾਂ ਆ ਜਾਂਦੀਆਂ ਹਨ ਅਤੇ ਆਪਣਾ ਮਨ ਫਰੋਲ ਦਿੰਦੀਆਂ ਹਨ। ਮੈਂ ਲੇਖਕ ਪਹਿਲਾਂ ਹੁੰਦਾ ਹਾਂ ਅਤੇ ਵਕੀਲ ਪਿੱਛੋਂ। ਇਸ ਲਈ ਮੇਰੇ ਵਰਗੇ ਪਾਰਖੂ ਨੂੰ ਸੱਚ ਤਕ ਪੁੱਜਣ ਵਿਚ ਬਹੁਤੀ ਦੇਰ ਨਹੀਂ ਲੱਗਦੀ। ਜੇ ਮੈਂ ਸਰਕਾਰੀ ਵਕੀਲ ਨਾ ਹੁੰਦਾ ਤਾਂ ਸ਼ਾਇਦ ਮਨੁੱਖੀ ਵੇਦਨਾ ਨੂੰ ਏਨੀ ਗਹਿਰਾਈ ਨਾਲ ਨਾ ਸਮਝ ਸਕਦਾ।

ਵਕਾਲਤ ਦਾ ਸਿਰਜਣਾ ਨਾਲ ਇਕ ਹੋਰ ਵੀ ਗੂੜ੍ਹਾ ਰਿਸ਼ਤਾ ਹੈ। ਆਪਣਾ ਕੇਸ ਤਿਆਰ ਕਰਦੇ ਸਮੇਂ ਵਕੀਲ ਨੂੰ ਬਹੁਤ ਸਾਵਧਾਨੀ ਤੋਂ ਕੰਮ ਲੈਣਾ ਪੈਂਦਾ ਹੈ। ਅਦਾਲਤ ਵਿਚ ਬੋਲਦੇ ਸਮੇਂ ਕੌਮੇ ਅਤੇ Full Stop ਦੇ ਪ੍ਰਯੋਗ ਤਕ ਦਾ ਧਿਆਨ ਰੱਖਣਾ ਪੈਂਦਾ ਹੈ। ਉਦਾਹਰਣ ਲਈ ਇਕ ਵਾਕ 'ਫੜੋ ਨਾ ਜਾਣ ਦਿਓ' ਨੂੰ ਲੈਂਦੇ ਹਾਂ। ਜੇ ਉਚਾਰਣ ਸਮੇਂ ਕੌਮੇ ਦਾ ਪ੍ਰਭਾਵ ਸ਼ਬਦ ਫੜੋ ਤੋਂ ਪਹਿਲਾਂ ਪਵੇ ਤਾਂ ਵਾਕ ਦੇ ਅਰਥ ਇਹ ਨਿਕਲਣਗੇ ਕਿ ਭੱਜਣ ਵਾਲੇ ਨੂੰ ਫੜ ਲਓ ਅਤੇ ਉਸ ਨੂੰ ਜਾਣ ਨਾ ਦਿਓ। ਦੂਜੇ ਪਾਸੇ ਜੇ ਕੌਮੇ ਦਾ ਪ੍ਰਭਾਵ ਸ਼ਬਦ ਨਾ

ਤੋਂ ਬਾਅਦ ਪਵੇ ਤਾਂ ਵਾਕ ਦੇ ਅਰਥ ਉਲਟੇ ਹੋ ਜਾਣਗੇ ਅਤੇ ਇਸ ਦਾ ਅਰਥ ਨਿਕਲੇਗਾ ਕਿ ਭੱਜਣ ਵਾਲੇ ਨੂੰ ਨਾ ਫੜੋ ਅਤੇ ਜਾਣ ਦਿਓ। ਵਕੀਲ ਦੀ ਇਹ ਸਾਵਧਾਨੀ ਜਦੋਂ ਲਿਖਣ ਵਿਚ ਕੰਮ ਆਉਂਦੀ ਹੈ ਤਾਂ ਰਚਨਾ ਨੂੰ ਚਾਰ ਚੰਨ ਲਾਉਂਦੀ ਹੈ। ਇਕ ਵਕੀਲ ਜਦੋਂ ਦੂਜੀ ਧਿਰ ਦੇ ਗਵਾਹ ਤੇ ਜ਼ਿਰਾਹ ਕਰ ਰਿਹਾ ਹੁੰਦਾ ਹੈ ਤਾਂ ਉਸ ਨੇ ਗਵਾਹ ਕੋਲੋਂ ਸੱਚ ਉਗਲਵਾਉਣਾ ਹੁੰਦਾ ਹੈ। ਸੱਚ ਉਗਲਵਾਉਣ ਲਈ ਵਕੀਲ ਨੂੰ ਇਕਾਗਰਤਾ ਅਤੇ ਬੁੱਧੀ ਦੇ ਨਾਲ-ਨਾਲ ਕਲਪਨਾ ਸ਼ਕਤੀ ਦਾ ਪ੍ਰਯੋਗ ਵੀ ਕਰਨਾ ਪੈਂਦਾ ਹੈ। ਵਕਾਲਤ ਦੇ ਇਹ ਗੁਣ ਵੀ ਲਿਖਤ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੁੰਦੇ ਹਨ।

ਆਪਣਾ ਪੱਖ ਪੇਸ਼ ਕਰਦੇ ਸਮੇਂ ਵਕੀਲ ਨੂੰ ਖਿਲਾਰਾ ਪਾਉਣ ਦੀ ਇਜਾਜ਼ਤ ਨਹੀਂ ਹੁੰਦੀ। ਵਕੀਲ ਨੂੰ ਥੋੜ੍ਹੇ ਸ਼ਬਦਾਂ ਵਿਚ ਆਪਣੀ ਗੱਲ ਕਹਿਣੀ ਪੈਂਦੀ ਹੈ। ਹਰ ਵਾਕ ਸੋਚਿਆ ਸਮਝਿਆ ਅਤੇ ਤਰਕ ਭਰਪੂਰ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਇਕ ਵਕੀਲ ਨੂੰ ਗਾਗਰ ਵਿਚ ਸਾਗਰ ਭਰਨਾ ਆ ਜਾਂਦਾ ਹੈ। ਮੁਕੱਦਮੇ ਦੀ ਬਹਿਸ ਦੌਰਾਨ ਵਕੀਲ ਨੂੰ ਦੂਜੀ ਧਿਰ ਦੇ ਵਕੀਲ ਦੀ ਤਿੱਖੀ ਆਲੋਚਨਾ ਸੁਣਨੀ ਪੈਂਦੀ ਹੈ। ਕੁਰਸੀ 'ਤੇ ਬੈਠਾ ਜੱਜ ਫ਼ੈਸਲਾ ਉਲਟ ਸੁਣਾ ਕੇ ਵਕੀਲ ਦੀ ਸਾਲਾਂ ਦੀ ਮਿਹਨਤ ਨੂੰ ਮਿੱਟੀ ਵਿਚ ਮਿਲਾ ਦਿੰਦਾ ਹੈ। ਕਈ ਵਾਰ ਇਸ ਤਰ੍ਹਾਂ ਦਿਨ ਵਿਚ ਦੋ-ਦੋ, ਤਿੰਨ-ਤਿੰਨ ਵਾਰ ਵੀ ਹੋ ਜਾਂਦਾ ਹੈ। ਆਪਣੇ ਉਲਟ ਫ਼ੈਸਲੇ ਸੁਣ-ਸੁਣ ਇਕ ਵਕੀਲ ਵਿਚ ਸਹਿਨਸ਼ੀਲਤਾ ਆ ਜਾਂਦੀ ਹੈ। ਇਨ੍ਹਾਂ ਗੁਣਾਂ ਕਾਰਨ ਇਕ ਲੇਖਕ ਦੇ ਤੌਰ 'ਤੇ ਵਕੀਲ ਨੂੰ ਆਪਣੀ ਰਚਨਾ ਉੱਤੇ ਹੁੰਦੀ ਆਲੋਚਨਾ 'ਤੇ ਗ਼ੁੱਸਾ ਨਹੀਂ ਆਉਂਦਾ। ਉਲਟਾ ਉਹ ਆਲੋਚਨਾ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਸ਼ਾਇਦ ਇਸੇ ਕਾਰਨ ਮੇਰੀਆਂ ਰਚਨਾਵਾਂ ਵਿਚ ਤੀਖਣਤਾ ਅਤੇ ਤਰਕਸ਼ੀਲਤਾ ਭਾਰੂ ਹੁੰਦੀ ਹੈ ਅਤੇ ਮੈਨੂੰ ਆਲੋਚਨਾ ਤੋਂ ਡਰ ਨਹੀਂ ਲੱਗਦਾ।

ਇਕ ਵਕੀਲ ਨੂੰ ਆਪਣੇ ਗਿਆਨ ਨੂੰ ਸਮੇਂ ਦੇ ਹਾਣ ਦਾ ਰੱਖਣ ਲਈ ਸੁਪਰੀਮ ਕੋਰਟ ਅਤੇ ਹਾਈਕੋਰਟ ਵੱਲੋਂ ਸੁਣਾਏ/ਲਿਖੇ ਫ਼ੈਸਲੇ ਲਗਾਤਾਰ ਪੜ੍ਹਨੇ ਪੈਂਦੇ ਹਨ। ਇਹ ਫ਼ੈਸਲੇ ਉੱਚ ਕੋਟੀ ਦੇ ਵਿਦਵਾਨਾਂ ਵੱਲੋਂ ਲਿਖੇ ਖੋਜ-ਪੱਤਰਾਂ ਵਾਂਗ ਹੁੰਦੇ ਹਨ। ਇਨ੍ਹਾਂ ਫ਼ੈਸਲਿਆਂ ਦਾ ਅਧਿਐਨ, ਜਿਥੇ ਇਕ ਵਕੀਲ ਦੇ ਗਿਆਨ ਵਿਚ ਵਾਧਾ ਕਰਦਾ ਹੈ, ਓਥੇ ਤਰਕਸੰਗਤ ਰਚਨਾਵਾਂ ਲਿਖਣ ਦਾ ਵੱਲ ਵੀ ਸਿਖਾਉਂਦਾ ਹੈ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਮੇਰੇ ਕਿੱਤੇ ਅਤੇ ਸਿਰਜਣਾ ਵਿਚ ਗੂੜ੍ਹਾ ਸੰਬੰਧ ਹੈ।

? *ਤੁਸਾਂ ਨਾਵਲਾਂ ਅਤੇ ਕਹਾਣੀਆਂ ਦੇ ਰੂਪ ਵਿਚ ਪੇਸ਼ ਕੀਤੇ ਕਰੂਰ ਯਥਾਰਥ ਨੂੰ ਕਿੰਨਾ ਕੁ ਹੰਢਾਇਆ ਅਤੇ ਪ੍ਰਸਤੁਤ ਆਦਰਸ਼ਾਂ ਨੂੰ ਖ਼ੁਦ ਕਿੰਨਾ ਕੁ ਜੀਵਿਆ ਹੈ ? ਆਪਣੀ ਕਥਨੀ ਅਤੇ ਕਰਨੀ ਵਿਚਲੇ ਰਿਸ਼ਤੇ ਬਾਰੇ ਸਾਫ਼-ਸ਼ਫ਼ਾਫ਼ ਰੂਪ ਵਿਚ ਕੁਝ ਆਖੋ ?*

• ਅਸਲ ਸੱਚ ਪੇਸ਼ ਯਥਾਰਥ ਤੋਂ ਹਜ਼ਾਰਾਂ ਗੁਣਾ ਕਰੂਰ ਹੈ। ਮੈਂ ਕੇਵਲ ਉਹੋ ਸੱਚ ਪੇਸ਼ ਕੀਤਾ ਹੈ ਜੋ ਆਮ ਨਜ਼ਰ ਆਉਂਦਾ ਹੈ। ਲੱਖ ਯਤਨਾਂ ਦੇ ਬਾਵਜੂਦ ਕਥਨੀ ਅਤੇ ਕਰਨੀ ਵਿਚ ਫ਼ਰਕ ਰਹਿ ਜਾਂਦਾ ਹੈ। ਮੈਂ ਇਕ ਸਰਕਾਰੀ ਕਰਮਚਾਰੀ ਹਾਂ ਅਤੇ ਬੰਦਸ਼ਾਂ ਵਿਚ ਬੱਝਿਆ ਹੋਇਆ ਹਾਂ। ਸਭ ਕੁਝ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦਾ। ਵਰਤਾਰਾ ਏਨਾ ਪੇਚੀਦਾ ਹੈ ਕਿ ਆਪਣੀ ਮਰਜ਼ੀ ਦਾ ਮਾਲਕ ਇਕ ਆਜ਼ਾਦ ਵਕੀਲ ਵੀ ਸੱਚ ਦਾ ਪੱਲਾ ਫੜ ਕੇ, ਆਪਣੇ ਫ਼ਰਜ਼ ਨਹੀਂ ਨਿਭਾ ਸਕਦਾ। ਜੇ ਉਹ ਇੰਜ ਕਰਨ ਲੱਗੇਗਾ ਤਾਂ ਉਸ ਨੂੰ ਭੁੱਖਾ ਮਰਨਾ ਪਵੇਗਾ। ਫਿਰ ਵੀ ਮੈਂ ਬਹੁਤਿਆਂ ਨਾਲੋਂ ਵਿੱਥ ਬਣਾਈ ਹੋਈ ਹੈ ਅਤੇ ਪ੍ਰਸਤੁਤ ਆਦਰਸ਼ਾਂ ਉੱਪਰ ਚੱਲਣ ਦਾ ਯਤਨ ਕਰਦਾ ਰਹਿੰਦਾ ਹਾਂ, ਭਾਵੇਂ ਇਸ ਦੇ ਮੈਨੂੰ ਨਤੀਜੇ ਵੀ ਭੁਗਤਣੇ ਪੈਂਦੇ ਹਨ।

? *ਇਹ ਧਾਰਨਾ ਪ੍ਰਚਲਿਤ ਹੈ ਕਿ ਲੇਖਕ ਜੰਮਦੇ ਹਨ, ਬਣਦੇ ਨਹੀਂ। ਇਸ ਨੂੰ 'ਜਮਾਂਦਰੂ ਲੇਖਕ' ਦੇ ਸੰਕਲਪ ਦਾ ਨਾਂ ਦਿੱਤਾ ਜਾਂਦਾ ਹੈ। ਤੁਸੀਂ ਇਸ ਸੰਕਲਪ ਬਾਰੇ ਕੀ ਧਾਰਨਾ ਰੱਖਦੇ ਹੋ ?*

• ਲੇਖਕ ਬਣਨ ਲਈ ਸਿਰਜਣਾ ਸ਼ਕਤੀ, ਕਲਪਨਾ ਸ਼ਕਤੀ ਅਤੇ ਤੀਖਣ ਬੁੱਧੀ ਦੀ ਜ਼ਰੂਰਤ ਹੈ। ਇਹ ਸ਼ਕਤੀਆਂ ਕੁਦਰਤ ਦੀ ਰਹਿਮਤ ਨਾਲ ਨਸੀਬ ਹੁੰਦੀਆਂ ਹਨ। ਅਧਿਐਨ, ਅਨੁਭਵ ਅਤੇ ਅਭਿਆਸ ਨਾਲ ਲੇਖਕ ਇਨ੍ਹਾਂ ਸ਼ਕਤੀਆਂ ਦੀ ਉੱਤਮ ਵਰਤੋਂ ਕਰ ਸਕਦਾ ਹੈ। ਮੇਰੇ ਵਿਚਾਰ ਅਨੁਸਾਰ, ਲੇਖਕ ਦੀ ਸਫ਼ਲਤਾ ਪਿੱਛੇ ਉਸ ਦੇ ਇਹ ਜਮਾਂਦਰੂ ਗੁਣ ਤਾਂ ਹੁੰਦੇ ਹੀ ਹਨ, ਨਾਲ ਦੀ ਨਾਲ ਉਸ ਦੀ ਕਰੜੀ ਮਿਹਨਤ ਦੀ ਵੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ।

? *ਤੁਹਾਡੀ ਸਭ ਤੋਂ ਪਹਿਲੀ ਰਚਨਾ ਕਦੋਂ ਪ੍ਰਕਾਸ਼ਿਤ ਹੋਈ ?*

• ਮੇਰੀ ਪਹਿਲੀ ਕਹਾਣੀ ਸੰਨ 1967 ਵਿਚ, ਜਦੋਂ ਮੈਂ ਦਸਵੀਂ ਜਮਾਤ ਦਾ ਵਿਦਿਆਰਥੀ ਸੀ, **ਬਾਲ ਸੰਦੇਸ਼** ਵਿਚ ਛਪੀ ਸੀ।

? *ਤੁਸੀਂ ਲਿਖਣਾ ਕਿਉਂ ਤੇ ਕਿਸ ਮਕਸਦ ਲਈ ਆਰੰਭ ਕੀਤਾ ?*

• ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ, ਲਿਖਣਾ ਮੈਂ ਆਪਣੇ ਇਕ ਜਮਾਤੀ ਦੀ ਰੀਸ ਨਾਲ ਸ਼ੁਰੂ ਕੀਤਾ ਸੀ। ਜਿਉਂ-ਜਿਉਂ ਅੱਗੇ ਵਧਦਾ ਗਿਆ, ਮਕਸਦ ਬਦਲਦਾ ਗਿਆ। ਇਸ ਵਿਕਾਸ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ।

? *ਨਾਵਲ ਜਾਂ ਕਹਾਣੀਆਂ ਲਿਖਣ ਤੋਂ ਪਹਿਲਾਂ ਤੁਸੀਂ ਕਿਸੇ ਵੱਡੇ ਨਾਵਲਕਾਰ ਜਾਂ ਕਹਾਣੀਕਾਰ ਨੂੰ ਪੜ੍ਹਿਆ ਵੀ ? ਸ਼ੁਰੂ-ਸ਼ੁਰੂ ਵਿਚ ਕਿਹੜਾ ਲੇਖਕ ਤੁਹਾਡਾ ਸਿਰਜਣਾ-ਆਦਰਸ਼ ਬਣਿਆ ?*

• ਮੈਂ ਸਾਹਿਤ ਦਾ ਬਹੁਤਾ ਅਧਿਐਨ ਨਹੀਂ ਕਰ ਸਕਿਆ। ਇਸ ਦੇ ਕਈ ਕਾਰਨ ਹਨ। ਕਾਲਜ ਦੀ ਪੜ੍ਹਾਈ ਸਮੇਂ ਮੇਰੇ ਕੋਲ ਹਿਸਾਬ ਦਾ ਵਿਸ਼ਾ ਸੀ। ਇਹ ਵਿਸ਼ਾ ਬਹੁਤ ਅਭਿਆਸ ਦੀ ਮੰਗ ਕਰਦਾ ਹੈ। ਲਾਅ ਦੀ ਪੜ੍ਹਾਈ ਸਮੇਂ, ਖਰਚਾ ਚਲਾਉਣ ਲਈ ਪੜ੍ਹਾਈ ਦੇ ਨਾਲ-ਨਾਲ ਨੌਕਰੀ ਕਰਨੀ ਪਈ। ਉਸ ਸਮੇਂ ਦੇਸ਼ ਵਿਚ ਐਮਰਜੰਸੀ ਲੱਗੀ ਹੋਈ ਸੀ। ਮੁਲਾਜ਼ਮ ਮਿੱਥੇ ਸਮੇਂ ਤੋਂ ਇਕ ਮਿੰਟ ਪਹਿਲਾਂ ਦਫ਼ਤਰ ਨਹੀਂ ਸੀ ਛੱਡ ਸਕਦਾ। ਦਫ਼ਤਰੋਂ ਛੁੱਟੀ ਪੰਜ ਵਜੇ ਹੁੰਦੀ ਸੀ। ਕਲਾਸਾਂ ਛੇ ਵਜੇ ਸ਼ੁਰੂ ਹੋ ਕੇ ਨੌਂ ਵਜੇ ਖ਼ਤਮ ਹੁੰਦੀਆਂ ਸਨ। ਇਸ ਭੱਜ-ਨੱਠ ਵਿਚ ਸਿਰ ਖੁਰਕਣ ਦੀ ਵੀ ਵਿਹਲ ਨਹੀਂ ਸੀ ਮਿਲਦੀ। ਨਾਵਲ ਕਹਾਣੀਆਂ ਪੜ੍ਹਨਾ ਕਿਸ ਨੂੰ ਸੁੱਝ ਸਕਦੀਆਂ ਸਨ। ਵਕਾਲਤ ਦਾ ਧੰਦਾ ਵੀ ਧਿਆਨ ਅਤੇ ਸਮੇਂ ਦੀ ਮੰਗ ਕਰਦਾ ਹੈ। ਮੁਸ਼ਕਿਲ ਨਾਲ ਜੋ ਵਿਹਲ ਨਸੀਬ ਹੁੰਦੀ ਹੈ, ਉਸ ਨੂੰ ਸਿਰਜਣ ਪ੍ਰਕਿਰਿਆ ਲਈ ਵਰਤ ਲਈਦਾ ਹੈ। ਮੈਨੂੰ ਕਿਸੇ ਵੀ ਨਾਵਲਕਾਰ ਜਾਂ ਕਹਾਣੀਕਾਰ ਨੂੰ ਨਿੱਠ ਕੇ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਮੈਂ ਅਜਿਹੇ ਲੇਖਕ ਦਾ ਨਾਂ ਨਹੀਂ ਲੈ ਸਕਦਾ ਜਿਹੜਾ ਮੇਰਾ ਸਿਰਜਣਾ-ਆਦਰਸ਼ ਬਣਿਆ ਹੋਵੇ।

? *ਜਦੋਂ ਤੁਸਾਂ ਸਿਰਜਣਾ ਦੇ ਖੇਤਰ ਵਿਚ ਕਦਮ ਰੱਖਿਆ ਤਾਂ ਇਹ ਜ਼ਮਾਨਾ ਨਕਸਲੀ ਲਹਿਰ ਦਾ ਸੀ। ਤੁਹਾਡੀ ਸਿਰਜਣਾ **ਅੱਗ ਦੇ ਬੀਜ** (1971) ਕਿਉਂ ਅਤੇ ਕਿਵੇਂ ਹੋਂਦ ਵਿਚ ਆਈ ? **ਅੱਗ ਦੇ ਬੀਜ** ਦੇ ਪ੍ਰਕਾਸ਼ਨ ਉਪਰੰਤ ਤੁਸਾਂ ਕੀ ਅਨੁਭਵ ਕੀਤਾ ?*

• ਨਕਸਲੀ ਲਹਿਰ ਵੱਲ ਮੇਰਾ ਝੁਕਾਅ ਕਿਸ ਤਰ੍ਹਾਂ ਹੋਇਆ ਇਸ ਬਾਰੇ ਮੈਂ ਪਹਿਲਾਂ ਜ਼ਿਕਰ ਕਰ ਚੁੱਕਾ ਹਾਂ। ਉਸ ਸਮੇਂ ਕਵਿਤਾ ਬਹੁਤ ਲਿਖੀ ਜਾ ਰਹੀ ਸੀ, ਕਹਾਣੀਆਂ ਘੱਟ ਲਿਖੀਆਂ ਜਾ ਰਹੀਆਂ ਸਨ। ਮੈਂ ਕਹਾਣੀਆਂ 'ਤੇ ਹੱਥ ਅਜ਼ਮਾਇਆ, ਦੋ ਕਹਾਣੀਆਂ "ਰਾਤ ਦੇ ਸੂਰਜ" ਅਤੇ "ਹੱਲਾਂ ਦੇ ਮੁੰਨੇ" ਕਾਫ਼ੀ ਪਸੰਦ ਕੀਤੀਆਂ ਗਈਆਂ। ਇਹ ਕਈ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਛਪੀਆਂ। ਇਨ੍ਹਾਂ ਕਹਾਣੀਆਂ ਨੂੰ 'ਨਕਸਲੀ ਦੌਰ ਦੀਆਂ ਪ੍ਰਤੀਨਿਧ ਕਹਾਣੀਆਂ' ਮੰਨਿਆ ਗਿਆ। **ਅੱਗ ਦੇ ਬੀਜ** ਲਹਿਰ ਦੀ ਚੜ੍ਹਤ ਦੌਰਾਨ, ਇਸ ਵਿਸ਼ੇ 'ਤੇ ਲਿਖਿਆ ਗਿਆ ਪਹਿਲਾ ਨਾਵਲ ਸੀ। ਇਸ ਨੂੰ ਬਹੁਤ ਹੁੰਗਾਰਾ ਮਿਲਿਆ। ਮੈਂ ਹੋਰ ਲਿਖਣ ਲਈ ਉਤਸ਼ਾਹਿਤ ਹੋਇਆ।

? *ਕਿਸ ਪ੍ਰਕਾਰ ਦਾ ਹੁੰਗਾਰਾ ਮਿਲਿਆ ਤੁਹਾਡੇ ਇਸ ਪਲੇਠੇ ਨਾਵਲ ਨੂੰ ਪੰਜਾਬੀ ਪਾਠਕਾਂ ਅਤੇ ਚਿੰਤਕਾਂ ਵੱਲੋਂ ?*

• ਪੰਜਾਬ ਦੀ ਨਕਸਲੀ ਲਹਿਰ ਦਾ ਇਹ ਪਹਿਲਾ ਨਾਵਲ ਸੀ। ਗੁਰਸ਼ਰਨ ਭਾ ਜੀ ਵੱਲੋਂ ਛਾਪਿਆ ਗਿਆ ਸੀ। ਦੋਹਾਂ ਕਾਰਨਾਂ ਕਰਕੇ ਪਾਠਕਾਂ ਵੱਲੋਂ ਇਸ

ਨਾਵਲ ਨੂੰ ਭਰਵਾਂ ਹੁੰਗਾਰਾ ਮਿਲਿਆ। ਕੁਝ ਨੋਟਿਸ ਚਿੰਤਕਾਂ ਨੇ ਵੀ ਲਿਆ। ਪ੍ਰਿੰ ਨਰਿੰਜਨ ਤਸਨੀਮ ਨੇ ਅੰਗਰੇਜ਼ੀ ਟ੍ਰਿਬਿਊਨ ਵਿਚ ਛਪੇ ਆਪਣੇ ਇਕ ਨਿਬੰਧ ਵਿਚ ਇਸ ਦੀ ਤਾਰੀਫ਼ ਕੀਤੀ ਸੀ। ਆਪਣੀ ਹੈਸੀਅਤ ਮੁਤਾਬਕ ਨਾਮਣਾ ਖੱਟਣ ਵਿਚ ਇਹ ਨਾਵਲ ਸਫ਼ਲ ਰਿਹਾ।

? *ਤੁਸਾਂ **ਅੱਗ ਦੇ ਬੀਜ** ਦੀ ਭੂਮਿਕਾ ਗੁਰਸ਼ਰਨ ਭਾ ਜੀ ਪਾਸੋਂ ਲਿਖਵਾਈ। ਕਿੰਨਾ ਕੁ ਪ੍ਰਭਾਵਿਤ ਸੀ ਤੁਸੀਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ?*

• ਗੁਰਸ਼ਰਨ ਭਾ ਜੀ ਇਕ ਵਿਅਕਤੀ ਨਹੀਂ, ਇਕ ਸੰਸਥਾ ਸਨ। ਮੇਰੇ ਹੀ ਨਹੀਂ ਉਹ ਲੱਖਾਂ ਲੋਕਾਂ ਦੇ ਆਦਰਸ਼ ਸਨ। ਅਮੀਰੀ ਨੂੰ ਤਿਆਗਣ ਵਾਲੇ, ਉੱਚੀ ਪਦਵੀ ਨੂੰ ਲੱਤ ਮਾਰਨ ਵਾਲੇ, ਪਿੱਠ 'ਤੇ ਪੁਸਤਕਾਂ ਦੇ ਝੋਲੇ ਚੁੱਕੀ ਫਿਰਨ ਵਾਲੇ, ਖ਼ਤਰਿਆਂ ਨਾਲ ਟਕਰਾਉਣ ਵਾਲੇ ਅਤੇ ਹੋਰ ਬਹੁਤ ਕੁਝ ਸਨ ਗੁਰਸ਼ਰਨ ਭਾ ਜੀ। ਉਨ੍ਹਾਂ ਨੂੰ ਮੈਂ ਆਪਣੀ ਸਾਹਿਤਕ ਮਾਂ ਅਤੇ ਸਭ ਤੋਂ ਉੱਤਮ ਆਦਰਸ਼ ਮਾਡਲ ਸਮਝਦਾ ਹਾਂ।

? *ਗੁਰਸ਼ਰਨ ਭਾ ਜੀ ਨੇ ਇਸ ਨਾਵਲ ਬਾਰੇ ਟਿੱਪਣੀ ਕੀਤੀ ਸੀ ਕਿ "ਇਸ ਨਾਵਲ ਦੇ ਬੀਜ ਬਗ਼ਾਵਤ ਦੇ ਬੀਜ ਹਨ ਜੋ ਨੌਜਵਾਨਾਂ ਦੀਆਂ ਛਾਤੀਆਂ ਵਿਚ ਬੀਜੇ ਜਾ ਰਹੇ ਹਨ ਅਤੇ ਜਿਨ੍ਹਾਂ ਨੇ ਇਕ ਦਿਨ ਉਸ ਅੱਗ ਨੂੰ ਜਨਮ ਦੇਣਾ ਹੈ ਜਿਸ ਨੇ ਇਸ ਨਕਾਰਾ ਸਮਾਜਕ ਭਾਈਚਾਰੇ ਨੂੰ ਸਾੜ ਕੇ ਸੁਆਹ ਕਰਨਾ ਹੈ"—ਕੀ ਤੁਸਾਂ ਨਾਵਲ ਵੀ ਇਸੇ ਭਾਵਨਾ ਨਾਲ ਲਿਖਿਆ ਸੀ ?*

• ਇਸ ਨਾਵਲ ਦੀ ਪ੍ਰਕਾਸ਼ਨਾ ਸਮੇਂ ਨੌਜਵਾਨ ਵਰਗ, ਹੋਰ ਮਾਰੂ ਸਮੱਸਿਆਵਾਂ ਦੇ ਨਾਲ-ਨਾਲ, ਬੇਰੁਜ਼ਗਾਰੀ ਦੀ ਭਿਆਨਕ ਸਮੱਸਿਆ ਨਾਲ ਵੀ ਜੂਝ ਰਿਹਾ ਸੀ। ਬਗ਼ਾਵਤ ਤੋਂ ਸਿਵਾ, ਆਸ ਦੀ ਹੋਰ ਕੋਈ ਕਿਰਨ ਨਜ਼ਰ ਨਹੀਂ ਸੀ ਆ ਰਹੀ। ਸਮੱਸਿਆ ਨੂੰ ਸੁਲਝਾਉਣ ਲਈ, ਉਸ ਸਮੇਂ ਕੁਝ ਨੌਜਵਾਨਾਂ ਨੇ ਹਥਿਆਰ ਚੁੱਕੇ ਅਤੇ ਕੁਰਬਾਨੀਆਂ ਦਿੱਤੀਆਂ। ਨੌਜਵਾਨਾਂ ਦੀਆਂ ਛਾਤੀਆਂ ਵਿਚ ਬਗ਼ਾਵਤ ਦੇ ਬੀਜ ਕਿਉਂ ਬੀਜੇ ਜਾ ਰਹੇ ਹਨ ? ਕੁਝ ਕਾਰਨਾਂ ਦਾ ਜ਼ਿਕਰ ਮੈਂ ਇਸ ਨਾਵਲ ਵਿਚ ਕੀਤਾ ਸੀ। ਹੁਣ ਹਾਲਾਤ ਉਸ ਤੋਂ ਵੀ ਭੈੜੇ ਹਨ। ਪੂੰਜੀਵਾਦ ਦਾ ਭਿਆਨਕ ਰੂਪ ਦਿਨੋਂ-ਦਿਨ ਵਿਰਾਟ ਹੁੰਦਾ ਜਾ ਰਿਹਾ ਹੈ। ਬਗ਼ਾਵਤ ਦੇ ਬੀਜ ਹੁਣ ਵੀ ਬੀਜੇ ਜਾ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਮਾਰੂ ਤਾਕਤਾਂ, ਪੁੰਗਰਨ ਤੋਂ ਪਹਿਲਾਂ ਹੀ ਇਨ੍ਹਾਂ ਨੂੰ ਝੁਲਸ ਦਿੰਦੀਆਂ ਹਨ। ਪਰ ਮੇਰਾ ਵਿਸ਼ਵਾਸ ਹੈ, ਕਿਸੇ ਦਿਨ ਇਹ ਬੀਜ ਜ਼ਰੂਰ ਪੁੰਗਰਨਗੇ ਅਤੇ ਛਾਂ, ਫੁੱਲ ਅਤੇ ਫਲਦਾਰ ਦਰਖ਼ਤਾਂ ਵਿਚ ਬਦਲਣਗੇ।

? *ਜਦੋਂ ਗੁਰਸ਼ਰਨ ਭਾ ਜੀ ਨੇ ਇਸ ਨਾਵਲ ਬਾਰੇ ਇਹ ਟਿੱਪਣੀ ਕੀਤੀ ਸੀ ਕਿ ਇਸ ਵਿਚ ਕੋਈ ਬਨਾਵਟ ਨਹੀਂ, ਕੋਈ ਦੰਭ ਨਹੀਂ ਅਤੇ ਕੋਈ ਕਲਾ ਦੀਆਂ*

*ਕਲਾਬਾਜ਼ੀਆਂ ਨਹੀਂ, ਸਗੋਂ ਕਲਾ ਸੱਚੇ ਰੂਪ ਵਿਚ ਪਾਠਕਾਂ ਦੇ ਅੱਗੇ ਹੈ—ਤਾਂ ਉਨ੍ਹਾਂ ਦਾ ਕਲਾ ਤੋਂ ਕੀ ਭਾਵ ਸੀ ?*

- ਕਲਾ ਦੀ ਪਰਖ ਲਈ ਕੋਈ ਨਿਰਧਾਰਤ ਮਾਪਦੰਡ ਨਹੀਂ ਹੈ। ਮੈਂ ਉਸ ਰਚਨਾ ਨੂੰ ਕਲਾਮਈ ਸਮਝਦਾ ਹਾਂ ਜੋ ਪਾਠਕ ਦੇ ਮਨ ਨੂੰ ਟੁੰਭ ਸਕੇ ਅਤੇ ਆਪਣਾ ਪ੍ਰਭਾਵ ਛੱਡ ਸਕੇ। ਰਚਨਾ ਕਿੰਨੀ ਦਮਦਾਰ ਹੈ, ਇਹ ਪਾਠਕ ਦੇ ਦ੍ਰਿਸ਼ਟੀਕੋਣ ਅਤੇ ਸੁਹਜ ਸੁਆਦ ਉੱਪਰ ਵੀ ਨਿਰਭਰ ਕਰਦਾ ਹੈ। ਲੈਲਾ ਲੋਕਾਂ ਲਈ ਇਕ ਸਾਧਾਰਨ ਸਾਂਵਲੀ ਔਰਤ ਸੀ। ਮਜਨੂੰ ਲਈ ਦੁਨੀਆ ਦੀ ਸਭ ਤੋਂ ਹੁਸੀਨ ਔਰਤ। ਜੇ ਇਹ ਨਾਵਲ ਨੌਜਵਾਨਾਂ ਵਿਚ ਹਰਮਨ ਪਿਆਰਾ ਹੋਇਆ ਤਾਂ ਇਸ ਵਿਚ ਕਲਾ ਦੇ ਕੁਝ ਅੰਸ਼ ਤਾਂ ਹੋਣਗੇ ਹੀ। ਭਾ ਜੀ ਦੀ ਟਿੱਪਣੀ ਸਹੀ ਸੀ। ਇਹ ਮੇਰੇ ਵਿਕਾਸ ਦਾ ਮੁੱਢ ਸੀ।

? *ਨਾਵਲ ਦਾ ਨਾਇਕ ਕਰਤਾਰ ਕਿੰਨਾ ਕੁ ਯਥਾਰਥ ਉੱਪਰ ਮਬਨੀ ਸੀ ਅਤੇ ਕਿੰਨਾ ਤੁਹਾਡੀ ਕਲਪਨਾ ਜਾਂ ਆਦਰਸ਼ਵਾਦੀ ਦ੍ਰਿਸ਼ਟੀਕੋਣ ਉੱਪਰ ਆਧਾਰਿਤ ?*

- ਕਰਤਾਰ ਯਥਾਰਥ, ਕਲਪਨਾ ਅਤੇ ਆਦਰਸ਼ਵਾਦ ਦਾ ਮਿਸ਼ਰਣ ਹੈ। ਬੇਰੁਜ਼ਗਾਰੀ, ਨੌਕਰੀ ਦੇਣ ਸਮੇਂ ਹੁੰਦੀ ਹੇਰਾ-ਫੇਰੀ, ਸਿਆਸੀ ਲੁੱਟ-ਖਸੁੱਟ, ਮਜਬੂਰ ਕੁੜੀਆਂ ਦਾ ਸਰੀਰਕ ਸ਼ੋਸ਼ਣ ਆਦਿ ਯਥਾਰਥਵਾਦੀ ਪਰਿਸਥਿਤੀਆਂ ਹਨ। ਬਣਦਾ ਹੱਕ ਪ੍ਰਾਪਤ ਨਾ ਹੋਣ ਕਾਰਨ ਨੌਜਵਾਨਾਂ ਦੇ ਖ਼ੂਨ ਦਾ ਖੌਲਣਾ ਅਤੇ ਵਿਵਸਥਾ ਵਿਰੁੱਧ ਭੜਕਣਾ, ਇਕ ਕੁਦਰਤੀ ਅਤੇ ਸਹਿਜ ਵਰਤਾਰਾ ਹੈ। ਪਹਾੜ ਜਿੱਡੇ ਮਜਬੂਤ ਲੋਟੂ ਪ੍ਰਬੰਧ ਨਾਲ ਇਕੱਲੇ-ਇਕਹਿਰੇ ਵਿਅਕਤੀ ਦਾ ਟਕਰਾਉਣ ਦਾ ਸੁਪਨਾ ਕਲਪਨਾਮਈ ਹੈ। ਸਥਿਤੀਆਂ ਨੂੰ ਬਦਲਣ ਦੇ ਰਾਹ ਤੁਰਨਾ ਕਰਤਾਰ ਅਤੇ ਲੇਖਕ ਦਾ ਆਦਰਸ਼ਵਾਦ ਹੈ।

? *ਨਾਵਲ ਦੇ ਨਾਇਕ ਕਰਤਾਰ ਨੂੰ ਜੋ ਚਾਨਣ ਦੀ ਲੀਕ ਦਿਸਦੀ ਹੈ ਅਤੇ ਜਿਸ ਨੂੰ ਤੁਸਾਂ ਬਗ਼ਾਵਤ ਦੇ ਸੰਕੇਤ ਵਜੋਂ ਉਭਾਰਿਆ ਹੈ ਉਹ ਲੀਕ ਸਮਕਾਲੀ ਸਮਾਜ ਵਿਚਾਲੇ ਨੌਜਵਾਨਾਂ ਨੂੰ ਨਜ਼ਰ ਕਿਉਂ ਨਾ ਆਈ ? ਨੌਜਵਾਨ ਤਾਂ ਇਸ ਚਾਨਣ ਦੀ ਲੀਕ ਦੇਖਣ ਦੀ ਬਜਾਏ ਹਨੇਰੇ ਦੀ ਦਲਦਲ ਵਿਚ ਜਾ ਧਸਿਆ। ਕੁਝ ਆਖੋ ? (ਮੇਰਾ ਇਸ਼ਾਰਾ ਅਤਿਵਾਦ ਦੇ ਵਰਤਾਰੇ ਅਤੇ ਪੰਜਾਬ ਸੰਤਾਪ ਵੱਲ ਹੈ, ਜਿਹੜਾ ਅੱਠਵੇਂ ਦਹਾਕੇ ਦੇ ਅੰਤਲੇ ਵਰ੍ਹਿਆਂ ਵਿਚ ਉਭਰਣ ਲੱਗਾ ਸੀ।)*

- ਹਰ ਮਨੁੱਖ ਦਾ ਸੁਭਾਅ ਵੱਖਰਾ ਹੁੰਦਾ ਹੈ। ਕਈ ਵਿਅਕਤੀ ਵੱਡੇ ਤੋਂ ਵੱਡੇ ਧੱਕੇ ਅਸਾਨੀ ਨਾਲ ਸਹਿ ਜਾਂਦੇ ਹਨ। ਕਈਆਂ ਨੂੰ ਕੰਡੇ ਦੀ ਚੋਭ ਵੀ ਅੰਤਾਂ ਦੀ ਪੀੜ ਪਹੁੰਚਾਉਂਦੀ ਹੈ। ਅਣਖੀਲਾ ਅਤੇ ਸੰਵੇਦਨਸ਼ੀਲ ਵਿਅਕਤੀ ਪਰਿਸਥਿਤੀਆਂ ਨਾਲ ਟਕਰਾਉਣ ਲਈ ਜਲਦੀ ਤਿਆਰ ਹੋ ਜਾਂਦਾ ਹੈ। ਭੀੜ

ਵਿਚੋਂ ਕੋਈ ਵਿਰਲਾ ਹੀ ਰਾਹ-ਦਸੇਰਾ ਬਣਦਾ ਹੈ। ਸਾਹਿਤਕਾਰ ਨੇ ਉਸੇ ਨੂੰ ਚਿਤਰਣਾ ਹੈ ਜੋ ਹੋਰਾਂ ਨਾਲੋਂ ਵੱਖਰਾ ਹੋਵੇ। ਚਾਨਣ ਦੀ ਕਿਰਨ ਇਕੱਲੇ ਕਰਤਾਰ ਨੂੰ ਹੀ ਨਹੀਂ, ਹੋਰ ਸੈਂਕੜੇ ਨੌਜਵਾਨਾਂ ਨੂੰ ਵੀ ਨਜ਼ਰ ਆਈ ਸੀ। ਉਹ ਅੱਗੇ ਆਏ, ਲੋਕਾਂ ਲਈ ਲੜੇ ਅਤੇ ਸ਼ਹੀਦ ਹੋ ਗਏ। ਕਰਤਾਰ ਉਨ੍ਹਾਂ ਜਿਹਿਆਂ ਵਿਚੋਂ ਇਕ ਹੈ। ਅਤਿਵਾਦ ਦੇ ਸਮੇਂ ਵੀ ਪਰਿਸਥਿਤੀਆਂ ਉਹੋ ਜਿਹੀਆਂ ਸਨ ਜਿਹੋ ਜਿਹੀਆਂ ਕਰਤਾਰ ਹੋਰਾਂ ਦੇ ਸਮਿਆਂ ਵਿਚ ਸਨ। ਪੰਜਾਬ ਸੰਤਾਪ ਦੇ ਸਮੇਂ ਦੇ ਨੌਜਵਾਨ ਹਨੇਰੇ ਦੀ ਦਲਦਲ ਵਿਚ ਇਸ ਲਈ ਫਸ ਗਏ ਕਿਉਂਕਿ ਇਨ੍ਹਾਂ ਨੂੰ ਜੋ ਮਾਰਗ ਦਰਸ਼ਨ ਮਿਲਿਆ ਉਹ ਗ਼ੈਰ-ਵਿਗਿਆਨਕ ਅਤੇ ਮੂਲਵਾਦੀ ਸੀ।

? *ਸ਼ੁਰੂ ਸ਼ੁਰੂ ਵਿਚ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਅਤੇ ਜੀਵਨ ਦ੍ਰਿਸ਼ਟੀਕੋਣ ਦਾ ਤੁਹਾਡੀ ਸਿਰਜਣਾ ਉੱਪਰ ਕੋਈ ਅਸਰ ਪਿਆ ?*

• ਜਿਵੇਂ ਪਹਿਲਾਂ ਜ਼ਿਕਰ ਆ ਚੁੱਕਾ ਹੈ ਕਾਲਜ ਦੇ ਦਿਨਾਂ ਵਿਚ ਮੈਂ ਜਸਵੰਤ ਸਿੰਘ ਕੰਵਲ ਨੂੰ ਨਿੱਠ ਕੇ ਪੜ੍ਹਿਆ ਜ਼ਰੂਰ ਪਰ ਸਿੱਧੇ ਤੌਰ 'ਤੇ ਉਸ ਦਾ ਮੇਰੇ 'ਤੇ ਕੋਈ ਅਸਰ ਨਹੀਂ ਹੈ। ਹੋ ਸਕਦਾ ਹੈ ਅਚੇਤ ਤੌਰ 'ਤੇ ਅਸਰ ਪਿਆ ਹੋਵੇ।

? *ਮਾਨਵ ਦੀ ਮਾਨਵਤਾ ਦੀ ਸਰਦਾਰੀ ਅਤੇ ਕਾਬਲੀਅਤ ਦੀ ਕਦਰ ਵਾਲੇ ਸਮਾਜ ਦੀ ਸਿਰਜਣਾ ਦੀ ਅਜੋਕੇ ਯੁੱਗ ਵਿਚ ਕਿੰਨੀ ਕੁ ਸੰਭਾਵਨਾ ਨਜ਼ਰ ਆਉਂਦੀ ਹੈ ?*

• ਹਾਲੇ ਤਕ ਤਾਂ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ। ਉਲਟਾ ਜਿਹੜੇ ਦੇਸਾਂ ਵਿਚ ਅਜਿਹੇ ਸਮਾਜ ਦੇ ਉਸਰਨ ਦੀ ਸੰਭਾਵਨਾ ਬਣੀ ਸੀ, ਉਹ ਵੀ ਸਿਰੇ ਨਹੀਂ ਚੜ੍ਹੀ। ਲੜਾਈ ਫੇਰ ਮੁੱਢ ਤੋਂ ਆਰੰਭਣੀ ਪਏਗੀ।

? *ਪਿਛਲੇ ਕਰੀਬ ਡੇਢ ਦਹਾਕੇ ਤੋਂ ਭਾਵੇਂ ਤੁਹਾਡਾ ਕੋਈ ਕਹਾਣੀ-ਸੰਗ੍ਰਹਿ ਨਹੀਂ ਛਪਿਆ ਪਰ ਤਾਂ ਵੀ ਤੁਸੀਂ ਤਿੰਨ ਕਹਾਣੀ-ਸੰਗ੍ਰਹਿ* ***ਪੁਨਰਵਾਸ****,* ***ਲਾਮ*** *ਅਤੇ* ***ਠੋਸ ਸਬੂਤ*** *ਦੀ ਰਚਨਾ ਕਰ ਚੁੱਕੇ ਹੋ। ਤੁਹਾਡੀਆਂ ਅਕਤਾਲੀ ਕਹਾਣੀਆਂ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਅਣਪ੍ਰਕਾਸ਼ਿਤ ਕਹਾਣੀਆਂ ਕਿੰਨੀਆਂ ਕੁ ਹਨ ?*

• ਮੈਂ ਰਿਕਾਰਡ ਰੱਖਣ ਦਾ ਆਦੀ ਨਹੀਂ ਹਾਂ। ਪਹਿਲੇ ਰਚਨਾ-ਕਾਲ (1969-72) ਦੌਰਾਨ ਕੁਝ ਕੱਚ-ਘੜ ਕਹਾਣੀਆਂ ਸਪਤਾਹਿਕ **ਸਮਰਾਟ**, **ਹਾਣੀ** ਅਤੇ **ਰੋਜ਼ਾਨਾ ਰਣਜੀਤ** ਵਿਚ ਛਪੀਆਂ ਸਨ। ਗਿਣਤੀ ਵੀਹ ਤੋਂ ਤੀਹ ਤਕ ਹੋ ਸਕਦੀ ਹੈ। ਖੋਜ-ਵਿਦਿਆਰਥੀ ਜੇ ਲੋੜ ਸਮਝਣ ਉਨ੍ਹਾਂ ਨੂੰ ਅਸਾਨੀ ਨਾਲ ਲੱਭ ਸਕਦੇ ਹਨ।

? *ਤੁਹਾਡੇ ਜ਼ਿਹਨ ਵਿਚ ਕਹਾਣੀ ਦਾ ਕੀ ਸੰਕਲਪ ਹੈ ?*

- ਬਿਜਲੀ ਦੇ ਲਿਸ਼ਕਾਰੇ ਵਾਂਗ ਕੁਝ ਘਟਨਾਵਾਂ ਘਟਦੀਆਂ ਤਾਂ ਕੁਝ ਪਲਾਂ ਵਿਚ ਹਨ ਪਰ ਪ੍ਰਭਾਵ ਜ਼ਿੰਦਗੀ ਭਰ ਲਈ ਛੱਡ ਜਾਂਦੀਆਂ ਹਨ। ਅਜਿਹੀਆਂ ਘਟਨਾਵਾਂ ਦੇ ਕਲਾਤਮਕ ਵਰਣਨ ਨੂੰ ਮੈਂ ਕਹਾਣੀ ਆਖਦਾ ਹਾਂ।

? ***ਪੁਨਰਵਾਸ*** *ਵਿਚਲੀਆਂ ਕਹਾਣੀਆਂ ਵਿਚਲੇ ਚਿੰਤਨ, ਸਮਾਜਕ ਦ੍ਰਿਸ਼ਟੀਕੋਣ ਅਤੇ ਪ੍ਰਤੀਬੱਧਤਾ ਦੀ ਸਰਾਹਣਾ ਦੇ ਬਾਵਜੂਦ ਸੁਰਜੀਤ ਗਿੱਲ ਨੂੰ ਇਨ੍ਹਾਂ ਕਹਾਣੀਆਂ ਵਿਚ ਕਲਾ ਦੀ ਕੁਝ ਕਚਿਆਈ ਨਜ਼ਰ ਪਈ। ਇਸੇ ਲਈ ਉਸ ਨੇ ਇਨ੍ਹਾਂ ਦੀ ਸਿਰਫ਼ ਇਤਿਹਾਸਕ ਅਹਿਮੀਅਤ ਹੀ ਸਵੀਕਾਰ ਕੀਤੀ। ਅੱਜ ਤੁਹਾਡਾ ਇਸ ਬਾਰੇ ਕੀ ਨਜ਼ਰੀਆ ਹੈ ?*

- ਕੱਚੀ ਉਮਰ ਵਿਚ ਲਿਖੀਆਂ ਕਹਾਣੀਆਂ ਦਾ ਕਲਾ ਪੱਖੋਂ ਕੱਚਾ ਹੋਣਾ ਸੁਭਾਵਿਕ ਸੀ। ਜੋ ਸਰਾਹਨਾ ਮਿਲੀ, ਉਹੋ ਤਸੱਲੀਬਖ਼ਸ਼ ਹੈ। ਇਹ ਮੇਰੀ ਕਲਾ ਦੇ ਵਿਕਾਸ ਦਾ ਆਰੰਭ ਸੀ ਜਾਂ ਆਖ ਲਵੋ ਕਲਾ ਦੇ ਦਰਖ਼ਤ ਦੀਆਂ ਜੜ੍ਹਾਂ ਵਾਂਗ ਸੀ। ਇਸ ਨੂੰ ਫ਼ਲ ਹੁਣ ਲੱਗਾ ਹੈ।

? *ਕਲਾ ਦੀ ਇਸ ਕਚਿਆਈ ਨੂੰ ਤੁਸਾਂ ਅਗਲੀਆਂ ਕਹਾਣੀਆਂ ਵਿਚ ਕਿੰਨਾ ਕੁ ਸੁਧਾਰਨ ਦਾ ਯਤਨ ਕੀਤਾ ?*

- ਆਪਣੀ ਗੱਲ ਨੂੰ ਵੱਧੋ-ਵੱਧ ਕਲਾਮਈ ਢੰਗ ਨਾਲ ਆਖਣ ਲਈ ਸਦਾ ਪ੍ਰਯਤਨਸ਼ੀਲ ਰਿਹਾ ਹਾਂ। ਇਨ੍ਹਾਂ ਯਤਨਾਂ ਦਾ ਹੀ ਸਿੱਟਾ ਹੈ ਕਿ ਅੱਜ ਚਿੰਤਕ ਮੈਨੂੰ "ਪੰਜਾਬੀ ਸਾਹਿਤ ਵਿਚ ਨਵੀਆਂ ਲੀਹਾਂ ਪਾਉਣ ਵਾਲਾ" ਤਕ ਆਖਣ ਲੱਗ ਪਏ ਹਨ।

? ***ਪੁਨਰਵਾਸ*** *ਹੋਵੇ,* ***ਲਾਮ*** *ਹੋਵੇ ਜਾਂ* ***ਠੋਸ ਸਬੂਤ*** *ਆਪਣੀਆਂ ਕੁਲ ਕਹਾਣੀਆਂ ਵਿਚ ਤੁਸਾਂ ਸਮਾਜਕ, ਆਰਥਿਕ ਤੇ ਰਾਜਸੀ ਮਸਲਿਆਂ ਨੂੰ ਪੇਸ਼ ਕੀਤਾ ਅਤੇ ਉਨ੍ਹਾਂ ਦੇ ਹੱਲ ਲਈ ਜਮਾਤੀ ਸੰਘਰਸ਼ ਦੀ ਗੱਲ ਵੀ ਕੀਤੀ। ਇਸ ਸਭ ਕੁਝ ਦੇ ਨਾਲ ਨਾਲ ਤੁਹਾਨੂੰ ਇਨ੍ਹਾਂ ਰਚਨਾਵਾਂ ਨੂੰ ਕਲਾ ਪੱਖੋਂ ਪ੍ਰੋੜ੍ਹ ਬਣਾਉਣ ਦਾ ਕਿੰਨਾ ਕੁ ਫ਼ਿਕਰ ਰਿਹਾ ?*

- ਰਚਨਾ ਵੱਧੋ-ਵੱਧ ਕਲਾਮਈ ਹੋਵੇ, ਇਹ ਹਰ ਕਲਾਕਾਰ ਦਾ ਸੁਪਨਾ ਹੁੰਦਾ ਹੈ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਮੈਂ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। **ਪੁਨਰਵਾਸ** ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਕਲਾ ਪੱਖੋਂ ਕੱਚੀਆਂ ਹੋ ਸਕਦੀਆਂ ਹਨ। **ਲਾਮ** ਅਤੇ **ਠੋਸ ਸਬੂਤ** ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ 'ਤੇ ਅਜਿਹਾ ਦੋਸ਼ ਨਹੀਂ ਲੱਗ ਸਕਦਾ।

? *ਆਪਣੀਆਂ ਕਹਾਣੀਆਂ ਦੇ ਕਲਾ ਪੱਖੋਂ ਵਿਕਾਸ ਨੂੰ ਤੁਸੀਂ ਕਿਵੇਂ ਆਂਕਦੇ ਹੋ ?*

• ਫ਼ੌਜਦਾਰੀ ਨਿਆਂ-ਪ੍ਰਬੰਧ ਬਾਰੇ ਮੇਰੇ ਕੋਲ ਵਿਸ਼ਾਲ ਅਨੁਭਵ ਹੈ। ਲਗਾਤਾਰ ਅਧਿਐਨ ਅਤੇ ਅਭਿਆਸ ਕਰ-ਕਰ ਮੈਂ ਇਸ ਨੂੰ ਕਲਾਮਈ ਢੰਗ ਨਾਲ ਪੇਸ਼ ਕਰਨ ਲਈ ਯਤਨਸ਼ੀਲ ਰਹਿੰਦਾ ਹਾਂ। ਇਨ੍ਹਾਂ ਯਤਨਾਂ ਕਾਰਨ ਮੇਰੀ ਪੇਸ਼ਕਾਰੀ ਵਿਚ ਨਿਖਾਰ ਆ ਰਿਹਾ ਹੈ।

? *ਤੁਹਾਡੀਆਂ ਕਹਾਣੀਆਂ ਦੇ ਸਮੀਖਿਅਕ ਜਦੋਂ ਇਨ੍ਹਾਂ ਕਹਾਣੀਆਂ ਨੂੰ ਰੂਪਕ ਪੱਖ ਤੋਂ ਢਿੱਲਾ ਆਖਦੇ ਸਨ ਤਾਂ ਤੁਹਾਨੂੰ ਕਿਵੇਂ ਮਹਿਸੂਸ ਹੁੰਦਾ ਸੀ ?*

• **ਪੁਨਰਵਾਸ** ਕਹਾਣੀ-ਸੰਗ੍ਰਹਿ ਵਾਲੀਆਂ ਕਹਾਣੀਆਂ ਰੂਪਕ ਪੱਖੋਂ ਕੁਝ ਕਮਜ਼ੋਰ ਹੋ ਸਕਦੀਆਂ ਹਨ। ਪਰ ਉਸ ਦੌਰ ਵਿਚ ਰੂਪਕ ਨਾਲੋਂ ਵਿਸ਼ਾ ਪੱਖ ਨੂੰ ਤਰਜੀਹ ਦਿੱਤੀ ਜਾਂਦੀ ਸੀ। ਇਸੇ ਲਈ ਆਪਣੀਆਂ ਤਮਾਮ ਕਮਜ਼ੋਰੀਆਂ ਦੇ ਬਾਵਜੂਦ ਇਹ ਕਹਾਣੀਆਂ ਵੀ ਪਾਠਕਾਂ ਵਿਚ ਮਕਬੂਲ ਰਹੀਆਂ। **ਲਾਮ** ਅਤੇ **ਠੋਸ ਸਬੂਤ** ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ ਬਾਰੇ ਅਜਿਹਾ ਕਿੰਤੂ-ਪ੍ਰੰਤੂ ਕਦੇ ਨਹੀਂ ਹੋਇਆ। ਮੇਰੇ ਨਾਵਲਕਾਰ ਦੇ ਤੌਰ 'ਤੇ ਪ੍ਰਸਿੱਧ ਹੋ ਜਾਣ ਕਾਰਨ ਅਤੇ ਮੇਰੀ ਕਹਾਣੀਆਂ ਵੱਲ ਰੁਚੀ ਘੱਟ ਜਾਣ ਕਾਰਨ ਮੇਰੀਆਂ ਕਹਾਣੀਆਂ ਅਣਗੌਲੀਆਂ ਜ਼ਰੂਰ ਰਹਿ ਗਈਆਂ ਹਨ ਪਰ ਇਨ੍ਹਾਂ ਵਿਚ ਕਮੀ ਕੋਈ ਨਹੀਂ ਹੈ।

? *ਤੁਹਾਡੀਆਂ ਸਮੁੱਚੀਆਂ ਕਹਾਣੀਆਂ ਵਿਚੋਂ ਜਿਹੜੀਆਂ ਸਭ ਤੋਂ ਵੱਧ ਮਕਬੂਲ ਹੋਈਆਂ ਉਨ੍ਹਾਂ ਬਾਰੇ ਕੁਝ ਦੱਸੋ ? ਇਹ ਵੀ ਦੱਸੋ ਕਿ ਉਹ ਕਹਾਣੀਆਂ ਜਿਹੜੀਆਂ ਤੁਹਾਡੀ ਨਜ਼ਰ ਵਿਚ ਬਹੁਤ ਉੱਚਪਾਏ ਦੀਆਂ ਸਨ, ਪਰੰਤੂ ਪਾਠਕਾਂ ਦਾ ਧਿਆਨ ਨਹੀਂ ਖਿੱਚ ਸਕੀਆਂ ?*

• ਪਹਿਲੇ ਦੌਰ ਵਿਚ "ਰਾਤ ਦੇ ਸੂਰਜ, "ਹੱਲਾਂ ਦੇ ਮੰਨੇ" ਅਤੇ "ਮਸਲਾ" ਕਹਾਣੀਆਂ ਬਹੁਤ ਪ੍ਰਸਿੱਧ ਹੋਈਆਂ। ਇਹ ਕਹਾਣੀਆਂ ਕਈ-ਕਈ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪੀਆਂ ਸਨ। ਦੂਸਰੇ ਦੌਰ ਵਿਚ "ਲਾਮ", "ਖਾਨ ਪੂਰੀ", "ਸ਼ਨਾਖ਼ਤ" ਅਤੇ "ਵਿਰਾਸਤ" ਕਹਾਣੀਆਂ ਨੇ ਲੋਕਾਂ ਦਾ ਧਿਆਨ ਖਿੱਚਿਆ। "ਲਾਮ" ਇਕੋ ਸਾਲ ਵਿਚ ਚਾਰ ਥਾਵੇਂ (**ਸਮਤਾ**, **ਸੋਚ**, **ਨਵਾਂ ਜ਼ਮਾਨਾ** ਅਤੇ **ਜਗ ਬਾਣੀ**), "ਖਾਨਾ ਪੂਰੀ" ਵੀ ਚਾਰ ਥਾਵੇਂ (**ਸਿਰਜਣਾ**, **ਪੰਜਾਬੀ ਟ੍ਰਿਬਿਊਨ**, **ਲੋਕ ਲਹਿਰ** ਅਤੇ **ਜਨਤਕ ਲਹਿਰ**), "ਸ਼ਨਾਖ਼ਤ" ਤਿੰਨ ਵਾਰ (**ਸਰਦਲ**, **ਜਗ ਬਾਣੀ** ਅਤੇ **ਜਨਤਮ ਲਹਿਰ**) ਵਿਚ ਛਪੀਆਂ। "ਦਹਿਸ਼ਤਗਰਦ" ਕਹਾਣੀ **ਸਮਤਾ** ਅਤੇ **ਸਰਦਲ** ਵਿਚ ਛਪੀ ਅਤੇ ਪੰਜਾਬ ਵਿਚ ਫੈਲੀ ਦਹਿਸ਼ਤਗਰਦੀ ਦੇ ਕਾਰਨਾਂ ਨੂੰ ਸਹੀ ਢੰਗ ਨਾਲ ਪੇਸ਼ ਕਰਨ ਵਾਲੀ ਕਹਾਣੀ ਮੰਨੀ ਗਈ। "ਲਾਮ" ਕਹਾਣੀ ਉੱਪਰ ਗੁਰਸ਼ਰਨ ਸਿੰਘ ਹੁਰਾਂ ਨੇ ਆਪਣੇ ਪ੍ਰਸਿੱਧ ਟੀ.ਵੀ. ਸੀਰੀਅਲ **ਭਾਈ ਮੰਨਾ ਸਿੰਘ** ਲਈ ਇਕ ਨਾਟਕ

ਬਣਾਇਆ। "ਖਾਨਾ ਪੂਰੀ" ਕਹਾਣੀ ਦਾ ਹਿੰਦੀ ਅਨੁਵਾਦ **ਸਮਕਾਲੀਨ ਸਾਹਿਤ** ਮੈਗ਼ਜ਼ੀਨ ਵਿਚ ਛਪਿਆ। "ਡਾਲਫਿਨ", "ਬਦਲੀ" ਅਤੇ "ਨੀਲਕੰਠ" ਕਹਾਣੀਆਂ ਵੀ ਉੱਚਪਾਏ ਦੀਆਂ ਹਨ। ਇਨ੍ਹਾਂ ਸਾਰੀਆਂ ਕਹਾਣੀਆਂ ਨੇ ਪਾਠਕਾਂ ਦੇ ਮਨਾਂ ਨੂੰ ਟੁੰਬਿਆ ਅਤੇ ਇਹ ਮਕਬੂਲ ਹੋਈਆਂ।

? *ਬਤੌਰ ਕਹਾਣੀਕਾਰ ਤੁਹਾਡਾ ਉਹ ਬਿੰਬ ਨਹੀਂ ਉਭਰਿਆ, ਜੋ ਬਤੌਰ ਨਾਵਲਕਾਰ ਦੇ ਸਥਾਪਤ ਹੋਇਆ ਹੈ। ਕਾਰਨ ? ਤੁਹਾਡੀ ਸਿਰਜਣਾ ਦੀ ਕਮਜ਼ੋਰੀ ਹੈ ਜਾਂ ਚਿੰਤਕਾਂ ਦੀ ਬੇਧਿਆਨੀ ?*

• ਜਿਸ ਵਿਧਾ ਵਿਚ ਤੁਸੀਂ ਸਥਾਪਤ ਹੋਣਾ ਹੈ, ਉਸ ਵਿਚ ਲਗਾਤਾਰ ਲਿਖਦੇ ਰਹਿਣਾ ਜ਼ਰੂਰੀ ਹੈ। ਮੇਰੇ, ਕਹਾਣੀ ਸਿਰਜਣ ਵੇਲੇ ਬੇਧਿਆਨ ਹੋ ਜਾਣ ਕਾਰਨ, ਚਿੰਤਕਾਂ ਨੇ ਮੇਰੀ ਕਹਾਣੀ ਕਲਾ ਵੱਲ ਧਿਆਨ ਦੇਣਾ ਛੱਡ ਦਿੱਤਾ। ਮੈਨੂੰ ਆਪਣੀ ਕਹਾਣੀ ਕਲਾ ਤੇ ਤਸੱਲੀ ਹੈ ਅਤੇ ਕਿਸੇ 'ਤੇ ਕੋਈ ਗਿਲਾ ਨਹੀਂ ਹੈ। ਉਚਿਤ ਸਮੇਂ 'ਤੇ ਮੇਰੀਆਂ ਉੱਤਮ ਕਹਾਣੀਆਂ ਦਾ ਆਪੇ ਮੁੱਲ ਪੈ ਜਾਏਗਾ।

? *ਪੰਜਾਬੀ ਕਹਾਣੀਕਾਰਾਂ ਵਿਚ ਤੁਸੀਂ ਕਿਸ ਕਹਾਣੀਕਾਰ ਨੂੰ ਆਪਣਾ ਸਿਰਜਣ-ਆਦਰਸ਼ ਸਵੀਕਾਰ ਕਰਦੇ ਹੋ ?*

• ਸੰਤ ਸਿੰਘ ਸੇਖੋਂ "ਪ੍ਰੇਮੀ ਦੇ ਨਿਆਣੇ" ਕਾਰਨ, ਸੰਤੋਖ ਸਿੰਘ ਧੀਰ "ਸਾਂਝੀ ਕੰਧ" ਅਤੇ "ਕੋਈ ਇਕ ਸਵਾਰ" ਕਾਰਨ ਅਤੇ ਸੁਜਾਨ ਸਿੰਘ "ਕੁਲਫੀ" ਅਤੇ "ਪ੍ਰਾਹੁਣਾ" ਕਹਾਣੀਆਂ ਦੀ ਰਚਨਾ ਕਾਰਨ ਮੈਂ ਇਨ੍ਹਾਂ ਕਹਾਣੀਕਾਰਾਂ ਨੂੰ ਆਪਣੀਆਂ ਕਹਾਣੀਆਂ ਦਾ ਸਿਰਜਣ-ਆਦਰਸ਼ ਸਵੀਕਾਰ ਕਰਦਾ ਹਾਂ।

? *ਪੰਜਾਬੀ ਕਹਾਣੀਕਾਰਾਂ ਦੀ ਤੁਹਾਡੀ ਕਹਾਣੀ-ਰਚਨਾ ਸੰਬੰਧੀ ਕੀ ਪ੍ਰਤਿਕਿਰਿਆ ਹੈ ?*

• ਕਰੀਬ ਵੀਹ ਸਾਲ ਤੋਂ ਮੈਂ ਕੋਈ ਨਵੀਂ ਕਹਾਣੀ ਨਹੀਂ ਲਿਖੀ, ਇਸ ਲਈ ਕਹਾਣੀਕਾਰ ਦੇ ਤੌਰ 'ਤੇ ਦੂਜਿਆਂ ਨਾਲੋਂ ਪਿੱਛੇ ਰਹਿ ਚੁੱਕਾ ਹਾਂ। ਲੋਕ ਮੈਨੂੰ ਕਹਾਣੀਕਾਰ ਦੇ ਤੌਰ 'ਤੇ ਭੁੱਲ ਭੁਲਾ ਗਏ ਹਨ। ਇਸ ਲਈ ਦੂਜੇ ਪੰਜਾਬੀ ਕਹਾਣੀਕਾਰਾਂ ਦੀ ਮੇਰੀ ਕਹਾਣੀ ਰਚਨਾ ਬਾਰੇ ਕੋਈ ਟਿੱਪਣੀ ਨਹੀਂ ਹੁੰਦੀ। ਇੰਜ ਹੋਣਾ ਸੁਭਾਵਕ ਹੈ। ਮੈਨੂੰ ਬਿਲਕੁਲ ਬੁਰਾ ਨਹੀਂ ਲੱਗਦਾ। ਮੁੜ ਕਹਾਣੀ ਲਿਖਣ ਦਾ ਮਨ ਬਣ ਰਿਹਾ ਹੈ। ਕੁਝ ਕਹਾਣੀਆਂ ਲਿਖਦੇ ਹੀ ਮੁੜ ਕਹਾਣੀਕਾਰ ਦੇ ਤੌਰ 'ਤੇ ਚਰਚਾ ਵਿਚ ਆ ਜਾਵਾਂਗਾ। ਮੇਰਾ ਵਿਸ਼ਵਾਸ ਹੈ।

? ***ਪੁਨਰਵਾਸ** ਵਿਚਲੀਆਂ ਕਹਾਣੀਆਂ, **ਅੱਗ ਦੇ ਬੀਜ** ਅਤੇ **ਕਾਫ਼ਲਾ** ਨਾਵਲਾਂ ਨੂੰ ਹੁਣ ਕਰੀਬ ਤਿੰਨ ਦਹਾਕਿਆਂ ਮਗਰੋਂ ਤੁਸੀਂ ਕਿਵੇਂ ਵੇਖਦੇ ਹੋ ? ਕੀ ਇਨ੍ਹਾਂ ਰਚਨਾਵਾਂ ਦੇ ਇਰਦ-ਗਿਰਦ, ਤਰੱਕੀ ਪਸੰਦ ਜ਼ਾਵੀਏ ਨਾਲ ਜੁੜੀਆਂ ਹੋਣ ਦੇ*

*ਬਾਵਜੂਦ, ਰੁਮਾਂਸ ਦੀ ਸੰਘਣੀ ਪਰਤ ਪੱਸਰੀ ਪ੍ਰਤੀਤ ਨਹੀਂ ਹੁੰਦੀ ?*

ਤੁਸੀਂ ਠੀਕ ਕਹਿ ਰਹੇ ਹੋ। ਰੁਮਾਂਸ ਦੀ ਇਸ ਸੰਘਣੀ ਪਰਤ ਪਿੱਛੇ ਕੀ ਕਾਰਨ ਸੀ, ਇਹ ਹੁਣ ਸਪੱਸ਼ਟ ਹੈ। ਮਾਰਕਸੀ ਫ਼ਲਸਫ਼ਾ ਇੰਨਾ ਆਸਾਨ ਨਹੀਂ ਕਿ ਦਸਵੀਂ ਬਾਰ੍ਹਵੀਂ ਪੜ੍ਹਦੇ ਮੁੰਡੇ ਦੇ ਅਸਾਨੀ ਨਾਲ ਸਮਝ ਆ ਜਾਵੇ। ਜਿਵੇਂ ਪਹਿਲਾਂ ਨਕਸਲੀਆਂ ਨੇ ਬਿਨਾ ਲੋਕ ਲਹਿਰ ਤਿਆਰ ਕੀਤੇ ਹਥਿਆਰ ਚੁੱਕ ਲਏ ਸਨ ਅਤੇ ਸੋਚਿਆ ਸੀ ਕਿ ਇਨਕਲਾਬ ਆਪੇ ਬੰਦੂਕ ਦੀ ਨਾਲੀ ਵਿਚੋਂ ਨਿਕਲ ਆਏਗਾ, ਉਸੇ ਤਰ੍ਹਾਂ ਦੀ ਕੱਚ-ਘੜ ਮੇਰੀ ਸੋਚ ਸੀ। ਉਸ ਦੌਰ ਦੇ ਮੇਰੇ ਪਾਤਰ ਵੀ ਝਟਪਟ ਇਨਕਲਾਬੀ ਬਣ ਜਾਂਦੇ ਸਨ। ਫੇਰ ਵੀ ਤਸੱਲੀ ਹੈ। ਸਭ ਕਮਜ਼ੋਰੀਆਂ ਦੇ ਬਾਵਜੂਦ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਅਤੇ ਉਦੇਸ਼ ਪ੍ਰਾਪਤੀ ਪ੍ਰਤੀ ਸੁਹਿਰਦਤਾ ਸਪੱਸ਼ਟ ਸੀ। ਅੱਜ ਕੱਲ੍ਹ ਜੋ ਲਿਖ ਹੋ ਰਿਹਾ ਹੈ, ਉਸ ਦਾ ਆਧਾਰ ਉਹੋ ਪੱਕੀ ਨੀਂਹ ਹੈ।

ਉਂਜ ਵੀ ਜਿਸ ਦੌਰ ਵਿਚ ਇਹ ਨਾਵਲ ਲਿਖੇ ਗਏ, ਉਸ ਦੌਰ ਵਿਚ ਇਨ੍ਹਾਂ ਉੱਪਰ ਰੁਮਾਂਟਿਕ ਪ੍ਰਗਤੀਵਾਦ ਦੀ ਪਰਤ ਦਾ ਚੜ੍ਹਨਾ ਸੁਭਾਵਿਕ ਸੀ ਪਰ ਮੈਨੂੰ ਇਹ ਊਣਤਾਈ ਨਹੀਂ ਜਾਪਦੀ। ਕੁਝ ਦਿਨ ਪਹਿਲਾਂ (ਕਰੀਬ ਚਾਲੀ ਸਾਲ ਬਾਅਦ) ਮੈਂ ਇਨ੍ਹਾਂ ਰਚਨਾਵਾਂ ਦਾ ਪਾਠ ਕੀਤਾ ਹੈ। ਮਨ ਨੂੰ ਤਸੱਲੀ ਹੋਈ ਹੈ। ਇਨ੍ਹਾਂ ਵਿਚ ਵਿਸ਼ੇ ਪੱਖੋਂ ਕੋਈ ਕਮੀ ਨਹੀਂ ਹੈ। ਜਿਸ ਸਮੇਂ ਇਨ੍ਹਾਂ ਨਾਵਲਾਂ ਦੀ ਰਚਨਾ ਹੋਈ ਉਸ ਸਮੇਂ ਤਕ ਮੈਂ ਬਰਨਾਲੇ ਅਤੇ ਇਸ ਦੇ ਆਲੇ-ਦੁਆਲੇ ਦੇ ਵੀਹ ਕਿਲੋਮੀਟਰ ਦੇ ਖੇਤਰ ਤੋਂ ਬਾਹਰ ਨਹੀਂ ਸੀ ਨਿਕਲਿਆ। ਚਾਲੀ ਸਾਲ ਪਹਿਲਾਂ, ਬਰਨਾਲਾ ਅਤੇ ਇਸ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਬੋਲੀ ਜਾਂਦੀ ਬੋਲੀ ਦੇ ਇਹ ਸ਼ੁੱਧ ਨਮੂਨੇ ਹਨ। ਇਨ੍ਹਾਂ ਰਚਨਾਵਾਂ ਦਾ ਮੁੱਲਾਂਕਣ, ਆਂਚਲਿਕਤਾ ਦੇ ਪੱਖੋਂ ਵੀ ਹੋਣਾ ਬਣਦਾ ਹੈ।

? *ਕੀ ਕਿਸੇ ਵੱਡੇ ਕਹਾਣੀਕਾਰ ਦੀ ਰਚਨਾ ਨੂੰ ਪੜ੍ਹ ਕੇ ਤੁਹਾਡੇ ਅੰਦਰ ਵੀ ਇਹ ਰੀਝ ਜਾਗੀ ਹੈ ਕਿ ਕਾਸ਼ ਮੈਂ ਵੀ ਉਸ ਵਰਗੀ ਕਹਾਣੀ ਲਿਖ ਸਕਾਂ ?*

• ਜਦੋਂ ਮੈਂ ਬੀ.ਏ. ਦਾ ਵਿਦਿਆਰਥੀ ਸੀ ਤਾਂ ਅੰਗਰੇਜ਼ੀ ਦੇ ਪਾਠਕ੍ਰਮ ਵਿਚ ਵਿਸ਼ਵ ਪ੍ਰਸਿੱਧ ਅੰਗਰੇਜ਼ੀ ਕਹਾਣੀਕਾਰ ਓ ਹੈਨਰੀ ਦੀ ਇਕ ਕਹਾਣੀ "ਰੱਸੀ ਦਾ ਟੁਕੜਾ" (A Piece of String) ਸ਼ਾਮਲ ਸੀ। ਉਸ ਕਹਾਣੀ ਵਿਚ ਇਕ ਗਰੀਬ ਤਾਂਗੇ ਵਾਲਾ ਆਪਣਾ ਦੁੱਖ ਲੋਕਾਂ ਨੂੰ ਸੁਣਾਉਣਾ ਚਾਹੁੰਦਾ ਹੈ ਪਰ ਗਰੀਬ ਹੋਣ ਕਾਰਨ ਕੋਈ ਉਸ ਨੂੰ ਨੇੜੇ ਨਹੀਂ ਢੁਕਣ ਦਿੰਦਾ। ਅਖ਼ੀਰ ਵਿਚ ਉਹ ਆਪਣੇ ਘੋੜੇ ਕੋਲ ਆਪਣਾ ਮਨ ਹਲਕਾ ਕਰਦਾ ਹੈ। ਇਕ ਬੇਵਸ ਮਨੁੱਖ ਦੀ ਸੰਵੇਦਨਾ, ਇਸ ਕਹਾਣੀ ਵਿਚ ਇੰਨੀ ਸ਼ਿੱਦਤ ਨਾਲ ਪੇਸ਼ ਕੀਤੀ ਗਈ ਹੈ ਕਿ ਉਹ ਅੱਜ ਤਕ ਮੇਰੇ ਜ਼ਿਹਨ ਉੱਪਰ ਛਾਈ ਹੋਈ ਹੈ। ਚੈਖਵ ਨੇ "ਗਿਰਗਟ" ਕਹਾਣੀ ਵਿਚ ਵਿਅੰਗ ਨੂੰ ਜਿਸ ਸਿਖ਼ਰ 'ਤੇ ਪਹੁੰਚਾਇਆ ਹੈ, ਉਹ ਵੀ

ਲਾਜਵਾਬ ਹੈ। ਆਪਣੀਆਂ ਰਚਨਾਵਾਂ ਵਾਲੇ ਵਿਅੰਗ ਨੂੰ ਉਸ ਪੱਧਰ ਤਕ ਲਿਜਾਣਾ ਮੇਰੀ ਰੀਝ ਹੈ।

? ***ਤਫ਼ਤੀਸ਼** ਨਾਵਲ ਦੀ ਰਚਨਾ ਪ੍ਰਕਿਰਿਆ, ਯੋਜਨਾ ਅਤੇ ਤਕਨੀਕ ਬਾਰੇ ਕੁਝ ਦੱਸੋ ?*

- ਮੇਰੇ ਸਾਰੇ ਨਾਵਲ ਕਿਉਂਕਿ ਇਕੋ ਵਿਸ਼ੇ ਫੌਜਦਾਰੀ ਨਿਆਂ-ਪ੍ਰਬੰਧ ਨਾਲ ਸੰਬੰਧਤ ਹਨ ਇਸ ਲਈ ਇਨ੍ਹਾਂ ਨੂੰ ਸਮਝਣ ਲਈ ਇਸ ਪ੍ਰਬੰਧ ਬਾਰੇ ਸੰਖੇਪ ਵਿਚ ਜਾਨਣਾ ਜ਼ਰੂਰੀ ਹੈ। ਇਸ ਪ੍ਰਬੰਧ ਦੀ ਸਥਾਪਨਾ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਅਤੇ ਇਨਸਾਫ਼ ਦੇਣ ਲਈ ਕੀਤੀ ਜਾਂਦੀ ਹੈ। ਪੁਲਿਸ ਵਿਭਾਗ ਇਸ ਪ੍ਰਬੰਧ ਦੀ ਪਹਿਲੀ ਕੜੀ ਹੈ। ਪੁਲਿਸ ਦੀ ਮੁੱਢਲੀ ਜ਼ਿੰਮੇਵਾਰੀ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਅਤੇ ਜੁਰਮ ਨੂੰ ਹੋਣ ਤੋਂ ਰੋਕਣਾ ਹੈ। ਜੇ ਫੇਰ ਵੀ ਜੁਰਮ ਹੋ ਜਾਵੇ ਤਾਂ ਮੁਜਰਮਾਂ ਨੂੰ ਫੜਨਾ, ਉਨ੍ਹਾਂ ਵਿਰੁੱਧ ਸਬੂਤ ਇਕੱਠੇ ਕਰਨਾ ਅਤੇ ਰਿਪੋਰਟ (ਚਲਾਨ) ਤਿਆਰ ਕਰਕੇ ਯੋਗ ਸਜ਼ਾ ਲਈ ਅਦਾਲਤ ਵਿਚ ਪੇਸ਼ ਕਰਨਾ ਹੈ।

  ਨਿਆਂਪਾਲਿਕਾ ਇਸ ਪ੍ਰਬੰਧ ਦੀ ਦੂਜੀ ਕੜੀ ਹੈ। ਇਸ ਸੰਸਥਾ ਨੇ ਪੁਲਿਸ ਵੱਲੋਂ ਇਕੱਠੇ ਕੀਤੇ ਸਬੂਤਾਂ ਦੀ ਘੋਖ ਨਿਰਪੱਖਤਾ ਨਾਲ ਕਰਨੀ ਹੁੰਦੀ ਹੈ। ਜੇ ਦੋਸ਼ ਸਿੱਧ ਹੋ ਜਾਣ ਤਾਂ ਦੋਸ਼ੀ ਨੂੰ ਸਜ਼ਾ ਦੇਣੀ ਹੁੰਦੀ ਹੈ। ਜੇ ਮਾਮਲਾ ਸ਼ੱਕੀ ਜਾਪੇ ਤਾਂ ਦੋਸ਼ੀ ਨੂੰ ਬਰੀ ਕਰਨਾ ਹੁੰਦਾ ਹੈ। ਅਦਾਲਤਾਂ ਵੱਲੋਂ ਦੋਸ਼ੀ ਠਹਿਰਾਏ ਮੁਜਰਮਾਂ ਨੂੰ ਸਜ਼ਾ ਭੁਗਤਣ ਲਈ ਚਾਰਦੀਵਾਰੀ (ਜੇਲ੍ਹ) ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਸੁਧਰਨ ਯੋਗ ਦੋਸ਼ੀਆਂ ਨੂੰ ਸੁਧਰਨ ਦੇ ਮੌਕੇ ਦੇ ਕੇ ਉਨ੍ਹਾਂ ਦੇ ਪੁਨਰਵਾਸ ਦਾ ਪ੍ਰਬੰਧ ਕਰਨਾ ਜੇਲ੍ਹ ਵਿਭਾਗ ਦਾ ਮੁੱਖ ਉਦੇਸ਼ ਹੈ। ਜਿਹੜੇ ਮੁਜਰਿਮ ਪੱਕੜ ਅਤੇ ਪੇਸ਼ਾਵਰ ਬਣ ਜਾਣ, ਉਨ੍ਹਾਂ ਨੂੰ ਸਮਾਜ ਤੋਂ ਦੂਰ ਰੱਖਣ ਲਈ ਕੈਦ ਕੋਠੜੀਆਂ ਵਿਚ ਤਾੜੀ ਰੱਖਣਾ ਵੀ ਇਸ ਵਿਭਾਗ ਦੀ ਜ਼ਿੰਮੇਵਾਰੀ ਹੈ।

  ਸਿਧਾਂਤਕ ਰੂਪ ਵਿਚ ਫ਼ੌਜਦਾਰੀ ਨਿਆਂ-ਪ੍ਰਬੰਧ ਦੀਆਂ ਜ਼ਿੰਮੇਵਾਰੀਆਂ ਜਿੰਨੀਆਂ ਅਹਿਮ ਹਨ, ਅਮਲੀ ਰੂਪ ਵਿਚ ਇਹ ਸੰਸਥਾਵਾਂ ਆਪਣੇ ਉਦੇਸ਼ ਤੋਂ ਓਨੀਆਂ ਹੀ ਭਟਕੀਆਂ ਹੋਈਆਂ ਹਨ। ਪੁਲਿਸ ਵਿਭਾਗ ਵਾਂਗ ਜੇਲ੍ਹ ਵਿਭਾਗ ਵੀ ਗਰਕ ਚੁੱਕਾ ਹੈ। **ਸੁਧਾਰ ਘਰ**, **ਵਿਗਾੜ ਘਰ** ਜਾਂ ਆਖੋ **ਬਘਿਆੜ ਘਰ** ਬਣ ਚੁੱਕੇ ਹਨ। ਜੇਲ੍ਹੋਂ ਕੈਦੀ ਚੰਗੇ ਸ਼ਹਿਰੀ ਬਣਨ ਦੀ ਥਾਂ ਪੇਸ਼ਾਵਰ ਮੁਜਰਿਮ ਬਣ ਕੇ ਨਿਕਲਦੇ ਹਨ। ਨਿਆਂ-ਪਾਲਿਕਾ ਦਾ ਵੀ ਇਹੋ ਹਾਲ ਹੈ। ਲੋਕਾਂ ਦੀ ਆਖ਼ਰੀ ਆਸ ਅਦਾਲਤਾਂ ਉੱਪਰ ਟਿਕੀ ਹੁੰਦੀ ਹੈ। ਇਨਸਾਫ਼ ਪ੍ਰਾਪਤੀ ਦੇ ਜਦੋਂ ਸਾਰੇ ਰਾਹ ਬੰਦ ਹੋ ਜਾਣ ਤਾਂ ਲੋਕ ਅਦਾਲਤ ਦਾ ਦਰਵਾਜ਼ਾ ਖਟਖਟਾਉਂਦੇ ਹਨ। ਜੇ ਇਥੋਂ ਵੀ ਇਨਸਾਫ਼ ਦੀ ਸੰਭਾਵਨਾ ਖ਼ਤਮ ਹੋ ਜਾਵੇ ਤਾਂ ਲੋਕ ਕਿਧਰ ਨੂੰ ਜਾਣ ? ਆਪਣੀ ਇਹੋ ਚਿੰਤਾ ਪ੍ਰਗਟਾਉਣ ਲਈ ਅਤੇ ਲੋਕਾਂ ਨੂੰ ਇਹ ਸਮਝਾਉਣ

ਲਈ ਕਿ ਉਹ ਇਸ ਭੁਲੇਖੇ ਵਿਚ ਨਾ ਰਹਿਣ ਕਿ ਅਦਾਲਤਾਂ ਵਿਚ ਇਨਸਾਫ਼ ਮਿਲਦਾ ਹੈ, ਮੈਂ ਇਨ੍ਹਾਂ ਨਾਵਲਾਂ ਦੀ ਰਚਨਾ ਕੀਤੀ ਹੈ। ਇਸ ਖ਼ੌਫ਼ਨਾਕ ਚੱਕਰਵਿਊ ਵਿਚੋਂ ਕਿਸ ਤਰ੍ਹਾਂ ਨਿਕਲਣਾ ਹੈ, ਕੁਝ ਇਹ ਦੱਸਣ ਦਾ ਯਤਨ ਵੀ ਕੀਤਾ ਹੈ।

ਹੁਣ ਆਈਏ ਪ੍ਰਸ਼ਨ ਦੇ ਅਸਲ ਮੁੱਦੇ ਵੱਲ। ਸਮੁੱਚੇ ਪੁਲਿਸ ਸਭਿਆਚਾਰ ਨੂੰ ਬਾਰੀਕੀ ਨਾਲ ਪੇਸ਼ ਕਰਨ ਲਈ ਮੈਂ ਇਕ ਨਾਵਲ ਲਿਖਣ ਦੀ ਯੋਜਨਾ ਬਣਾਈ। ਰੂਪਰੇਖਾ ਘੜਨ ਲੱਗਾ ਤਾਂ ਲੱਗਾ ਮੇਰੇ ਪੱਲੇ ਕੁਝ ਵੀ ਨਹੀਂ ਹੈ। ਜੁਰਮਾਂ ਅਤੇ ਜਰਾਇਮ ਪੇਸ਼ਾ ਲੋਕਾਂ ਬਾਰੇ ਤੱਥ ਤਾਂ ਮੇਰੇ ਕੋਲ ਬਥੇਰੇ ਸਨ ਪਰ ਉਨ੍ਹਾਂ ਨੂੰ ਕਿਸ ਸਿਧਾਂਤ ਤਹਿਤ ਅਤੇ ਕਿਸ ਲੜੀ ਵਿਚ ਪਰੋ ਕੇ ਪੇਸ਼ ਕੀਤਾ ਜਾਵੇ, ਇਹ ਸਮਝੋਂ ਬਾਹਰ ਹੋਣ ਲੱਗਾ। ਸਹੀ ਰਾਹ ਲੱਭਣ ਲਈ ਮੁੜ ਜੁਰਮ ਵਿਗਿਆਨ, ਦੰਡ ਵਿਗਿਆਨ ਅਤੇ ਮਾਰਕਸਵਾਦ ਦਾ ਅਧਿਐਨ ਕੀਤਾ। ਰਸਤੇ ਰੌਸ਼ਨ ਹੋਣ ਲੱਗੇ, ਕੜੀਆਂ ਜੁੜਨ ਲੱਗੀਆਂ ਅਤੇ ਕਹਾਣੀ ਰਾਹ ਪੈ ਗਈ।

ਪੁਲਿਸ ਦੇ ਬਹੁਤੇ ਕੁਕਰਮ ਥਾਣੇ ਦੀ ਚਾਰਦੀਵਾਰੀ ਅੰਦਰ ਹੁੰਦੇ ਹਨ। ਸਧਾਰਨ ਵਿਅਕਤੀ ਦੀ ਉਥੋਂ ਤਕ ਪਹੁੰਚ ਨਹੀਂ ਹੁੰਦੀ। ਨਾਵਲ ਨੂੰ ਮੈਂ ਯਥਾਰਥ ਤੋਂ ਲਾਂਭੇ ਨਹੀਂ ਸੀ ਜਾਣ ਦੇਣਾ ਚਾਹੁੰਦਾ। ਮੁੱਢਲਾ ਗਿਆਨ ਹਾਸਲ ਕਰਨ ਲਈ ਮੈਂ ਆਪਣੇ ਅਹੁਦੇ ਦੀ ਵਰਤੋਂ ਕਰਕੇ ਥਾਣੇ ਗਿਆ। ਮੁਜਰਿਮਾਂ ਨੂੰ ਕੁਰਸੀਆਂ, ਘੋਟੇ ਅਤੇ ਰੱਸੇ ਲੱਗਦੇ ਦੇਖੇ। ਗੰਦੇ ਹਵਾਲਾਤਾਂ ਅਤੇ ਬੈਰਕਾਂ ਦੀ ਘੋਖ ਕੀਤੀ। ਮੇਰੀ ਧਾਰਨਾ ਹੈ ਕਿ ਕਿਸੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਸ ਪ੍ਰਬੰਧ ਦੇ ਹੋਰ ਛੋਟੇ ਵੱਡੇ ਪਹਿਲੂ ਦਾ ਬਾਰੀਕੀ ਨਾਲ ਅਧਿਐਨ ਹੋਣਾ ਚਾਹੀਦਾ ਹੈ। ਕਰੋੜਾਂ ਰੁਪਏ ਮੁੱਲ ਦੀ ਕਾਰ ਵਿਚ ਪੰਜ ਪੈਸੇ ਦੀ ਰਬੜ ਦੇ ਵਾਲ ਦੀ ਵੀ ਓਨੀ ਹੀ ਅਹਿਮੀਅਤ ਹੈ, ਜਿੰਨੀ ਲੱਖਾਂ ਰੁਪਏ ਦੇ ਇੰਜਣ ਦੀ। ਜੇ ਵਾਲ ਖਰਾਬ ਹੋ ਜਾਵੇ ਤਾਂ ਟਾਇਰ ਵਿਚੋਂ ਫੂਕ ਨਿਕਲ ਜਾਂਦੀ ਹੈ ਅਤੇ ਚਲਦੀ ਗੱਡੀ ਖੜ੍ਹ ਜਾਂਦੀ ਹੈ। ਇਸ ਲਈ ਵਾਲ ਦੀ ਅਹਿਮੀਅਤ ਨੂੰ ਸਮਝੇ ਬਿਨਾ ਗੱਡੀ ਦੇ ਬਾਕੀ ਪੁਰਜ਼ਿਆਂ ਦਾ ਅਧਿਐਨ ਬੇਮਾਇਨਾ ਹੈ। ਪੁਲਿਸ ਪ੍ਰਬੰਧ ਦੀ ਪਹਿਲੀ ਕੜੀ ਸਿਪਾਹੀ ਹੈ। ਥਾਣੇ ਨਾਲ ਵਾਹ ਪ੍ਰਵੇਸ਼ ਦੁਆਰ 'ਤੇ ਖੜ੍ਹੇ ਸੰਤਰੀ ਤੋਂ ਪੈਣਾ ਸ਼ੁਰੂ ਹੁੰਦਾ ਹੈ, ਜੋ ਇਕ ਸਿਪਾਹੀ ਹੁੰਦਾ ਹੈ। ਪ੍ਰਬੰਧ, ਹੌਲਦਾਰ, ਥਾਣੇਦਾਰ, ਡਿਪਟੀ ਆਦਿ ਰਾਹੀਂ ਹੁੰਦਾ ਹੋਇਆ ਮੁੱਖ ਮੰਤਰੀ ਤਕ ਪੁੱਜਦਾ ਹੈ। ਮੈਂ ਇਨ੍ਹਾਂ ਸਾਰੀਆਂ ਕੜੀਆਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਨਾ ਚਾਹੁੰਦਾ ਸੀ। ਇਸ ਲਈ ਮੈਂ ਨਾਵਲ ਨੂੰ ਸੰਤਰੀ ਤੋਂ ਸ਼ੁਰੂ ਕਰਕੇ ਮੁੱਖ ਮੰਤਰੀ ਤਕ ਪਹੁੰਚਾਇਆ।

ਰਹੀ ਗੱਲ ਤਕਨੀਕ ਦੀ। ਕਹਿੰਦੇ ਹਨ—ਲੋੜ ਕਾਢ ਦੀ ਮਾਂ ਹੈ। ਮੇਰੇ ਦਿਮਾਗ਼ ਵਿਚ ਵਿਸ਼ਾਲ ਵਿਸ਼ਾ ਸੀ। ਨਾਵਲ ਦੀ ਕੋਈ ਵੀ ਪਰੰਪਰਾਗਤ ਵਿਧੀ ਇਸ ਨੂੰ ਪ੍ਰਗਟਾ ਨਹੀਂ ਸੀ ਸਕਦੀ। ਤਕਨੀਕ ਨੇ ਆਪਣਾ ਰਾਹ ਆਪ ਬਣਾਇਆ ਹੈ। ਮੈਂ ਸੁਚੇਤ ਹੋ ਕੇ ਕੋਈ ਕਾਢ ਨਹੀਂ ਕੱਢੀ।

? *ਤੁਸੀਂ ਖ਼ੁਦ ਨਿਆਂ-ਪ੍ਰਣਾਲੀ ਨਾਲ ਸੰਬੰਧਤ ਸੀ। ਇਸ ਨਾਵਲ ਵਿਚ ਇਸ ਪ੍ਰਣਾਲੀ ਦੇ ਪਹਿਲੂਆਂ ਨੂੰ ਬਾਤਫ਼ਸੀਲ ਨਸ਼ਰ ਕਰਨ ਨਾਲ ਤੁਹਾਡੇ ਕੰਮ-ਕਾਜੀ ਹਲਕਿਆਂ ਵਿਚ ਕਿਸ ਪ੍ਰਕਾਰ ਦੀ ਪ੍ਰਤਿਕਿਰਿਆ ਪੈਦਾ ਹੋਈ ?*

• **ਤਫ਼ਤੀਸ਼** ਵਿਚ ਪੁਲਿਸ ਪ੍ਰਬੰਧ ਦੇ ਪਾਜ ਉਘੇੜਨ ਕਾਰਨ ਮੈਨੂੰ ਸਰਕਾਰ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ ਸੀ। ਸੰਨ 1990 ਵਿਚ ਅੱਤਵਾਦ ਪੂਰੇ ਜੋਬਨ ’ਤੇ ਸੀ। ਅੱਤਵਾਦੀਆਂ ਹੱਥੋਂ ਮਰਵਾਉਣ ਲਈ ਮੈਨੂੰ ਅਜਨਾਲੇ ਬਦਲ ਦਿੱਤਾ ਗਿਆ। ਫਿਰ ਮੈਨੂੰ ਪੁਲਿਸ ਟ੍ਰੇਨਿੰਗ ਕਾਲਜ ਫਿਲੌਰ ਬਦਲ ਦਿੱਤਾ ਗਿਆ। ਪੁਲਿਸ ਵਿਰੋਧੀ ਹੋਣ ਕਾਰਨ ਮੈਨੂੰ ਉਥੇ ਜ਼ਲੀਲ ਕੀਤਾ ਜਾਂਦਾ ਰਿਹਾ। ਪਰ ਮੈਂ ਸਬਰ ਨਾਲ ਦਿਨ ਕੱਟੀ ਕਰਦਾ ਰਿਹਾ। 14-15 ਮਹੀਨੇ ਦੀ ਸਜ਼ਾ ਕੱਟਣ ਤੋਂ ਬਾਅਦ ਮੈਂ ਫਿਰ ਮੁੱਖਧਾਰਾ ਵਿਚ ਆ ਗਿਆ।

? *ਉਸ ਜ਼ਮਾਨੇ ਵਿਚ ਜਦੋਂ **ਤਫ਼ਤੀਸ਼** ਛਪਿਆ ਤਾਂ ਚਿੰਤਨ ਦੇ ਹਲਕਿਆਂ ਵਿਚ ਦੋ ਤਰ੍ਹਾਂ ਦੀ ਪ੍ਰਤਿਕਿਰਿਆ ਪੈਦਾ ਹੋਈ। ਇਕ ਇਸ ਦੀ ਥੀਮਕ ਗੌਰਵਤਾ ਨੂੰ ਉਘਾੜਦੀ ਸੀ ਅਤੇ ਦੂਸਰੀ ਇਸ ਦੀਆਂ ਤਕਨੀਕੀ ਜਾਂ ਰੂਪਗਤ ਊਣਤਾਈਆਂ ਨੂੰ। ਤੁਸੀਂ ਕੀ ਅਨੁਭਵ ਕੀਤਾ ? ਕੀ ਚਰਚਾ ਠੀਕ ਦਿਸ਼ਾ ਵੱਲ ਚੱਲ ਰਹੀ ਸੀ ?*

• ਨਾਵਲ ਨੂੰ ਮੇਰੀ ਆਸ ਤੋਂ ਕਿਤੇ ਵੱਧ ਹੁੰਗਾਰਾ ਮਿਲਿਆ। ਡਾ. ਅਤਰ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਰਘਬੀਰ ਸਿੰਘ ਸਿਰਜਣਾ ਤੋਂ ਲੈ ਕੇ ਡਾ. ਸੁਖਦੇਵ ਸਿੰਘ ਖਾਹਰਾ ਤਕ ਨੇ ਖੋਜ-ਪੱਤਰ ਲਿਖ ਕੇ ਇਸ ਨੂੰ ਸਲਾਹਿਆ। ਡਾ. ਟੀ.ਆਰ. ਵਿਨੋਦ ਨੇ ਇਸ ਨੂੰ ਮਸ਼ਕਰੀ ਦੀ ਵਿਧਾ ਵਿਚ ਲਿਖਿਆ ਗਿਆ ਪਹਿਲਾ ਪੰਜਾਬੀ ਨਾਵਲ ਮੰਨਿਆ। ਡਾ. ਸੁਖਦੇਵ ਸਿੰਘ ਖਾਹਰਾ ਨੇ ਪੰਦਰਾਂ ਖੋਜ ਪੱਤਰਾਂ ’ਤੇ ਆਧਾਰਿਤ ਪੁਸਤਕ **ਤਫ਼ਤੀਸ਼ ਦਾ ਵਿਸ਼ਲੇਸ਼ਣ** ਸੰਪਾਦਤ ਕੀਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਸ ਨੂੰ ਆਪਣੇ ਐੱਮ.ਏ. ਪੰਜਾਬੀ ਦੇ ਪਾਠਕ੍ਰਮ ਵਿਚ ਸ਼ਾਮਲ ਕੀਤਾ ਅਤੇ 1990 ਦੀ ਉੱਤਮ ਗਲਪ ਰਚਨਾ ਮੰਨਦੇ ਹੋਏ **ਨਾਨਕ ਸਿੰਘ ਪੁਰਸਕਾਰ** ਦਿੱਤਾ।

ਰੂਪਗਤ ਤੌਰ ਉੱਪਰ ਮੈਂ ਨਵਾਂ ਪ੍ਰਯੋਗ ਕੀਤਾ ਸੀ, ਇਸ ਲਈ ਵਿਚਾਰ-ਚਰਚਾ ਹੋਣੀ ਸੁਭਾਵਕ ਸੀ। ਆਪਣੀ ਲੀਹ ਨੂੰ ਪੱਕਾ ਕਰਨ ਲਈ ਇਸ ਤਕਨੀਕ ਦੇ ਆਧਾਰ ’ਤੇ ਮੈਂ ਤਿੰਨ ਹੋਰ ਨਾਵਲ **ਕਟਹਿਰਾ**, **ਕੌਰਵ ਸਭਾ** ਅਤੇ **ਸੁਧਾਰ ਘਰ** ਲਿਖੇ। ਹੁਣ ਇਹ ਤਕਨੀਕ ਪੰਜਾਬੀ ਗਲਪ ਵਿਚ ਪੂਰੀ ਤਰ੍ਹਾਂ ਅਪਣਾਈ ਜਾ ਚੁੱਕੀ ਹੈ।

? *ਇਸ ਪੁਸਤਕ ਸੰਬੰਧੀ ਪਾਠਕਾਂ ਦਾ ਹੁੰਗਾਰਾ ਕਿਸ ਪ੍ਰਕਾਰ ਦਾ ਰਿਹਾ ?*

• ਪਾਠਕਾਂ ਨੇ ਨਾਵਲ ਨੂੰ ਹੱਥਾਂ ਉੱਪਰ ਚੁੱਕ ਲਿਆ। ਪਹਿਲੇ ਹੀ ਹੱਲੇ ਇਸ ਨਾਵਲ ਦੇ ਦੋ ਐਡੀਸ਼ਨ ਛਪ ਗਏ। ਮੁਕਤਾ ਪ੍ਰਕਾਸ਼ਨ, ਅੰਮ੍ਰਿਤਸਰ ਨੇ ਇਕ ਹਜ਼ਾਰ ਕਾਪੀ ਅਤੇ ਲੋਕਗੀਤ ਪ੍ਰਕਾਸ਼ਨ ਨੇ ਤਿੰਨ ਹਜ਼ਾਰ ਕਾਪੀ ਛਾਪੀ। ਤੀਜਾ ਐਡੀਸ਼ਨ 1992 ਵਿਚ ਲਾਹੌਰ ਬੁੱਕ ਸ਼ਾਪ ਨੇ ਛਾਪਿਆ। 23 ਸਾਲਾਂ ਬਾਅਦ ਹੁਣ ਤਕ ਵੀ ਇਹ ਨਾਵਲ ਵੱਡੇ ਪੱਧਰ 'ਤੇ ਪੜ੍ਹਿਆ ਜਾ ਰਿਹਾ ਹੈ। ਅੱਤਵਾਦ ਦੇ ਉਸ ਦੌਰ ਵਿਚ ਇਨਕਲਾਬੀ ਧਿਰਾਂ, ਖਾਲਿਸਤਾਨੀ ਜਥੇਬੰਦੀਆਂ ਦਾ ਡੱਟ ਕੇ ਵਿਰੋਧ ਕਰ ਰਹੀਆਂ ਸਨ। ਇਕ ਪਾਸੇ ਇਸ ਨਾਵਲ ਕਾਰਨ ਪੰਜਾਬ ਲੋਕ ਸਭਿਆਚਾਰਕ ਮੰਚ ਨੇ ਮੈਨੂੰ ਸਨਮਾਨਿਤ ਕੀਤਾ। ਦੂਜੇ ਪਾਸੇ ਖਾਲਿਸਤਾਨ ਜਥੇਬੰਦੀ ਦਲ ਖ਼ਾਲਸਾ ਇੰਟਰਨੈਸ਼ਨਲ ਨੇ ਪ੍ਰਸੰਸਾ-ਪੱਤਰ ਭੇਜਿਆ। ਨਾਵਲ ਗਿਆਨੀ ਜ਼ੈਲ ਸਿੰਘ ਵੱਲੋਂ ਵੀ ਪੜ੍ਹਿਆ ਗਿਆ ਅਤੇ ਸੁਰਜੀਤ ਸਿੰਘ ਬਰਨਾਲਾ ਵੱਲੋਂ ਵੀ। ਇਸ ਤੋਂ ਵੱਧ ਕੋਈ ਲੇਖਕ ਕੀ ਚਾਹ ਸਕਦਾ ਹੈ।

? *ਜਦੋਂ **ਤਫ਼ਤੀਸ਼** ਨਾਵਲ ਛਪਣ ਉਪਰੰਤ ਡਾ. ਅਤਰ ਸਿੰਘ ਨੇ ਇਸ ਦੀ ਭਰਵੀਂ ਪ੍ਰਸੰਸਾ ਕੀਤੀ ਅਤੇ ਇਸ ਨੂੰ "ਨਵੀਂ ਦਿਸ਼ਾ ਦਾ ਸੂਚਕ" ਦੱਸਿਆ ਤਾਂ ਤੁਹਾਨੂੰ ਕਿਸ ਤਰ੍ਹਾਂ ਅਨੁਭਵ ਹੋਇਆ ?*

• ਉਸ ਸਮੇਂ ਡਾ. ਅਤਰ ਸਿੰਘ ਦੀ ਪੂਰੀ ਚੜ੍ਹਤ ਸੀ। ਉਨ੍ਹਾਂ ਵੱਲੋਂ ਕਿਸੇ ਨਾਵਲ ਨੂੰ ਨਾਵਲ ਮੰਨ ਲੈਣਾ ਹੀ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ। **ਤਫ਼ਤੀਸ਼** ਨੂੰ "ਨਵੀਂ ਦਿਸ਼ਾ ਦਾ ਸੂਚਕ" ਆਖਣਾ ਤਾਂ ਬਹੁਤ ਵੱਡੀ ਗੱਲ ਸੀ। ਇਸ ਟਿੱਪਣੀ ਬਾਅਦ ਦੂਸਰੇ ਚਿੰਤਕ ਇਸ ਨਾਵਲ ਦਾ ਨੋਟਿਸ ਲੈਣ ਲੱਗੇ। ਨਾਵਲ ਦੀ ਚਰਚਾ ਸ਼ੁਰੂ ਹੋ ਗਈ। ਇਹ ਅੱਜ ਤਕ ਜਾਰੀ ਹੈ। ਮੈਨੂੰ ਹੱਲਾਸ਼ੇਰੀ ਅਤੇ ਪ੍ਰੇਰਨਾ ਮਿਲੀ। ਉਨ੍ਹਾਂ ਦਾ ਕਥਨ ਸੱਚ ਸਿੱਧ ਹੋਇਆ। ਇਸੇ ਪੱਧਤੀ 'ਤੇ ਆਧਾਰਿਤ **ਕਟਹਿਰਾ**, **ਕੌਰਵ ਸਭਾ** ਅਤੇ **ਸੁਧਾਰ ਘਰ** ਨਾਵਲਾਂ ਦੇ ਆਉਣ ਬਾਅਦ ਬਹੁਤੇ ਚਿੰਤਕ ਇਹ ਆਖਣ ਲੱਗ ਪਏ ਕਿ ਪੰਜਾਬੀ ਨਾਵਲ ਨਵੀਂ ਦਿਸ਼ਾ ਵੱਲ ਮੋੜ ਕੱਟ ਰਿਹਾ ਹੈ। ਇੰਨਾ ਮਾਣ ਡਾ. ਅਤਰ ਸਿੰਘ ਦੀ ਉਸ ਭਵਿੱਖਬਾਣੀ ਦਾ ਸਿੱਟਾ ਹੀ ਹੈ।

? *ਇਹ ਨਾਵਲ ਮਨੋਰਥਵਾਦ ਦੀ ਥਾਂ ਮਾਨਵਵਾਦੀ ਸੰਵੇਦਨਾ ਵੱਲ, ਨਾਅਰੇਬਾਜ਼ੀ ਦੀ ਥਾਂ ਮਨੁੱਖੀ ਸੱਚ ਦੀ ਪਛਾਣ ਅਤੇ ਇਸ ਦੇ ਘੋਰ ਦੁਖਾਂਤ ਦੀ ਨਵੀਂ ਦਿਸ਼ਾ ਵੱਲ ਪੰਜਾਬੀ ਨਾਵਲ ਦੀ ਮੁੱਖ ਧਾਰਾ ਨੂੰ ਕਿਵੇਂ ਮੋੜਦਾ ਸੀ ?*

• ਸਟੇਟ ਦਾ ਮੁੱਢਲਾ ਫ਼ਰਜ਼ 'ਪਰਜਾ ਦੀ ਭਲਾਈ' (Public Welfare) ਹੈ। ਪੁਲਿਸ, ਸਟੇਟ ਮਸ਼ੀਨਰੀ ਦਾ ਇਕ ਮਹੱਤਵਪੂਰਨ ਅੰਗ ਹੈ। ਇਸ ਦੀ ਸਥਾਪਨਾ ਇਸ ਉਦੇਸ਼ ਦੀ ਪ੍ਰਾਪਤੀ ਲਈ ਕੀਤੀ ਗਈ ਹੈ। ਰਾਜਨੀਤਕ ਲੋਕਾਂ ਨੇ ਇਸ

ਸੰਸਥਾ ਦੀ ਵਰਤੋਂ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਕਰਨੀ ਸ਼ੁਰੂ ਕਰ ਦਿੱਤੀ ਹੈ। ਵਾੜ ਖੇਤ ਨੂੰ ਖਾਣ ਲੱਗ ਪਈ ਹੈ। ਲੋਕਾਂ ਦਾ ਘਾਣ ਹੋਣਾ ਸ਼ੁਰੂ ਹੋ ਗਿਆ ਹੈ। ਇਹੋ ਦਰਸਾਉਣ ਲਈ ਇਸ ਨਾਵਲ ਦੀ ਰਚਨਾ ਕੀਤੀ ਗਈ ਹੈ। ਮਾਨਵਵਾਦੀ ਸੰਵੇਦਨਾ, ਮਨੁੱਖੀ ਸੱਚ ਦੀ ਪਛਾਣ ਅਤੇ ਇਸ ਦਾ ਘੋਰ ਦੁਖਾਂਤ ਨਾਵਲ ਦੇ ਬਿਰਤਾਂਤ ਵਿਚੋਂ, ਸੁਭਾਵਿਕ ਤੌਰ 'ਤੇ ਉੱਭਰਦੇ ਹਨ। ਵਾਪਰ ਵੀ ਇੰਝ ਹੀ ਰਿਹਾ ਹੈ। ਇਹੋ ਕਰੂਰ ਯਥਾਰਥ ਹੈ।

? *"**ਤਫ਼ਤੀਸ਼** ਨਾਵਲ ਵਿਚੋਂ ਉਸਰੇ ਮਹਾਂਦ੍ਰਿਸ਼ ਨੂੰ ਬੂਮਿਰੈਂਗ ਤੋਂ ਆਕਾਰ ਮਿਲਦਾ ਹੈ ਤੇ ਵਿਅੰਗ ਤੋਂ ਧਾਰ"—ਡਾ. ਜੋਗਿੰਦਰ ਸਿੰਘ ਰਾਹੀ ਦੀ ਇਸ ਟਿੱਪਣੀ ਦੇ ਹਵਾਲੇ ਨਾਲ ਇਸ ਨਾਵਲ ਦੀ ਤਕਨੀਕ ਅਤੇ ਬਿਰਤਾਂਤ-ਜੁਗਤਾਂ ਬਾਰੇ ਕੀ ਕਹਿਣਾ ਚਾਹੋਗੇ ?*

• **ਤਫ਼ਤੀਸ਼** ਨਾਵਲ ਲਿਖਦੇ ਸਮੇਂ ਸਮੇਂ ਬੂਮਿਰੈਂਗ ਸ਼ਬਦ ਦੇ ਅਰਥਾਂ ਦਾ ਪਤਾ ਨਹੀਂ ਸੀ। ਅਪ੍ਰੈਲ 1990 ਵਿਚ ਜਦੋਂ **ਤਫ਼ਤੀਸ਼** ਨਾਵਲ ਉੱਪਰ ਬਰਨਾਲੇ ਗੋਸ਼ਟੀ ਹੋਈ ਤਾਂ ਡਾਕਟਰ ਜੋਗਿੰਦਰ ਰਾਹੀ ਨੇ ਇਸ ਵਿਧੀ ਦਾ ਜ਼ਿਕਰ ਕੀਤਾ। ਉਸ ਤੋਂ ਬਾਅਦ ਮੈਨੂੰ ਇਸ ਵਿਧੀ ਦੇ ਅਰਥ ਸਮਝ ਆਏ। ਵਿਅੰਗ ਵਿਧੀ ਵੀ ਮੈਂ ਸੁਚੇਤ ਤੌਰ 'ਤੇ ਨਹੀਂ ਅਪਣਾਈ। ਦੋਹਾਂ ਵਿਧੀਆਂ ਦੀ ਵਰਤੋਂ ਅਚੇਤ ਰੂਪ ਵਿਚ ਹੋਈ ਹੈ। ਮੈਂ ਤਾਂ ਇਥੋਂ ਤਕ ਆਖਾਂਗਾ ਕਿ ਲੇਖਕ ਨੂੰ ਸਿਰਜਣਾ ਕਰਦੇ ਸਮੇਂ ਵਿਧੀਆਂ ਦੇ ਝੰਜਟ ਵਿਚ ਨਹੀਂ ਪੈਣਾ ਚਾਹੀਦਾ। ਬਸ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਆਖ ਦੇਣ ਵੱਲ ਧਿਆਨ ਦੇਣਾ ਚਾਹੀਦਾ ਹੈ।

? *ਕੀ **ਤਫ਼ਤੀਸ਼** ਨਾਵਲ ਦੀ ਪਾਤਰਾਵਲੀ ਨੂੰ ਅਸਧਾਰਨ ਭਾਂਤ ਵਿਸਤ੍ਰਿਤ ਤੇ ਮਹਾਂਦ੍ਰਿਸ਼ ਦਾ ਪ੍ਰਭਾਵ ਦੇਣ ਵਾਲੀ ਸਵੀਕਾਰਿਆ ਜਾ ਸਕਦਾ ਹੈ ?*

• ਮੇਰੇ ਨਾਵਲ ਨਾਇਕ ਖਲਨਾਇਕ ਵਰਗੇ ਰਵਾਇਤੀ ਪਾਤਰਾਂ ਉੱਪਰ ਆਧਾਰਿਤ ਨਹੀਂ ਹਨ। ਮੈਂ ਇਕ ਪ੍ਰਬੰਧ ਨੂੰ ਸਮੁੱਚ ਵਿਚ ਪੇਸ਼ ਕਰਨਾ ਹੁੰਦਾ ਹੈ। ਹਰ ਪ੍ਰਬੰਧ ਬਹੁਪਰਤੀ ਹੈ। ਹਰ ਪਰਤ ਨੂੰ ਉਘਾੜਨ ਲਈ ਵੱਖਰੇ ਪਾਤਰ ਅਤੇ ਵੱਖਰੀ ਘਟਨਾ ਦੀ ਜ਼ਰੂਰਤ ਪੈਂਦੀ ਹੈ। ਉਦਾਹਰਣ ਲਈ ਪੁਲਿਸ ਪ੍ਰਬੰਧ ਵਿਚ ਸਿਪਾਹੀ, ਹੌਲਦਾਰ, ਮੁਨਸ਼ੀ, ਥਾਣੇਦਾਰ, ਮੁੱਖ ਅਫ਼ਸਰ, ਡਿਪਟੀ, ਕਪਤਾਨ, ਸੀਨੀਅਰ ਕਪਤਾਨ, ਡੀ.ਆਈ.ਜੀ. ਆਦਿ ਬੀਸੀਆਂ ਰੈਂਕ ਹੁੰਦੇ ਹਨ। ਹਰ ਰੈਂਕ ਦੇ ਅਧਿਕਾਰੀ ਦਾ ਪਰਿਵਾਰਕ ਪਿਛੋਕੜ ਵੱਖਰਾ ਹੁੰਦਾ ਹੈ। ਵਿਭਾਗੀ ਸਮੱਸਿਆਵਾਂ ਵੀ ਵੱਖ ਹੁੰਦੀਆਂ ਹਨ। ਇਕ-ਦੋ ਪਾਤਰਾਂ ਦੇ ਸਹਾਰੇ ਸਾਰੇ ਪੱਖ ਨਹੀਂ ਉਘਾੜੇ ਜਾ ਸਕਦੇ। ਇਸੇ ਤਰ੍ਹਾਂ ਮੁਲਜ਼ਮਾਂ ਦੀਆਂ ਵੀ ਕਈ ਕਿਸਮਾਂ ਹਨ। ਇਕ ਸਧਾਰਨ ਵਿਅਕਤੀ ਦੇ ਮੁਜਰਿਮ ਬਨਣ ਪਿੱਛੇ ਹਜ਼ਾਰਾਂ ਕਾਰਨ ਹੋ ਸਕਦੇ ਹਨ। ਸਾਰੇ ਨਹੀਂ ਤਾਂ ਮੁੱਖ ਕਾਰਨਾਂ ਨੂੰ ਤਾਂ ਨਾਵਲ ਵਿਚ ਪੇਸ਼ ਕਰਨਾ ਸੀ। ਪੂਰਾ

ਸੰਜਮ ਵਰਤਣ ਬਾਅਦ ਵੀ ਢਾਈ ਸੌ ਦੇ ਕਰੀਬ ਪਾਤਰਾਂ ਦੀ ਜ਼ਰੂਰਤ ਪੈ ਗਈ। ਇਕ ਤਰ੍ਹਾਂ ਨਾਲ ਇਹ ਮਹਾਦ੍ਰਿਸ਼ ਦਾ ਪ੍ਰਭਾਵ ਦੇਣ ਵਾਲੀ ਪਾਤਰਾਵਲੀ ਹੀ ਬਣ ਗਈ ਹੈ।

? *ਡਾ. ਰਾਹੀ ਦੀ ਇਸ ਨਾਵਲ ਸੰਬੰਧੀ ਕੁਲ ਪ੍ਰਸੰਸਾ ਦੇ ਬਾਵਜੂਦ ਇਸ ਨਾਵਲ ਦੇ ਅੰਤ ਸੰਬੰਧੀ ਸੰਤੁਸ਼ਟੀ ਨਹੀਂ ਸੀ। ਕੀ ਉਨ੍ਹਾਂ ਨੇ ਠੀਕ ਹੀ ਇਸ ਨਾਵਲ ਦੇ ਅੰਤ ਜਾਂ ਨਿਬੇੜੇ ਨੂੰ ਪ੍ਰਗਤੀਵਾਦੀ ਨਾਵਲ ਵਾਲੀ ਬਿਰਤਾਂਤ-ਰੂੜ੍ਹੀ ਤੋਂ ਸੁਰਖ਼ਰੂ ਮੰਨਣ ਤੋਂ ਇਨਕਾਰ ਕੀਤਾ ਸੀ ?*

• ਰਾਹੀ ਸਾਹਿਬ ਦਾ ਆਪਣਾ ਦ੍ਰਿਸ਼ਟੀਕੋਣ ਹੈ। ਮੈਂ ਨਾਵਲ ਦੇ ਅੰਤ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਸਾਹਿਤ ਦਾ ਉਦੇਸ਼ ਮਨੁੱਖ ਨੂੰ ਵਧੀਆ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਨਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਜੇ ਸਥਾਪਤੀ ਨਾਲ ਟੱਕਰ ਲੈਣੀ ਪਵੇ ਤਾਂ ਲੈ ਲੈਣੀ ਚਾਹੀਦੀ ਹੈ। ਅੰਤ ਨੂੰ ਛੱਡ ਕੇ, ਬਾਕੀ ਸਾਰੇ ਨਾਵਲ ਵਿਚ ਸਥਿਤੀ ਨਿਰਾਸ਼ਾਜਨਕ ਹੈ। ਜੇ ਅੰਤ ਵੀ ਉਹੋ ਜਿਹਾ ਹੋਵੇ ਤਾਂ ਪਾਠਕ ਹੱਤਾਸ਼ ਅਤੇ ਨਿਰਾਸ਼ਾਵਾਦੀ ਬਣ ਜਾਵੇਗਾ। ਪਾਠਕ ਨੂੰ ਘੋਰ ਉਦਾਸੀਨਤਾ ਵਿਚੋਂ ਕੱਢਣ ਲਈ ਇਹੋ ਅੰਤ ਉਚਿਤ ਹੈ।

? *ਡਾ. ਫ਼ਰੈਂਕ ਦਾ **ਤਫ਼ਤੀਸ਼** ਨਾਵਲ ਸੰਬੰਧੀ ਇਤਰਾਜ਼ ਸੀ ਕਿ "ਨਾਵਲ ਵਿਚ ਪੇਸ਼ ਸਾਰੀ ਵਿਸ਼ਾਲਤਾ ਦਾ ਮਕਸਦ ਮੌਜੂਦਾ ਸਿਸਟਮ ਅਤੇ ਇਸ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਕਰੂਰਤਾ ਨੂੰ ਸਾਹਮਣੇ ਲਿਆਉਣਾ ਹੋ ਸਕਦਾ ਸੀ, ਪਰ ਨਾਵਲ ਵਿਚ ਇਹ ਪੱਖ ਉੱਘੜਦਾ ਨਹੀਂ"—ਤੁਹਾਡੀ ਟਿੱਪਣੀ ?*

• ਡਾ. ਫ਼ਰੈਂਕ ਨੇ ਇਹ ਟਿੱਪਣੀ ਵੀਹ ਸਾਲ ਪਹਿਲਾਂ ਕੀਤੀ ਸੀ। ਉਸ ਤੋਂ ਬਾਅਦ ਨਾਵਲ 'ਤੇ ਬਹੁਤ ਚਿੰਤਨ ਹੋਇਆ ਹੈ। ਹੁਣ ਚਿੰਤਕਾਂ ਦਾ ਵਿਚਾਰ ਡਾ. ਫ਼ਰੈਂਕ ਦੇ ਉਲਟ ਹੈ। ਡਾ. ਰਾਹੀ ਜਦੋਂ ਇਹ ਕਹਿੰਦੇ ਹਨ ਕਿ ਨਾਵਲ ਦੇ ਅਸਲੀ ਅਰਥ ਇਸ ਦੇ ਹਾਸ਼ੀਏ ਅਤੇ ਅੰਤਰਪਾਠ ਵਿਚ ਪਏ ਹਨ ਤਾਂ ਉਨ੍ਹਾਂ ਦਾ ਇਸ਼ਾਰਾ ਮੌਜੂਦਾ ਸਿਸਟਮ ਅਤੇ ਇਸ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਕਰੂਰਤਾ ਨੂੰ ਸਮਝਣ ਵੱਲ ਹੀ ਹੈ।

? *ਤੁਹਾਡੇ ਹਿਸਾਬ ਨਾਲ ਇਹ ਨਾਵਲ ਪੁਲਿਸ ਦਾ ਚਿਹਰਾ-ਮੁਹਰਾ ਬੇਨਕਾਬ ਕਰਨ ਤੋਂ ਅਗਾਂਹ ਮੌਜੂਦਾ ਪ੍ਰਬੰਧ ਅਤੇ ਇਸ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਕਰੂਰਤਾ ਨੂੰ ਉਘਾੜਦਾ ਹੈ ਜਾਂ ਨਹੀਂ ? ਜਾਂ ਇੰਞ ਆਖੀਏ ਕਿ ਇਹ ਪ੍ਰਬੰਧ ਦੀ ਸਤਹ 'ਚ ਹੀ ਗੁਆਚ ਜਾਂਦਾ ਹੈ ਜਾਂ ਧੁਰ-ਡੂੰਘ ਤਕ ਵੀ ਅੱਪੜਦਾ ਹੈ ?*

• ਪੁਲਿਸ ਦੇ ਹੱਥ ਵਿਚ ਫੜਿਆ ਡੰਡਾ ਸਟੇਟ ਦੀ ਸ਼ਕਤੀ ਦਾ ਪ੍ਰਤੀਕ ਹੈ। ਇਹ ਡੰਡਾ ਉਸੇ 'ਤੇ ਬਰਸਦਾ ਹੈ ਜਿਸ 'ਤੇ ਸਟੇਟ ਬਰਸਾਉਣਾ ਚਾਹੁੰਦੀ ਹੈ। ਮੁੱਖ ਮੰਤਰੀ ਪੁਲਿਸ ਵਿਭਾਗ ਦੇ ਨਾਲ-ਨਾਲ ਸਟੇਟ ਦਾ ਵੀ ਮੁਖੀ ਹੁੰਦਾ ਹੈ। ਇਸ

ਨਾਵਲ ਵਿਚ ਉਹ ਬੰਟੀ ਦੇ ਕਾਤਲਾਂ ਨੂੰ, ਉਸ ਦੇ ਭੋਗ ਤੋਂ ਪਹਿਲਾਂ ਪਹਿਲਾਂ ਫੜਨ ਦਾ ਐਲਾਨ ਕਰਦਾ ਹੈ। ਆਪਣੇ ਆਕਾ ਦੇ ਹੁਕਮ 'ਤੇ ਫੁੱਲ ਚੜ੍ਹਾਉਣ ਲਈ ਪੁਲਿਸ ਤਰਲੋਮੱਛੀ ਹੁੰਦੀ ਹੈ। ਕਾਤਲਾਂ ਨੂੰ ਫੜਨ ਦੇ ਬਹਾਨੇ ਪੁਲਿਸ ਆਪਣਾ ਘਿਣਾਉਣਾ ਅਤੇ ਸਵਾਰਥੀ ਰੂਪ ਦਿਖਾਉਂਦੀ ਹੈ। ਪੇਸ਼ਾਵਰ ਮੁਜਰਮਾਂ ਤੋਂ ਲੈ ਕੇ ਮਾਸੂਮਾਂ ਤਕ ਉੱਪਰ ਅੱਤਿਆਚਾਰ ਹੁੰਦਾ ਹੈ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਹੁੰਦੀ ਹੈ। ਆਪਣੀ ਘਟੀਆ ਕਾਰਗੁਜ਼ਾਰੀ ਕਾਰਨ ਜਦੋਂ ਪੁਲਿਸ ਮੁੱਖ-ਮੰਤਰੀ ਦੇ ਬੋਲ ਪੁਗਾਉਣ ਤੋਂ ਅਸਮਰੱਥ ਹੋਣ ਲੱਗਦੀ ਹੈ ਤਾਂ ਉਹ ਹੋਰ ਘਿਣਾਉਣਾ ਰੂਪ ਅਖ਼ਤਿਆਰ ਕਰਦੀ ਹੈ। ਜੁਰਮ ਦੀ ਦੁਨੀਆ ਛੱਡ ਚੁੱਕਣ ਬਾਅਦ, ਹੱਕ ਸੱਚ ਦੀ ਰੋਟੀ ਕਮਾਉਣ ਲਈ ਸੰਘਰਸ਼ਸ਼ੀਲ ਦੋ ਸਾਬਕਾ ਮੁਜਰਮਾਂ ਨੂੰ ਬੰਟੀ ਦੇ ਕਾਤਲ ਗਰਦਾਨ ਕੇ ਸਰਕਾਰ ਅਤੇ ਲੋਕਾਂ ਦੀ ਵਾਹਵਾ ਖੱਟਦੀ ਹੈ। ਇਸ ਬਿਰਤਾਂਤ ਰਾਹੀਂ ਮੈਂ ਇਹ ਦਰਸਾਇਆ ਹੈ ਕਿ ਪੁਲਿਸ ਦੀਆਂ ਭੈੜੀਆਂ ਕਾਰਗੁਜ਼ਾਰੀਆਂ ਲਈ ਪੁਲਿਸ ਦੇ ਨਾਲ-ਨਾਲ ਉਸ ਨੂੰ ਕੰਟਰੋਲ ਕਰਨ ਵਾਲੀਆਂ ਸ਼ਕਤੀਆਂ ਵੀ ਜ਼ਿੰਮੇਵਾਰ ਹਨ। ਇੰਝ ਇਹ ਨਾਵਲ ਮੌਜੂਦਾ ਪ੍ਰਬੰਧ ਦੇ ਧੁਰ ਅੰਦਰ ਤਕ ਅੱਪੜਦਾ ਹੈ।

? *ਡਾ. ਫ਼ਰੈਂਕ ਨੇ ਇਸ ਰਚਨਾ ਨੂੰ ਸਿਰਫ਼ ਵੱਧ ਮਹੱਤਵਪੂਰਨ ਮੰਨਿਆ ਪਰੰਤੂ ਵਿਧਾ ਤੇ ਵਿਧੀ ਜਾਂ ਗਲਪ-ਰਚਨਾ ਵਜੋਂ ਅਜੇਹਾ ਰੁਤਬਾ ਦੇਣ ਤੋਂ ਇਨਕਾਰ ਕੀਤਾ। ਤੁਹਾਡੀ ਪ੍ਰਤਿਕਿਰਿਆ?*

• ਡਾ. ਫ਼ਰੈਂਕ ਹੋਰਾਂ ਨੇ ਇਹ ਟਿਪਣੀ ਸੰਨ 1991-92 ਦੇ ਕਰੀਬ ਕੀਤੀ ਸੀ। ਉਸ ਸਮੇਂ 'ਤੱਥ-ਪ੍ਰਧਾਨ' ਵਿਧੀ ਨਵੀਂ-ਨਵੀਂ ਸੀ। ਇਸ ਉੱਪਰ ਚਰਚਾ ਚੱਲ ਰਹੀ। **ਕਟਹਿਰਾ**, **ਕੌਰਵ ਸਭਾ** ਅਤੇ **ਸੁਧਾਰ ਘਰ** ਨਾਵਲ ਆਉਣ ਤੋਂ ਬਾਅਦ ਇਹ ਵਿਧੀ ਸਥਾਪਿਤ ਹੋ ਚੁੱਕੀ ਹੈ। ਹੁਣ ਡਾ. ਫ਼ਰੈਂਕ ਹੋਰਾਂ ਨੂੰ ਦੁਬਾਰਾ ਟਿੱਪਣੀ ਕਰਨੀ ਚਾਹੀਦੀ ਹੈ।

? *ਨਾਵਲ ਨੂੰ ਤੁਸਾਂ ਖ਼ੁਦ ਕਈ ਵਾਰ ਪੜ੍ਹਿਆ ਹੋਵੇਗਾ। ਕੀ ਕਦੀ ਤੁਹਾਨੂੰ ਲੱਗਾ ਹੈ ਕਿ ਕੁਝ ਪਾਤਰਾਂ ਨੂੰ ਬੇਲੋੜਾ ਵਿਸਥਾਰ ਪ੍ਰਾਪਤ ਹੋ ਗਿਆ ਹੈ? ਇਸ ਨਾਵਲ ਵਿਚਲੇ ਅਕਾਉ ਦੁਹਰਾਉ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ?*

• ਇਹ ਦੋਸ਼ ਨਿਰਮੂਲ ਹਨ। **ਕੌਰਵ ਸਭਾ** ਨਾਵਲ ਉੱਪਰ ਪੇਪਰ ਪੜ੍ਹਦਿਆਂ ਡਾ. ਕੇਸਰ ਹੋਰਾਂ ਵੀ ਇਹੋ ਦੋਸ਼ ਲਾਇਆ ਸੀ। ਨਿਮਰਤਾ ਅਤੇ ਸਿੱਖਣ ਦੀ ਭਾਵਨਾ ਨਾਲ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ, "ਕਿਰਪਾ ਕਰਕੇ, ਉਦਾਹਰਣਾਂ ਦੇ ਕੇ ਸਮਝਾਓ, ਕਿੱਥੇ-ਕਿੱਥੇ ਦੁਹਰਾਉ ਹੈ?" ਡਾ. ਕੇਸਰ ਮੇਰੇ ਪੱਥ-ਪ੍ਰਦਰਸ਼ਕਾਂ ਵਿਚੋਂ ਇਕ ਸਨ। ਉਨ੍ਹਾਂ ਆਖਿਆ, "ਮੈਂ ਦੁਬਾਰਾ ਨਾਵਲ ਪੜ੍ਹਾਂਗਾ, ਮਹੀਨੇ ਬਾਅਦ ਆਈਂ।" ਮੈਂ ਮਹੀਨੇ ਬਾਅਦ ਗਿਆ। ਉਨ੍ਹਾਂ ਸਾਫ਼ ਸ਼ਬਦਾਂ ਵਿਚ ਕਿਹਾ, "ਮੇਰਾ

ਪਹਿਲਾ ਪਾਠ ਸਤਹੀ ਪੱਧਰ ਦਾ ਸੀ। ਜਦੋਂ ਪ੍ਰਸ਼ਨ ਦਾ ਉੱਤਰ ਦੇਣ ਲਈ ਨਾਵਲ ਦੁਬਾਰਾ ਪੜ੍ਹਿਆ ਤਾਂ ਦੁਹਰਾਉ ਕਿਧਰੇ ਨਜ਼ਰ ਨਹੀਂ ਆਇਆ। ਹਰ ਕੜੀ ਕਿਤੇ ਨਾ ਕਿਤੇ ਜਾ ਕੇ ਜੁੜਦੀ ਹੈ।" ਵਿਸ਼ੇ ਦੀ ਸਮਝ ਦੀ ਘਾਟ ਕਾਰਨ, ਚਿੰਤਕ ਘਟਨਾ ਜਾਂ ਪਾਤਰ ਦੇ ਪਿਛੋਕੜ ਨੂੰ ਗਹੁ ਨਾਲ ਨਹੀਂ ਵਿਚਾਰਦੇ। ਇਸੇ ਕਾਰਨ ਟਪਲਾ ਖਾ ਜਾਂਦੇ ਹਨ। ਉਨ੍ਹਾਂ ਨੂੰ ਪਾਤਰਾਂ ਦਾ ਬੇਲੋੜਾ ਵਿਸਥਾਰ ਜਾਂ ਘਟਨਾਵਾਂ ਦਾ ਦੁਹਰਾਉ ਨਜ਼ਰ ਆਉਣ ਲੱਗਦਾ ਹੈ। ਜਦੋਂ ਕਿ ਅਜਿਹਾ ਕੁਝ ਵੀ ਨਹੀਂ ਹੈ।

? ***ਤਫ਼ਤੀਸ਼*** *ਰਚਨਾ ਪੂੰਜੀਵਾਦ ਵਿਚਲੇ ਜਟਿਲ ਅਮਾਨਵੀਕਰਨ ਦੇ ਵਰਤਾਰੇ ਦੀਆਂ ਵਿਭਿੰਨ ਪਰਤਾਂ ਨੂੰ ਫਰੋਲਦੀ ਹੋਈ ਪਾਠਕ ਨੂੰ ਚਿੰਤਾ ਦੀ ਘੁੰਮਣਘੇਰੀ ਵਿਚ ਫਸਾਉਂਦੀ ਹੈ ਜਾਂ ਚਿੰਤਨ ਲਈ ਪ੍ਰੇਰਦੀ ਹੈ ?*

• ਇਹ ਰਚਨਾ ਚਿੰਤਾ ਅਤੇ ਚਿੰਤਨ ਦੋਹਾਂ ਲਈ ਪ੍ਰੇਰਦੀ ਹੈ। ਸਮਾਜਕ ਪਰਿਸਥਿਤੀਆਂ ਕਾਰਨ ਜੀਵਨ ਜਿਉਣ ਦੇ ਯੋਗ ਨਹੀਂ ਰਿਹਾ ਹੈ। ਨਾਵਲ ਪੜ੍ਹਨ ਬਾਅਦ ਜਦੋਂ ਇਹ ਸੋਝੀ ਆਉਂਦੀ ਹੈ ਤਾਂ ਪਾਠਕ ਨੂੰ ਚਿੰਤਾ ਹੁੰਦੀ ਹੈ। ਜੀਵਨ ਨੂੰ ਜਿਉਣਯੋਗ ਕਿਸ ਤਰ੍ਹਾਂ ਬਣਾਇਆ ਜਾਵੇ ? ਇਹ ਰਾਹ ਲੱਭਣ ਲਈ, ਇਸੇ ਚਿੰਤਾ ਵਿਚੋਂ ਚਿੰਤਨ ਪੈਦਾ ਹੁੰਦਾ ਹੈ।

? ***ਤਫ਼ਤੀਸ਼*** *ਸੰਬੰਧੀ ਹੁਣ ਤਕ ਹੋਈ ਸਮੁੱਚੀ ਚਰਚਾ (ਜੋ ਵਿਸ਼ੇ, ਤਕਨੀਕ ਅਤੇ ਜ਼ਾਵੀਏ ਦੇ ਇਰਦ-ਗਿਰਦ ਘੁੰਮੀ ਹੈ) ਵਿਚ ਕਿਹੜੇ ਪੱਖ ਹਨ ਜੋ ਤੁਹਾਡੀ ਨਜ਼ਰ ਵਿਚ ਅਜੇ ਵੀ ਗੌਲੇ ਜਾਣ ਦੀ ਮੰਗ ਕਰਦੇ ਹਨ।*

• **ਤਫ਼ਤੀਸ਼** ਨਾਵਲ ਦੇ ਵਿਸ਼ੇ ਅਤੇ ਤਕਨੀਕੀ ਪੱਖ ਉੱਪਰ ਪਹਿਲਾਂ ਹੀ ਬਹੁਤ ਚਰਚਾ ਹੋ ਚੁੱਕੀ ਹੈ। ਮੇਰੇ ਚਾਰੇ ਨਾਵਲ ਜਿਸ ਗਹਿਰ ਗੰਭੀਰ ਖੋਜ ਦੀ ਮੰਗ ਕਰਦੇ ਸਨ, ਉਹ ਘਾਟ ਸ੍ਰੀ ਅਮਰਜੀਤ ਸਿੰਘ ਗਰੇਵਾਲ ਨੇ ਆਪਣੀ ਪੁਸਤਕ **ਪ੍ਰਸੰਗ ਕੌਰਵ ਸਭਾ** ਰਾਹੀਂ ਪੂਰੀ ਕਰ ਦਿੱਤੀ ਹੈ। ਹੁਣ ਇਸ ਪੁਸਤਕ ਉੱਪਰ ਗੰਭੀਰ ਚਰਚਾ ਹੋਣੀ ਚਾਹੀਦੀ ਹੈ ਤਾਂ ਜੋ ਮੇਰੇ ਨਾਵਲਾਂ ਦੇ ਪ੍ਰਸੰਗ ਵਿਚ ਸ੍ਰੀ ਗਰੇਵਾਲ ਹੋਰਾਂ ਵੱਲੋਂ ਉਠਾਏ ਨੁਕਤਿਆਂ ਦਾ ਕੋਈ ਸਿੱਟਾ ਨਿਕਲ ਸਕੇ।

? ***ਤਫ਼ਤੀਸ਼*** *ਦੇ ਛਪਣ ਤੋਂ ਬਾਅਦ ਤੁਸੀਂ* ***ਕਟਹਿਰਾ*** *ਨਾਵਲ ਦੀ ਰਚਨਾ ਦੀ ਯੋਜਨਾ ਬਣਾਈ ਸੀ ਜਾਂ ਇਹ ਦੋਵੇਂ ਨਾਵਲ ਇਕੱਠੇ ਹੀ ਤੁਹਾਡੇ ਜ਼ਿਹਨ ਵਿਚ ਗਰਦਿਸ਼ ਕਰਦੇ ਰਹੇ ?*

• **ਤਫ਼ਤੀਸ਼** ਨਾਵਲ ਲਿਖ ਕੇ ਮੇਰੇ ਮਨ ਦੀ ਸਾਰੀ ਭੜਾਸ ਨਿਕਲ ਗਈ। ਪੁਲਿਸ ਸਭਿਆਚਾਰ ਬਾਰੇ ਜੋ ਕੁਝ ਵੀ ਲਿਖਿਆ ਜਾ ਸਕਦਾ ਸੀ, ਉਹ ਇਸ ਨਾਵਲ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੋ ਚੁੱਕਾ ਸੀ। ਇਸ ਨਾਵਲ ਨੂੰ ਛਪਿਆਂ ਹੁਣ 22 ਸਾਲ ਹੋ ਗਏ ਹਨ। ਅੱਜ ਤਕ ਮੈਨੂੰ ਇਕ ਗੱਲ ਵੀ ਅਜਿਹੀ ਨਹੀਂ

ਸੁੱਝੀ ਜੋ ਲਿਖਣੀ ਰਹਿ ਗਈ ਹੋਵੇ। ਅੱਜ ਤਕ ਪੁਲਿਸ ਸਭਿਆਚਾਰ ਵਿਚ ਕੋਈ ਅਜਿਹੀ ਖ਼ਾਸ ਤਬਦੀਲੀ ਨਹੀਂ ਆਈ ਜੋ ਨਾਵਲ ਵਿਚ ਸੋਧ ਦੀ ਮੰਗ ਕਰਦੀ ਹੋਵੇ।

**ਤਫ਼ਤੀਸ਼** ਨਾਵਲ ਲਿਖਦੇ ਸਮੇਂ ਮੇਰੇ ਜ਼ਿਹਨ ਵਿਚ **ਕਟਹਿਰਾ** ਨਾਵਲ ਲਿਖਣ ਦੀ ਕੋਈ ਯੋਜਨਾ ਨਹੀਂ ਸੀ। ਆਪਣਾ ਸਾਰਾ ਅਨੁਭਵ **ਤਫ਼ਤੀਸ਼** ਨਾਵਲ ਵਿਚ ਪੇਸ਼ ਕਰਨ ਬਾਅਦ ਮੇਰੇ ਵਿਚ ਖੜੋਤ ਆ ਗਈ। ਉਧਰ **ਤਫ਼ਤੀਸ਼** ਉੱਪਰ ਭਰਪੂਰ ਬਹਿਸ ਛਿੜ ਪਈ। ਇਕ ਸੈਮੀਨਾਰ ਦੌਰਾਨ ਬੋਲਦੇ ਹੋਏ ਮੈਨੂੰ ਮਹਿਸੂਸ ਹੋਇਆ ਕਿ ਮੇਰਾ ਅਨੁਭਵ ਪੁਲਿਸ ਸਭਿਆਚਾਰ ਤਕ ਹੀ ਸੀਮਤ ਨਹੀਂ ਹੈ। ਪੁਲਿਸ ਵਿਭਾਗ ਜਾਂ ਫ਼ੌਜਦਾਰੀ ਨਿਆਂ ਪ੍ਰਬੰਧ ਦੀ ਕੇਵਲ ਇਕ ਸੰਸਥਾ ਹੈ। ਮੈਨੂੰ ਬਾਕੀ ਦੀਆਂ ਦੋਵਾਂ ਸੰਸਥਾਵਾਂ ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ ਬਾਰੇ ਵੀ ਲਿਖਣਾ ਚਾਹੀਦਾ ਹੈ। ਉਸੇ ਸੈਮੀਨਾਰ ਵਿਚ ਮੈਂ ਘੋਸ਼ਣਾ ਕੀਤੀ ਕਿ ਮੈਂ **ਕਟਹਿਰਾ** ਅਤੇ **ਸੁਧਾਰ ਘਰ** ਵੀ ਲਿਖਾਂਗਾ।

? *ਤੁਸੀਂ ਨਿਆਂ ਪ੍ਰਬੰਧ ਦੇ ਅਸਲੋਂ ਅਣਛੋਹ ਵਿਸ਼ੇ ਨੂੰ ਜਦੋਂ ਗਲਪ ਅਨੁਭਵ ਦਾ ਵਸਤੂ ਬਣਾਇਆ ਤਾਂ ਤੁਹਾਨੂੰ ਅਨੁਭਵ ਤੋਂ ਇਲਾਵਾ ਪੁਸਤਕਾਂ ਦੀ ਕਿੰਨੀ ਕੁ ਸਹਾਇਤਾ ਲੈਣੀ ਪਈ ?*

• ਮੈਂ ਇਹ ਸਪੱਸ਼ਟ ਕਰ ਦੇਵਾਂ ਕਿ ਕਾਨੂੰਨ ਪ੍ਰਬੰਧ ਆਪਣੇ ਆਪ ਵਿਚ ਇਕ ਮੁਕੰਮਲ ਵਿਸ਼ਾ ਹੈ। ਇਸ ਦੇ ਆਪਣੇ ਸਿਧਾਂਤ ਹਨ। ਚਿੰਤਕ ਹਰ ਸਮੇਂ ਚਿੰਤਨ ਵਿਚ ਲੱਗੇ ਰਹਿੰਦੇ ਹਨ। ਚਿੰਤਕਾਂ ਵੱਲੋਂ ਘੜੇ ਸਿਧਾਂਤਾਂ ਵਿਚ ਲਗਾਤਾਰ ਸੋਧਾਂ ਹੁੰਦੀਆਂ ਰਹਿੰਦੀਆਂ ਹਨ। ਸਿਧਾਂਤਾਂ ਨੂੰ ਸਿੱਧੇ ਤੌਰ 'ਤੇ ਮੁਕੱਦਮਿਆਂ ਵਿਚ ਫ਼ੈਸਲੇ ਦਿੰਦੇ ਸਮੇਂ ਲਾਗੂ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਪ੍ਰਬੰਧ ਦਾ ਸਮਾਜ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਹੈ। ਨਵੇਂ ਪੇਸ਼ ਕੀਤੇ ਜਾਂਦੇ ਸਿਧਾਂਤ ਜੀਵਤ ਤੱਥਾਂ 'ਤੇ ਆਧਾਰਤ ਹੁੰਦੇ ਹਨ, ਸਰਵੇਖਣ ਉੱਪਰ ਨਹੀਂ। ਉੱਚ ਅਦਾਲਤਾਂ ਦੇ ਜੱਜ ਸਮਾਜ ਵਿਗਿਆਨੀ ਅਤੇ ਚਿੰਤਕ ਹੁੰਦੇ ਹਨ। ਉਨ੍ਹਾਂ ਦੇ ਤਰਕਸੰਗਤ ਫ਼ੈਸਲੇ ਖੋਜ-ਪੱਤਰਾਂ ਵਾਂਗ ਹੁੰਦੇ ਹਨ। ਆਪਣੇ ਗਿਆਨ ਵਿਚ ਵਾਧਾ ਕਰਨ ਲਈ ਮੈਂ ਸਿਧਾਂਤਾਂ 'ਤੇ ਫ਼ੈਸਲਿਆਂ ਦਾ ਲਗਾਤਾਰ ਅਧਿਐਨ ਕਰਦਾ ਰਹਿੰਦਾ ਹਾਂ। **ਸੁਧਾਰ ਘਰ** ਨਾਵਲ ਲਿਖਣ ਤੋਂ ਪਹਿਲਾਂ ਜੇਲ੍ਹ ਪ੍ਰਬੰਧ ਅਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਮੈਂ ਜੇਲ੍ਹ ਮੈਨੂਅਲ ਦੇ ਨਾਲ-ਨਾਲ ਮੇਰੀ ਟੇਲਰ ਦੀ ਪੁਸਤਕ **ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ**, ਮੋਹਨ ਭਾਸਕਰ ਦੀ ਪੁਸਤਕ **ਮੈਂ ਸਾਂ ਪਾਕਿਸਤਾਨ ਵਿਚ ਭਾਰਤ ਦਾ ਜਾਸੂਸ**, ਅਤੇ ਅਨਿਲ ਬਰਵੇ ਦਾ ਨਾਵਲ **ਪਰਬਤੋਂ ਭਾਰੀ ਮੌਤ** ਪੜ੍ਹੇ। ਕਿਰਨ ਬੇਦੀ ਅਤੇ ਕੁਲਦੀਪ ਨਈਅਰ ਦੇ ਜੇਲ੍ਹਾਂ ਬਾਰੇ ਅਨੁਭਵ ਦਾ ਅਧਿਐਨ ਕੀਤਾ। ਜੇਲ੍ਹ ਪ੍ਰਬੰਧਾਂ ਬਾਰੇ ਸੁਪਰੀਮ ਕੋਰਟ ਵੱਲੋਂ ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸਨ ਨਾਂ

ਦੇ ਦੋ ਬਹੁਤ ਹੀ ਅਹਿਮ ਫ਼ੈਸਲਿਆਂ ’ਤੇ ਨਿੱਠ ਕੇ ਮੁਤਾਲਿਆ ਕੀਤਾ। ਇਸ ਤਰ੍ਹਾਂ ਅਨੁਭਵ ਦੇ ਨਾਲ-ਨਾਲ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੈ।

? *ਇਸ ਨਾਵਲ ਦੀ ਰਚਨਾ ਪ੍ਰਕਿਰਿਆ ਸਮੇਂ ਤੁਸੀਂ ਮੁਜਰਿਮਾਂ ਦੇ ਜਮਾਤੀ ਕਿਰਦਾਰ ਦੀਆਂ ਪਰਤਾਂ ਨੂੰ ਕਿਵੇਂ ਫਰੋਲਿਆ ?*

• ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਮਾਰਕਸਵਾਦ ਮੈਨੂੰ ਗੁੜ੍ਹਤੀ ਵਿਚ ਮਿਲਿਆ ਹੈ। ਮਾਰਕਸੀ ਫ਼ਲਸਫ਼ਾ ਕਾਨੂੰਨ ਦੇ ਜਮਾਤੀ ਦ੍ਰਿਸ਼ਟੀਕੋਣ ਉੱਪਰ ਵੀ ਚਾਨਣ ਪਾਉਂਦਾ ਹੈ। ਇਸ ਸਿਧਾਂਤ ਕਾਰਨ ਮੈਨੂੰ ਇਹ ਸਮਝ ਆਇਆ ਕਿ ਹਰ ਜੁਰਮ ਪਿੱਛੇ ਮੁਜਰਿਮ ਦੀ ਜਮਾਤੀ ਸੋਚ ਕੰਮ ਕਰ ਰਹੀ ਹੁੰਦੀ ਹੈ। ਇਹ ਵੀ ਪਤਾ ਲੱਗਾ ਕਿ ਹਰ ਵਰਗ ਦੇ ਜੁਰਮ ਵੱਖਰੇ ਹੁੰਦੇ ਹਨ। ਇਸ ਸਿਧਾਂਤ ਨੂੰ ਤੱਥਾਂ ਦੀ ਕਸੌਟੀ ’ਤੇ ਪਰਖਣ ਲਈ ਮੈਂ ਕੁਸ਼ਟ ਆਸ਼ਰਮਾਂ, ਸਾਂਸੀਆਂ ਦੀਆਂ ਕੁੱਲੀਆਂ, ਦਲਿਤਾਂ ਦੇ ਵਿਹੜਿਆਂ, ਜੱਟਾਂ ਦੀਆਂ ਪੱਤੀਆਂ ਅਤੇ ਮਾਡਲ ਟਾਊਨਾਂ ਦੀਆਂ ਕੋਠੀਆਂ ਵਿਚ ਘੁੰਮਿਆ। **ਤਫ਼ਤੀਸ਼** ਦੇ ਤਲਾਸ਼ੀਆਂ ਵਾਲੇ ਕਾਂਡਾਂ ਅਤੇ **ਸੁਧਾਰ ਘਰ** ਦੀਆਂ ਵੱਖ-ਵੱਖ ਬੈਰਕਾਂ ਨਾਲ ਸੰਬੰਧਤ ਕਾਂਡਾਂ ਰਾਹੀਂ ਜੁਰਮਾਂ ਦੇ ਜਮਾਤੀ ਕਿਰਦਾਰਾਂ ਦੀਆਂ ਪਰਤਾਂ ਇਸ ਸਮਝ ਕਾਰਨ ਹੀ ਫਰੋਲ ਸਕਿਆ ਹਾਂ।

? *ਕਾਨੂੰਨ ਦੀ ਭਾਸ਼ਾ ਅੰਗਰੇਜ਼ੀ ਹੈ। ਅੰਗਰੇਜ਼ੀ ਭਾਸ਼ਾ ਦੇ ਵਿਸ਼ੇ ਨੂੰ ਪੰਜਾਬੀ ਵਿਚ ਲਿਖਦੇ ਸਮੇਂ ਕਦੀ ਭਾਸ਼ਾ ਦੀ ਔਕੜ ਮਹਿਸੂਸ ਨਹੀਂ ਹੁੰਦੀ ?*

• ਸਾਡਾ ਕਾਨੂੰਨੀ ਢਾਂਚਾ ਅੰਗਰੇਜ਼ਾਂ ਨੇ ਖੜ੍ਹਾ ਕੀਤਾ ਸੀ। ਯੂਰਪੀ ਮਾਡਲ ਸਾਨੂੰ ਦਿੱਤਾ ਗਿਆ ਸੀ। ਇਸ ਲਈ ਭਾਸ਼ਾ ਅਤੇ ਤਕਨੀਕੀ ਸ਼ਬਦਾਵਲੀ ਵੀ ਵਿਦੇਸ਼ੀ ਸੀ। ਉਸ ਸਮੇਂ ਜੱਜ ਅਤੇ ਉੱਚ ਕੋਟੀ ਦੇ ਵਕੀਲ ਅੰਗਰੇਜ਼ ਹੋਇਆ ਕਰਦੇ ਸਨ। ਉਨ੍ਹਾਂ ਨੂੰ ਗੱਲ ਅਸਾਨੀ ਨਾਲ ਸਮਝ ਆ ਸਕੇ ਇਸ ਲਈ ਕਾਨੂੰਨ ਅੰਗਰੇਜ਼ੀ ਵਿਚ ਪੜ੍ਹਿਆ ਲਿਖਿਆ ਅਤੇ ਬੋਲਿਆ ਜਾਂਦਾ ਸੀ। ਅਸੀਂ ਅੱਜ ਤਕ ਉਹ ਪੱਧਤੀ ਅਪਣਾ ਰੱਖੀ ਹੈ। ਕਾਨੂੰਨ ਵੈਸੇ ਵੀ ਖੁਸ਼ਕ ਵਿਸ਼ਾ ਹੈ। ਨੀਰਸ ਅਤੇ ਅੰਗਰੇਜ਼ੀ ਭਾਸ਼ਾ ਉੱਪਰ ਆਧਾਰਿਤ ਵਿਸ਼ੇ ਨੂੰ ਸੌਖੀ ਭਾਸ਼ਾ ਵਿਚ ਬਿਆਨਣਾ ਚੁਣੌਤੀ ਭਰਿਆ ਕੰਮ ਸੀ। ਵਿਗਿਆਨ ਦੇ ਹੋਰ ਵਿਸ਼ਿਆਂ ਵਾਂਗ ਕਾਨੂੰਨੀ ਭਾਸ਼ਾ ਵਿਚ ਵੀ ਕਈ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਪੰਜਾਬੀ ਵਿਚ ਉਚਿਤ ਬਦਲਵੇਂ ਸ਼ਬਦ ਮੌਜੂਦ ਨਹੀਂ ਹਨ। ਉਚਿਤ ਸ਼ਬਦ ਲੱਭਣ ਲਈ ਮੈਨੂੰ ਬਹੁਤ ਮਿਹਨਤ ਕਰਨੀ ਪਈ। ਪਹਿਲਾਂ ਡਿਕਸ਼ਨਰੀਆਂ ਵਿਚੋਂ ਪੰਜਾਬੀ ਸ਼ਬਦ ਨੋਟ ਕੀਤੇ, ਫੇਰ ਉਨ੍ਹਾਂ ਨੂੰ ਆਮ ਲੋਕਾਂ ਵੱਲੋਂ ਵਰਤੇ ਜਾਂਦੇ ਬਦਲਵੇਂ ਸ਼ਬਦਾਂ ਵਿਚ ਬਦਲਿਆ ਤਾਂ ਕਿਧਰੇ ਜਾ ਕੇ ਖ਼ੁਸ਼ਕ ਭਾਸ਼ਾ ਕਹਾਣੀ ਕਹਿਣ ਜੋਗੀ ਹੋਈ। ਉਦਾਹਰਣ ਲਈ Anticipatary Bail ਦਾ ਡਿਕਨਸ਼ਰੀ ਅਨੁਵਾਦ ‘ਅਗਾਊਂ

ਜ਼ਮਾਨਤ' ਹੈ। 'ਅਗਾਊਂ' ਸ਼ਬਦ ਰਤਾ ਭਾਰੀ ਹੈ। ਖੋਜ ਕੇ ਇਸ ਦੀ ਥਾਂ 'ਪੇਸ਼ਗੀ' ਸ਼ਬਦ ਲੱਭਿਆ। Evidence ਦੇ ਡਿਕਸ਼ਨਰੀ ਵਿਚ ਅਰਥ 'ਸ਼ਹਾਦਤ' ਦਿੱਤੇ ਗਏ ਹਨ। ਇਸ ਦੀ ਥਾਂ ਮੈਂ ਗਵਾਹੀ ਸ਼ਬਦ ਵਰਤ ਕੇ ਕਹਾਣੀ ਆਮ ਲੋਕਾਂ ਦੀ ਸਮਝ ਦੀ ਪੱਧਰ ਤਕ ਲਿਆਂਦੀ।

? ***ਤਫ਼ਤੀਸ਼*** *ਅਤੇ* ***ਕਟਹਿਰਾ*** *ਨਾਵਲਾਂ ਦੇ ਆਪਸੀ ਰਿਸ਼ਤੇ ਨੂੰ ਤੁਸੀਂ ਕਿਵੇਂ ਨਿਹਾਰਦੇ ਹੋ ? ਇਨ੍ਹਾਂ ਵਿਚਾਲੇ ਕੋਈ ਦੁਹਰਾਉ ਵਰਗਾ ਰਿਸ਼ਤਾ ਤਾਂ ਦਿਖਾਈ ਨਹੀਂ ਦਿੰਦਾ ?*

• ਦੋਵੇਂ ਨਾਵਲ ਵੱਖ-ਵੱਖ ਵਿਸ਼ਿਆਂ (ਪੁਲਿਸ ਪ੍ਰਬੰਧ ਅਤੇ ਨਿਆਂ ਪ੍ਰਬੰਧ) ਨਾਲ ਸੰਬੰਧਤ ਹਨ। ਦੋਵਾਂ ਨਾਵਲਾਂ ਵਿਚ ਇਨ੍ਹਾਂ ਪ੍ਰਬੰਧਾਂ ਨਾਲ ਸੰਬੰਧਤ ਪਾਤਰ ਅਤੇ ਘਟਨਾਵਾਂ ਪੇਸ਼ ਹੋਈਆਂ ਹਨ। ਸਿਪਾਹੀਆਂ, ਜੱਜਾਂ ਅਤੇ ਡਕੈਤੀਆਂ ਆਦਿ ਦਾ ਦੋਵਾਂ ਨਾਵਲਾਂ ਵਿਚ ਜ਼ਿਕਰ ਓਪਰੀ ਨਜ਼ਰੇ ਦੁਹਰਾਓ ਨਜ਼ਰ ਆਉਂਦਾ ਹੈ। ਅਸਲ ਵਿਚ ਦੁਹਰਾਓ ਨਹੀਂ ਹੈ। ਕਿਰਸਾਨੀ ਨਾਲ ਸੰਬੰਧਤ ਹਰ ਨਾਵਲ ਵਿਚ ਜੱਟ, ਜ਼ਮੀਨ ਅਤੇ ਸੀਰੀ ਦਾ ਹੋਣਾ ਜ਼ਰੂਰੀ ਹੈ। ਵਰਜਿਤ ਰਿਸ਼ਤਿਆਂ ਵਾਲੇ ਨਾਵਲ ਵਿਚ ਔਰਤ, ਮਰਦ ਅਤੇ ਤੀਸਰੇ ਅਜਿਹੇ ਪਾਤਰ ਦਾ ਜਿਸ ਦਾ ਔਰਤ/ਮਰਦ ਨਾਲ ਵਰਜਿਤ ਰਿਸ਼ਤਾ ਹੋਵੇ। ਜੇ ਇਨ੍ਹਾਂ ਨਾਵਲਾਂ ਵਿਚ, ਇਨ੍ਹਾਂ ਤੱਤਾਂ ਦੀ ਹੋਂਦ ਨੂੰ ਦੁਹਰਾਓ ਨਹੀਂ ਮੰਨਿਆ ਜਾਂਦਾ ਤਾਂ ਦੋਹਾਂ ਨਾਵਲਾਂ ਵਿਚ ਥਾਣੇਦਾਰਾਂ, ਮੁਨਸ਼ੀਆਂ, ਮੁਖਬਰਾਂ, ਗਵਾਹਾਂ ਅਤੇ ਵਕੀਲਾਂ ਦੇ ਜ਼ਿਕਰ ਕਾਰਨ ਦੁਹਰਾਓ ਕਿਸ ਤਰ੍ਹਾਂ ਬਣ ਗਿਆ ? ਦੋਹਾਂ ਨਾਵਲਾਂ ਵਿਚਲੇ ਵਖਰੇਵੇਂ ਦੀ ਇਕ ਉਦਾਹਰਣ ਦਿੰਦਾ ਹਾਂ। ਥਾਣੇ ਵਿਚ (**ਤਫ਼ਤੀਸ਼** ਵਿਚ ਪੇਸ਼) ਜਿਹੜਾ ਥਾਣੇਦਾਰ ਸ਼ੇਰ ਵਾਂਗ ਦਹਾੜਦਾ ਹੈ ਅਤੇ ਮਾਸੂਮਾਂ ਉੱਪਰ ਗਿਰਝ ਵਾਂਗ ਝਪਟਦਾ ਹੈ, ਉਹੋ ਥਾਣੇਦਾਰ ਕਚਹਿਰੀ ਵਿਚ (ਕਟਹਿਰੇ ਵਿਚ ਪੇਸ਼) ਜਾ ਕੇ ਇਕ ਸਧਾਰਨ ਕਲਰਕ ਕੋਲੋਂ ਡਰਦਾ ਹੈ; ਕੰਬਣ ਅਤੇ ਗਿੜਗਿੜਾਉਣ ਲੱਗਦਾ ਹੈ।

ਦੁਹਰਾਓ ਨਾ ਆਵੇ, ਇਸ ਬਾਰੇ ਮੈਂ ਬਹੁਤ ਚੌਕਸ ਰਹਿੰਦਾ ਹਾਂ। ਪਾਤਰਾਂ, ਘਟਨਾਵਾਂ, ਦਿਨ, ਮਹੀਨਿਆਂ ਅਤੇ ਉਨ੍ਹਾਂ ਦੇ ਪਿਛੋਕੜਾਂ ਦੇ ਮੈਂ ਨਕਸ਼ੇ ਅਤੇ ਸੂਚੀਆਂ ਬਣਾ ਕੇ ਰੱਖਦਾ ਹਾਂ। ਵਾਰ-ਵਾਰ ਉਨ੍ਹਾਂ ਦਾ ਮਿਲਾਣ ਕਰਦਾ ਰਹਿੰਦਾ ਹਾਂ। **ਤਫ਼ਤੀਸ਼** ਅਤੇ **ਕਟਹਿਰਾ** ਵਿਚਲੇ ਦੁਹਰਾਓ ਦੀ ਗੱਲ ਤਾਂ ਛੱਡੋ, ਇਹ ਔਗੁਣ ਤਾਂ ਮੈਂ ਇਕੋ ਵਿਸ਼ੇ 'ਤੇ ਲਿਖੇ ਨਾਵਲਾਂ **ਕਟਹਿਰਾ** ਅਤੇ **ਕੌਰਵ ਸਭਾ** ਵਿਚ ਵੀ ਨਹੀਂ ਆਉਣ ਦਿੱਤਾ।

? ***ਕਟਹਿਰਾ*** *ਅਤੇ* ***ਕੌਰਵ ਸਭਾ*** *ਦੇ ਆਪਸੀ ਰਿਸ਼ਤੇ ਨੂੰ ਤੁਸੀਂ ਕਿਵੇਂ ਨਿਹਾਰਦੇ ਹੋ ? ਇਨ੍ਹਾਂ ਵਿਚਾਲੇ ਕੋਈ ਦੁਹਰਾਓ ਵਰਗਾ ਰਿਸ਼ਤਾ ਤਾਂ ਦਿਖਾਈ ਨਹੀਂ ਦਿੰਦਾ ?*

- ਪਹਿਲੀ ਨਜ਼ਰੇ ਇੰਜ ਲੱਗ ਸਕਦਾ ਹੈ ਪਰ ਜਦੋਂ ਗਹਿਰਾਈ ਵਿਚ ਜਾਵਾਂਗੇ ਤਾਂ ਬਹੁਤ ਅੰਤਰ ਨਜ਼ਰ ਆਏਗਾ। **ਕਟਹਿਰਾ** ਨਾਵਲ ਵਿਚ ਮੈਂ ਉਨ੍ਹਾਂ ਸਾਧਨਹੀਣ ਮਜ਼ਲੂਮਾਂ ਦਾ ਪੱਖ ਪੇਸ਼ ਕੀਤਾ ਹੈ ਜਿਨ੍ਹਾਂ ਨੂੰ ਨਿਰਦੋਸ਼ ਹੁੰਦੇ ਹੋਏ ਵੀ ਪੁਲਿਸ ਅਤੇ ਨਿਆਂਪਾਲਿਕਾ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਬੇਕਸੂਰ ਹੁੰਦਿਆਂ ਹੋਇਆਂ ਵੀ ਸਜ਼ਾਵਾਂ ਸੁਣਨੀਆਂ ਪੈਂਦੀਆਂ ਹਨ। ਫ਼ੌਜਦਾਰੀ ਨਿਆਂ-ਪ੍ਰਬੰਧ ਦੀਆਂ ਕਮਜ਼ੋਰੀਆਂ ਦਾ ਇਹ ਇਕ ਪਹਿਲੂ ਹੈ। **ਕੌਰਵ ਸਭਾ** ਵਿਚ ਦੂਸਰਾ ਪਹਿਲੂ ਛੋਹਿਆ ਗਿਆ ਹੈ। ਪੈਸੇ ਅਤੇ ਸੰਪਰਕਾਂ ਦੇ ਜ਼ੋਰ 'ਤੇ ਦੋਸ਼ੀ ਹੁੰਦੇ ਹੋਏ ਵੀ ਸਾਧਨ ਸੰਪੰਨ ਲੋਕ ਕਿਸ ਤਰ੍ਹਾਂ ਕਾਨੂੰਨ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਬਾਇੱਜ਼ਤ ਬਰੀ ਹੋ ਜਾਂਦੇ ਹਨ, ਇਸ ਨਾਵਲ ਵਿਚ ਮੈਂ ਇਹ ਪੱਖ ਪੇਸ਼ ਕੀਤਾ ਹੈ। ਕਾਨੂੰਨ ਪੀੜਤਾਂ ਦੀ ਥਾਂ ਮੁਲਜ਼ਮਾਂ ਦੇ ਹੱਕ ਵਿਚ ਕਿਉਂ ਅਤੇ ਕਿਸ ਤਰ੍ਹਾਂ ਭੁਗਤਦਾ ਹੈ। ਇਸ ਨਾਵਲ ਵਿਚ ਇਸ ਰਹੱਸ ਦਾ ਪਰਦਾ ਫਾਸ਼ ਕੀਤਾ ਗਿਆ ਹੈ। **ਕਟਹਿਰਾ** ਇਨਸਾਫ਼ ਦੀ ਤੱਕੜੀ ਦਾ ਇਕ ਪੱਲੜਾ ਹੈ ਅਤੇ **ਕੌਰਵ ਸਭਾ** ਦੂਸਰਾ। ਦੋਵੇਂ ਨਾਵਲ ਇਕ ਦੂਜੇ ਦੇ ਪੂਰਕ ਹਨ ਅਤੇ ਇਨਸਾਫ਼ ਦੀ ਤੱਕੜੀ ਦੇ ਪੱਲੇ ਕਿਧਰ ਨੂੰ ਅਤੇ ਕਿਉਂ ਝੁਕਦੇ ਹਨ, ਇਹ ਸਮਝਣ ਵਿਚ ਪਾਠਕ ਦੀ ਮਦਦ ਕਰਦੇ ਹਨ।

? *ਪ੍ਰਬੰਧ ਦੀ ਕਰੂਰਤਾ ਨੂੰ ਉਭਾਰਨ ਵੇਲੇ ਤੁਹਾਡਾ ਗਿਆਨ ਜਾਂ ਸਮਝ ਤੁਹਾਨੂੰ ਕਿੰਨਾ ਕੁ ਪ੍ਰੇਸ਼ਾਨ ਕਰਦੀ ਹੈ ?*

- ਪ੍ਰੇਸ਼ਾਨ ਕਰਨ ਦੀ ਥਾਂ ਮੇਰਾ ਗਿਆਨ ਅਤੇ ਸਮਝ ਮੈਨੂੰ ਆਪਣੀ ਗੱਲ ਪ੍ਰਭਾਵਸ਼ਾਲੀ ਅਤੇ ਤਰਕਸੰਗਤ ਢੰਗ ਨਾਲ ਕਹਿਣ ਵਿਚ ਮੇਰੀ ਮਦਦ ਕਰਦੇ ਹਨ।

? ***ਅੱਗ ਦੇ ਬੀਜ*** *ਨਾਵਲ ਦੇ ਨਾਇਕ ਕਰਤਾਰ ਨੂੰ ਚਾਨਣ ਦੀ ਇਕ ਲੀਕ ਦਿਸਦੀ ਹੈ,* ***ਤ.ਫਤੀਸ਼*** *ਨਾਵਲ ਦੇ ਅੰਤ ਉੱਪਰ ਸਰਕਾਰੀ ਵਕੀਲ ਦਾ ਆਪਣੇ ਅਹੁਦੇ ਤੋਂ ਅਸਤੀਫ਼ਾ ਅਤੇ* ***ਕਟਹਿਰਾ*** *ਵਿਚ ਬੇਦੋਸ਼ਿਆਂ ਨੂੰ ਕਤਲ ਦੀ ਸਜ਼ਾ ਸੁਣਾਏ ਜਾਣ ਤੋਂ ਪਿੱਛੋਂ ਵਕੀਲ ਪਿਆਰੇ ਲਾਲ ਦਾ ਆਪਣਾ ਕਾਲਾ ਕੋਟ ਅਤੇ ਟਾਈ ਉਤਾਰ ਕੇ ਜੱਜ ਦੇ ਪੈਰਾਂ ਵਿਚ ਸੁੱਟਣਾ ਤੇ 'ਲਾਲ ਭੀੜ' ਵਿਚ ਸ਼ਾਮਿਲ ਹੋ ਜਾਣਾ ਆਦਿ ਨਾਵਲਾਂ ਦੇ ਅੰਤ ਜਾ ਨਿਬੇੜੇ ਨੂੰ ਸੁਭਾਵਿਕ ਰਹਿਣ ਦੇਂਦਾ ਹੈ ?*

- ਮੈਂ ਆਪਣੇ ਨਾਵਲਾਂ ਵਿਚ ਰਾਜ ਪ੍ਰਬੰਧ ਅਤੇ ਸਮਾਜ ਵਿਚ ਆਈ ਬੇਮਿਸਾਲ ਗਿਰਾਵਟ ਨੂੰ ਕਰੂਰਤਾ ਨਾਲ ਪੇਸ਼ ਕਰਦਾ ਹਾਂ। ਛੁਪਿਆ ਸੱਚ ਜਾਨਣ ਤੋਂ ਬਾਅਦ ਪਾਠਕ ਹਿਤਾਸ਼ ਹੋ ਕੇ ਘੋਰ ਨਿਰਾਸ਼ਾ ਦੀ ਖਾਈ ਵਿਚ ਨਾ ਡਿੱਗ ਪਵੇ, ਜ਼ਿੰਦਗੀ ਨੂੰ ਨਫ਼ਰਤ ਨਾ ਕਰਨ ਲੱਗ ਪਵੇ, ਸੰਘਰਸ਼ਾਂ ਤੋਂ ਭਗੌੜਾ ਨਾ ਹੋ ਜਾਵੇ,

ਇਸ ਲਈ ਪਾਠਕਾਂ ਦੇ ਹੌਸਲੇ ਨੂੰ ਬਣਾਈ ਰੱਖਣ ਲਈ ਅਤੇ ਇਸ ਸੰਕਟ ਵਿਚੋਂ ਕਿਵੇਂ ਨਿਕਲਣਾ ਹੈ, ਇਹ ਸਮਝਾਉਣ ਲਈ ਨਾਵਲਾਂ ਦੇ ਅਜਿਹੇ ਅੰਤ ਕਰਨਾ ਜ਼ਰੂਰੀ ਸਮਝਦਾ ਹਾਂ। ਲੇਖਕ ਨੂੰ ਆਲੋਚਨਾ ਦੇ ਸਿਧਾਂਤਾਂ ਅਨੁਸਾਰ ਨਹੀਂ ਲਿਖਣਾ ਚਾਹੀਦਾ। ਇਸ ਦੀ ਥਾਂ, ਲੋਕਾਂ ਦੇ ਮਨੋਵਿਗਿਆਨ ਅਤੇ ਮਨੋਬਲ ਨੂੰ ਧਿਆਨ ਵਿਚ ਰੱਖ ਕੇ ਲਿਖਣਾ ਚਾਹੀਦਾ ਹੈ। ਇਸੇ ਸਿਧਾਂਤ 'ਤੇ ਪਹਿਰਾ ਦਿੰਦਾ ਹੋਇਆ ਮੈਂ ਆਪਣੇ ਨਾਵਲਾਂ ਦੇ ਅੰਤ ਉਥੇ ਕਰਦਾ ਹਾਂ, ਜਿਥੇ ਸੰਘਰਸ਼ ਲਈ ਪ੍ਰੇਰਨਾ ਮਿਲਦੀ ਹੋਵੇ। ਮੈਨੂੰ ਇਸ ਵਿਚ ਕੋਈ ਊਣਤਾਈ ਨਜ਼ਰ ਨਹੀਂ ਆਉਂਦੀ। ਇਕ ਗੱਲ ਸਪੱਸ਼ਟ ਕਰਾਂ। ਨਾਵਲ **ਕਟਹਿਰਾ** ਦੇ ਅੰਤ ਵਿਚ 'ਪਿਆਰੇ ਲਾਲ' ਦੇ 'ਭੀੜ' ਵਿਚ ਸ਼ਾਮਲ ਹੋਣ ਦਾ ਜ਼ਿਕਰ ਹੈ ਨਾ ਕਿ 'ਲਾਲ ਭੀੜ' ਵਿਚ ਅਤੇ 'ਭੀੜ' ਵਿਚਾਲੇ ਅੰਤਰ ਨੂੰ ਸਮਝਣ ਵਿਚ ਕੋਈ ਮੁਸ਼ਕਿਲ ਨਹੀਂ ਹੋਣੀ ਚਾਹੀਦੀ।

? ***ਕਟਹਿਰਾ*** *ਨਾਵਲ ਦੀ ਭੂਮਿਕਾ ਵਿਚ ਡਾ. ਟੀ.ਆਰ. ਵਿਨੋਦ ਦੀ ਟਿੱਪਣੀ ਹੈ ਕਿ ਨਾਵਲ ਮੱਧਵਰਗੀ ਆਦਰਸ਼ਵਾਦ ਤੋਂ ਮੁਕਤ ਹੈ ਅਤੇ ਇਹ ਰਚਨਾ ਰੁਮਾਂਟਿਕ ਪ੍ਰਗਤੀਵਾਦੀ ਪਰੰਪਰਾ ਦੇ ਭੰਜਨ ਅਤੇ ਯਥਾਰਥਵਾਦੀ ਨਾਵਲ ਨਾਲ ਸੰਵਾਦਕ ਅੰਤਰ ਕਿਰਿਆ ਸਥਾਪਿਤ ਕਰਦੀ ਹੈ—ਕੀ ਤੁਸੀਂ ਇਸ ਨਾਵਲ ਨੂੰ ਰੁਮਾਂਟਿਕ ਪ੍ਰਗਤੀਵਾਦ ਤੋਂ ਅਸਲੋਂ ਮੁਕਤ ਸਵੀਕਾਰਦੇ ਹੋ ਜਾਂ...?*

• ਡਾ. ਟੀ.ਆਰ. ਵਿਨੋਦ ਦੀ ਟਿੱਪਣੀ ਬਿਲਕੁਲ ਦਰੁਸਤ ਹੈ। ਇਸ ਨਾਵਲ ਤੋਂ ਪਹਿਲਾਂ ਹੋਈ ਆਲੋਚਨਾ ਤੋਂ ਸਿੱਖਣ ਬਾਅਦ ਮੈਂ ਆਦਰਸ਼ਵਾਦ ਅਤੇ ਰੁਮਾਂਟਿਕ ਪ੍ਰਗਤੀਵਾਦ ਤੋਂ ਮੁਕਤ ਹੋਣ ਦਾ ਯਤਨ ਕੀਤਾ ਹੈ। **ਕਟਹਿਰਾ** ਦਾ ਅੰਤ ਰੁਮਾਂਟਿਕ ਪ੍ਰਗਤੀਵਾਦ ਤੋਂ ਮੁਕਤ ਹੈ ਪਰ ਪ੍ਰਗਤੀਵਾਦੀ ਜ਼ਰੂਰ ਹੈ। ਇੰਜ ਮੈਂ ਜਾਣ-ਬੁੱਝ ਕੇ ਕੀਤਾ ਹੈ ਅਤੇ ਸਹੀ ਕੀਤਾ ਹੈ।

? *ਨਾਵਲ ਦਾ ਅੰਤ ਅਰਥਾਂ ਦੀਆਂ ਸੰਭਾਵਨਾਵਾਂ ਨੂੰ ਬੰਦ ਕਰਦਾ ਹੈ ਜਾਂ ਖੋਲ੍ਹਦਾ ਹੈ? ਕੀ ਇਸ ਨਾਵਲ ਨੂੰ ਖੁੱਲ੍ਹੇ ਅੰਤ (Open Ended) ਵਾਲਾ ਬਿਰਤਾਂਤ ਮੰਨਿਆ ਜਾ ਸਕਦਾ ਹੈ?*

• ਬੇਇਨਸਾਫ਼ੀ ਵਿਰੁੱਧ ਟੱਕਰ ਲੈਣਾ ਕੁਦਰਤ ਦਾ ਨਿਯਮ ਹੈ। ਜਦੋਂ ਅਸੀਂ ਕਿਸੇ ਜਾਨਵਰ ਨੂੰ ਤੰਗ ਕਰਦੇ ਹਾਂ ਤਾਂ ਉਹ ਸਾਨੂੰ ਡੰਗ ਮਾਰਦਾ ਹੈ। ਇਹ ਉਸ ਦਾ ਬੇਇਨਸਾਫ਼ੀ ਵਿਰੁੱਧ ਵਿਦਰੋਹ ਹੁੰਦਾ ਹੈ। ਹਰ ਮਨੁੱਖ ਨੂੰ ਇਨਸਾਫ਼ ਦਿਵਾਉਣਾ ਸਟੇਟ ਦਾ ਮੁੱਢਲਾ ਫ਼ਰਜ਼ ਹੈ। ਇਨਸਾਫ਼ ਪ੍ਰਾਪਤੀ ਲਈ ਇਕ ਯੋਜਨਾਬੱਧ ਢਾਂਚਾ ਅਤੇ ਨਿਯਮ ਹਨ। ਹੇਠਲੇ ਪੱਧਰ 'ਤੇ ਹੋਈ ਬੇਇਨਸਾਫ਼ੀ ਵਿਰੁੱਧ ਪੀੜਤ ਧਿਰ ਨੂੰ ਉੱਚ ਅਧਿਕਾਰੀ ਕੋਲ ਫਰਿਆਦ ਕਰਨ ਦਾ ਅਧਿਕਾਰ ਹੈ। ਜਦੋਂ ਇਨਸਾਫ਼ ਪ੍ਰਾਪਤੀ ਦੇ ਸਾਰੇ ਰਾਹ ਬੰਦ ਹੋ ਜਾਣ ਤਾਂ ਉਸ ਤੋਂ ਅੱਗੇ ਵੀ ਇਕ

ਰਾਹ ਖੁੱਲ੍ਹਦਾ ਹੈ। ਉਹ ਕਿਹੜਾ ਰਾਹ ਹੈ ? ਇਸ ਬਾਰੇ ਅਸੀਂ ਸਭ ਜਾਣਦੇ ਹਾਂ। ਮੈਂ ਉਸ ਰਾਹ ਵੱਲ ਇਸ਼ਾਰਾ ਕਰਦਾ ਹਾਂ। ਬੇਇਨਸਾਫ਼ੀ ਵਿਰੁੱਧ ਲੜਨ ਦੇ, ਇਸ ਨਾਵਲ ਵਿਚ ਸੁਝਾਏ ਰਾਹਾਂ ਤੋਂ ਵੱਖਰੇ ਰਾਹ ਵੀ ਹੋ ਸਕਦੇ ਹਨ। ਪਾਠਕ ਆਪਣੀ ਮਰਜ਼ੀ ਅਨੁਸਾਰ ਰਾਹ ਅਪਣਾ ਸਕਦਾ ਹੈ। ਇਸ ਤਰ੍ਹਾਂ ਨਾਵਲ ਅਰਥਾਂ ਦੀਆਂ ਸੰਭਾਵਨਾਵਾਂ ਬੰਦ ਕਰਨ ਦੀ ਥਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਖੁੱਲ੍ਹਾ ਰੱਖਦਾ ਹੈ।

? ***ਕਟਹਿਰਾ** ਨਾਵਲ ਦਾ ਪੈਗ਼ਾਮ ਪੰਜਾਬ ਵਿਚ ਭ੍ਰਿਸ਼ਟਾਚਾਰ ਅਤੇ ਅਮਾਨਵੀਕਰਨ ਦੇ ਟਾਕਰੇ ਲਈ ਇਕ ਸਭਿਆਚਾਰਕ ਲਹਿਰ ਦੀ ਸਿਰਜਣਾ ਲਈ ਪਾਠਕਾਂ ਨੂੰ ਪ੍ਰਤੱਖਣ-ਮਾਡਲ ਅਤੇ ਨਵੀਂ ਅੰਤਰ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਕੀ ਤੁਹਾਡੀ ਧਾਰਨਾ ਇਹੋ ਹੈ ਜਾਂ ਇਸ ਤੋਂ ਰਤਾ ਭਿੰਨ ?*

- **ਕਟਹਿਰਾ** ਦੀ ਥਾਂ ਇਸ ਪ੍ਰਸ਼ਨ ਨੂੰ ਤਿੰਨਾਂ ਨਾਵਲਾਂ (**ਤਫ਼ਤੀਸ਼**, **ਕਟਹਿਰਾ** ਅਤੇ **ਸੁਧਾਰ ਘਰ**) ਦੇ ਸੰਦਰਭ ਵਿਚ ਵਿਚਾਰਨਾ ਉਚਿਤ ਹੋਵੇਗਾ। ਬੇਇਨਸਾਫ਼ੀ ਵਿਰੁੱਧ ਸੰਘਰਸ਼ ਕਰਨ ਦੀ ਪਹਿਲੀ ਚੰਗਿਆੜੀ **ਤਫ਼ਤੀਸ਼** ਨਾਵਲ ਵਿਚ (ਗੁਰਮੀਤ ਦੇ ਮਨ ਰਾਹੀਂ) ਫੁੱਟਦੀ ਹੈ। ਬਾਬਾ ਗੁਰਦਿੱਤ ਸਿੰਘ ਅਤੇ ਉਸ ਦੀਆਂ ਸਹਿਯੋਗੀ ਸੰਸਥਾਵਾਂ ਗੁਰਮੀਤ ਨੂੰ ਸਹਿਯੋਗ ਦਿੰਦੀਆਂ ਹਨ। ਕਾਫ਼ਲੇ ਦਾ ਮੁੱਢ ਬੱਝਣਾ ਸ਼ੁਰੂ ਹੋ ਜਾਂਦਾ ਹੈ। **ਕਟਹਿਰਾ** ਨਾਵਲ ਵਿਚ ਪਿਆਰੇ ਲਾਲ ਵਰਗੇ ਵਕੀਲ ਸੰਘਰਸ਼ ਵਿਚ ਸ਼ਾਮਿਲ ਹੋ ਕੇ ਚੰਗਿਆੜੀ ਨੂੰ ਜੋਤ ਦਾ ਰੂਪ ਦਿੰਦੇ ਹਨ। **ਸੁਧਾਰ ਘਰ** ਵਿਚ ਆ ਕੇ ਇਸ ਕਾਫ਼ਲੇ ਵਿਚ ਮਜ਼ਦੂਰ, ਕਰਮਚਾਰੀ, ਮਹਿਲਾਵਾਂ ਅਤੇ ਹੋਰ ਸ਼ੋਸ਼ਿਤ ਧਿਰਾਂ ਸ਼ਾਮਲ ਹੋ ਕੇ ਜਯੋਤੀ ਨੂੰ ਭਾਂਬੜ ਵਿਚ ਬਦਲ ਦਿੰਦੀਆਂ ਹਨ। ਮੈਂ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਕਾਫਲਾ ਹੀ ਅੰਤਿਮ ਇਨਕਲਾਬੀ ਧਿਰ ਨਹੀਂ ਹੈ। ਇਸ ਭੀੜ ਵਿਚ ਸ਼ਾਮਿਲ ਕਾਰਕੁਨਾਂ ਨੇ ਸੰਕਟਾਂ ਦੀ ਭੱਠੀ ਵਿਚ ਸੜਨਾ ਹੈ ਅਤੇ ਅਗਨੀ-ਪ੍ਰੀਖਿਆ ਵਿਚੋਂ ਕੁਝ ਕੁ ਨੇ ਹੀ ਕੁੰਦਨ ਬਣ ਕੇ ਉੱਭਰਨਾ ਹੈ। ਉਹੋ ਸੱਚੀ-ਸੁੱਚੀ ਇਨਕਲਾਬੀ ਧਿਰ ਹੋਵੇਗੀ। ਇਸੇ ਨੇ ਸੰਘਰਸ਼ਾਂ ਬਾਅਦ ਸੱਤਾ 'ਤੇ ਕਾਬਜ਼ ਹੋਣਾ ਹੈ ਅਤੇ ਇਕ ਨਵੇਂ ਨਰੋਏ ਸਮਾਜ ਦੀ ਸਿਰਜਣਾ ਕਰਨੀ ਹੈ। ਇਸ ਕਾਰਜ ਦੀ ਪ੍ਰਾਪਤੀ ਲਈ ਨਾਵਲਾਂ ਦੀ ਕੜੀ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਉਂਜ ਇਨ੍ਹਾਂ ਨਾਵਲਾਂ ਵਿਚ ਪੈਦਾ ਹੋਈ ਲਹਿਰ, ਹਾਲ ਦੀ ਘੜੀ ਇਕ ਸਭਿਆਚਾਰਕ ਲਹਿਰ ਹੀ ਹੈ। ਇਸ ਲਹਿਰ ਨੇ ਪਾਠਕਾਂ ਨੂੰ ਨਵੀਂ ਅੰਤਰ ਦ੍ਰਿਸ਼ਟੀ ਪ੍ਰਦਾਨ ਕਰਕੇ, ਰਾਜਨੀਤਕ ਲਹਿਰ ਵਿਚ ਪਰਿਵਰਤਿਤ ਹੋ ਜਾਣਾ ਹੈ।

? *ਬੇਇਨਸਾਫ਼ੀ ਵਿਰੁੱਧ ਜੂਝਣ ਨੂੰ ਆਪਣਾ ਧਰਮ ਤੇ ਇਮਾਨ ਸਮਝਣ ਵਾਲੇ ਪਿਆਰੇ ਲਾਲ, ਗੁਰਮੀਤ ਤੇ ਬਾਬੇ ਵਰਗੇ ਚੇਤਨ ਤੇ ਜਾਗਦੀਆਂ ਜ਼ਮੀਰਾਂ*

*ਵਾਲੇ ਕਿਰਦਾਰਾਂ ਦੀ ਸਿਰਜਣਾ ਦਾ ਵਿਚਾਰ ਤੁਹਾਡੇ ਮਨ ਵਿਚ ਕਿਵੇਂ ਉਭਰਿਆ ?*

- ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ ਅਤੇ ਭਗਤ ਸਿੰਘ ਤੋਂ ਲੈ ਕੇ ਗੁਰਸ਼ਰਨ ਸਿੰਘ ਤਕ ਸਾਡੇ ਕੋਲ ਚੇਤੰਨ ਅਤੇ ਲੋਕਪੱਖੀ ਰੂਹਾਂ ਦਾ ਬਹੁਤ ਵੱਡਾ ਵਿਰਸਾ ਹੈ। ਇਸ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਮੈਂ ਇਨ੍ਹਾਂ ਕਿਰਦਾਰਾਂ ਦੀ ਸਿਰਜਣਾ ਕੀਤੀ ਹੈ।

? ***ਕਟਹਿਰਾ** ਨੂੰ ਅਦਾਲਤੀ ਕਾਰੋਬਾਰ, ਕਿਰਦਾਰ ਅਤੇ ਸ਼ਬਦਾਵਲੀ ਪੱਖੋਂ ਅਦਾਲਤੀ ਮਹਾਨਕੋਸ਼ ਆਖਣਾ ਠੀਕ ਹੈ ?*

- ਨਿਆਂ-ਪ੍ਰਬੰਧ ਨਾਲ ਸੰਬੰਧਤ ਪੰਜਾਬੀ ਵਿਚ ਰਚਿਆ ਗਿਆ ਇਹ ਪਹਿਲਾ ਨਾਵਲ ਹੈ, ਅਦਾਲਤੀ ਕਾਰੋਬਾਰ ਨਾਲ ਸੰਬੰਧਤ ਕਿਰਦਾਰਾਂ ਅਤੇ ਸ਼ਬਦਾਵਲੀ ਨਾਲ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਦਾ ਭਰਪੂਰ ਹੋਣਾ ਕੁਦਰਤੀ ਸੀ। ਪੈਪਸੂ ਦੇ ਇਲਾਕੇ ਵਿਚ ਅਦਾਲਤੀ ਕੰਮਕਾਜ ਉਰਦੂ ਭਾਸ਼ਾ ਵਿਚ ਹੁੰਦਾ ਸੀ। ਇਸ ਕਾਰਨ, ਅਦਾਲਤੀ ਕੰਮ ਕਾਜ ਵਿਚ ਫ਼ਾਰਸੀ ਦੇ ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਅਹਿਲਮੱਦ, ਅਰਦਲੀ, ਫਰਦ, ਤਲਫ ਅਤੇ ਜਨਾਬ ਵਰਗੇ ਫ਼ਾਰਸੀ ਸ਼ਬਦਾਂ ਦੀ ਇਸੇ ਨਾਵਲ ਵਿਚ ਭਰਪੂਰ ਵਰਤੋਂ ਹੋਈ ਹੈ। ਪੰਜਾਬ ਦੇ ਇਲਾਕੇ ਵਿਚ ਅਦਾਲਤੀ ਭਾਸ਼ਾ ਅੰਗਰੇਜ਼ੀ ਸੀ। ਜੱਜ, ਕੋਰਟ ਰੂਮ, ਰੀਡਰ, ਸਟੈਨੋ, ਨਕਟਾਈ ਆਦਿ ਸ਼ਬਦ ਅੰਗਰੇਜ਼ੀ ਭਾਸ਼ਾ ਵਿਚੋਂ ਆਏ ਹਨ। ਇੰਝ ਪੰਜਾਬੀ ਸਾਹਿਤ ਦੇ ਮਹਾਂ ਕੋਸ਼ ਵਿਚ ਕੁਝ ਵਾਧਾ ਤਾਂ ਹੋਇਆ ਹੀ ਹੈ।

? *ਤੁਸਾਂ **ਕਟਹਿਰਾ** ਨਾਵਲ ਦੇ ਨਿਬੇੜੇ ਨੂੰ ਸੁਭਾਵਿਕ ਬਣਾਉਣ ਲਈ ਦੂਸਰੀ ਐਡੀਸ਼ਨ ਵਿਚ ਕੋਈ ਤਬਦੀਲੀ ਕੀਤੀ ? ਕਿਉਂ ? ਇਸ ਤਬਦੀਲੀ ਸੰਬੰਧੀ ਚਿੰਤਕਾਂ ਦੀ ਪ੍ਰਤਿਕਿਰਿਆ ਕੈਸੀ ਰਹੀ ?*

- **ਕਟਹਿਰਾ** ਨਾਵਲ ਦੇ ਪਹਿਲੇ ਐਡੀਸ਼ਨ ਵਿਚ ਨਾਵਲ ਦਾ ਅੰਤ ਪਿਆਰੇ ਲਾਲ ਵਕੀਲ ਵੱਲੋਂ ਆਪਣਾ ਕਾਲਾ ਕੋਟ ਉਤਾਰ ਕੇ ਮੋਤਾ ਸਿੰਘ ਜੱਜ ਦੇ ਪੈਰਾਂ ਵਿਚ ਸੁੱਟਣ ਅਤੇ ਪੁਲਿਸ ਦੇ ਡਿਪਟੀ ਵੱਲੋਂ ਉਸ ਨੂੰ ਲਿਤਾੜ ਕੇ ਅੱਗੇ ਲੰਘਣ 'ਤੇ ਖ਼ਤਮ ਹੁੰਦਾ ਸੀ। ਇਸ ਤਰ੍ਹਾਂ ਨਾਵਲ ਦਾ ਇਹ ਅੰਤ ਪੁਲਿਸ, ਯਾਨਿ ਸਟੇਟ ਵੱਲੋਂ ਕਾਨੂੰਨ, ਯਾਨਿ ਇਨਸਾਫ਼ ਨੂੰ ਕੁਚਲਣ ਦਾ ਪ੍ਰਤੀਕ ਸੀ। ਇਨਸਾਫ਼ ਨੂੰ ਲਾਗੂ ਕਰਨ ਵਾਲੀ ਸੰਸਥਾ (ਮੋਤਾ ਸਿੰਘ ਜੱਜ) ਮਜਬੂਰ ਹੋਈ, ਇੰਝ ਹੁੰਦਾ ਤੱਕ ਰਹੀ ਸੀ। ਕੁਝ ਦੋਸਤਾਂ (ਜਿਨ੍ਹਾਂ ਵਿਚ ਤੁਸੀਂ ਵੀ ਸ਼ਾਮਿਲ ਹੋ) ਦੇ ਸੁਝਾਅ ਉੱਤੇ, ਨਾਵਲ ਦੇ ਦੂਜੇ ਐਡੀਸ਼ਨ ਵਿਚ ਇਸ ਅੰਤ ਨੂੰ ਹਟਾ ਦਿੱਤਾ ਗਿਆ ਸੀ ਅਤੇ ਨਾਵਲ ਦਾ ਅੰਤ, ਵਿਦਰੋਹ ਵਜੋਂ ਜੱਜ ਵੱਲੋਂ ਆਪਣੇ ਪੈੱਨ ਦਾ ਨਿੱਬ ਤੋੜਨ ਉੱਪਰ ਹੀ ਕਰ ਦਿੱਤਾ ਗਿਆ ਸੀ। ਨਾਵਲ ਦੇ ਅੰਤ ਵਿਚ

ਇਹ ਤਬਦੀਲੀ ਨਾਵਲ ਨੂੰ ਰੁਮਾਂਟਿਕ, ਆਦਰਸ਼ਵਾਦੀ, ਪ੍ਰਗਤੀਵਾਦ ਤੋਂ ਮੁਕਤ ਕਰਾਉਣ ਲਈ ਕੀਤਾ ਗਿਆ ਸੀ।

ਬਹੁਤ ਸਾਰੇ ਚਿੰਤਕਾਂ ਨੇ, ਜਿਨ੍ਹਾਂ ਵਿਚ ਡਾ. ਟੀ.ਆਰ. ਵਿਨੋਦ ਮੋਹਰੀ ਸਨ, ਇਸ ਤਬਦੀਲੀ ਦਾ ਡੱਟ ਕੇ ਵਿਰੋਧ ਕੀਤਾ ਅਤੇ ਆਖਿਆ ਕਿ ਇਸ ਤਰ੍ਹਾਂ ਕਰਨ ਨਾਲ ਨਾਵਲ ਦੀ ਕਲਾ ਨੂੰ ਖੋਰਾ ਲੱਗਦਾ ਹੈ ਅਤੇ ਉਦੇਸ਼ ਕਮਜ਼ੋਰ ਪੈਂਦਾ ਹੈ। ਪੁਨਰ ਵਿਚਾਰ ਕਰਨ 'ਤੇ ਮੈਨੂੰ ਲੱਗਾ ਹੈ ਕਿ ਇਹ ਤਬਦੀਲੀ ਜਾਇਜ਼ ਨਹੀਂ ਸੀ। ਨਾਵਲ ਦੇ ਤੀਜੇ ਐਡੀਸ਼ਨ ਵਿਚ ਅੰਤ ਪਹਿਲਾਂ ਵਾਂਗ ਕੀਤਾ ਗਿਆ।

? *__ਤ.ਫਤੀਸ਼__ ਦੇ ਮੁਕਾਬਲੇ ਵਿਚ __ਕਟਹਿਰਾ__ ਨੂੰ ਪਾਠਕਾਂ ਅਤੇ ਚਿੰਤਕਾਂ ਵੱਲੋਂ ਕਿਸ ਪ੍ਰਕਾਰ ਦਾ ਹੁੰਗਾਰਾ ਮਿਲਿਆ ?*

- ਦੋਵੇਂ ਨਾਵਲ ਬਰਾਬਰ ਦੇ ਹਨ। ਕੁਝ ਚਿੰਤਕਾਂ ਅਤੇ ਪਾਠਕਾਂ ਨੇ **ਕਟਹਿਰਾ** ਨੂੰ ਪਸੰਦ ਕੀਤਾ ਅਤੇ ਕੁਝ ਨੇ **ਤ.ਫਤੀਸ਼** ਨੂੰ। ਮੈਂ ਅੱਜ ਤਕ ਇਹ ਫ਼ੈਸਲਾ ਨਹੀਂ ਕਰ ਸਕਿਆ ਕਿ ਦੋਹਾਂ ਵਿਚੋਂ ਕਿਹੜਾ ਉੱਤਮ ਹੈ। ਉਂਝ ਚਿੰਤਕਾਂ ਵੱਲੋਂ **ਤ.ਫਤੀਸ਼** ਨਾਵਲ ਉੱਪਰ ਵੱਧ ਲਿਖਿਆ ਗਿਆ ਹੈ। ਵਕੀਲ ਪਾਠਕਾਂ ਵੱਲੋਂ **ਕਟਹਿਰਾ** ਨੂੰ ਤਰਜੀਹ ਦਿੱਤੀ ਜਾਂਦੀ ਹੈ।

? *__ਕੌਰਵ ਸਭਾ__ ਨਾਵਲ ਦਾ ਨਾਂ ਤੁਹਾਡੇ ਜ਼ਿਹਨ ਵਿਚ ਕਿਵੇਂ ਆਇਆ ?*

- ਨਾਵਲ ਦੇ ਟਾਈਪ ਹੋਣ ਤਕ ਇਸ ਨਾਵਲ ਦਾ ਨਾਂ "ਅੰਨ੍ਹੀ ਬੁੱਢੀ ਦਾ ਇਨਸਾਫ਼" ਸੀ। ਤੁਸੀਂ ਦੇਖਿਆ ਹੋਵੇਗਾ ਕਿ ਨਿਆਂਪਾਲਿਕਾ ਦੇ ਇਨਸਿਗਨਿਆਂ ਵਿਚ ਇਨਸਾਫ਼ ਵਾਲੀ ਤੱਕੜੀ ਇਕ ਬੁੱਢੀ ਦੇ ਹੱਥ ਵਿਚ ਫੜੀ ਹੋਈ ਹੈ ਅਤੇ ਉਸ ਬੁੱਢੀ ਦੀਆਂ ਅੱਖਾਂ ਉੱਪਰ ਪੱਟੀ ਬੰਨ੍ਹੀ ਹੋਈ ਹੈ। ਔਰਤ ਦੇ ਬੁੱਢੀ ਹੋਣ ਤੋਂ ਭਾਵ ਉਸ ਦੀ ਸਰੀਰਕ ਕਮਜ਼ੋਰੀ ਤੋਂ ਹੈ। ਮਤਲਬ ਇਹ ਕਿ ਹੱਥਾਂ ਨੇ ਕਮਜ਼ੋਰ ਹੋਣ ਦੇ ਬਾਵਜੂਦ ਤੱਕੜੀ ਫੜਨ ਵਾਲਾ ਵਿਅਕਤੀ ਤੱਕੜੀ ਦੇ ਪੱਲੜੇ ਨੂੰ ਇਕ ਪਾਸੇ ਨਹੀਂ ਝੁਕਣ ਦਿੰਦਾ। ਮਤਲਬ ਕਿਸੇ ਵੀ ਸਥਿਤੀ ਵਿਚ ਇਨਸਾਫ਼ ਵਿਚ ਪਾਸਕੂ ਨਹੀਂ ਪੈਂਦਾ। ਅੱਖਾਂ 'ਤੇ ਪੱਟੀ ਬੰਨ੍ਹਣ ਦਾ ਮਤਲਬ ਹੈ ਕਿ ਇਨਸਾਫ਼ ਦੇਣ ਵਾਲਾ ਵਿਅਕਤੀ ਸਾਹਮਣੇ ਖੜ੍ਹੀ ਧਿਰ ਦੇ ਰੁਤਬੇ ਨੂੰ ਨਹੀਂ ਦੇਖਦਾ। ਕੇਵਲ ਇਨਸਾਫ਼ ਨੂੰ ਪਹਿਲ ਦਿੰਦਾ ਹੈ। ਇਨਸਾਫ਼ ਵਿਚ ਹੁੰਦੀਆਂ ਧਾਂਦਲੀਆਂ ਤੋਂ ਅੱਕੇ ਲੋਕਾਂ ਨੇ ਅੱਖਾਂ 'ਤੇ ਪੱਟੀ ਬੰਨ੍ਹਣ ਦੇ ਪ੍ਰਤੀਕ ਨੂੰ 'ਕਾਨੂੰਨ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਹੈ' ਵਿਚ ਬਦਲ ਕੇ ਇਹ ਮਤਲਬ ਕੱਢਣਾ ਸ਼ੁਰੂ ਕਰ ਦਿੱਤਾ ਹੈ ਕਿ ਕਾਨੂੰਨ ਅੰਨ੍ਹਾ ਹੈ ਅਤੇ ਇਹ ਇਨਸਾਫ਼ ਕਰਨ ਦੇ ਯੋਗ ਨਹੀਂ ਹੈ। ਮੈਂ ਲੋਕਾਂ ਵੱਲੋਂ ਬੁੱਢੀ ਅਤੇ ਪੱਟੀ ਨੂੰ ਦਿੱਤੇ ਨਵੇਂ ਅਰਥਾਂ ਨੂੰ ਧਿਆਨ ਵਿਚ ਰੱਖ ਕੇ, ਇਹ ਨਾਂ ਰੱਖਿਆ ਸੀ ਅਤੇ ਦੱਸਣਾ ਚਾਹਿਆ ਸੀ ਕਿ ਸਟੇਟ (ਬੁੱਢੀ) ਅੰਨ੍ਹੀ ਹੋ ਗਈ ਹੈ ਅਤੇ ਪੱਖਪਾਤੀ ਹੋਣ ਕਾਰਨ ਇਨਸਾਫ਼ ਦੇ ਪੱਲੜੇ ਸਾਵੇਂ ਰੱਖਣ

ਵਿਚ ਅਸਮਰੱਥ ਹੈ।

**ਕੌਰਵ ਸਭਾ** ਤੋਂ ਮਤਲਬ ਅਜਿਹੀ ਰਾਜ ਸਭਾ ਤੋਂ ਹੈ ਜਿਸ ਵਿਚ ਰਾਜਾ, ਵਜ਼ੀਰ, ਯੋਧੇ, ਚਿੰਤਕ ਅਤੇ ਉਨ੍ਹਾਂ ਦੇ ਸਲਾਹਕਾਰ ਬੈਠਦੇ ਅਤੇ ਲੋਕਾਂ ਦੇ ਹਿੱਤਾਂ ਵਿਚ ਫ਼ੈਸਲੇ ਕਰਦੇ ਹਨ। ਮਹਾਂਭਾਰਤ ਸਮੇਂ ਕੌਰਵ ਸਭਾ ਨੇ ਲੋਕ-ਦੋਖੀ ਰਵੱਈਆ ਅਪਣਾ ਰੱਖਿਆ ਸੀ। ਭੀਸ਼ਮ ਪਿਤਾਮਾ ਵਰਗੇ ਮਹਾਂਬਲੀ, ਦਰੋਣਾਚਾਰੀਆ ਵਰਗੇ ਸ਼ਿਕਸ਼, ਕਿਰਪਾਚਾਰੀਆ ਵਰਗੇ ਬੁੱਧੀਜੀਵੀ ਅਤੇ ਵਿਧੁਰ ਵਰਗੇ ਉੱਚ ਕੋਟੀ ਦੇ ਰਾਜਨੀਤਕ ਵਿਅਕਤੀ ਮੂਕ ਦਰਸ਼ਕ ਬਣ ਕੇ ਰਹਿ ਜਾਂਦੇ ਹਨ। ਭਰੀ ਸਭਾ ਵਿਚ ਔਰਤਾਂ ਦਾ ਚੀਰ-ਹਰਨ ਹੋਣ ਲੱਗ ਪਿਆ ਸੀ। ਨਾਵਲ ਦੇ ਪਾਠ ਵਿਚ ਇਕ ਦੋ ਥਾਂ ਅਜੋਕੀਆਂ ਅਦਾਲਤਾਂ ਨੂੰ ਕੌਰਵ ਸਭਾ ਨਾਲ ਤੁਲਨਾਇਆ ਜਾ ਚੁੱਕਾ ਸੀ। ਵਕੀਲ ਕਾਲਾ ਕੋਟ ਪਹਿਨਦੇ ਹਨ। ਕੌਰਵਾਂ ਦੇ ਵਸਤਰਾਂ ਦਾ ਰੰਗ ਵੀ ਕਾਲਾ ਸੀ। ਵਕੀਲ ਦੀ ਤੁਲਨਾ ਕੌਰਵਾਂ ਨਾਲ, ਆਸਾਨੀ ਅਤੇ ਪ੍ਰਤੀਕਾਤਮਕ ਢੰਗ ਨਾਲ ਹੋ ਰਹੀ ਸੀ। ਮਹਾਂਭਾਰਤ ਦੇ ਕੁਝ ਹੋਰ ਪ੍ਰਸੰਗਾਂ ਦਾ ਜ਼ਿਕਰ ਵੀ ਨਾਵਲ ਵਿਚ ਆ ਚੁੱਕਾ ਸੀ। ਇਨ੍ਹਾਂ ਸਾਰੇ ਕਾਰਨਾਂ ਕਰਕੇ **ਕੌਰਵ ਸਭਾ** ਨਾਂ ਜ਼ਿਆਦਾ ਢੁਕਵਾਂ ਲੱਗਾ।

? ***ਕੌਰਵ ਸਭਾ** ਦੀ ਰਚਨਾ ਪ੍ਰਕਿਰਿਆ ਬਾਰੇ ਵੇਰਵਿਆਂ ਸਹਿਤ ਦੱਸੋ ?*

• 1992 ਵਿਚ ਮੇਰੀ ਬਦਲੀ ਲੁਧਿਆਣਾ ਸ਼ਹਿਰ ਦੀ ਹੋ ਗਈ। ਲੁਧਿਆਣਾ ਪੰਜਾਬ ਦਾ ਇਕੋ ਇਕ ਮਹਾਂਨਗਰ ਹੈ, ਜਿਥੇ ਵਿਗੜਿਆ ਪੂੰਜੀਵਾਦ ਪੂਰੇ ਜੋਬਨ ਉੱਪਰ ਟਹਿਕ ਰਿਹਾ ਹੈ। ਮੈਨੂੰ ਲੱਗਾ ਪੂੰਜੀਵਾਦ ਨੂੰ ਸਮਝਣ ਦਾ ਇਹ ਵਧੀਆ ਮੌਕਾ ਹੈ। ਮੈਂ ਆਪਣਾ ਤੀਸਰਾ ਨੇਤਰ ਖੋਲ੍ਹ ਲਿਆ। ਥੋੜ੍ਹੇ ਜਿਹੇ ਜਤਨਾਂ ਨਾਲ ਹੀ ਪੂੰਜੀਵਾਦੀ ਦੇ ਭੇਤਾਂ ਦੇ ਪਟਾਰੇ ਖੁੱਲ੍ਹਣ ਲੱਗੇ। ਪੈਸੇ ਹੱਥੀਂ ਕਾਨੂੰਨ ਵਿਕਦਾ ਪ੍ਰਤੱਖ ਨਜ਼ਰ ਆਉਣ ਲੱਗਾ। ਸਾਧਨ-ਸੰਪੰਨ ਲੋਕ ਪੈਸੇ ਦੇ ਜ਼ੋਰ 'ਤੇ ਵੱਡੇ-ਵੱਡੇ ਜੁਰਮ ਕਰਨ ਤੋਂ ਬਾਅਦ ਵੀ ਬਾਇੱਜ਼ਤ ਬਰੀ ਹੁੰਦੇ ਦਿਖਾਈ ਦੇਣ ਲੱਗੇ। ਅਫ਼ਸਰਸ਼ਾਹੀ, ਰਾਜਨੀਤੀ ਅਤੇ ਧਰਮ ਆਦਿ ਸਭ ਸੰਸਥਾਵਾਂ ਇਕੋ ਇਕ ਉਦੇਸ਼ 'ਵੱਧ ਤੋਂ ਵੱਧ ਧੰਨ ਇਕੱਠਾ ਕਰਨ' ਦੀ ਹੋੜ ਵਿਚ ਬੇਫਿਕਰ ਹੋ ਕੇ ਇਨਸਾਫ਼ੀਆਂ ਕਰਦੀਆਂ ਨਜ਼ਰ ਆਈਆਂ। ਹੋ ਰਹੀਆਂ ਇਨ੍ਹਾਂ ਧੱਕੇਸ਼ਾਹੀਆਂ ਦੇ ਕਾਰਨ ਖੋਜੇ ਅਤੇ ਸਮਝੇ। ਮਨ ਵਿਚ ਪੀੜਤ ਧਿਰ ਲਈ ਹਮਦਰਦੀ ਜਾਗਣ ਲੱਗੀ। ਇਹੋ ਹਮਦਰਦੀ **ਕੌਰਵ ਸਭਾ** ਦੇ ਬਿਰਤਾਂਤ ਦਾ ਬੀਜ ਬਣੀ। ਕਈ ਸਾਲਾਂ ਤੋਂ ਰੁਕੀ ਕਲਮ ਨੂੰ ਨਵਾਂ ਰਾਹ ਦਿਖਾਈ ਦਿੱਤਾ। ਅੰਦਰ ਉਬਲਦਾ ਲਾਵਾ ਬਾਹਰ ਨਿਕਲਣ ਲਈ ਕਾਹਲਾ ਪੈਣ ਲੱਗਾ।

360 ਪੰਨਿਆਂ ਉੱਪਰ ਫੈਲੇ ਕਰੀਬ 150 ਪਾਤਰਾਂ, ਸੈਂਕੜੇ ਘਟਨਾਵਾਂ ਅਤੇ ਹਜ਼ਾਰਾਂ ਕੇਸਾਂ ਦੇ ਤੱਥਾਂ ਉੱਪਰ ਆਧਾਰਿਤ ਰਚਨਾ ਪ੍ਰਕਿਰਿਆ ਬਾਰੇ ਕੁਝ ਸ਼ਬਦਾਂ ਵਿਚ ਕਹਿਣਾ ਅਸੰਭਵ ਹੈ। ਇਸ਼ਾਰੇ ਮਾਤਰ ਕੁਝ ਗੱਲਾਂ ਕਰਾਂਗਾ। ਮੈਂ

ਬਿਨਾ ਯੋਜਨਾ ਬਣਾਏ ਲਿਖਣ ਨਹੀਂ ਬੈਠਦਾ। ਪਹਿਲਾਂ ਮੈਂ ਇਹ ਨਿਸ਼ਚਿਤ ਕਰਦਾ ਹਾਂ ਕਿ ਨਾਵਲ ਰਾਹੀਂ ਕੀ ਸੰਦੇਸ਼ ਦੇਣਾ ਹੈ। ਫਿਰ ਇਹ ਨਿਸ਼ਚਿਤ ਕਰਦਾ ਹਾਂ ਕਿ ਉਹ ਸੰਦੇਸ਼ ਕਿਸ ਤਰ੍ਹਾਂ ਦੇਣਾ ਹੈ। ਕੋਈ ਗੱਲ ਤਾਂ ਹੀ ਪ੍ਰਭਾਵਸ਼ਾਲੀ ਢੰਗ ਨਾਲ ਆਖੀ ਜਾ ਸਕਦੀ ਹੈ, ਜੇ ਸਾਨੂੰ ਉਸ ਗੱਲ ਦੇ ਪਿਛੋਕੜ ਅਤੇ ਉਸ ਪਿੱਛੇ ਕੰਮ ਕਰਦੇ ਸਿਧਾਂਤ ਦੀ ਪੂਰੀ ਸਮਝ ਹੋਵੇ। ਇਸ ਲਈ ਮੈਂ ਪਹਿਲਾਂ ਅਧਿਐਨ ਕਰਦਾ ਹਾਂ ਅਤੇ ਫੇਰ ਨਿਕਲੇ ਸਿੱਟਿਆਂ ਨੂੰ ਹੱਥੋਂ ਨਿਕਲੇ ਕੇਸਾਂ ਦੇ ਤੱਥਾਂ ’ਤੇ ਪਰਖਦਾ ਹਾਂ। ਛਾਣਬੀਣ ਬਾਅਦ ਜੋ ਬਚਦਾ ਹੈ, ਉਹ ਨਾਵਲ ਦੀ ਸਮੱਗਰੀ ਬਣਦਾ ਹੈ।

ਸਿਧਾਂਤਕ ਰੂਪ ਵਿਚ ਇਸ ਨਾਵਲ ਰਾਹੀਂ ਮੈਂ ਪੂੰਜੀਪਤੀ ਵਰਗ ਦੇ ਹੋਂਦ ਵਿਚ ਆਉਣ ਦੇ ਸ੍ਰੋਤਾਂ, ਉਨ੍ਹਾਂ ਦੀ ਨਿਮਨ ਵਰਗ ਨੂੰ ਹੜੱਪਣ ਦੀ ਪ੍ਰਵਿਰਤੀ, ਮਹਾਂਨਗਰੀ ਅਤੇ ਸ਼ਹਿਰੀ ਸਭਿਆਚਾਰ ਦੇ ਤੁਲਨਾਤਮਕ ਅਧਿਐਨ ਅਤੇ ਆਰਥਿਕਤਾ ਦੇ ਆਧਾਰ ’ਤੇ ਬਣਦੇ ਵਿਗੜਦੇ ਰਿਸ਼ਤਿਆਂ ਨੂੰ ਕੇਂਦਰ ਵਿਚ ਰੱਖਿਆ ਹੈ। ਨਾਲ ਦੀ ਨਾਲ ਕਾਨੂੰਨ ਦੀ ਤੱਕੜੀ ਦੇ ਇਕ ਪੱਲੜੇ ਦਾ ਪੈਸੇ ਦੇ ਭਾਰ ਨਾਲ ਸੰਪੰਨ ਲੋਕਾਂ ਵੱਲ ਝੁਕਣ ਦੇ ਰੁਝਾਨ (ਅਤੇ ਕਾਰਨਾਂ) ਨੂੰ ਪੇਸ਼ ਕੀਤਾ ਹੈ ਅਤੇ ਸਾਧਨਹੀਣ ਲੋਕਾਂ ਨਾਲ ਹੁੰਦੇ ਧੱਕੇ ਨੂੰ ਵੀ। ਸਾਡਾ ਕਾਨੂੰਨੀ ਢਾਂਚਾ ਮੁਜਰਿਮ ਪੱਖੀ ਅਤੇ ਲਚਕਦਾਰ ਹੈ। ਇਹ ਮੁਜਰਿਮ ਨੂੰ ਬਰੀ ਕਰਨ ਦਾ ਬਹਾਨਾ ਭਾਲਦਾ ਹੈ। ਸਰਕਾਰਾਂ, ਸਮਾਜ ਸੇਵਾ ਸੰਸਥਾਵਾਂ ਅਤੇ ਕਾਨੂੰਨਦਾਨਾਂ ਦਾ ਸਾਰਾ ਧਿਆਨ ਕੈਦੀਆਂ (ਨਜ਼ਰਬੰਦਾਂ) ਲਈ ਵੱਧ ਤੋਂ ਵੱਧ ਅਧਿਕਾਰ ਹਾਸਲ ਕਰਨ ਉੱਪਰ ਲੱਗਾ ਹੋਇਆ ਹੈ। ਇਹ ਠੀਕ ਹੈ ਕਿ ਲੰਬੇ ਸੰਘਰਸ਼ਾਂ ਬਾਅਦ ਕੈਦੀਆਂ ਨੂੰ ਜ਼ਮਾਨਤ, ਕਾਨੂੰਨੀ ਸਹਾਇਤਾ, ਸਿਹਤ ਸਹੂਲਤਾਂ, ਮਨੋਰੰਜਨ ਅਤੇ ਪੁਨਰਵਾਸ ਆਦਿ ਦੇ ਅਧਿਕਾਰ ਮਿਲੇ ਹਨ। ਮੈਂ ਇਨ੍ਹਾਂ ਅਧਿਕਾਰਾਂ ਦਾ ਵਿਰੋਧੀ ਨਹੀਂ ਹਾਂ। ਪਰ ਇਹ ਪ੍ਰਸ਼ਨ ਵੀ ਅਹਿਮ ਹੈ ਕਿ ਕੀ ਪੀੜਤ ਧਿਰ ਵੀ ਕਿਸੇ ਅਧਿਕਾਰ ਦੀ ਹੱਕਦਾਰ ਹੈ ਜਾਂ ਨਹੀਂ। ਜੇ ਮੁਜਰਿਮ ਦਾ ਇਲਾਜ ਸਰਕਾਰੀ ਖਰਚੇ ’ਤੇ ਹੋ ਸਕਦਾ ਹੈ ਤਾਂ ਜ਼ਖ਼ਮੀ ਧਿਰ ਦਾ ਕਿਉਂ ਨਹੀਂ ? ਕੈਦੀ ਨੂੰ ਕਿੱਤਾ ਸਿਖਲਾਈ ਦੇ ਕੇ ਉਸ ਦੇ ਪੁਨਰਵਾਸ ਦਾ ਪ੍ਰਬੰਧ ਕਰਨਾ ਜੇ ਸਰਕਾਰ ਦੀ ਜ਼ਿੰਮੇਵਾਰੀ ਹੈ ਤਾਂ ਬਲਾਤਕਾਰੀ ਹੱਥੋਂ ਬਲਾਤਕਾਰ ਦਾ ਸ਼ਿਕਾਰ ਹੋ ਕੇ ਸਮਾਜ ਵਿਚੋਂ ਆਪਣੀ ਜੜ੍ਹ ਉਖੜਵਾ ਚੁੱਕੀ ਅਨਭੋਲ ਮੁਟਿਆਰ ਨੂੰ ਸਰਕਾਰ ਕੋਲੋਂ ਆਪਣੇ ਪੁਨਰਵਾਸ ਦਾ ਹੱਕ ਮੰਗਣ ਦਾ ਅਧਿਕਾਰ ਕਿਉਂ ਨਹੀਂ ? ਜਿਸ ਪਰਿਵਾਰ ਦਾ ਇਕੋ ਇਕ ਕਮਾਊ ਪੁੱਤ ਕਤਲ ਕਰ ਦਿੱਤਾ ਗਿਆ ਹੋਵੇ, ਕੀ ਉਸ ਪਰਿਵਾਰ ਨੂੰ ਗੁਜ਼ਾਰੇ ਲਈ ਠੂਠਾ ਫੜ ਕੇ ਮੰਗਣ ਲਈ ਸਮਾਜ ਦੇ ਰਹਿਮੋ-ਕਰਮ ’ਤੇ ਛੱਡ ਦਿੱਤਾ ਜਾਵੇ ? ਮੁਜਰਿਮ ਨੂੰ ਸਰਕਾਰ ਉੱਚ-ਕੋਟੀ ਦਾ ਵਕੀਲ ਆਪਣੇ ਖਰਚੇ ’ਤੇ ਕਰਕੇ ਦੇਵੇ ਪਰ ਮੁਦੱਈ ਧਿਰ ਵੱਲੋਂ ਆਪਣੇ ਖਰਚੇ ’ਤੇ

ਵਕੀਲ ਖੜ੍ਹਾ ਕਰਨ ਦਾ ਅਧਿਕਾਰ ਵੀ ਖੋਹ ਲਿਆ ਜਾਵੇ। ਕਿਤਾਬੀ ਰੂਪ ਵਿਚ ਮੁਜਰਿਮ ਧਿਰ ਨੂੰ ਮਿਲੇ ਇਹ ਅਧਿਕਾਰ ਚੰਗੇ ਲੱਗਦੇ ਹਨ ਪਰ ਜਦੋਂ ਸਾਹਮਣਾ ਯਥਾਰਥ ਨਾਲ ਹੁੰਦਾ ਹੈ ਫਿਰ ਪਤਾ ਲੱਗਦਾ ਹੈ ਕਿ ਇਨ੍ਹਾਂ ਅਧਿਕਾਰਾਂ ਦਾ ਲਾਭ ਕੌਣ ਉਠਾ ਰਿਹਾ ਹੈ। ਜਿਨ੍ਹਾਂ ਲੋਕਾਂ ਦੇ ਫ਼ਾਇਦੇ ਲਈ ਇਹ ਨਿਯਮ ਬਣੇ ਹਨ, ਉਨ੍ਹਾਂ ਨੂੰ ਇਨ੍ਹਾਂ ਦੇ ਨੇੜੇ ਨਹੀਂ ਢੁਕਣ ਦਿੱਤਾ ਜਾਂਦਾ। ਇਨ੍ਹਾਂ ਦਾ ਫ਼ਾਇਦਾ ਸੰਪੰਨ ਲੋਕ ਉਠਾ ਰਹੇ ਹਨ। ਸਾਧਨਹੀਣ ਧਿਰ ਨੂੰ ਆਪਣੀ ਜ਼ਮਾਨਤ ਦਾ ਹੁਕਮ ਕਰਾਉਣ ਲਈ ਉੱਚ ਕੋਟੀ ਦਾ ਵਕੀਲ ਕਿੱਥੋਂ ਮਿਲਣਾ ਹੈ, ਉਸ ਨੂੰ ਤਾਂ ਜ਼ਾਮਨ ਤਕ ਨਹੀਂ ਲੱਭਦਾ। ਜੇਲ੍ਹ ਵਿਚਲੇ ਹਸਪਤਾਲ ਅਮੀਰ ਲੋਕਾਂ ਨੂੰ ਜੇਲ੍ਹ ਦੀਆਂ ਦੁਸ਼ਵਾਰੀਆਂ ਤੋਂ ਬਚਾਉਣ ਦੇ ਕੰਮ ਆਉਂਦੇ ਹਨ ਨਾ ਕਿ ਬਿਮਾਰਾਂ ਦੇ ਇਲਾਜ ਲਈ। ਸ਼ੱਕ ਦਾ ਲਾਭ ਦੇ ਕੇ ਸਾਧਨ ਸੰਪੰਨ ਦੋਸ਼ੀ ਤਾਂ ਬਰੀ ਹੋ ਜਾਂਦੇ ਹਨ ਜਵਾਨ-ਜਹਾਨ ਪੁੱਤ ਗੁਆ ਚੁੱਕੇ ਮਾਪਿਆਂ, ਬਲਾਤਕਾਰੀਆਂ ਵੱਲੋਂ ਮਧੋਲੀਆਂ ਕੋਮਲ ਕਲੀਆਂ ਵਰਗੀਆਂ ਧੀਆਂ-ਭੈਣਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਕੋਈ ਨਹੀਂ ਲਾਉਂਦਾ। ਇਸ ਨਾਵਲ ਵਿਚ ਮੈਂ ਇਸ ਧਿਰ ਦਾ ਪੱਖ ਪੂਰਨ ਦਾ ਜਤਨ ਕੀਤਾ ਹੈ।

ਪੀੜਤ ਧਿਰ ਲਈ ਹਮਦਰਦੀ ਦਾ ਇਹ ਬੀਜ ਮੇਰੇ 25 ਸਾਲ ਦੇ ਸਰਕਾਰੀ ਵਕੀਲ ਦੇ ਕੌੜੇ ਤਜਰਬੇ ਵਿਚੋਂ ਉਪਜਿਆ ਹੈ। ਸਰਕਾਰੀ ਵਕੀਲ ਦਾ ਫ਼ਰਜ਼ ਪੀੜਤ ਧਿਰ ਦਾ ਕਾਨੂੰਨੀ ਪੱਖ ਪੂਰਨਾ ਹੈ। ਲੱਖਾਂ ਜਤਨਾਂ ਦੇ ਬਾਵਜੂਦ ਕਾਨੂੰਨੀ ਖਾਮੀਆਂ ਕਾਰਨ ਜਦੋਂ ਸਹੀ ਦੋਸ਼ੀ ਬਰੀ ਹੋ ਜਾਂਦਾ ਹੈ ਤਾਂ ਪੀੜਤ ਧਿਰ ਦੇ ਨਾਲ-ਨਾਲ ਮੈਨੂੰ ਵੀ ਗ਼ੁੱਸਾ ਆਉਂਦਾ ਹੈ। ਇਹੋ ਪੀੜ ਅਤੇ ਗ਼ੁੱਸਾ ਪ੍ਰਗਟਾਉਣ ਲਈ ਮੈਂ ਇਹ ਨਾਵਲ ਸਿਰਜਿਆ ਹੈ।

? *ਕੀ **ਕੌਰਵ ਸਭਾ** ਨਾਵਲ ਨੂੰ **ਤਫ਼ਤੀਸ਼** ਅਤੇ **ਕਟਹਿਰਾ** ਦੇ ਪ੍ਰਕਾਸ਼ਨ ਤੋਂ ਮਗਰੋਂ ਅਗਲੇ ਪੜਾਅ ਦੀ ਰਚਨਾ ਕਬੂਲਿਆ ਜਾ ਸਕਦਾ ਹੈ ?*

- ਕਿਉਂ ਨਹੀਂ ? ਜਿਥੇ **ਤਫ਼ਤੀਸ਼** ਅਤੇ **ਕਟਹਿਰਾ** ਸਾਧਨਹੀਣ ਲੋਕਾਂ 'ਤੇ ਹੁੰਦੇ ਅੱਤਿਆਚਾਰਾਂ ਅਤੇ ਉਨ੍ਹਾਂ ਨੂੰ ਗੁਲਾਮੀ ਦੇ ਜੂਲੇ ਹੇਠੋਂ ਕੱਢਣ ਲਈ ਉਨ੍ਹਾਂ ਦੇ ਸਮਰਥਕਾਂ ਵੱਲੋਂ ਵਿੱਢੇ ਸੰਘਰਸ਼ਾਂ ਦੀ ਗਾਥਾ ਹੈ, ਉਥੇ **ਕੌਰਵ ਸਭਾ** ਮਾਇਆ ਦੇ ਤਾਂਡਵ ਨਾਚ ਦੇ ਦ੍ਰਿਸ਼ ਦਾ ਚਿਤਰਣ ਹੈ।

? *ਤੁਹਾਡੇ ਪਾਤਰ ਅਤੇ ਘਟਨਾਵਾਂ ਅਮਾਨਵੀਕ੍ਰਿਤ ਵਰਤਾਰਿਆਂ ਨੂੰ ਚਿਤਰਣ ਤੋਂ ਅਗਾਂਹ ਸਰਕ ਕੇ ਕਿਸ ਹੱਦ ਤਕ ਸਾਡੇ ਪੂੰਜੀਵਾਦੀ ਸਭਿਆਚਾਰ ਨੂੰ ਮੂਰਤੀਮਾਨ ਕਰਦੇ ਹਨ ?*

- ਸਮਾਜਿਕ ਰਿਸ਼ਤੇ ਤੇਜ਼ੀ ਨਾਲ ਟੁੱਟ ਰਹੇ ਹਨ। ਆਰਥਿਕ ਲੁੱਟ ਵਧ ਰਹੀ ਹੈ। ਰਾਜਨੀਤੀ ਗੰਦੀ ਹੁੰਦੀ ਜਾ ਰਹੀ ਹੈ। ਮਾਨਵੀ ਅਤੇ ਨੈਤਿਕ ਮੁੱਲਾਂ ਵਿਚ

ਗਿਰਾਵਟ ਆ ਰਹੀ ਹੈ। ਇਸ ਸਭ ਦਾ ਕਾਰਨ ਪੂੰਜੀ ਦਾ ਪਸਾਰ ਹੈ। ਆਪਣੇ ਨਾਵਲਾਂ ਵਿਚ ਮੈਂ ਤੇਜ਼ੀ ਨਾਲ ਵਿਕਸਿਤ ਹੋ ਰਹੇ ਇਸ ਪੂੰਜੀਵਾਦੀ ਸਭਿਆਚਾਰ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ।

? *ਡਾ. ਕੇਸਰ ਸਿੰਘ ਨੇ ਇਸ ਨਾਵਲ ਵਿਚਲੇ ਪ੍ਰਵਚਨ ਨੂੰ 'ਪੈਸੇ ਦੀ ਸ਼ਕਤੀ ਦਾ ਪ੍ਰਵਚਨ' ਆਖਿਆ ਹੈ। ਤੁਸੀਂ ਇਸ ਮਤ ਨਾਲ ਇਸ ਹੱਦ ਤਕ ਸਹਿਮਤ ਹੋ ?*

• ਉਨ੍ਹਾਂ ਦੇ ਇਸ ਕਥਨ ਬਾਅਦ ਮੈਂ ਸਮਝਦਾ ਹਾਂ ਕਿ ਮੈਂ ਆਪਣੇ ਉਦੇਸ਼ ਵਿਚ ਸਫ਼ਲ ਰਿਹਾ ਹਾਂ।

? *ਇਸ ਨਾਵਲ ਵਿਚ ਤੁਹਾਡਾ ਇੱਛਿਤ ਯਥਾਰਥ ਕੀ ਹੈ ? ਇਹ ਇੱਛਿਤ ਯਥਾਰਥ ਕਿਸ ਹੱਦ ਤਕ ਇਸ ਨਾਵਲ ਦੇ ਚੌਖਟੇ ਵਿਚ ਢਲ ਗਿਆ ਹੈ ?*

• ਇਸ ਨਾਵਲ ਰਾਹੀਂ ਮੈਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅੱਜ ਦਾ ਸਮਾਂ ਕੌਰਵਾਂ ਦੇ ਵਧਣ ਫੁੱਲਣ ਦਾ ਸਮਾਂ ਹੈ। ਉਹ ਤੇਜ਼ੀ ਨਾਲ ਆਪਣੇ ਰਾਜ ਪਾਟ (ਅਧਿਕਾਰ ਖੇਤਰ) ਦਾ ਪਾਸਾਰ ਕਰ ਰਹੇ ਹਨ। ਹਰ ਥਾਂ ਹਨ੍ਹੇਰ-ਗਰਦੀ ਅਤੇ ਬੇਇਨਸਾਫ਼ੀ ਫੈਲੀ ਹੋਈ ਹੈ। ਨਾਲ ਹੀ ਮੇਰਾ ਇਹ ਸੰਦੇਸ਼ ਵੀ ਸਪੱਸ਼ਟ ਹੈ ਕਿ ਪਾਂਡਵ ਵੀ ਦੁਬਕ ਕੇ ਨਹੀਂ ਬੈਠੇ ਹੋਏ। ਉਹ ਵੀ ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਹਨ। ਇਹ ਦੂਸਰੀ ਗੱਲ ਹੈ ਕਿ ਹਾਲੇ ਪਾਂਡਵਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਸੰਘਰਸ਼ ਵਾਲਾ ਰਸਤਾ ਬਹੁਤ ਲੰਬਾ ਹੈ। ਹਰੀਸ਼, ਸਾਧੂ ਸਿੰਘ ਅਤੇ ਵਿਕਟਿਮ ਵੈਲਫੇਅਰ ਸੁਸਾਇਟੀ ਦੇ ਕਾਰਕੁਨ ਮੇਰੇ ਇੱਛਿਤ ਯਥਾਰਥ ਨੂੰ ਪੇਸ਼ ਕਰਦੇ ਹਨ। ਮੇਰੀ ਚਾਹਤ ਨਾਵਲ ਦੇ ਚੌਖਟੇ ਵਿਚ ਪੂਰੀ ਤਰ੍ਹਾਂ ਢਲ ਚੁੱਕੀ ਹੈ।

? *ਇਸ ਨਾਵਲ ਦੇ ਪ੍ਰੇਰਨਾ ਸ੍ਰੋਤ ਸ਼ਖ਼ਸ ਅਤੇ ਉਸ ਦੇ ਸੱਚ ਦੀ ਤੁਹਾਡੀ ਨਜ਼ਰੀਏ ਨਾਲ ਸਾਂਝ ਬਾਰੇ ਕੁਝ ਆਖੋ (ਮੇਰਾ ਇਸ਼ਾਰਾ ਨਾਵਲ ਦੇ ਸਮਰਪਣ ਵੱਲ ਹੈ)।*

• ਹਰੀਸ਼ ਰਾਏ ਢਾਂਡਾ ਲੁਧਿਆਣਾ ਦਾ ਬਹੁਤ ਹੀ ਪ੍ਰਤਿਭਾਸ਼ਾਲੀ ਨੌਜਵਾਨ ਵਕੀਲ ਹੈ। ਆਪਣੀ ਟੀਮ ਸਮੇਤ ਪਿਛਲੇ ਵੀਹ ਸਾਲ ਤੋਂ ਉਸ ਨੇ ਨਿਆਂਪਾਲਿਕਾ ਵਿਚ ਫੈਲੇ ਭ੍ਰਿਸ਼ਟਾਚਾਰ ਵਿਰੁੱਧ ਜਹਾਦ ਛੇੜਿਆ ਹੋਇਆ ਹੈ। ਆਪਣੇ ਮਿਸ਼ਨ ਵਿਚ ਉਹ ਕਾਫ਼ੀ ਕਾਮਯਾਬ ਹੈ। ਉਸ ਦੇ ਯਤਨਾਂ ਸਦਕਾਂ ਦੋ ਤਿੰਨ ਜੱਜਾਂ ਨੂੰ ਨੌਕਰੀਓਂ ਹੱਥ ਧੋਣੇ ਪਏ ਹਨ। ਅਸਲ ਵਿਚ ਇਹ ਨਾਵਲ ਮੈਂ ਉਸ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਕੰਮ ਨੂੰ ਮਾਨਤਾ ਦੇਣ ਅਤੇ ਉਸ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਉਣ ਲਈ ਹੀ ਲਿਖਿਆ ਹੈ। ਜੇ ਹਰੀਸ਼ ਰਾਏ ਢਾਂਡਾ ਨਾਲ ਮੁਲਾਕਾਤ ਨਾ ਹੁੰਦੀ ਤਾਂ ਇਹ ਨਾਵਲ ਕਦੇ ਵੀ ਨਾ ਲਿਖਿਆ ਜਾਂਦਾ। ਕਹਾਣੀ ਦੀ ਲੋੜ ਅਨੁਸਾਰ ਕੀਤੇ ਕੁਝ ਰੱਦੋ-ਬਦਲ ਨੂੰ ਛੱਡ ਕੇ ਬਾਕੀ ਦਾ ਨਾਵਲ ਵਿਚਲਾ ਹਰੀਸ਼, ਹਰੀਸ਼ ਰਾਏ ਢਾਂਡਾ ਹੀ ਹੈ।

? *ਕੁਝ ਚਿੰਤਕਾਂ ਨੇ ਮੁੜ ਮੁੜ ਇਤਰਾਜ਼ ਕੀਤਾ ਹੈ ਕਿ ਇਹ ਨਾਵਲ ਮਹਿਜ਼ ਅਖ਼ਬਾਰੀ ਖ਼ਬਰਾਂ ਦੇ ਸੰਗ੍ਰਹਿ ਜਾਂ ਪੱਤਰਕਾਰੀ ਕਿਸਮ ਦੇ ਹਨ। ਕੀ ਪੱਤਰਕਾਰੀ ਇਨ੍ਹਾਂ ਨਾਵਲਾਂ ਦਾ ਮਾਧਿਅਮ ਹੈ ਜਾਂ ਖ਼ੁਦ-ਬ-ਖ਼ੁਦ ਮਕਸਦ ? ਤੁਹਾਡਾ ਇਹ ਨਾਵਲ ਪੱਤਰਕਾਰੀ ਤੋਂ ਅਗਾਂਹ ਗਲਪ ਤਕ ਕਿਵੇਂ ਫੈਲਦਾ ਹੈ ?*

• ਹਰ ਗਲਪ ਰਚਨਾ ਸਮਾਜ ਦੇ ਕਿਸੇ ਨਾ ਕਿਸੇ ਵਰਤਾਰੇ ਦੇ ਪ੍ਰਗਟਾਅ ਨਾਲ ਸੰਬੰਧਿਤ ਹੁੰਦੀ ਹੈ। ਅੱਜ ਕੱਲ੍ਹ ਮੀਡੀਆ ਬਹੁਤ ਤੇਜ਼ ਹੈ। ਛੋਟੀ ਘਟਨਾ ਦਾ ਵੀ ਵੱਡੇ ਪੱਧਰ 'ਤੇ ਨੋਟਿਸ ਲਿਆ ਜਾਂਦਾ ਹੈ। ਗਲਪ ਵਿਚ ਰਚੇ ਜਾ ਰਹੇ ਹਰ ਵਿਸ਼ੇ ਬਾਰੇ ਮੀਡੀਏ ਵਿਚ ਚਰਚਾ ਹੁੰਦੀ ਰਹਿੰਦੀ ਹੈ। ਕਿਰਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਆਤਮ–ਹੱਤਿਆਵਾਂ, ਵੇਸ਼ਵਾਸਾਂ ਦੇ ਅੱਡਿਆਂ 'ਤੇ ਪੁਲਿਸ ਛਾਪਿਆਂ, ਤਿੰਨ–ਤਿੰਨ ਜੁਆਕਾਂ ਦੀਆਂ ਮਾਵਾਂ ਦੇ ਪ੍ਰੇਮੀਆਂ ਨਾਲ ਭੱਜਣ, ਫਿਰਕਾਪ੍ਰਸਤ ਦੰਗਿਆਂ ਅਤੇ ਰਾਜਨੀਤਕ ਕੋਝੀਆਂ ਚਾਲਾਂ ਬਾਰੇ ਅਖ਼ਬਾਰਾਂ ਵਿਚ ਹਰ ਰੋਜ਼ ਕੁਝ ਨਾ ਕੁਝ ਛਪਦਾ ਹੈ। ਕਿਰਸਾਨੀ ਵੇਸ਼ਵਾਗਮਨੀ ਅਤੇ ਵਰਜਿਤ ਰਿਸ਼ਤਿਆਂ ਬਾਰੇ ਬਹੁਤ ਸਾਹਿਤ ਰਚਿਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਸਾਹਿਤ ਨੂੰ ਪੱਤਰਕਾਰੀ ਕਿਸਮ ਦਾ ਸਾਹਿਤ ਕੇਵਲ ਇਸ ਲਈ ਨਹੀਂ ਆਖਿਆ ਜਾਂਦਾ ਕਿਉਂਕਿ ਇਨ੍ਹਾਂ ਵਿਸ਼ਿਆਂ ਬਾਰੇ ਸਾਨੂੰ ਪਹਿਲਾਂ ਹੀ ਕਾਫ਼ੀ ਗਿਆਨ ਹੈ।

ਮੈਂ ਨਿਆਂ–ਪ੍ਰਬੰਧ ਵਰਗੇ ਅਛੂਤੇ ਅਤੇ ਅਸਲੋਂ ਨਵੇਂ ਵਿਸ਼ੇ ਬਾਰੇ ਲਿਖਣਾ ਸ਼ੁਰੂ ਕੀਤਾ ਹੈ। ਪੁਲਿਸ, ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ ਆਪਣੇ ਅਸਲੀ ਫ਼ਰਜ਼ ਨਿਭਾਉਣ ਤੋਂ ਖੁੰਝ ਚੁੱਕਾ ਹੈ। ਲੋਕਾਂ ਦੀਆਂ ਆਸਾਂ 'ਤੇ ਪੂਰਾ ਨਾ ਉਤਰ ਸਕਣ ਕਾਰਨ ਅੱਜ ਕੱਲ੍ਹ ਇਹ ਸਭ ਤੋਂ ਵੱਧ ਭਖਵਾਂ ਵਿਸ਼ਾ ਹੈ। ਆਪਣੀ ਚਿੰਤਾ ਪ੍ਰਗਟਾਉਣ ਲਈ ਮੀਡੀਆ ਇਸ ਵਿਸ਼ੇ ਉੱਪਰ ਭਖਵੀਂ ਬਹਿਸ ਛੇੜੀ ਬੈਠਾ ਹੈ। ਵਿਸ਼ੇ ਦੇ ਮੀਡੀਏ ਵਿਚ ਵੱਧ ਚਰਚਿਤ ਹੋਣ ਕਾਰਨ ਚਿੰਤਕਾਂ ਨੂੰ ਜਾਪਦਾ ਹੈ ਜਿਵੇਂ ਮੇਰੇ ਨਾਵਲ ਅਖ਼ਬਾਰੀ ਖ਼ਬਰਾਂ ਦੇ ਸੰਗ੍ਰਹਿ ਜਾਂ ਪੱਤਰਕਾਰੀ ਕਿਸਮ ਦੇ ਹਨ, ਪਰ ਅਜਿਹਾ ਨਹੀਂ ਹੈ।

ਮੈਂ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸਮਾਜਿਕ ਅਧਿਐਨ ਦੇ ਹੋਰ ਵਿਸ਼ਿਆਂ ਵਾਂਗ ਕਾਨੂੰਨ ਵੀ ਇਕ ਸੁਤੰਤਰ ਅਤੇ ਪੂਰਨ ਵਿਸ਼ਾ ਹੈ। ਉਸ ਕੋਲ ਉੱਚ ਕੋਟੀ ਦੇ ਚਿੰਤਕ ਅਤੇ ਗਹਿਰ ਗੰਭੀਰ ਸਿਧਾਂਤ ਹਨ। ਇਸ ਵਿਸ਼ੇ ਨਾਲ ਸੰਬੰਧਤ ਬਹੁਤੇ ਚਿੰਤਕ ਉੱਚ ਅਦਾਲਤਾਂ ਦੇ ਜੱਜਾਂ ਵਿਚੋਂ ਆਉਂਦੇ ਹਨ ਜਿਹੜੇ ਆਪਣੇ ਸਿਧਾਂਤ ਕਲਪਨਾ ਜਾਂ ਵਿਦੇਸ਼ੀ ਚਿੰਤਕਾਂ ਵੱਲੋਂ ਘੜੇ ਸਿਧਾਂਤਾਂ ਉੱਪਰ ਆਧਾਰਿਤ ਨਹੀਂ ਕਰਦੇ। ਉਨ੍ਹਾਂ ਦੇ ਸਿਧਾਂਤ ਉਨ੍ਹਾਂ ਅੱਗੇ ਪੇਸ਼ ਹੋਏ ਮੁਕੱਦਮਿਆਂ ਦੇ ਜਿਉਂਦੇ ਜਾਗਦੇ ਤੱਥਾਂ 'ਤੇ ਆਧਾਰਿਤ ਹੁੰਦੇ ਹਨ। ਕਾਨੂੰਨ ਵਿਗਿਆਨ ਦੇ ਸਿਧਾਂਤ ਦੀ ਪਰਖ ਅਦਾਲਤਾਂ ਵਿਚ ਚੱਲ ਰਹੇ ਮੁਕੱਦਮਿਆਂ ਦੇ ਫ਼ੈਸਲਿਆਂ ਸਮੇਂ ਝਟਪਟ ਹੁੰਦੀ ਰਹਿੰਦੀ ਹੈ। ਲੋੜ ਪੈਣ 'ਤੇ ਇਹ ਸਿਧਾਂਤ ਬਦਲ ਵੀ ਦਿੱਤੇ

ਜਾਂਦੇ ਹਨ। ਮੈਂ ਇਨ੍ਹਾਂ ਸਿਧਾਂਤਾਂ ਦਾ ਅਧਿਐਨ ਕਰਕੇ ਆਪਣੇ ਨਾਵਲਾਂ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ। ਕਾਨੂੰਨ ਵਿਗਿਆਨ ਨਾਲ ਵਾਹ-ਵਾਸਤਾ ਘੱਟ ਹੋਣ ਕਾਰਨ ਬਹੁਤੇ ਚਿੰਤਕਾਂ ਨੂੰ ਇਨ੍ਹਾਂ ਸਿਧਾਂਤਾਂ ਦਾ ਗਿਆਨ ਨਹੀਂ ਹੈ, ਇਸ ਲਈ ਨਾਵਲ ਵਿਚ ਪੇਸ਼ ਸਮੱਸਿਆਵਾਂ ਦੀਆਂ ਗਹਿਰਾਈਆਂ ਤਕ ਪਹੁੰਚਣ ਲਈ ਉਨ੍ਹਾਂ ਨੂੰ ਔਖ ਮਹਿਸੂਸ ਹੁੰਦੀ ਹੈ।

ਆਪਣੀ ਗੱਲ ਮੈਂ ਇਕ ਉਦਾਹਰਣ ਦੇ ਕੇ ਸਪੱਸ਼ਟ ਕਰਦਾ ਹਾਂ 'ਸ਼ੱਕ ਦਾ ਲਾਭ' ਸਿਧਾਂਤ ਕਰੀਬ ਸੌ ਸਾਲ ਪੁਰਾਣਾ ਹੈ। ਇਸ ਦੀ ਗ਼ਲਤ ਵਰਤੋਂ ਕਰ-ਕਰ ਸਾਡੇ ਦੇਸ਼ ਦੀਆਂ ਅਦਾਲਤਾਂ ਨੇ ਦੋਸ਼ੀਆਂ ਨੂੰ ਧੜਾ-ਧੜ ਬਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਦੋਸ਼ੀਆਂ ਨੂੰ ਲਾਭ ਦਿੰਦੇ-ਦਿੰਦੇ ਅਸੀਂ ਪੀੜਤ ਧਿਰ ਦੇ ਹੱਕਾਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਪੀੜਤ ਧਿਰ ਨਾਲ ਬੇਇਨਸਾਫ਼ੀ ਹੋਣੀ ਸ਼ੁਰੂ ਹੋ ਗਈ ਹੈ। ਕਾਨੂੰਨ ਵਿਗਿਆਨ ਦੇ ਚਿੰਤਕਾਂ ਨੇ ਅੰਤਰ ਰਾਸ਼ਟਰੀ ਪੱਧਰ ਉੱਪਰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਪੀੜਤ ਧਿਰ ਨੂੰ ਵੀ ਆਪਣੇ ਹੱਕ ਮਿਲਣੇ ਚਾਹੀਦੇ ਹਨ। ਇਸ ਨਵੀਨ ਸਿਧਾਂਤ ਨੂੰ ਪੀੜਤ ਵਿਗਿਆਨ (Victimology) ਦਾ ਨਾਂ ਦਿੱਤਾ ਗਿਆ ਹੈ। **ਕੌਰਵ ਸਭਾ** ਨਾਵਲ ਵਿਚ ਕਾਨੂੰਨ ਵਿਗਿਆਨ ਦੀ ਇਸ ਨਵੀਂ ਸੋਚ ਨੂੰ ਮੈਂ ਨਿੱਠ ਕੇ ਪੇਸ਼ ਕੀਤਾ ਹੈ। ਜਿਸ ਵਿਦਵਾਨ ਨੂੰ ਪੀੜਤ ਵਿਗਿਆਨ ਦੀ ਡੂੰਘੀ ਸਮਝ ਨਹੀਂ, ਉਸ ਨੂੰ ਇਹ ਨਾਵਲ ਕੇਵਲ ਪੱਤਰਕਾਰੀ ਹੀ ਲੱਗੇਗਾ। ਜਿਸ ਚਿੰਤਕ ਨੂੰ ਜੁਰਮ ਵਿਗਿਆਨ, ਦੰਡ ਵਿਗਿਆਨ ਅਤੇ ਮੁਜਰਮ ਮਨੋਵਿਗਿਆਨ ਦੀ ਸਮਝ ਨਹੀਂ, ਉਸ ਨੂੰ ਮੇਰੇ ਨਾਵਲ ਖ਼ਬਰਾਂ ਦਾ ਪੁਲੰਦਾ ਹੀ ਲੱਗਣਗੇ। ਇਸ ਵਿਚ ਕਸੂਰ ਮੇਰਾ ਨਹੀਂ, ਵਿਦਵਾਨਾਂ ਦੀ ਸਮਝ ਦਾ ਹੈ।

? *ਸਮੁੱਚੇ ਭ੍ਰਿਸ਼ਟ ਪ੍ਰਬੰਧ ਵਿਚ ਕੀ 'ਵਿਕਟਮ ਵੈਲਫੇਅਰ ਸੁਸਾਇਟੀ' ਆਪਣੀ ਸਹੀ ਕਿਰਦਾਰ ਨਿਭਾਅ ਸਕਦੀ ਹੈ ?*

• ਇਸ ਘੁੱਪ ਹਨੇਰੇ ਵਿਚ ਕਿਸੇ ਨੇ ਤਾਂ ਰੌਸ਼ਨੀ ਦੀ ਕਿਰਨ ਦੇਣ ਵਾਲਾ ਪਹਿਲਾ ਦੀਵਾ ਬਨਣਾ ਹੀ ਹੈ। ਫੇਰ ਜੋਤ ਤੋਂ ਜੋਤ ਆਪੇ ਬਲਣ ਲੱਗੇਗੀ।

? *ਤੁਹਾਡਾ ਮਾਇਆ ਨਗਰ ਸਿਰਫ਼ ਲੁਧਿਆਣੇ ਤਕ ਸੀਮਿਤ ਨਹੀਂ ਸਗੋਂ ਭਾਰਤਵਰਸ਼ ਤੇ ਸਮੁੱਚੇ ਮਹਾਨਗਰਾਂ ਅੰਦਰਲੇ ਵਰਤਾਰਿਆਂ ਦਾ ਪ੍ਰਤੀਕ ਹੋ ਨਿਬੜਿਆ ਜਾਪਦਾ ਹੈ, ਤੁਹਾਡੀ ਰਾਏ ?*

• **ਕੌਰਵ ਸਭਾ** ਨਾਵਲ ਦੀ ਕਹਾਣੀ ਲੁਧਿਆਣਾ ਸ਼ਹਿਰ ਵਿਚ ਵਾਪਰਦੀ ਹੈ, ਇਸ ਦਾ ਨਾਵਲ ਵਿਚ ਕਿਧਰੇ ਕੋਈ ਜ਼ਿਕਰ ਨਹੀਂ ਹੈ। ਮਾਇਆ ਨਗਰ ਨਾਂ ਤੋਂ ਹੀ ਇਸ ਦੇ ਅਰਥ ਸਪੱਸ਼ਟ ਹੋ ਜਾਂਦੇ ਹਨ। ਨਾਵਲ ਵਿਚਲੇ ਸ਼ਹਿਰ ਦਾ ਨਾਂ ਮਾਇਆ ਨਗਰ ਮੈਂ ਸੋਚ ਸਮਝ ਕੇ ਰੱਖਿਆ ਸੀ। ਇਹ ਕੀ ਅਰਥ ਪ੍ਰਗਟਾਉਂਦਾ

ਹੈ, ਇਸ ਦੀ ਵਿਆਖਿਆ ਦੀ ਕੋਈ ਜ਼ਰੂਰਤ ਨਹੀਂ ਹੈ।

? *ਤੁਸਾਂ ਲਿਖਿਆ ਹੈ ਕਿ "ਚਾਰ ਮਹੀਨੇ ਦੀ ਕੈਦ ਕੱਟ ਕੇ ਉਹ ਹੁਣੇ ਬਾਹਰ ਆਇਆ ਸੀ, ਸੁਧਰਨ ਦੀ ਥਾਂ ਜੇਲ੍ਹ ਜਾ ਕੇ ਵਿਗੜ ਗਿਆ ਸੀ।" ਜੇਲ੍ਹਾਂ ਜੁਰਮ ਨੂੰ ਰੋਕਦੀਆਂ/ਘਟਾਉਂਦੀਆਂ ਜਾਂ ਮੁਜਰਮਾਂ ਨੂੰ ਸੁਧਾਰਨ ਵਿਚ ਕੋਈ ਸਹਾਇਤਾ ਕਰਦੀਆਂ ਹਨ ?*

• ਫ਼ੌਜਦਾਰੀ ਨਿਆਂ-ਪ੍ਰਬੰਧ ਨਾਲ ਸੰਬੰਧਤ ਤਿੰਨੇ ਸੰਸਥਾਵਾਂ ਪੁਲਿਸ, ਨਿਆਂ-ਪਾਲਿਕਾ ਅਤੇ ਜੇਲ੍ਹਾਂ ਆਪਣੇ ਉਦੇਸ਼ ਤੋਂ ਪੂਰੀ ਤਰ੍ਹਾਂ ਭਟਕ ਚੁੱਕੀਆਂ ਹਨ। ਜੇਲ੍ਹਾਂ ਵਿਗਾੜ ਘਰਾਂ, ਬੇਕਾਰ ਘਰਾਂ ਅਤੇ ਬਘਿਆੜ ਘਰਾਂ ਵਿਚ ਤਬਦੀਲ ਹੋ ਚੁੱਕੀਆਂ ਹਨ। ਸਾਥੀ ਮੁਜਰਿਮ ਨਵੇਂ ਮੁਜਰਿਮਾਂ ਨੂੰ ਸਿਖਲਾਈ ਦਿੰਦੇ ਹਨ ਤੇ ਆਪਣੇ ਗਿਰੋਹਾਂ ਦਾ ਵਿਸਥਾਰ ਕਰਦੇ ਹਨ। ਨਵੀਂ ਭਰਤੀ ਲਈ ਜੇਲ੍ਹ ਲਾਹੇਵੰਦ ਸਿੱਧ ਹੁੰਦੀ ਹੈ। ਜੇਲ੍ਹ ਪ੍ਰਬੰਧ ਲਈ ਜ਼ਿੰਮੇਵਾਰ ਸਰਕਾਰੀ ਮਸ਼ੀਨਰੀ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਥਾਂ ਹੋਰ ਉਲਝਾ ਰਹੀ ਹੈ। ਪਹਿਲਾਂ ਕੈਦੀ ਮਾਨਸਿਕ ਤਨਾਅ ਕਾਰਨ ਮੁਜਰਿਮ ਬਣਦਾ ਹੈ। ਜੇਲ੍ਹ ਵਿਚ ਉਸ ਨੂੰ ਮੁਕੱਦਮੇ ਦੇ ਫ਼ੈਸਲੇ ਤਕ ਵਿਹਲਾ ਰੱਖਿਆ ਜਾਂਦਾ ਹੈ। ਵਿਹਲ, ਕੈਦ ਨਾਲੋਂ ਭਿਆਨਕ ਹੁੰਦੀ ਹੈ। ਵਿਹਲਾ ਬੈਠਾ ਕੈਦੀ ਆਪਣੇ ਆਪ ਵਿਚ ਕੁੜ੍ਹਦਾ ਰਹਿੰਦਾ ਹੈ। ਉਸ ਦਾ ਮਾਨਸਿਕ ਤਣਾਅ ਵਧ ਜਾਂਦਾ ਹੈ। ਰਾਹਤ ਲਈ ਉਸ ਨੂੰ ਨਸ਼ਿਆਂ ਦੀ ਜ਼ਰੂਰਤ ਪੈਂਦੀ ਹੈ। ਨਸ਼ੇ ਹੋਰ ਸੈਂਕੜੇ ਸਮੱਸਿਆਵਾਂ ਨੂੰ ਜਨਮ ਦਿੰਦੇ ਹਨ। ਇਸ ਤਰ੍ਹਾਂ ਕੈਦੀ ਸੁਧਰਨ ਦੀ ਥਾਂ ਵਿਗੜਦਾ ਜਾਂਦਾ ਹੈ। ਮੁਕੱਦਮਿਆਂ ਦੇ ਸਾਲਾਂ-ਬੱਧੀ ਚਲਨ ਅਤੇ ਇਨਸਾਫ਼ ਦੇ ਮਹਿੰਗਾ ਹੋਣ ਕਾਰਨ ਕੈਦੀ ਮਾਯੂਸ ਹੋ ਜਾਂਦੇ ਹਨ। ਰਿਹਾਈ ਦੀ ਆਸ ਮੁਕਾ ਕੇ, ਹਾਲਾਤ ਨਾਲ ਸਮਝੌਤਾ ਕਰਕੇ ਮੁਜਰਿਮਾਨਾ ਜ਼ਿੰਦਗੀ ਜਿਊਣ ਨੂੰ ਤਰਜੀਹ ਦੇਣ ਲੱਗਦੇ ਹਨ।

? *ਆਧੁਨਿਕ ਨਿਆਂ ਪ੍ਰਣਾਲੀ ਦਾ ਇਨਸਾਫ਼ ਜੁਰਮ ਨੂੰ ਘਟਾਉਂਦਾ ਹੈ ਜਾਂ ਵਧਾਉਂਦਾ ? ਇਹ ਨਿਆਂ ਪ੍ਰਣਾਲੀ ਜੁਰਮ ਪ੍ਰਬੰਧਕੀ-ਸੰਸਥਾ ਵਿਚ ਕਿਵੇਂ ਬਦਲ ਗਈ ਹੈ ?*

• ਆਧੁਨਿਕ ਨਿਆਂ-ਪ੍ਰਬੰਧ ਸਾਧਨ ਸੰਪੰਨ ਲੋਕਾਂ ਅਤੇ ਪੇਸ਼ਾਵਰ ਮੁਜਰਿਮਾਂ ਲਈ ਲਾਹੇਵੰਦ ਹੈ। ਪੈਸੇ ਵਾਲੇ ਲੋਕ ਆਪਣੇ ਸੰਬੰਧਾਂ ਦਾ ਪ੍ਰਯੋਗ ਕਰਕੇ ਪਹਿਲਾਂ ਤਾਂ ਮੁਕੱਦਮਾ ਹੀ ਦਰਜ ਨਹੀਂ ਹੋਣ ਦਿੰਦੇ। ਜੇ ਪਾਣੀ ਸਿਰ ਉੱਪਰੋਂ ਲੰਘ ਜਾਵੇ ਅਤੇ ਮੁਕੱਦਮਾ ਦਰਜ ਹੋ ਜਾਵੇ ਤਾਂ ਪੁਲਿਸ ਦੇ ਹੱਥ ਨਹੀਂ ਆਉਂਦੇ। ਮਹਿੰਗੇ ਭਾਅ ਮਿਲਦੇ ਮਾਹਿਰ ਵਕੀਲਾਂ ਦੀਆਂ ਸੇਵਾਵਾਂ ਹਾਸਿਲ ਕਰਕੇ ਅਤੇ ਜੱਜਾਂ ਦੀਆਂ ਜੇਬਾਂ ਭਰ ਕੇ, ਅਗਾਊਂ ਜਮਾਨਤਾਂ ਹਾਸਿਲ ਕਰ ਲੈਂਦੇ ਹਨ। ਕਿਧਰੇ ਜੇਲ੍ਹ ਜਾਣਾ ਪੈ ਵੀ ਜਾਵੇ ਤਾਂ ਡਾਕਟਰਾਂ ਅਤੇ ਜੇਲ੍ਹ ਅਧਿਕਾਰੀਆਂ ਨਾਲ ਗੰਢ-ਤੁਪ

ਕਰਕੇ ਸ਼ਹਿਰਾਂ ਵਿਚ ਸਥਿਤ ਸਿਵਲ ਹਸਪਤਾਲਾਂ ਵਿਚ ਦਾਖ਼ਲ ਹੋ ਜਾਂਦੇ ਹਨ ਜਾਂ ਜੇਲ੍ਹ ਅੰਦਰਲੇ ਹਸਪਤਾਲਾਂ ਵਿਚ, ਜ਼ਮਾਨਤ 'ਤੇ ਰਿਹਾਅ ਹੋਣ ਤਕ ਉਹ ਡਾਕਟਰਾਂ ਦੀ ਮਹਿਮਾਨ ਨਿਵਾਜ਼ੀ ਦਾ ਲੁਤਫ਼ ਲੈਂਦੇ ਹਨ।

ਮੁਕੱਦਮੇ ਦੀ ਸੁਣਵਾਈ ਦੌਰਾਨ ਗਵਾਹਾਂ ਨੂੰ ਖ਼ਰੀਦ ਕੇ ਜਾਂ ਡਰਾ-ਧਮਕਾ ਕੇ ਗਵਾਹੀ ਦੇਣ ਤੋਂ ਰੋਕਦੇ ਹਨ। ਕਾਨੂੰਨੀ ਚੋਰ ਮੋਰੀਆਂ ਦਾ ਫ਼ਾਇਦਾ ਉਠਾ ਕੇ ਬਾਇੱਜ਼ਤ ਬਰੀ ਹੋ ਜਾਂਦੇ ਹਨ। ਕਿਸੇ ਨਾ ਕਿਸੇ ਕਾਰਨ ਜੇ ਬਰੀ ਹੋਣ ਦਾ ਸੁਭਾਗ ਪ੍ਰਾਪਤ ਨਾ ਹੋ ਸਕੇ ਤਾਂ ਜੇਲ੍ਹ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਜੇਲ੍ਹ ਵਿਚ ਘਰ ਵਰਗੀਆਂ ਸਹੂਲਤਾਂ ਪ੍ਰਾਪਤ ਕਰ ਲੈਂਦੇ ਹਨ। ਮੁਆਫ਼ੀਆਂ ਅਤੇ ਅਗਾਊਂ ਰਿਹਾਈਆਂ ਪ੍ਰਾਪਤ ਕਰਕੇ ਜਲਦੀ ਘਰਾਂ ਨੂੰ ਮੁੜ ਆਉਂਦੇ ਹਨ। ਅਜਿਹੇ ਲੋਕ ਅਦਾਲਤਾਂ ਨੂੰ ਟਿੱਚ ਸਮਝਦੇ ਹਨ। ਮੁੜ-ਮੁੜ ਜੁਰਮ ਕਰਨ ਲਈ ਉਤਸ਼ਾਹਿਤ ਹੁੰਦੇ ਹਨ।

ਦੂਸਰੇ ਪਾਸੇ ਪਾਲੇ ਅਤੇ ਮੀਤੇ ਵਰਗੇ ਉਹ ਲੋਕ ਹਨ ਜਿਹੜੇ ਅਜਿਹੀਆਂ ਕਮਜ਼ੋਰੀਆਂ ਦਾ, ਸਾਧਨਾਂ ਦੀ ਕਮੀ ਹੋਣ ਕਾਰਨ ਫ਼ਾਇਦਾ ਨਹੀਂ ਉਠਾ ਸਕਦੇ ਅਤੇ ਬੇਕਸੂਰ ਹੁੰਦੇ ਹੋਏ ਵੀ ਬਾਮੁਸ਼ੱਕਤ ਉਮਰ ਕੈਦ ਭੋਗਦੇ ਹਨ। ਅਜਿਹੇ ਲੋਕਾਂ ਲਈ ਨਿਆਂ-ਪ੍ਰਬੰਧ ਅਰਥਹੀਣ ਹੈ।

? *ਨਿਆਂ-ਪ੍ਰਬੰਧ ਦਾ ਸਮੁੱਚਾ ਨਾਟਕ ਕਿਹੜੇ ਸਿਆਸੀ ਹਿੱਤਾਂ ਦੀ ਪੂਰਤੀ ਕਰਦਾ ਹੈ ?*

• ਉੱਪਰ ਦਿੱਤੇ ਉੱਤਰ ਤੋਂ ਸਪੱਸ਼ਟ ਹੈ ਕਿ ਸਮੁੱਚੇ ਰਾਜ ਪ੍ਰਬੰਧ ਉੱਪਰ ਸਰਮਾਏਦਾਰੀ ਭਾਰੂ ਹੈ। ਸਟੇਟ ਸਰਮਾਏਦਾਰੀ ਦੀ ਜਕੜ ਵਿਚ ਹੈ। ਨਿਆਂ ਪ੍ਰਬੰਧ ਸਟੇਟ ਦਾ ਇਕ ਮੋਹਰਾ ਹੈ। ਇਸ ਪ੍ਰਬੰਧ ਨੇ ਸਰਮਾਏਦਾਰੀ ਦੇ ਹਿੱਤਾਂ ਦੀ ਪੂਰਤੀ ਲਈ ਭੁਗਤਣਾ ਹੀ ਹੈ।

? *ਜੁਰਮ ਅਤੇ ਸਰਮਾਏ ਦੇ ਰਿਸ਼ਤੇ ਬਾਰੇ ਕੁਝ ਆਖੋ ?*

• ਜੁਰਮ ਅਤੇ ਸਰਮਾਏ ਦਾ ਸਿੱਧਾ ਰਿਸ਼ਤਾ ਹੈ। ਮੁਜਰਿਮ ਲੋਕ ਜੁਰਮ ਦੇ ਧੰਦੇ ਰਾਹੀਂ ਮੋਟਾ ਪੈਸਾ ਕਮਾਉਂਦੇ ਹਨ। ਫਿਰ ਇਸ ਕਾਲੇ ਧੰਨ ਦੀ ਵਰਤੋਂ ਕਰਕੇ ਕਾਨੂੰਨ ਦੀ ਜਕੜ ਤੋਂ ਬਚ ਜਾਂਦੇ ਹਨ।

? *ਤੁਸੀਂ ਆਪਣੇ ਤਜਰਬੇ ਅਤੇ ਗਿਆਨ ਦੇ ਆਧਾਰ ਉੱਪਰ ਦੱਸੋ ਕਿ ਸਾਡੇ ਅਫ਼ਸਰਸ਼ਾਹੀ ਵਿਚ ਕਿਹੜੀਆਂ ਤਬਦੀਲੀਆਂ ਦੀ ਜ਼ਰੂਰਤ ਹੈ ?*

• ਅੰਗਰੇਜ਼ੀ ਸਰਕਾਰ ਸਮੇਂ ਉੱਚ ਅਹੁਦੇ ਅੰਗਰੇਜ਼ਾਂ ਲਈ ਰਾਖਵੇਂ ਹੁੰਦੇ ਸਨ। ਉਨ੍ਹਾਂ ਦਾ ਉਦੇਸ਼ ਲੋਕਾਂ ਦਾ ਸ਼ੋਸ਼ਣ ਕਰਨਾ ਅਤੇ ਹਰ ਗ਼ਲਤ ਸਹੀ ਤਰੀਕਾ ਵਰਤ ਕੇ ਰਾਜ ਸੱਤਾ ਨੂੰ ਬਣਾਈ ਰੱਖਣਾ ਸੀ। ਸ਼ਾਮ ਨੂੰ ਉਹ ਗੌਲਫ ਖੇਡਦੇ, ਰਾਤ ਨੂੰ ਕਲੱਬਾਂ ਵਿਚ ਇਕੱਠੇ ਹੋ ਕੇ ਵਿਸਕੀਆਂ ਪੀਂਦੇ ਅਤੇ ਮੌਜ ਮਸਤੀ ਕਰਦੇ ਸਨ।

ਆਜ਼ਾਦੀ ਤੋਂ ਬਾਅਦ ਵੀ ਅਸੀਂ ਉਸ ਸਾਮਰਾਜੀ ਢਾਂਚੇ ਵਿਚ ਕੋਈ ਤਬਦੀਲੀ ਨਹੀਂ ਕੀਤੀ। ਨਤੀਜਣ ਸਾਡੀ ਅਫ਼ਸਰਸ਼ਾਹੀ ਅੰਗਰੇਜ਼ ਬਿਊਰੋਕ੍ਰੇਸੀ ਦੇ ਪਦ-ਚਿੰਨ੍ਹਾਂ ਉੱਪਰ ਚੱਲ ਰਹੀ ਹੈ। ਵੱਡੀਆਂ-ਵੱਡੀਆਂ ਕੋਠੀਆਂ ਵਿਚ ਰਹਿਣਾ, ਲਿਸ਼ਕਦੀਆਂ ਗੱਡੀਆਂ ਵਿਚ ਘੁੰਮਣਾ ਅਤੇ ਗਾਰਦਾਂ ਵਿਚ ਘਿਰੇ ਰਹਿਣਾ, ਇਨ੍ਹਾਂ ਨੇ ਅਜਿਹੇ ਸਟੇਟਸ ਸਿੰਬਲ ਬਣਾ ਰੱਖੇ ਹਨ। ਉੱਚ ਅਧਿਕਾਰੀਆਂ ਦੀ ਚੋਣ ਲਈ ਜੋ ਵਿਧੀ ਅਪਣਾਈ ਜਾਂਦੀ ਹੈ, ਉਹ ਵੀ ਨੁਕਸਦਾਰ ਹੈ। ਆਈ.ਏ.ਐੱਸ. ਅਤੇ ਆਈ.ਪੀ.ਐੱਸ. ਕੇਡਰ ਲਈ ਉਹ ਨੌਜਵਾਨ ਹੀ ਚੁਣਿਆ ਜਾ ਸਕਦਾ ਹੈ ਜਿਹੜਾ ਅੰਗਰੇਜ਼ੀ ਸਕੂਲ ਵਿਚ ਪੜ੍ਹਿਆ ਹੋਵੇ ਅਤੇ ਜਿਹੜਾ ਜੰਮਦਾ ਹੀ ਮਹਿੰਗੀਆਂ ਅਕੈਡਮੀਆਂ ਵਿਚ ਕੋਚਿੰਗ ਲੈਂਦਾ ਰਿਹਾ ਹੋਵੇ। ਸਰਕਾਰੀ ਸਕੂਲਾਂ ਦੀ ਪੜ੍ਹਾਈ ਦਾ ਪੱਧਰ ਬਹੁਤ ਨੀਵਾਂ ਹੈ। ਪਿੰਡਾਂ ਅਤੇ ਛੋਟੇ ਕਸਬਿਆਂ ਵਿਚ ਪੜ੍ਹੇ ਬੱਚੇ ਤਾਂ ਪੰਜਾਬੀ ਉੱਪਰ ਵੀ ਮੁਹਾਰਤ ਹਾਸਿਲ ਨਹੀਂ ਕਰ ਸਕਦੇ। ਅੰਗਰੇਜ਼ੀ ਬੋਲਣ, ਪੜ੍ਹਨ, ਲਿਖਣ ਦੀ ਗੱਲ ਤਾਂ ਦੂਰ ਦੀ ਹੈ। ਬਿਊਰੋਕ੍ਰੇਸੀ ਵਿਚ ਸੁਧਾਰ ਲਿਆਉਣ ਲਈ ਸਭ ਤੋਂ ਪਹਿਲਾਂ ਇਸ ਦੀ ਚੋਣ ਪੱਧਤੀ ਨੂੰ ਬਦਲਣਾ ਪਵੇਗਾ। ਅਫ਼ਸਰ ਚੁਣੇ ਜਾਣ ਵਾਲਾ ਵਿਅਕਤੀ ਲੋਕ ਹਿੱਤ ਲਈ ਸੋਚਣ ਵਾਲਾ, ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹਿਣ ਵਾਲਾ ਅਤੇ ਕ੍ਰਿਤ ਕਰਕੇ ਖਾਣ ਵਾਲੀ ਬਿਰਤੀ ਵਾਲਾ ਹੋਵੇ। ਕਾਨੂੰਨ ਵਿਚਲੀਆਂ ਚੋਰ ਮੋਰੀਆਂ ਨੂੰ ਬੰਦ ਕਰਨ ਨਾਲ ਨਹੀਂ ਸਰਦਾ। ਕਾਨੂੰਨ ਨਵੇਂ ਸਿਰੇ ਤੋਂ ਲਿਖਣਾ ਪਵੇਗਾ।

? *ਭਾਰਤ ਦੀ ਜਨਤਾ ਇਸ ਭ੍ਰਿਸ਼ਟ ਨਿਆਂ-ਪ੍ਰਣਾਲੀ ਨੂੰ ਤਬਦੀਲ ਕਰਨ ਅਤੇ ਇਸ ਸਟੇਟ ਦੇ ਦਬਦਬੇ ਵਾਲੇ ਪ੍ਰਬੰਧ ਵਿਚ ਬੁਨਿਆਦੀ ਤਬਦੀਲੀ ਲਿਆਉਣ ਵਿਚ ਇੰਨੀ ਬੇਬੱਸ, ਅਸਮਰਥ ਅਤੇ ਨਿਪੁੰਸਕ ਕਿਉਂ ਹੈ ?*

- ਜਨਤਾ ਦੀ ਬੇਵੱਸਤਾ ਦਾ ਕਾਰਨ ਇਮਾਨਦਾਰ ਲੀਡਰਸ਼ਿਪ ਦੀ ਕਮੀ ਹੈ। ਲੋਕ ਤਬਦੀਲੀ ਕਰਨਾ ਚਾਹੁੰਦੇ ਹਨ ਪਰ ਉਹ ਤਬਦੀਲੀ ਕਰਨ ਲਈ ਪਿੱਛੇ ਕਿਸ ਦੇ ਲੱਗਣ ? ਸਾਡੀ ਚੋਣ ਪ੍ਰਣਾਲੀ ਨੁਕਸਦਾਰ ਹੈ। ਲੱਖਾਂ ਵੋਟਰਾਂ ਦੇ ਚੋਣ ਹਲਕੇ ਵਿਚ ਕੇਵਲ ਸੌ ਵੋਟਾਂ ਹਾਸਲ ਕਰਨ ਵਾਲਾ ਉਮੀਦਵਾਰ ਵੀ ਚੋਣ ਜਿੱਤ ਸਕਦਾ ਹੈ। ਸਰਕਾਰ ਅਤੇ ਰਾਜਨੀਤਕ ਪਾਰਟੀਆਂ ਤੋਂ ਅੱਕੇ ਲੋਕ ਇਸੇ ਲਈ ਹਰ ਪੰਜ ਸਾਲਾਂ ਬਾਅਦ ਸਰਕਾਰ ਬਦਲ ਦਿੰਦੇ ਹਨ। ਸਮੁੱਚਾ ਢਾਂਚਾ ਨੁਕਸਦਾਰ ਹੋਣ ਕਾਰਨ, ਲੋਕਾਂ ਦੀ ਇੱਛਾ ਦੇ ਬਾਵਜੂਦ ਭ੍ਰਿਸ਼ਟ ਸਰਕਾਰਾਂ ਤੋਂ ਉਨ੍ਹਾਂ ਦਾ ਖਹਿੜਾ ਨਹੀਂ ਛੁੱਟਦਾ। ਪੰਜਾਬ ਵਿਚ ਹੀ ਪਿਛਲੇ 35-40 ਸਾਲਾਂ ਵਿਚ ਲੋਕ ਦੋ ਤਿੰਨ ਵਾਰ ਹਥਿਆਰਬੰਦ ਸੰਘਰਸ਼ ਵਿਚ ਕੁੱਦੇ। ਪਰ ਸੁਹਿਰਦ ਅਤੇ ਸਹੀ ਰਹਿਨੁਮਾਈ ਦੀ ਘਾਟ ਕਾਰਨ ਲੋਕਾਂ ਨੂੰ ਅਸਫਲਤਾ ਦਾ ਮੂੰਹ ਦੇਖਣਾ ਪਿਆ।

? *ਡਾਕਟਰੀ ਦਾ ਕਿੱਤਾ ਸਿਹਤ ਸੁਰੱਖਿਆ ਸਮਾਜਿਕ ਮਸਲਾ ਨਾ ਰਹਿ ਕੇ ਇਕ*

*ਉਦਯੋਗ, ਵਪਾਰ ਜਾਂ ਧੰਦੇ ਵਿਚ ਕਿਉਂ ਬਦਲ ਗਿਆ ਹੈ ?*

- ਅੱਜ ਦਾ ਯੁੱਗ ਸਰਮਾਏਦਾਰੀ ਯੁੱਗ ਹੈ। ਪਵਿੱਤਰ ਅਤੇ ਲੋਕ ਸੇਵਾ ਲਈ ਬਣੇ ਕਿੱਤੇ ਵੀ, ਅੱਜ-ਕੱਲ੍ਹ ਆਪਣਾ ਅਸਲੀ ਉਦੇਸ਼ ਭੁੱਲ ਕੇ, ਵੱਧ ਤੋਂ ਵੱਧ ਪੈਸਾ ਕਮਾਉਣ ਦੀ ਹੋੜ ਵਿਚ ਜੁਟੇ ਹੋਏ ਹਨ। ਸਮਾਜਿਕ ਕਦਰਾਂ-ਕੀਮਤਾਂ ਦਾ ਘਾਣ ਹੋ ਚੁੱਕਾ ਹੈ। ਸਧਾਰਨ ਲੋਕਾਂ ਦੀ ਗੱਲ ਤਾਂ ਛੱਡੋ ਹੁਣ ਤਾਂ ਬਾਬੇ ਵੀ ਵੱਡੇ-ਵੱਡੇ ਹਸਪਤਾਲ ਖੋਲ੍ਹਣ ਲੱਗ ਪਏ ਹਨ। ਹਸਪਤਾਲ ਖੋਲ੍ਹਣਾ ਚੰਗੀ ਗੱਲ ਹੈ। ਪਰ ਜਦੋਂ ਉਨ੍ਹਾਂ ਹਸਪਤਾਲਾਂ ਵਿਚ ਦੂਜੇ ਹਸਪਤਾਲਾਂ ਵਾਂਗ ਲੁੱਟ-ਖਸੁੱਟ ਹੁੰਦੀ ਹੈ ਤਾਂ ਹੈਰਾਨੀ ਹੁੰਦੀ ਹੈ। ਡਾਕਟਰੀ ਕਿੱਤਾ ਪੂਰੀ ਤਰ੍ਹਾਂ ਉਦਯੋਗ ਵਿਚ ਬਦਲ ਚੁੱਕਾ ਹੈ ਅਤੇ ਮੰਡੀ ਦੇ ਨਿਯਮਾਂ ਅਨੁਸਾਰ ਵਿਚਰਦਾ ਹੈ।

? *ਡਾਕਟਰੀ ਦੇ ਕਿੱਤੇ ਦੇ ਲੋਟੂ ਕਿਰਦਾਰ ਨੂੰ ਦਰੁਸਤ ਕਰਨ ਲਈ ਸਰਕਾਰ ਅਤੇ ਲੋਕ ਹਰਕਤ ਵਿਚ ਕਿਉਂ ਨਹੀਂ ਆਉਂਦੇ ?*

- ਸਰਕਾਰੀ ਹਸਪਤਾਲਾਂ ਵਿਚ ਕੰਮ ਕਰਦੇ ਡਾਕਟਰ ਸਰਕਾਰੀ ਮਸ਼ੀਨਰੀ ਦਾ ਹੀ ਅੰਗ ਹਨ। ਉਹ ਖ਼ੁਦ ਹੀ ਸਰਕਾਰ ਹਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਦੀ ਰਾਖੀ ਦੀ ਆਸ ਹੋਰ ਕਿਸ ਤੋਂ ਕੀਤੀ ਜਾਵੇ। ਪ੍ਰਾਈਵੇਟ ਹਸਪਤਾਲਾਂ ਉੱਪਰ ਧਾਰਮਿਕ ਆਗੂਆਂ, ਸਿਆਸੀ ਨੇਤਾਵਾਂ ਅਤੇ ਸਰਮਾਏਦਾਰ ਲੋਕਾਂ ਦਾ ਕਬਜ਼ਾ ਹੈ। ਸਰਕਾਰ ਭ੍ਰਿਸ਼ਟ ਹੈ ਅਤੇ ਇਨ੍ਹਾਂ ਲੋਕਾਂ ਦੇ ਸਹਾਰੇ ਚੱਲਦੀ ਹੈ। ਸਰਕਾਰ ਆਪਣੇ ਪਾਲਣਹਾਰਾਂ ਅਤੇ ਹਿੱਸੇਦਾਰਾਂ ਨੂੰ ਹੱਥ ਕਿਉਂ ਪਾਵੇ ?
  ਲੋਕ ਮਜਬੂਤ ਹਨ। ਸਮਰੱਥਾ ਅਨੁਸਾਰ ਵਿਰੋਧ ਪ੍ਰਗਟ ਕਰਦੇ ਹਨ। ਪਰ ਅੱਜ ਦੇ ਦੌਰ ਵਿਚ ਹੜਤਾਲਾਂ, ਧਰਨਿਆਂ ਅਤੇ ਮਰਨ ਵਰਤਾਂ ਦੀ ਕੋਈ ਵੁੱਕਤ ਨਹੀਂ ਰਹੀ। ਸਰਕਾਰਾਂ ਦੇ ਕੰਨ 'ਤੇ ਜੂੰ ਤਕ ਨਹੀਂ ਸਰਕਦੀ। ਅੱਕ-ਥੱਕ ਕੇ ਲੋਕਾਂ ਨੇ ਵਿਰੋਧ ਪ੍ਰਗਟਾਉਣਾ ਛੱਡ ਦਿੱਤਾ ਹੈ ਅਤੇ ਚੱਕੀ ਵਿਚ ਪਿਸਦੇ ਰਹਿਣ ਦੀ ਆਦਤ ਬਣਾ ਲਈ ਹੈ। ਚੰਗੀ ਲੀਡਰਸ਼ਿਪ ਹੀ ਲੋਕਾਂ ਨੂੰ ਹਰਕਤ ਵਿਚ ਲਿਆ ਕੇ, ਰਾਜਨੀਤਕ ਤਬਦੀਲੀ ਕਰਵਾ ਸਕਦੀ ਹੈ।

? *ਹਸਪਤਾਲਾਂ ਅਤੇ ਡਾਕਟਰੀ ਦੇ ਵਪਾਰ ਜਾਂ ਪੇਸ਼ੇ ਬਾਰੇ ਤੁਹਾਡੀ ਜਾਣਕਾਰੀ ਹੈਰਾਨੀਯੋਗ ਹੈ। ਅਜਿਹਾ ਕਿਵੇਂ ਵਾਪਰਿਆ ?*

- ਹਸਪਤਾਲ ਦੇ ਡਾਕਟਰ ਦੋ ਤਰ੍ਹਾਂ ਦੇ ਫ਼ਰਜ਼ ਨਿਭਾਉਂਦੇ ਹਨ। ਇਨ੍ਹਾਂ ਦਾ ਪਹਿਲਾ ਫ਼ਰਜ਼ ਮਰੀਜ਼ਾਂ ਦਾ ਇਲਾਜ ਕਰਨਾ ਹੈ। ਮਰੀਜ਼ਾਂ ਨਾਲ ਇਹ ਕਿਸ ਤਰ੍ਹਾਂ ਨਜਿੱਠਦੇ ਹਨ, ਇਹ ਮੇਰੇ ਇਸ ਨਾਵਲ (**ਕੌਰਵ ਸਭਾ**) ਦਾ ਵਿਸ਼ਾ ਨਹੀਂ ਸੀ। ਮੇਰੀ ਲੋੜ ਡਾਕਟਰਾਂ ਦੇ ਅਜਿਹੇ ਵਿਅਕਤੀਆਂ ਪ੍ਰਤੀ ਵਿਵਹਾਰ ਨੂੰ ਪੇਸ਼ ਕਰਨਾ ਸੀ ਜਿਹੜਾ ਹਾਦਸਿਆਂ/ਲੜਾਈ ਝਗੜਿਆਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜਿਨ੍ਹਾਂ ਦੇ ਮਸਲਿਆਂ ਨੇ ਥਾਣੇ ਕਚਹਿਰੀਆਂ ਵਿਚ ਘੜੀਸਿਆ

ਜਾਣਾ ਹੁੰਦਾ ਹੈ। ਡਾਕਟਰ ਕਾਨੂੰਨੀ ਚੋਰ ਮੋਰੀਆਂ ਅਤੇ ਲੋਕਾਂ ਦੀਆਂ ਮਜਬੂਰੀਆਂ ਤੋਂ ਭਲੀਭਾਂਤ ਜਾਣੂ ਹੁੰਦੇ ਹਨ। ਅਜਿਹੇ ਮੌਕੇ ਇਨ੍ਹਾਂ ਨੂੰ ਆਪਣੇ ਨੈਤਿਕ, ਸਮਾਜਿਕ ਅਤੇ ਕਾਨੂੰਨੀ ਫ਼ਰਜ਼ ਭੁੱਲ ਜਾਂਦੇ ਹਨ। ਯਾਦ ਰਹਿੰਦੀ ਹੈ, ਵੱਧ ਤੋਂ ਵੱਧ ਪੈਸੇ ਬਟੋਰਨ ਦੀ ਲਾਲਸਾ। ਇਸੇ ਲਾਲਚ ਕਾਰਨ, ਇਨ੍ਹਾਂ ਨੂੰ ਹੱਟੇ-ਕੱਟੇ ਪਰ ਪੈਸੇ ਵਾਲੇ ਕੈਦੀਆਂ ਨੂੰ ਹਸਪਤਾਲਾਂ ਵਿਚ ਭਰਤੀ ਕਰਕੇ ਘਰਾਂ ਵਰਗੀਆਂ ਸਹੂਲਤਾਂ ਪ੍ਰਦਾਨ ਕਰਾਉਣਾ ਅਤੇ ਬਿਮਾਰ ਕੈਦੀਆਂ ਨੂੰ ਬੈਰਕਾਂ ਵਿਚ ਸਹਿਕਦੇ ਰਹਿਣ ਦੇਣਾ ਆਪਣੇ ਨੈਤਿਕ ਫ਼ਰਜ਼ ਹੀ ਜਾਪਦੇ ਹਨ। ਡਾਕਟਰਾਂ ਦਾ ਇਹ ਕਿਰਦਾਰ ਮੈਂ ਪਿਛਲੇ ਪੈਂਤੀ ਸਾਲਾਂ ਤੋਂ ਨਿਰਖ-ਪਰਖ ਰਿਹਾ ਹਾਂ। ਉਸੇ ਤਜਰਬੇ ਨੂੰ ਲੋਕਾਂ ਨਾਲ ਸਾਂਝਾ ਕੀਤਾ ਹੈ।

? *'ਇਥੇ ਇਕ ਬਾਬੂ ਜਿਹਾ ਫਿਰਦਾ ਸੀ। ਕਹਿੰਦਾ ਸੀ ਡਾਕਟਰਨੀ ਦਸ ਵਜੇ ਰਾਊਂਡ 'ਤੇ ਆਏਗੀ। ਕਹਿੰਦਾ ਸੀ ਪਹਿਲਾਂ ਬੁਲਾਉਣੀ ਹੈ ਤਾਂ ਦੱਸੋ ? ਭਰਾ ਜੀ ਉਸ ਬੰਦੇ ਨੂੰ ਮਿਲ ਕੇ ਡਾਕਟਰ ਨੂੰ ਬੁਲਾਓ। ਮੱਥਾ ਡੰਮੋ ਭੈੜੀ ਡਾਕਟਰਨੀ ਦਾ। ਫੁੱਲ ਵਰਗੀ ਕੁੜੀ ਮੁਰਝਾਈ ਪਈ ਹੈ'—ਡਾਕਟਰੀ ਦੇ ਪੇਸ਼ੇ ਵਿਚਲੇ ਇਸ ਅਮਾਨਵੀ ਅਤੇ ਭ੍ਰਿਸ਼ਟ ਪੱਖ ਬਾਰੇ ਅਤੇ ਦਲਾਲਾਂ ਬਾਰੇ ਕੁਝ ਹੋਰ ਦੱਸੋ ?*

- ਸਰਮਾਏਦਾਰੀ ਢਾਂਚੇ ਵਿਚ ਦਲਾਲ ਬੜੀ ਅਹਿਮ ਭੂਮਿਕਾ ਨਿਭਾਉਂਦੇ ਹਨ। ਡਾਕਟਰੀ ਪੇਸ਼ੇ ਵਿਚ ਹੀ ਨਹੀਂ ਹਰ ਧੰਦੇ ਵਿਚ ਦਲਾਲਾਂ ਦੀ ਤੂਤੀ ਬੋਲਦੀ ਹੈ। ਨਾਵਲ **ਕੌਰਵ ਸਭਾ** ਵਿਚ ਅਜਿਹੇ ਦਲਾਲਾਂ ਦੀ ਭਰਮਾਰ ਹੈ। ਪਹਿਲਵਾਨ ਪੁਲਿਸ ਅਫ਼ਸਰਾਂ ਦਾ ਦਲਾਲ ਹੈ। ਰਜਿਸਟਰਾਰ ਹਾਈ ਕੋਰਟ ਦੇ ਜੱਜਾਂ ਦਾ ਅਤੇ ਬਘੇਲ ਸਿੰਘ ਵਿਧਾਇਕ ਮੁੱਖ ਮੰਤਰੀ ਦਾ।

? ***ਪ੍ਰਸੰਗ ਕੌਰਵ ਸਭਾ** ਵਿਚ ਜਨਾਬ ਅਮਰਜੀਤ ਸਿੰਘ ਗਰੇਵਾਲ ਦਾ ਸਵਾਲ ਹੈ ਕਿ **ਕੌਰਵ ਸਭਾ** ਵਿਚ ਮਿੱਤਰ ਸੈਨ ਮੀਤ ਪਰੈਸ, ਵਿਕਟਮ ਸੁਸਾਇਟੀ ਵਰਗੀਆਂ ਸੰਸਥਾਵਾਂ, ਵਿਦਿਆਰਥੀ ਹੜਤਾਲ ਵਰਗੇ ਅੰਦੋਲਨਾਂ ਅਤੇ ਊਧਮ ਸਿੰਘ ਵਰਗੇ ਬਾਜ਼ਮੀਰ ਵਿਅਕਤੀਆਂ ਰਾਹੀਂ ਅਜੋਕੇ ਸਿਸਟਮ ਨੂੰ ਸੁਧਾਰਨ ਦੀਆਂ ਜੋ ਸੰਭਾਵਨਾਵਾਂ ਪ੍ਰਗਟਾਉਂਦਾ ਹੈ, ਕੀ ਉਨ੍ਹਾਂ ਦੀ ਕੋਈ ਸਾਰਥਕਤਾ ਹੈ ? ਕੀ ਇਹੋ ਜਿਹੀਆਂ ਸੰਸਥਾਵਾਂ ਕੋਈ ਤਬਦੀਲੀ ਲਿਆ ਸਕਦੀਆਂ ਹਨ ? ਤੁਹਾਡੀ ਇਸ ਸੰਬੰਧੀ ਕੀ ਰਾਏ ਹੈ ?*

- ਸਾਡੇ ਸਮਾਜਿਕ ਅਤੇ ਰਾਜਨੀਤਕ ਢਾਂਚੇ ਵਿਚ ਆਈ ਗਿਰਾਵਟ ਵਿਚ ਹੁਣ ਸੁਧਾਰ ਦੀ ਕੋਈ ਸੰਭਾਵਨਾ ਨਹੀਂ ਹੈ। ਹੱਲ ਕੇਵਲ ਮੁਕੰਮਲ ਤਬਦੀਲੀ ਹੀ ਹੈ। ਅੰਤਮ ਉਦੇਸ਼ ਦੀ ਪ੍ਰਾਪਤੀ ਲਈ ਲੋਕ ਨਾਇਕਾਂ ਅਤੇ ਇਨਕਲਾਬੀ ਫ਼ੌਜ ਦੀ ਜ਼ਰੂਰਤ ਹੈ। ਕਾਮਰੇਡ ਸੁਰਜੀਤ ਗਿੱਲ ਦੇ ਹਵਾਲੇ ਨਾਲ ਇਹ ਗੱਲ ਪਹਿਲਾਂ ਹੀ ਆ ਚੁੱਕੀ ਹੈ ਕਿ ਕੋਈ ਵਿਅਕਤੀ ਸੁਪਨੇ ਵਿਚ ਆਏ ਕਿਸੇ ਕ੍ਰਾਂਤੀਕਾਰੀ

ਵਿਚਾਰ ਦੇ ਆਧਾਰ 'ਤੇ ਹੀ ਇਨਕਲਾਬੀ ਨਹੀਂ ਬਣ ਜਾਂਦਾ। ਇਸ ਤਬਦੀਲੀ ਦਾ ਕਾਰਨ ਮਾਰੂ ਪਰਿਸਥਿਤੀਆਂ ਹੁੰਦੀਆਂ ਹਨ। ਲੋਕ ਨਾਇਕਾਂ ਦੀ ਫ਼ੌਜ ਮਿਥਿਹਾਸਕ ਕਥਾਵਾਂ ਵਿਚ ਆਉਂਦੇ ਜ਼ਿਕਰ ਵਾਂਗ, ਕਿਸੇ ਰਿਸ਼ੀ ਵੱਲੋਂ ਕੀਤੇ ਗਏ ਯੱਗ ਦੀ ਅਗਨੀ ਵਿਚੋਂ ਪ੍ਰਗਟ ਨਹੀਂ ਹੋ ਜਾਣੀ। ਤਬਦੀਲੀ ਤਾਂਘਦੀ ਲੋਕਭੀੜ ਦਾ ਜਨਮ ਵੀ, ਲੋਕਾਂ ਨਾਲ ਪ੍ਰਤੀਦਿਨ ਹੁੰਦੀਆਂ ਬੇਇਨਸਾਫ਼ੀਆਂ ਤੋਂ ਤੰਗ ਆ ਕੇ ਕੀਤੇ ਜਾਣ ਵਾਲੇ ਵਿਦਰੋਹ ਵਿਚੋਂ ਹੋਣਾ ਹੈ। ਅੰਤਮ ਉਦੇਸ਼ ਦੀ ਪ੍ਰਾਪਤੀ ਲਈ ਕਿਤੋਂ ਤਾਂ ਸ਼ੁਰੂਆਤ ਕਰਨੀ ਹੀ ਪੈਣੀ ਹੈ। ਜਿੰਨਾ ਚਿਰ ਮੁਕੰਮਲ ਬਦਲਾਅ ਦੇ ਉਦੇਸ਼ ਦੀ ਪ੍ਰਾਪਤੀ ਲਈ ਅੰਤਮ ਸੰਘਰਸ਼ ਵਿੱਢੇ ਜਾਣ ਦੀ ਸਥਿਤੀ ਨਹੀਂ ਬਣ ਜਾਂਦੀ, ਓਨਾ ਚਿਰ ਸਿਸਟਮ ਵਿਚ ਰਹਿ ਕੇ ਹੱਕ ਹਾਸਲ ਕਰਨ ਲਈ ਸੰਘਰਸ਼ ਕਰਨਾ ਪੈਂਦਾ ਹੈ। ਵਿਕਟਮ ਵੈਲਫੇਅਰ ਸੁਸਾਇਟੀ ਵਰਗੀਆਂ ਸੰਸਥਾਵਾਂ ਅੰਤਮ ਸੰਘਰਸ਼ਾਂ ਲਈ ਕੱਚਾ ਮਾਲ ਤਿਆਰ ਕਰਨ ਦੀ ਭੂਮਿਕਾ ਨਿਭਾਅ ਰਹੀਆਂ ਹਨ। ਇਸ ਮਣਾਂ-ਮੂੰਹੀ ਕੱਚੇ ਮਾਲ ਵਿਚੋਂ, ਛਾਨਣਾ ਲੱਗਣ ਬਾਅਦ ਕੁਝ ਤੋਲੇ ਸੋਨੇ ਨੇ ਹੀ ਬਾਕੀ ਬਚਣਾ ਹੈ ਅਤੇ ਅਜਿਹੇ ਜੁਝਾਰੂ ਅੰਸ਼ ਨੇ ਹੀ ਇਨਕਲਾਬ ਦੀ ਨੀਂਹ ਬਣਨਾ ਹੈ। ਨਾਵਲ ਵਿਚਲੀਆਂ ਸੰਸਥਾਵਾਂ ਦੇ ਕੰਮ ਨੂੰ ਇਨਕਲਾਬ ਲਈ ਪਿੱਠਭੂਮੀ ਤਿਆਰ ਕਰਨ ਵਾਲੀਆਂ ਸੰਸਥਾਵਾਂ ਵਜੋਂ ਦੇਖਣਾ ਚਾਹੀਦਾ ਹੈ।

? *ਮੂਲ ਮਸਲਾ ਇਸ ਭ੍ਰਿਸ਼ਟ ਪ੍ਰਬੰਧ ਨੂੰ ਸੁਧਾਰਨ ਅਤੇ ਸਟੇਟ ਅਪਰੇਟਸ ਦੇ ਦਬਦਬੇ ਨੂੰ ਖ਼ਤਮ ਕਰਕੇ ਇਸ ਨੂੰ ਲੋਕ-ਹਿੱਤਾਂ ਦੇ ਰੁਖ਼ ਮੋੜ ਦਾ ਹੈ—ਤੁਸੀਂ ਇਸ ਵਾਸਤੇ ਕੀ ਠੋਸ ਰਾਇ ਰੱਖਦੇ ਹੋ ?*

- ਜਿਵੇਂ ਕਿ ਪਹਿਲਾਂ ਹੀ ਜ਼ਿਕਰ ਆ ਚੁੱਕਾ ਹੈ ਕਿ ਭ੍ਰਿਸ਼ਟ ਪ੍ਰਬੰਧ ਨੂੰ ਸੁਧਾਰਨ ਦੀ ਹੁਣ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਸਟੇਟ ਦੇ ਦਬਦਬੇ ਨੂੰ ਮੁਕੰਮਲ ਤਬਦੀਲੀ ਬਾਅਦ ਹੀ ਲੋਕ ਹਿੱਤਾਂ ਦੇ ਰੁਖ ਵੱਲ ਮੋੜਿਆ ਜਾ ਸਕਦਾ ਹੈ।

? *ਨਾਵਲ ਦੇ ਪਾਠ ਵਿਚ ਅਜਿਹੀਆਂ ਟਿੱਪਣੀਆਂ ਮੌਜੂਦ ਹਨ ਕਿ—ਕਾਨੂੰਨ ਆਪਣੇ ਉਲਟ ਨਹੀਂ ਹੈ। ਸ਼ਹਿਰ ਵਿਚ ਰੌਲਾ ਪੈ ਰਿਹਾ ਹੈ, ਉਹ ਸਾਡੇ ਉਲਟ ਹੈ। ਜੱਜ ਕੁਝ ਪੜ੍ਹਦੇ ਸੁਣਦੇ ਹਨ। ਮੀਡੀਏ ਤੋਂ ਪ੍ਰਭਾਵਿਤ ਹੁੰਦੇ ਹਨ। ਜਾਂ ਪ੍ਰੈਸ ਸ਼ਿਕਾਰੀ ਕੁੱਤਿਆਂ ਵਾਂਗ ਇਸ ਕੇਸ ਦੇ ਮਗਰ ਲੱਗੀ ਹੋਈ ਸੀ। ਇਸੇ ਲਈ ਸਿੰਗਲ ਵਕੀਲ ਦੀ ਰਾਏ ਸੀ ਕਿ ਜੇ ਪ੍ਰੈੱਸ ਚੁੱਪ ਕਰ ਜਾਏ ਤਾਂ ਸਭ ਮਸਲੇ ਹੱਲ ਹੋ ਜਾਣਗੇ। ਉਪਰੋਕਤ ਟਿੱਪਣੀਆਂ ਦੇ ਹਵਾਲੇ ਨਾਲ ਮੀਡੀਏ ਦੇ ਕਿਰਦਾਰ ਬਾਰੇ ਕੁਝ ਦੱਸੋ ? ਕੀ ਇਹ ਵੀ ਉਦਯੋਗ, ਧੰਦਾ ਜਾਂ ਵਿਉਪਾਰ ਨਹੀਂ ਬਣਦਾ ਜਾ ਰਿਹਾ ?*

- ਅੱਜ ਦੇ ਇਲੈਕਟ੍ਰੋਨਿਕ ਯੁੱਗ ਵਿਚ ਮੀਡੀਆ ਬੜੀ ਤੇਜ਼ੀ ਨਾਲ ਲੋਕਾਂ ਤਕ

ਪਹੁੰਚ ਕਰਦਾ ਹੈ। ਲੋਕ ਇਸ ਵੱਲੋਂ ਕੀਤੇ ਜਾਂਦੇ ਪ੍ਰਚਾਰ 'ਤੇ ਵਿਸ਼ਵਾਸ ਕਰਦੇ ਹਨ। ਅਫ਼ਸਰਸ਼ਾਹੀ ਪ੍ਰਭਾਵਿਤ ਹੁੰਦੀ ਹੈ। ਜੱਜਾਂ ਵੱਲੋਂ ਕੀਤੇ ਜਾਣ ਵਾਲੇ ਫ਼ੈਸਲਿਆਂ 'ਤੇ ਅਸਰ ਪੈਂਦਾ ਹੈ। ਮੀਡੀਆ ਜੇ ਚਾਹੇ ਤਾਂ ਆਪਣੇ ਨਿਰਪੱਖ ਪ੍ਰਚਾਰ ਰਾਹੀਂ, ਸਹੀ ਲੋਕ-ਰਾਏ ਬਣਾ ਕੇ, ਲੋਕਾਂ ਦੇ ਮਸਲੇ ਹੱਲ ਕਰਨ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਮਾਰੂ ਹਾਲਾਤ ਨੇ ਮੀਡੀਆ ਨੂੰ ਵੀ ਪ੍ਰਭਾਵਿਤ ਕੀਤਾ ਹੈ। ਲੋਕ-ਜਾਗਰੂਕਤਾ ਪੈਦਾ ਕਰਨ ਦੇ ਆਪਣੇ ਉਦੇਸ਼ ਤੋਂ ਭਟਕ ਕੇ ਮੀਡੀਆ ਵੀ ਵਪਾਰ ਬਣਦਾ ਜਾ ਰਿਹਾ ਹੈ। ਇਸ ਦਾ ਉਦੇਸ਼ ਸਨਸਨੀ ਪੈਦਾ ਕਰਕੇ ਲੋਕਾਂ ਦਾ ਧਿਆਨ ਖਿੱਚਣਾ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਅਤੇ ਆਪਣੇ ਆਕਿਆਂ ਦੀ ਵਿਚਾਰਧਾਰਾ ਨੂੰ ਲੋਕਾਂ ਉੱਪਰ ਲਾਗੂ ਕਰਨਾ ਬਣ ਕੇ ਰਹਿ ਗਿਆ ਹੈ। ਅਫ਼ਸਰ ਭ੍ਰਿਸ਼ਟ ਹੋਣ ਕਾਰਨ ਨਿਰਪੱਖ ਅਤੇ ਦਲੇਰ ਨਹੀਂ ਰਹੇ। ਮੀਡੀਆ ਵਿਚ ਉਨ੍ਹਾਂ ਦੇ ਕੰਮਕਾਜ ਸੰਬੰਧੀ ਹੁੰਦੀ ਛੋਟੀ ਜਹੀ ਟਿੱਪਣੀ ਵੀ ਉਨ੍ਹਾਂ ਨੂੰ ਧੁਰ ਅੰਦਰ ਤਕ ਹਿਲਾ ਦਿੰਦੀ ਹੈ। ਉਨ੍ਹਾਂ ਦੇ ਹੱਥਾਂ ਵਿਚ ਫੜਿਆ ਇਨਸਾਫ਼ ਦਾ ਤਰਾਜ਼ੂ ਕੰਬ ਜਾਂਦਾ ਹੈ। ਇੰਜ ਮੀਡੀਆ ਉਸਾਰੂ ਦੀ ਥਾਂ ਢਾਹੂ ਰੋਲ ਹੀ ਨਿਭਾ ਰਿਹਾ ਹੈ।

? *ਸੱਚ ਅਤੇ ਮੀਡੀਏ ਦੁਆਰਾ ਘੜੇ-ਸਿਰਜੇ-ਵਿਗਾੜੇ ਸੱਚ ਦਾ ਉਪਭੋਗਤਾਵਾਦ ਨਾਲ ਕੀ ਰਿਸ਼ਤਾ ਹੈ ?*

- ਬਹੁਤ ਗਹਿਰਾ ਰਿਸ਼ਤਾ ਹੈ। ਜੇ ਚਾਹੇ ਤਾਂ ਮੀਡੀਆ ਸੱਚ ਨੂੰ ਤੋੜ-ਮੋੜ ਕੇ ਨਵੇਂ ਰੂਪ ਵਿਚ ਪੇਸ਼ ਕਰ ਸਕਦਾ ਹੈ। ਵਿਗਾੜੇ ਸੱਚ ਨੂੰ ਸਹੀ ਠਹਿਰਾਉਣ ਲਈ ਲੋਕ ਰਾਇ ਬਣਾ ਸਕਦਾ ਹੈ। ਅਫ਼ਸਰਸ਼ਾਹੀ ਨੂੰ ਪ੍ਰਭਾਵਿਤ (ਡਰਾ ਕੇ) ਕਰਕੇ ਮਨਮਰਜ਼ੀ ਦਾ ਫ਼ੈਸਲਾ ਪ੍ਰਾਪਤ ਕਰ ਸਕਦਾ ਹੈ। ਮੰਡੀ ਦੇ ਇਸ ਯੁੱਗ ਵਿਚ ਸਰਮਾਏਦਾਰੀ ਮੀਡੀਏ ਨੂੰ ਖਰੀਦਦੀ ਹੈ। ਉਸ ਰਾਹੀਂ ਲੋਕਾਂ ਦੇ ਜ਼ਿਹਨਾਂ ਵਿਚ ਪ੍ਰਵੇਸ਼ ਕਰਦੀ ਹੈ ਅਤੇ ਮਨਮਰਜ਼ੀ ਦੇ ਨਤੀਜੇ ਪ੍ਰਾਪਤ ਕਰਦੀ ਹੈ।

? *ਮੀਡੀਆ ਪੂਰੀ ਤਰ੍ਹਾਂ ਗਰਕ, ਭ੍ਰਿਸ਼ਟ ਅਤੇ ਅਮਾਨਵੀ ਹੋ ਚੁੱਕੀ ਨਿਆਂਪ੍ਰਣਾਲੀ ਵਿਚ ਸਿਫ਼ਤੀ ਤਬਦੀਲੀ ਲਿਆਉਣ ਵਿਚ ਕੀ ਕਿਰਦਾਰ (ਹਾਂ-ਪੱਖੀ ਜਾਂ ਨਾਂਹ-ਪੱਖੀ) ਅਦਾ ਕਰ ਰਿਹਾ ਹੈ ਅਤੇ ਇਸ ਨੂੰ ਕੀ ਕਿਰਦਾਰ ਅਦਾ ਕਰਨਾ ਚਾਹੀਦਾ ਹੈ ?*

- ਭ੍ਰਿਸ਼ਟ ਨਿਆਂਪਾਲਿਕਾ ਦੇ ਕੰਨ ਖਿੱਚਣ ਲਈ ਮੀਡੀਆ ਬੜੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਪੈਸੇ, ਅਸਰ-ਰਸੂਖ ਅਤੇ ਸਿਆਸੀ ਦਬਾਅ ਕਾਰਨ ਤਫਤੀਸ਼ੀ ਏਜੰਸੀਆਂ ਸੱਚ ਨੂੰ ਛੁਪਾ ਜਾਂਦੀਆਂ ਹਨ ਅਤੇ ਮੁਜਰਮਾਂ ਦੇ ਬਰੀ ਹੋਣ ਦਾ ਰਾਹ ਪੱਧਰਾ ਕਰ ਦਿੰਦੀਆਂ ਹਨ। ਇਸੇ ਤਰ੍ਹਾਂ ਨਿਆਂ-ਪਾਲਿਕਾ ਵੀ, ਕਾਨੂੰਨ ਦੀਆਂ ਕਮਜ਼ੋਰੀਆਂ ਨੂੰ ਅਸਰ-ਰਸੂਖ ਵਾਲੇ ਲੋਕਾਂ ਨੂੰ ਰਾਹਤ ਦੇਣ ਲਈ ਵਰਤਦੀ ਹੈ।

ਜੇ ਮੀਡੀਆ ਸੁਚੇਤ ਹੋਵੇ ਅਤੇ ਲੋਕ-ਹਿਤੂ ਕੰਮ ਕਰਨ ਦੀ ਇੱਛਾ ਰੱਖਦਾ ਹੋਵੇ ਤਾਂ ਛੁਪੇ ਸੱਚ ਨੂੰ ਲੋਕਾਂ ਸਾਹਮਣੇ ਲਿਆ ਕੇ ਝੂਠ ਦਾ ਭਾਂਡਾ ਭੰਨ ਸਕਦਾ ਹੈ। ਤਫ਼ਤੀਸ਼ੀ ਏਜੰਸੀਆਂ ਅਤੇ ਨਿਆਂਪਾਲਿਕਾ ਨੂੰ ਇਨਸਾਫ਼ ਕਰਨ ਲਈ ਮਜਬੂਰ ਕਰਕੇ ਹਾਂ-ਪੱਖੀ ਕਿਰਦਾਰ ਨਿਭਾ ਸਕਦਾ ਹੈ। ਪਰ ਮੀਡੀਆ ਇੰਜ ਨਹੀਂ ਕਰ ਰਿਹਾ। ਉਲਟਾ, ਅਸਰ ਰਸੂਖ ਕਾਰਨ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ ਅਤੇ ਨਿਆਂ ਨਾਲ ਸੰਬੰਧਤ ਸੰਸਥਾਵਾਂ ਨੂੰ ਸੱਚ ਤਕ ਪੁੱਜਣ ਤੋਂ ਗੁੰਮਰਾਹ ਵੀ ਕਰਦਾ ਹੈ ਅਤੇ ਰੋੜਦਾ ਵੀ ਹੈ।

ਨਾਵਲ **ਸੁਧਾਰ ਘਰ** ਵਿਚ ਮੈਂ ਮੀਡੀਆ ਦੇ ਹਾਂ-ਪੱਖੀ ਕਿਰਦਾਰ ਨੂੰ ਚਿਤਰਿਆ ਹੈ। ਮੀਡੀਏ ਨਾਲ ਸੰਬੰਧਤ ਲੋਕ, ਕਿਸੇ ਵਾਰਦਾਤ ਦੇ ਹੁੰਦਿਆਂ ਹੀ ਮੌਕੇ 'ਤੇ ਪੁੱਜਦੇ ਹਨ ਅਤੇ ਆਪਣੇ ਤੌਰ 'ਤੇ ਸੱਚ ਦੀ ਖੋਜ ਕਰਦੇ ਹਨ। ਫਿਰ ਤਫ਼ਤੀਸ਼ੀ ਏਜੰਸੀਆਂ ਨੂੰ ਸੱਚ ਅਨੁਸਾਰ ਤਫ਼ਤੀਸ਼ ਕਰਨ ਲਈ ਮਜਬੂਰ ਕਰਦੇ ਹਨ। ਸਾਰਾ ਮੀਡੀਆ ਜੇ ਇਸ ਮਾਡਲ ਉੱਪਰ ਚੱਲੇ ਤਾਂ ਨਿਆਂਪਾਲਿਕਾ ਵਿਚ ਫੈਲੇ ਭ੍ਰਿਸ਼ਟਾਚਾਰ ਉੱਪਰ ਪੂਰੀ ਤਰ੍ਹਾਂ ਅੰਕੁਸ਼ ਲੱਗ ਸਕਦਾ ਹੈ।

? *'ਹੌਸਲਾ ਰੱਖ ਧੀਏ। ਇਸ ਅਦਾਲਤ ਦਾ ਫ਼ੈਸਲਾ ਅੰਤਮ ਨਹੀਂ। ਆਪਾਂ ਅਪੀਲ ਕਰਾਂਗੇ। ਨੇਹਾ ਦਾ ਮਨ ਰੱਖਣ ਲਈ ਰਾਮ ਨਾਥ ਨੇ ਇਹ ਆਖਿਆ ਜ਼ਰੂਰ। ਉਂਝ ਉਸ ਨੂੰ ਪਤਾ ਸੀ ਉੱਪਰ ਵੀ ਇਹੋ ਕੁਝ ਹੋਣ ਵਾਲਾ ਸੀ'—ਇਹ ਸਥਿਤੀ ਘੋਰ ਨਿਰਾਸ਼ਮਈ ਹੈ ਜਾਂ ਗਿਆਨਮਈ ? ਕੀ ਇਸ ਸਥਿਤੀ ਦੇ ਧੁਰ-ਡੂੰਘ ਵਿਚ ਗਿਆਨਮਈ ਰੌਸ਼ਨੀ ਮੌਜੂਦ ਹੈ ?*

• ਬਹੁਤ ਸੋਚ ਵਿਚਾਰ ਬਾਅਦ ਨਾਵਲ ਨੂੰ ਇਨ੍ਹਾਂ ਸਤਰਾਂ ਉੱਪਰ ਲਿਆ ਕੇ ਖ਼ਤਮ ਕੀਤਾ ਗਿਆ ਸੀ। ਇਨ੍ਹਾਂ ਸਤਰਾਂ ਦੇ ਅਰਥ ਬਹੁਪੱਖੀ ਹਨ। ਇਹ ਸਤਰਾਂ ਉਚਾਰਣ ਵਾਲੇ ਪਾਤਰ ਨੂੰ ਪਤਾ ਹੈ ਕਿ ਉਪਰਲੇ ਵੀ ਹੇਠਲਿਆਂ ਵਰਗੇ ਹੀ ਹਨ। ਉਪਰਲੀਆਂ ਅਦਾਲਤਾਂ ਵਿਚ ਵੀ ਇਨਸਾਫ਼ ਦੀ ਕੋਈ ਆਸ ਨਹੀਂ ਹੈ। ਇਨ੍ਹਾਂ ਨਿਰਾਸ਼ਾਮਈ ਪਰਿਸਥਿਤੀਆਂ ਦੇ ਬਾਵਜੂਦ ਇਸ ਨਾਵਲ ਦਾ ਇਹ ਅਹਿਮ ਪਾਤਰ ਆਪਣਾ ਸੰਘਰਸ਼ ਜਾਰੀ ਰੱਖਣਾ ਚਾਹੁੰਦਾ ਹੈ। ਉਸ ਦਾ ਸੰਘਰਸ਼ਾਂ ਵਿਚ ਅਟੱਲ ਵਿਸ਼ਵਾਸ ਹੈ। ਉਸ ਨੂੰ ਉਮੀਦ ਹੈ ਕਿ ਸੰਘਰਸ਼ ਕਰਦੇ-ਕਰਦੇ ਕਦੇ ਤਾਂ ਸਫਲਤਾ ਮਿਲੇਗੀ ਹੀ। ਨਿਰਾਸ਼ਾਜਨਕ ਸਥਿਤੀ ਵਿਚ ਵੀ ਉਹ ਸੰਘਰਸ਼ ਦਾ ਪੱਲਾ ਛੱਡਣ ਲਈ ਤਿਆਰ ਨਹੀਂ। ਇਸ ਤਰ੍ਹਾਂ ਇਹ ਅੰਤ ਨਿਰਾਸ਼ਾਮਈ ਹੋਣ ਦੀ ਥਾਂ ਗਿਆਨਮਈ ਹੋ ਨਿਬੜਦਾ ਹੈ ਅਤੇ ਇਸ ਸਥਿਤੀ ਦੇ ਧੁਰ ਡੂੰਘ ਵਿਚ, ਗਿਆਨਮਈ ਰੌਸ਼ਨੀ ਵੱਡੀ ਮਾਤਰਾ ਵਿਚ ਮੌਜੂਦ ਹੈ।

? *ਡਾ. ਕੇਸਰ ਸਿੰਘ ਕੇਸਰ ਦੀ ਧਾਰਨਾ ਹੈ ਕਿ **ਕੌਰਵ ਸਭਾ** ਵਾਰ ਦੀ ਵਿਧੀ ਦਾ ਨਾਵਲ ਹੈ ਅਤੇ ਅਮਰਜੀਤ ਗਰੇਵਾਲ ਮੁਤਾਬਕ ਇਸ ਨਾਵਲ ਵਿਚੋਂ ਜੰਗਨਾਮੇ*

*ਦੀ ਵਿਧੀ ਪਹਿਚਾਣੀ ਜਾ ਸਕਦੀ ਹੈ—ਤੁਹਾਡੀ ਕੀ ਰਾਏ ਹੈ ?*

• ਦੋਹਾਂ ਵਿਧੀਆਂ ਵਿਚ ਕੀ ਵਖਰੇਵਾਂ ਹੈ, ਮੈਨੂੰ ਇਸ ਦਾ ਪੂਰਾ ਤਕਨੀਕੀ ਗਿਆਨ ਨਹੀਂ। ਮੇਰੀ ਸਮਝ ਅਨੁਸਾਰ ਵਾਰਾਂ ਸੂਰਮਿਆਂ ਦੇ ਬਹਾਦਰੀ ਭਰੇ ਕਾਰਨਾਮਿਆਂ ਦੀ ਉਸਤਤੀ ਵਿਚ ਗਾਈਆਂ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਯੋਧੇ ਬੁਰਾਈ ਵਿਰੁੱਧ ਲੜਦੇ ਸਨ ਅਤੇ ਸਫ਼ਲਤਾ ਪ੍ਰਾਪਤ ਕਰਦੇ ਸਨ। ਜੰਗਨਾਮਾ ਵਿਧਾ ਵਿਚ ਦੋਹਾਂ ਧਿਰਾਂ ਦੇ ਸੰਘਰਸ਼ਾਂ ਦੀ ਗਾਥਾ ਗਾਈ ਜਾਂਦੀ ਹੈ। ਸੱਚਾਈ ਲਈ ਲੜ ਰਹੀ ਧਿਰ ਦਾ ਵਿਜਯੀ ਹੋਣਾ ਜ਼ਰੂਰੀ ਨਹੀਂ ਹੁੰਦਾ। ਉਂਜ ਹਾਰੀ ਧਿਰ ਦੀ ਹਾਰ ਵੀ ਜਿੱਤ ਵਾਂਗ ਗੌਰਵਮਈ ਹੁੰਦੀ ਹੈ।

**ਕੌਰਵ ਸਭਾ** ਨਾਵਲ ਵਿਚ ਇਨਸਾਫ਼ ਲਈ ਸੰਘਰਸ਼ ਕਰਦੀਆਂ ਸੰਸਥਾਵਾਂ ਨੂੰ ਜਿੱਤ ਨਸੀਬ ਨਹੀਂ ਹੁੰਦੀ। ਹਾਰਨ ਬਾਅਦ ਵੀ ਇਹ ਧਿਰਾਂ ਸੰਘਰਸ਼ ਦਾ ਪੱਲਾ ਨਹੀਂ ਛੱਡਦੀਆਂ। ਇਸੇ ਸਥਿਤੀ ਨੂੰ ਮੁੱਖ ਰੱਖ ਕੇ ਸ਼ਾਇਦ ਅਮਰਜੀਤ ਗਰੇਵਾਲ ਨੇ ਇਸ ਨਾਵਲ ਨੂੰ ਜੰਗਨਾਮੇ ਦੀ ਵਿਧੀ ਵਾਲਾ ਨਾਵਲ ਆਖਿਆ ਹੈ। ਅੱਜ ਦੀਆਂ ਪਰਿਸਥਿਤੀਆਂ ਵਿਚ ਹੱਕ ਸੱਚ ਲਈ ਲੜਦੇ ਯੋਧਿਆਂ ਦੀਆਂ ਸਫ਼ਲਤਾਵਾਂ ਪਹਿਲੇ ਸਮਿਆਂ ਵਾਂਗ ਯਕੀਨੀ ਨਹੀਂ ਹਨ। ਇਨ੍ਹਾਂ ਯੋਧਿਆਂ ਦੇ ਸੂਰਮਗਤੀ ਵਾਲੇ ਕਾਰਨਾਮੇ ਵਾਰਾਂ ਵਿਚ ਗਾਏ ਜਾਣ ਦੀ ਮੰਗ ਕਰਦੇ ਹਨ। **ਕੌਰਵ ਸਭਾ** ਨਾਵਲ ਵਿਚ ਸੰਘਰਸ਼ਸ਼ੀਲ ਯੋਧਿਆਂ ਦੇ ਕਾਰਨਾਮਿਆਂ ਨੂੰ ਸਲਾਹਿਆ ਗਿਆ ਹੈ। ਸ਼ਾਇਦ ਇਸੇ ਕਾਰਨ ਡਾਕਟਰ ਕੇਸਰ ਸਿੰਘ ਹੋਰਾਂ ਨੇ ਇਸ ਨਾਵਲ ਨੂੰ ਵਾਰ ਦੀ ਵਿਧੀ ਦਾ ਨਾਵਲ ਆਖਿਆ ਹੈ।

? *ਤੁਹਾਡੀ ਰਾਏ ਮੁਤਾਬਕ ਨਾਵਲ ਦੇ ਸੰਗਠਨ ਵਿਚ ਦਸ਼ਾ ਦਾ ਦਰੁਸਤ ਵਰਣਨ ਲਾਜ਼ਮੀ ਹੈ ਜਾਂ ਸਪੱਸ਼ਟ ਸਮਾਧਾਨ ਪੇਸ਼ ਕਰਨਾ ? ਕੀ ਦਰੁਸਤ ਦਸ਼ਾ ਵਿਚ ਸਮਾਧਾਨ ਛੁਪਿਆ ਹੋਇਆ ਨਹੀਂ ਹੁੰਦਾ ?*

• ਪਹਿਲਾਂ ਮੇਰੀ ਧਾਰਨਾ ਦਸ਼ਾ ਦੇ ਨਾਲ ਨਾਲ ਦਿਸ਼ਾ ਪੇਸ਼ ਕਰਨ ਦੀ ਸੀ। ਸੁਹਿਰਦ ਆਲੋਚਕਾਂ (ਖ਼ਾਸ ਕਰ ਡਾ. ਟੀ.ਆਰ. ਵਿਨੋਦ) ਤੋਂ ਸੇਧ ਪ੍ਰਾਪਤ ਕਰਨ ਬਾਅਦ ਹੁਣ ਮੇਰੀ ਧਾਰਨਾ ਇਹ ਹੈ ਕਿ ਲੇਖਕ ਨੂੰ ਕੇਵਲ ਦਸ਼ਾ ਦਾ ਦਰੁਸਤ ਵਰਣਨ ਕਰਨਾ ਚਾਹੀਦਾ ਹੈ। ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਦਿੱਤੀ ਜਾਣ ਵਾਲੀ ਦਿਸ਼ਾ ਵੱਲੋਂ ਬੇਪਰਵਾਹ ਹੋ ਜਾਣਾ ਚਾਹੀਦਾ ਹੈ। ਲੇਖਕ ਨੂੰ ਦਸ਼ਾ ਦੀ ਪੇਸ਼ਕਾਰੀ ਇਸ ਨਿਪੁੰਨਤਾ ਨਾਲ ਕਰਨੀ ਚਾਹੀਦੀ ਹੈ ਕਿ ਪਾਠਕ ਨੂੰ ਸਮਾਧਾਨ ਆਪਣੇ ਆਪ ਨਜ਼ਰ ਆਉਣ ਲੱਗ ਪਵੇ ਅਤੇ ਨਜ਼ਰ ਵੀ ਉਹ ਆਵੇ ਜੋ ਲੇਖਕ ਦਰਸਾਉਣਾ ਚਾਹੁੰਦਾ ਹੈ।

? *ਡਾ. ਜੋਗਿੰਦਰ ਸਿੰਘ ਰਾਹੀ ਦੀ ਟਿੱਪਣੀ ਹੈ ਕਿ 'ਇਸ ਨਾਵਲ ਦੇ ਅਸਲੀ ਅਰਥ ਇਸ ਦੇ ਹਾਸ਼ੀਏ ਅਤੇ ਅੰਤਰਪਾਠ ਵਿਚ ਪਏ ਹਨ।'—ਇਸ ਟਿੱਪਣੀ*

*ਸੰਬੰਧੀ ਤੁਹਾਡੀ ਕੀ ਰਾਇ ਹੈ ?*

- ਡਾ. ਰਾਹੀ ਸਾਹਿਬ ਦੀ ਇਹ ਟਿੱਪਣੀ, ਕੁਝ ਚਿੰਤਕਾਂ ਦੇ ਇਸ ਦੋਸ਼ ਦਾ ਕਿ ਮੇਰੇ ਨਾਵਲਾਂ ਵਿਚ ਕੇਵਲ ਤੱਥਾਂ ਦੀ ਪੇਸ਼ਕਾਰੀ ਹੁੰਦੀ ਹੈ, ਦਾ ਜਵਾਬ ਹੈ। ਨਾਵਲ ਲਿਖਦੇ ਸਮੇਂ ਮੇਰੇ ਜ਼ਿਹਨ ਵਿਚ ਇਕ ਸਧਾਰਨ ਪਾਠਕ ਤੋਂ ਲੈ ਕੇ ਉੱਚ-ਕੋਟੀ ਦੇ ਚਿੰਤਕ ਤਕ ਦਾ ਧਿਆਨ ਹੁੰਦਾ ਹੈ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੇਰਾ ਨਾਵਲ ਬੂਟ ਪਾਲਿਸ਼ ਕਰਨ ਵਾਲੇ ਮੁੰਡੂ ਤੋਂ ਲੈ ਕੇ ਗਹਿਰ ਗੰਭੀਰ ਚਿੰਤਕ ਤਕ ਨੂੰ ਸਮਝ ਆਵੇ ਅਤੇ ਉਸ ਨੂੰ ਆਪਣੀ ਲੋੜ ਮੁਤਾਬਕ ਗਿਆਨ ਹਾਸਿਲ ਹੋਵੇ। ਜਿਹੜੇ ਚਿੰਤਕ ਮੇਰੇ ਨਾਵਲਾਂ ਨੂੰ ਸਤਹੀ ਪੱਧਰ 'ਤੇ ਪੜ੍ਹਦੇ ਹਨ, ਉਨ੍ਹਾਂ ਨੂੰ ਜਾਪਦਾ ਹੈ ਕਿ ਮੇਰੇ ਨਾਵਲਾਂ ਵਿਚ ਕੇਵਲ ਤੱਥ ਪੇਸ਼ ਹੋਏ ਹਨ ਪਰ ਜਦੋਂ ਡਾਕਟਰ ਰਾਹੀ ਵਰਗੇ ਚਿੰਤਕ ਇਨ੍ਹਾਂ ਤੱਥਾਂ ਪਿੱਛੇ ਪਏ ਅਰਥਾਂ ਨੂੰ ਸਮਝਦੇ ਹਨ ਤਾਂ ਉਹ ਇਹੋ ਜਿਹੀ ਟਿੱਪਣੀ ਕਰਦੇ ਹਨ। ਉਨ੍ਹਾਂ ਦੀ ਇਹ ਟਿੱਪਣੀ, ਚਿੰਤਕਾਂ ਨੂੰ ਨਾਵਲ ਨੂੰ ਡੂੰਘਾਈ ਨਾਲ ਪੜ੍ਹਨ ਅਤੇ ਤੱਥਾਂ ਪਿੱਛੇ ਛੁਪੇ ਅਰਥਾਂ ਨੂੰ ਸਮਝਣ ਵੱਲ ਦਾ ਇਸ਼ਾਰਾ ਕਰਦੀ ਹੈ।

? ***ਕੌਰਵ ਸਭਾ** ਵਿਚ ਜੇਲ੍ਹ ਅੰਦਰਲੇ ਜੀਵਨ ਦਾ ਵਰਣਨ ਮੌਜੂਦ ਹੈ। ਕੀ ਇਹ ਨਾਵਲ ਲਿਖਦਿਆਂ **ਸੁਧਾਰ ਘਰ** ਦੀ ਯੋਜਨਾ ਵੀ ਤੁਹਾਡੇ ਜ਼ਿਹਨ ਵਿਚ ਕੰਮ ਕਰ ਰਹੀ ਸੀ ?*

- **ਸੁਧਾਰ ਘਰ** ਨਾਵਲ ਲਿਖਣ ਦੀ ਯੋਜਨਾ ਕਰੀਬ 12 ਸਾਲ ਪਹਿਲਾਂ ਬਣ ਚੁੱਕੀ ਸੀ। **ਕੌਰਵ ਸਭਾ** ਨਾਵਲ ਦੀ ਯੋਜਨਾ ਇਸ ਤੋਂ ਕਈ ਸਾਲ ਬਾਅਦ ਬਣੀ। **ਕੌਰਵ ਸਭਾ** ਨਾਵਲ ਵਿਚ ਕੇਵਲ ਓਨੇ ਕੁ ਜੀਵਨ ਦਾ ਜ਼ਿਕਰ ਕੀਤਾ ਗਿਆ ਹੈ, ਜਿੰਨਾ ਕੁ ਜ਼ਰੂਰੀ ਸੀ। ਵਿਸਤ੍ਰਿਤ ਜਾਣਕਾਰੀ **ਸੁਧਾਰ ਘਰ** ਲਈ ਛੱਡ ਦਿੱਤੀ ਗਈ ਸੀ।

? ***ਕੌਰਵ ਸਭਾ** ਸੰਬੰਧੀ ਹੋਈ ਸਮੁੱਚੀ ਚਰਚਾ ਅਤੇ ਇਸ ਨਾਵਲ ਦੇ ਸੰਗਠਨ ਨੂੰ ਧਿਆਨ ਵਿਚ ਰੱਖ ਕੇ ਇਸ ਨੂੰ ਤੁਸੀਂ ਕਿਨ੍ਹਾਂ ਪੈਮਾਨਿਆਂ ਉੱਪਰ ਪਰਖਣ ਦਾ ਮਸ਼ਵਰਾ ਦਿੰਦੇ ਹੋ ?*

- **ਕੌਰਵ ਸਭਾ** ਨਾਵਲ ਉੱਪਰ ਭਰਪੂਰ ਚਰਚਾ ਹੋਈ ਹੈ। ਹੁਣ ਤਕ ਪ੍ਰਬੁੱਧ ਚਿੰਤਕਾਂ ਵੱਲੋਂ ਨਾਵਲ ਦੀਆਂ ਵੱਖ-ਵੱਖ ਪਰਤਾਂ ਨੂੰ ਉਧੇੜ ਕੇ ਕਰੀਬ 50 ਖੋਜ ਪੱਤਰ ਲਿਖੇ ਜਾ ਚੁੱਕੇ ਹਨ। ਜਿਨ੍ਹਾਂ ਦੀ ਸੰਪਾਦਨਾ ਦੋ ਪੁਸਤਕਾਂ **ਕੌਰਵ ਸਭਾ ਦਾ ਆਲੋਚਨਾਤਕ ਵਿਸ਼ਲੇਸ਼ਣ** (ਸੰਪਾਦਕ ਡਾ. ਸੁਖਦੇਵ ਸਿੰਘ ਖਹਿਰਾ) ਅਤੇ **ਕੌਰਵ ਸਭਾ ਦੀਆਂ ਪਰਤਾਂ** (ਸੰਪਾਦਕ ਡਾ. ਹਰਿਭਜਨ ਸਿੰਘ ਭਾਟੀਆ) ਵਿਚ ਸ਼ਾਮਲ ਹਨ। ਸ੍ਰੀ ਅਮਰਜੀਤ ਸਿੰਘ ਗਰੇਵਾਲ ਨੇ ਪੂਰੀ ਪੁਸਤਕ ਇਸ ਨਾਵਲ ਨੂੰ ਪ੍ਰਸੰਗ ਵਿਚ ਰੱਖ ਕੇ ਲਿਖੀ ਹੈ। ਇਸ ਨਾਵਲ ਵਿਚ ਜ਼ਿੰਦਗੀ ਦੇ ਲਗਪਗ

ਹਰ ਪਹਿਲੂ ਨੂੰ ਛੋਹਿਆ ਗਿਆ ਹੈ। **ਕੌਰਵ ਸਭਾ** ਦਾ ਅਧਿਐਨ ਹੋਰ ਸਮਾਜਿਕ ਵਿਸ਼ਿਆਂ ਨੂੰ ਗਹਿਰਾਈ ਨਾਲ ਸਮਝਣ ਲਈ ਵੀ ਕੀਤਾ ਜਾ ਰਿਹਾ ਹੈ। ਪੁਲਿਸ ਵਾਲੇ ਇਸ ਨਾਵਲ ਦਾ ਪਾਠ ਕਹਾਣੀ ਦੀ ਥਾਂ ਪੁਲਿਸ ਪ੍ਰਬੰਧ ਵਿਚਲੀਆਂ ਕਮਜ਼ੋਰੀਆਂ ਨੂੰ ਸਮਝਣ ਲਈ ਕਰ ਰਹੇ ਹਨ। ਨਿਆਂਪਾਲਿਕਾ ਵਾਲੇ ਆਪਣੇ ਪ੍ਰਬੰਧ ਦੀਆਂ ਕਮਜ਼ੋਰੀਆਂ ਲਈ। ਰਾਜਨੀਤੀ ਦੇ ਮਾਹਿਰ ਰਾਜਨੀਤਕ ਚਾਲਾਂ ਨੂੰ ਅਤੇ ਸਮਾਜ ਸ਼ਾਸਤਰੀ ਸਮਾਜਿਕ ਰਿਸ਼ਤਿਆਂ ਵਿਚ ਹੋ ਰਹੀ ਟੁੱਟ-ਭੱਜ ਨੂੰ ਸਮਝਣ ਲਈ। ਸ਼ੈਕਸਪੀਅਰ ਦੇ ਨਾਟਕ ਕਈ ਸਦੀਆਂ ਪੁਰਾਣੇ ਹਨ। ਉਨ੍ਹਾਂ ਉੱਪਰ ਅੱਜ ਵੀ ਸੈਂਕੜੇ ਖੋਜ ਪੱਤਰ ਲਿਖੇ ਜਾ ਰਹੇ ਹਨ। ਅੱਗੇ ਵੀ ਲਿਖੇ ਜਾਣਗੇ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਇਸ ਨਾਵਲ ਵਿਚ ਗਿਆਨ ਦੇ ਬਹੁਤ ਸਾਰੇ ਖ਼ਜ਼ਾਨੇ ਛੁਪੇ ਹਨ। ਨਵੇਂ ਨਵੇਂ ਪੈਮਾਨੇ ਬਣਦੇ ਰਹਿਣਗੇ ਅਤੇ ਉਨ੍ਹਾਂ ਦੇ ਆਧਾਰ 'ਤੇ **ਕੌਰਵ ਸਭਾ** ਦੀ ਪਰਖ ਹੁੰਦੀ ਰਹੇਗੀ।

? *ਤੁਸਾਂ ਪੂੰਜੀਵਾਦੀ ਨਿਜਾਮ ਅਨੁਸਾਰ ਢਲੇ ਮਨੁੱਖ ਦੇ ਧੁਰ-ਡੂੰਘ ਨੂੰ ਖ਼ੂਬ ਚਿਤਰਿਆ ਹੈ ਪਰ ਇਹ ਦੱਸੋ ਕਿ ਇਕ ਪਾਸੇ ਇਸ ਪ੍ਰਬੰਧ ਦਾ ਮਕੜਾ-ਜਾਲ ਹੈ ਅਤੇ ਦੂਸਰੇ ਪਾਸੇ ਸਾਡਾ ਸੰਘਰਸ਼ ਦਾ ਸੁਪਨਾ—ਸਥਿਤੀ ਦੇ ਪ੍ਰਤੱਖਣ ਤੋਂ ਅਗਾਂਹ ਗੱਲ ਕਦੋਂ ਸਰਕੇਗੀ ? ਕੀ ਸਰਕੇਗੀ ਵੀ ?*

- ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ, ਇਹ ਸਮਾਂ ਪੂੰਜੀਵਾਦੀ ਅਤੇ ਇਸ ਦੇ ਮਾਰੂ ਸਿੱਟਿਆਂ ਦੇ ਵਿਸਥਾਰ ਦਾ ਹੈ ਪਰ ਨਿਰਾਸ਼ ਹੋਣ ਵਾਲੀ ਕੋਈ ਗੱਲ ਨਹੀਂ ਹੈ। ਵਿਸ਼ਵ-ਪੱਧਰ 'ਤੇ ਵੀ ਅਤੇ ਸਾਡੇ ਦੇਸ਼ ਵਿਚ ਵੀ ਇਸ ਵਰਤਾਰੇ ਨਾਲ ਟੱਕਰ ਲੈਣ ਵਾਲੀਆਂ ਸ਼ਕਤੀਆਂ ਗਠਤ ਹੋ ਰਹੀਆਂ ਹਨ। ਜਲਦੀ ਹੀ ਸਮਾਂ ਬਦਲਣ ਵਾਲਾ ਹੈ।

? *ਇਕੋ ਥੀਮ (ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਨਸ਼ਰ ਕਰਨਾ) ਨੂੰ ਕੇਂਦਰ ਵਿਚ ਟਿਕਾਅ ਕੇ ਫਿਰ ਤੁਸੀਂ ਦੁਹਰਾਓ ਤੋਂ ਕਿਵੇਂ ਬਚਦੇ ਹੋ ?*

- 'ਸਟੇਟ' ਗਲਪ ਲਈ ਅਛੂਤਾ ਵਿਸ਼ਾ ਹੈ। ਜੇ ਕਿਰਸਾਨੀ, ਵਰਜਿਤ-ਰਿਸ਼ਤਿਆਂ ਅਤੇ ਮੱਧਵਰਗ ਉੱਪਰ ਹਜ਼ਾਰਾਂ ਨਾਵਲ-ਕਹਾਣੀਆਂ ਲਿਖੀਆਂ ਜਾ ਸਕਦੀਆਂ ਹਨ ਤਾਂ ਸਟੇਟ ਦੇ ਭਿੰਨ-ਭਿੰਨ ਅੰਗਾਂ ਉੱਪਰ ਕਿਉਂ ਨਹੀਂ ? ਆਪਣੇ ਗੰਭੀਰ ਅਧਿਐਨ ਅਤੇ ਵਿਸ਼ਾਲ ਅਨੁਭਵ ਦੇ ਆਧਾਰ 'ਤੇ ਮੈਂ ਵੀ ਬਿਨਾ ਇਕ ਸਤਰ ਦੁਹਰਾਏ, ਸਟੇਟ ਤੇ ਦਰਜਨਾਂ ਨਾਵਲ ਲਿਖ ਸਕਦਾ ਹਾਂ।

? *ਜੇਲ੍ਹ ਜੀਵਨ ਬਾਰੇ ਲਿਖੇ ਹੋਰ ਸਾਹਿਤ ਨਾਲੋਂ ਵੱਖਰਾ ਲਿਖਣ ਦੀ ਯੋਜਨਾ ਕਿਸ ਤਰ੍ਹਾਂ ਬਣੀ ? ਨਾਲੇ ਇਸ ਨਾਵਲ **ਸੁਧਾਰ ਘਰ** ਦੀ ਰਚਨਾ ਪ੍ਰਕਿਰਿਆ ਬਾਰੇ ਵੀ ਕੁਝ ਦੱਸੋ।*

- ਇਕ ਸਰਕਾਰੀ ਵਕੀਲ ਹੋਣ ਦੇ ਨਾਤੇ ਮੇਰਾ ਜ਼ਿਆਦਾ ਵਾਹ ਪੀੜਤ ਧਿਰ

ਨਾਲ ਪੈਂਦਾ ਹੈ। ਜੇਲ੍ਹ ਵਿਚ ਕੈਦੀਆਂ ਨੂੰ ਛੁੱਟੀਆਂ, ਸਿਹਤ, ਕਿੱਤਾ ਅਤੇ ਕਾਨੂੰਨੀ ਸਹਾਇਤਾ ਆਦਿ ਸਹੂਲਤਾਂ ਮਿਲਦੀਆਂ ਰਹਿੰਦੀਆਂ ਹਨ। ਪੀੜਤ ਧਿਰ ਨੂੰ ਇਨ੍ਹਾਂ ਸਹੂਲਤਾਂ 'ਤੇ ਇਤਰਾਜ਼ ਹੁੰਦਾ ਹੈ। ਮੈਨੂੰ ਵੀ ਇਹੋ ਲੱਗਦਾ ਰਹਿੰਦਾ ਸੀ ਕਿ ਕੈਦੀਆਂ ਨੂੰ ਲੋੜ ਨਾਲੋਂ ਵੱਧ ਸਹੂਲਤਾਂ ਮਿਲ ਰਹੀਆਂ ਹਨ ਅਤੇ ਇਸ ਕਾਰਨ ਪੀੜਤ ਧਿਰ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ। ਮੇਰਾ ਵਿਚਾਰ ਸੀ ਕਿ ਕੈਦੀਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਮੇਰੇ ਦਿਮਾਗ਼ ਵਿਚ ਨਾਵਲ ਦੀ ਜੋ ਰੂਪਰੇਖਾ ਪਹਿਲਾਂ ਬਣੀ ਸੀ ਉਹ ਕੈਦੀਆਂ ਨੂੰ ਮਿਲਦੀਆਂ ਸਹੂਲਤਾਂ ਉੱਤੇ ਕਟਾਖਸ਼ ਕਰਨ ਦੀ ਸੀ। ਜੇਲ੍ਹ ਜੀਵਨ ਬਾਰੇ ਅਧਿਐਨ ਕਰਦੇ-ਕਰਦੇ ਮੇਰੇ ਹੱਥ ਸੁਪਰੀਮ ਕੋਰਟ ਦੇ ਦੋ ਮਹੱਤਵਪੂਰਨ ਫ਼ੈਸਲੇ ਲੱਗ ਗਏ। ਇਨ੍ਹਾਂ ਫ਼ੈਸਲਿਆਂ ਦੇ ਨਾਂ ਹਨ 'ਸੁਨੀਤਾ ਬੱਤਰਾ ਬਨਾਮ ਦਿੱਲੀ ਪ੍ਰਸ਼ਾਸਨ'। ਪਹਿਲਾ ਫ਼ੈਸਲਾ 1978 ਵਿਚ ਹੋਇਆ ਸੀ ਅਤੇ ਦੂਸਰਾ 1980 ਵਿਚ। ਸੁਪਰੀਮ ਕੋਰਟ ਦੇ ਇਕ ਜੱਜ ਜਸਟਿਸ ਕ੍ਰਿਸ਼ਨਾ ਆਈਅਰ ਆਪਣੇ ਕ੍ਰਾਂਤੀਕਾਰੀ ਫ਼ੈਸਲਿਆਂ ਲਈ ਪ੍ਰਸਿੱਧ ਹਨ। ਇਹ ਫ਼ੈਸਲੇ ਵੀ ਉਨ੍ਹਾਂ ਦੀ ਕਲਮ ਦੁਆਰਾ ਹੀ ਲਿਖੇ ਗਏ ਹਨ। ਕੈਦੀਆਂ ਦੇ ਨਰਕ ਵਰਗੇ ਜੀਵਨ ਸੰਬੰਧੀ ਲਿਖੇ ਇਹ ਤਰਕਸੰਗਤ ਫ਼ੈਸਲੇ ਪੜ੍ਹ ਕੇ ਮੇਰੇ ਰੋਂਗਟੇ ਖੜ੍ਹੇ ਹੋ ਗਏ ਅਤੇ ਮੇਰੇ ਵਿਚਾਰਾਂ ਨੇ ਪੂਰੀ ਤਰ੍ਹਾਂ ਪਲਟਾ ਖਾਧਾ। ਮੈਨੂੰ ਗਿਆਨ ਹੋਇਆ ਕਿ ਮਿਲ ਰਹੀਆਂ ਸਹੂਲਤਾਂ ਦਾ ਆਨੰਦ ਕੁਝ ਕੁ ਸਾਧਨ-ਸੰਪੰਨ ਲੋਕ ਹੀ ਮਾਣ ਰਹੇ ਹਨ। ਬਾਕੀ ਕੈਦੀ ਤਾਂ ਗੰਦਗੀ ਦੇ ਕੀੜਿਆਂ ਵਾਂਗ ਰਹਿ ਰਹੇ ਹਨ। ਪਹਿਲੀ ਯੋਜਨਾ ਨੂੰ ਤਰਕ ਕਰਕੇ ਮੈਂ ਨਵੀਂ ਯੋਜਨਾ ਉਲੀਕੀ। ਨਵੀਂ ਰੂਪਰੇਖਾ ਵਿਚ ਸਾਧਨਹੀਣ ਕੈਦੀਆਂ ਦੇ ਦੁੱਖਾਂ ਦਰਦਾਂ ਦੀ ਪੇਸ਼ਕਾਰੀ ਭਾਰੂ ਹੋਈ। ਨਵੇਂ ਤੱਥ ਇਕੱਠੇ ਕੀਤੇ। ਕਹਾਣੀ ਅਤੇ ਪਾਤਰਾਂ ਵਿਚ ਪਰਿਵਰਤਨ ਕੀਤਾ। ਇੰਜ ਹਥਲੇ ਨਾਵਲ ਦਾ ਬਿਰਤਾਂਤ ਹੋਂਦ ਵਿਚ ਆਇਆ। ਇੰਜ ਸੁਪਰੀਮ ਕੋਰਟ ਦੇ ਇਕ ਫ਼ੈਸਲੇ ਨੇ ਮੇਰਾ ਸਭ ਕੁਝ ਬਦਲ ਦਿੱਤਾ।

ਮਨੋਵਿਗਿਆਨ ਇਹ ਮੰਨ ਕੇ ਚੱਲਦਾ ਹੈ ਕਿ ਵਿਅਕਤੀ ਵਿਸ਼ੇਸ਼ ਪਰਿਸਥਿਤੀਆਂ ਦੇ ਦਬਾਅ ਹੇਠ ਆ ਕੇ ਜੁਰਮ ਕਰਦਾ ਹੈ। ਪਰਿਸਥਿਤੀਆਂ ਮਾਨਸਿਕ, ਸਮਾਜਿਕ ਜਾਂ ਆਰਥਿਕ ਕੋਈ ਵੀ ਹੋ ਸਕਦੀਆਂ ਹਨ। ਜੇਲ੍ਹ ਨਿਯਮ ਮੰਗ ਕਰਦੇ ਹਨ ਕਿ ਕੈਦੀ ਨੂੰ ਇਕ ਰੋਗੀ ਦੇ ਤੌਰ 'ਤੇ ਲਿਆ ਜਾਵੇ, ਉਸ ਦੀਆਂ ਸਮੱਸਿਆਵਾਂ ਨੂੰ ਸਮਝਿਆ ਜਾਵੇ ਅਤੇ ਫਿਰ ਉਨ੍ਹਾਂ ਦਾ ਹੱਲ ਕੀਤਾ ਜਾਵੇ। ਜੇਲ੍ਹ ਵਿਚ ਕੈਦੀ ਨੂੰ ਸੁਧਰਨ ਦੇ ਮੌਕੇ ਦਿੱਤੇ ਜਾਣ ਅਤੇ ਉਸ ਨੂੰ ਇਕ ਚੰਗਾ ਸ਼ਹਿਰੀ ਬਣਾ ਕੇ ਬਾਹਰ ਭੇਜਿਆ ਜਾਵੇ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਜੇਲ੍ਹ ਅਧਿਕਾਰੀ ਅਤੇ ਕਰਮਚਾਰੀ ਮਨੋ-ਵਿਗਿਆਨਕ, ਸਿਹਤ ਵਿਗਿਆਨ ਅਤੇ ਤਣਾਅ ਵਿਗਿਆਨ ਤੋਂ ਵਾਕਫ਼ ਹੋਣ, ਆਪਣੇ ਕਿੱਤੇ ਦੀਆਂ ਬਾਰੀਕੀਆਂ ਤੋਂ ਜਾਣੂ ਹੋਣ ਅਤੇ

ਚੰਗਾ ਵੇਤਨ ਪਾਉਂਦੇ ਹੋਣ। ਪਰ ਮੇਰੇ ਅਨੁਭਵ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਵਾਪਰ ਇਸ ਦੇ ਉਲਟ ਰਿਹਾ ਹੈ। ਸੁਨੀਲ ਬੱਤਰਾ ਵਾਲੇ ਕੇਸ ਵਿਚ ਸੁਪਰੀਮ ਕੋਰਟ ਨੇ ਦਿੱਲੀ ਪ੍ਰਸਾਸ਼ਨ ਨੂੰ ਆਪਣੇ ਪੱਖ ਪੇਸ਼ ਕਰਨ ਅਤੇ ਜੇਲ੍ਹ ਸੁਧਾਰਾਂ ਵਿਚ ਉਨ੍ਹਾਂ ਨੂੰ ਪੇਸ਼ ਆਉਂਦੀਆਂ ਔਕੜਾਂ ਦੱਸਣ ਲਈ ਆਖਿਆ ਸੀ। ਦਿੱਲੀ ਪ੍ਰਸ਼ਾਸਨ ਨੇ ਖੁੱਲ੍ਹ ਕੇ ਆਪਣੇ ਦੁੱਖ ਰੋਏ ਸਨ। ਬਜਟ, ਸਿੱਖਿਆ, ਉਚਿਤ ਵੇਤਨ ਦੀ ਘਾਟ ਦੇ ਨਾਲ-ਨਾਲ ਉਨ੍ਹਾਂ ਦੇ ਕਰਮਚਾਰੀਆਂ ਦੀ ਘਾਟ ਅਤੇ ਬੈਰਕਾਂ ਦੀ ਘਾਟ ਆਦਿ ਦਾ ਜ਼ਿਕਰ ਕੀਤਾ ਸੀ। ਆਪਣੇ ਅਹੁਦੇ ਕਾਰਨ ਮੈਨੂੰ ਜੇਲ੍ਹ ਅਧਿਕਾਰੀਆਂ ਨਾਲ ਮਿਲ ਬੈਠਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਸਮਝਣ ਦਾ ਮੌਕਾ ਮਿਲਦਾ ਰਹਿੰਦਾ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਮੁੜ ਜੇਲ੍ਹ ਅਧਿਕਾਰੀ ਨਾਲ ਮੁਲਾਕਾਤਾਂ ਕੀਤੀਆਂ ਅਤੇ ਸਿੱਟਾ ਕੱਢਿਆ ਕਿ ਕੰਮ ਦੀ ਬਹੁਤਾਤ, ਵੇਤਨ ਅਤੇ ਉਚਿਤ ਸਿਖਲਾਈ ਦੀ ਘਾਟ ਕਾਰਨ ਜੇਲ੍ਹ ਅਧਿਕਾਰੀ ਖ਼ੁਦ ਮਾਨਸਿਕ ਤਣਾਅ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਆਪਣੀ ਪੱਗ ਅਤੇ ਕੁਰਸੀ ਬਚਾਉਣ ਦਾ ਫ਼ਿਕਰ ਲੱਗਾ ਰਹਿੰਦਾ ਹੈ। ਅਜਿਹੇ ਹਾਲਾਤ ਵਿਚ ਕੋਈ ਕਰਮਚਾਰੀ ਕੈਦੀਆਂ ਦੀਆਂ ਸਮੱਸਿਆਵਾਂ ਕਿਸ ਤਰ੍ਹਾਂ ਸੁਲਝਾ ਸਕਦਾ ਹੈ। ਮੈਨੂੰ ਜੇਲ੍ਹ ਜੀਵਨ ਬਾਰੇ ਨਵਾਂ ਲਿਖਣ ਦਾ ਮਸਾਲਾ ਮਿਲ ਗਿਆ। ਮੈਂ ਜੇਲ੍ਹ ਪ੍ਰਸ਼ਾਸਨ ਨਾਲ ਜੁੜੇ ਵਿਅਕਤੀਆਂ ਦੀਆਂ ਸਮੱਸਿਆਵਾਂ ਨੂੰ ਵੀ ਨਾਵਲ ਵਿਚ ਸ਼ਿੱਦਤ ਨਾਲ ਪੇਸ਼ ਕਰਨ ਦਾ ਮਨ ਬਣਾ ਲਿਆ। ਮੇਰੇ ਅਧਿਐਨ ਦਾ ਇਹ ਸਿੱਟਾ ਨਿਕਲਿਆ ਕਿ ਕੈਦੀਆਂ ਉੱਪਰ ਹੁੰਦੇ ਅੱਤਿਆਚਾਰਾਂ ਲਈ ਵਿਅਕਤੀ ਦੀ ਥਾਂ ਸਰਕਾਰਾਂ ਜ਼ਿੰਮੇਵਾਰ ਹਨ। ਇਸ ਕੁਸ਼ਾਸ਼ਨ ਦਾ ਜ਼ਿੰਮੇਵਾਰ ਸਮੁੱਚਾ ਰਾਜਨੀਤਕ ਢਾਂਚਾ ਹੈ। **ਸੁਧਾਰ ਘਰ** ਤੋਂ ਪਹਿਲਾਂ ਲਿਖਿਆ ਗਿਆ ਸਾਹਿਤ ਮੈਨੂੰ ਇਕ ਪਾਸੜ ਲੱਗਾ। ਉਹ ਕੇਵਲ ਕੈਦੀਆਂ ਦੇ ਨਜ਼ਰੀਏ ਤੋਂ ਲਿਖਿਆ ਗਿਆ ਸੀ। ਉਸ ਵਿਚ ਜੇਲ੍ਹ ਕਰਮਚਾਰੀਆਂ ਨੂੰ ਜ਼ਾਲਮ ਦਿਖਾਇਆ ਗਿਆ ਸੀ। ਮੈਂ ਸਟੇਟ ਵੱਲ ਉਂਗਲ ਉਠਾਈ।

ਇਸ ਤਰ੍ਹਾਂ ਮੈਂ ਕੈਦੀਆਂ ਦੇ ਨਾਲ-ਨਾਲ ਜੇਲ੍ਹ ਕਰਮਚਾਰੀਆਂ ਦੀਆਂ ਸਮੱਸਿਆਵਾਂ ਪੇਸ਼ ਕਰਕੇ ਨਵੀਨਤਾ ਪੇਸ਼ ਕਰਨ ਦਾ ਯਤਨ ਕੀਤਾ ਹੈ। ਨਾਲ ਹੀ ਸਮੱਸਿਆ ਦੀ ਅਸਲ ਜੜ੍ਹ (ਸਟੇਟ) ਵੱਲ ਇਸ਼ਾਰਾ ਵੀ ਕੀਤਾ ਹੈ।

? *__ਤਫ਼ਤੀਸ਼__ 1990 ਵਿਚ ਛਪਿਆ ਅਤੇ __ਕਟਹਿਰਾ__ 1993 ਵਿਚ। __ਸੁਧਾਰ ਘਰ__ ਹੁਣ 2006 ਵਿਚ ਛਪਿਆ ਹੈ। 13 ਸਾਲ ਦੇ ਇਸ ਵਕਫ਼ੇ ਦਾ ਕੀ ਕਾਰਨ ਹੈ?*

• ਇਸ ਦੇ ਕਈ ਕਾਰਨ ਹਨ। ਪਹਿਲਾ ਕਾਰਨ ਇਹ ਹੈ ਕਿ **ਕਟਹਿਰਾ** ਨਾਵਲ ਵਿਚ ਪਾਲੇ ਅਤੇ ਮੀਤੇ ਨੂੰ ਮੌਤ (ਜਦੋਂ ਇਸ ਨਾਵਲ ਨੂੰ **ਸੁਧਾਰ ਘਰ** ਦੀ ਪਹਿਲੀ ਲੜੀ ਦੇ ਤੌਰ 'ਤੇ ਪੜ੍ਹਿਆ ਜਾਣਾ ਹੈ ਤਾਂ ਉਮਰ ਕੈਦ) ਦੀ ਸਜ਼ਾ ਹੁੰਦੀ ਹੈ।

ਉਮਰ ਕੈਦ ਵਾਲੇ ਕੈਦੀ ਨੂੰ ਘੱਟੋ ਘੱਟ ਦਸ ਸਾਲ ਜੇਲ੍ਹ ਵਿਚ ਰਹਿਣਾ ਪੈਂਦਾ ਹੈ। ਇਹ ਨਾਵਲ ਲੜੀ ਸਮੇਂ ਦੇ ਨਾਲ-ਨਾਲ ਚੱਲਦੀ ਹੈ। ਸਾਲ 1993 ਵਿਚ ਹੋਈ ਸਜ਼ਾ ਨੇ 2003 ਵਿਚ ਮੁੱਕਣਾ ਸੀ। ਇਨ੍ਹਾਂ ਦਸ ਸਾਲਾਂ ਵਿਚ ਪੰਜਾਬ ਦੇ ਹਾਲਾਤ ਨੇ ਕੀ ਕਰਵਟ ਲੈਣੀ ਸੀ ? ਇਸ ਬਾਰੇ ਕਲਪਨਾ ਕਰਨੀ ਅਸੰਭਵ ਸੀ। ਇਸ ਲਈ ਘੱਟੋ ਘੱਟ ਦਸ ਸਾਲ ਬੀਤ ਜਾਣ ਦਾ ਇੰਤਜ਼ਾਰ ਕਰਨਾ ਜ਼ਰੂਰੀ ਸੀ।

ਦੂਸਰਾ ਕਾਰਨ ਇਹ ਸੀ ਕਿ ਦੁਨੀਆ ਦੀ ਲਗਪਗ ਹਰ ਭਾਸ਼ਾ ਵਿਚ ਜੇਲ੍ਹ ਜੀਵਨ ਬਾਰੇ ਪਹਿਲਾਂ ਹੀ ਬਹੁਤ ਸਾਰਾ ਸਾਹਿਤ ਰਚਿਆ ਜਾ ਚੁੱਕਾ ਹੈ। ਮੈਂ ਨਵਾਂ ਕੀ ਲਿਖਾਂਗਾ ? ਇਹ ਸੋਚ ਰਾਵਣ ਵਾਂਗ ਸਵੰਬਰ ਵਿਚ ਜਾਣ ਤੋਂ ਡਰ ਲੱਗਦਾ ਰਹਿੰਦਾ ਸੀ। ਨਾ ਜੇਲ੍ਹ ਅੰਦਰਲੇ ਜੀਵਨ ਦਾ ਤਜਰਬਾ ਸੀ, ਨਾ ਅੰਦਰ ਵਰਤੀ ਜਾਂਦੀ ਵਿਸ਼ੇਸ਼ ਸ਼ਬਦਾਵਲੀ ਦਾ। ਅਨੁਭਵ ਦੀ ਕਮੀ ਕਾਰਨ ਤੀਸਰੀ ਕੜੀ ਉੱਤੇ ਆ ਕੇ ਕਲਮ ਅਟਕ ਜਾਂਦੀ ਸੀ। **ਕੌਰਵ ਸਭਾ** ਦੀ ਸਫਲਤਾ ਤੋਂ ਬਾਅਦ ਕੁਝ ਸੁਹਿਰਦ ਦੋਸਤ-ਮਿੱਤਰ (ਜਿਨ੍ਹਾਂ ਵਿਚੋਂ ਤੁਸੀਂ ਅਤੇ ਡਾ. ਕੇਸਰ ਸਿੰਘ ਵਿਸ਼ੇਸ਼ ਜ਼ਿਕਰਯੋਗ ਹਨ) ਪ੍ਰੇਰਨ ਲੱਗੇ ਕਿ ਅਧੂਰੀ ਪਈ ਲੜੀ ਮੁਕੰਮਲ ਕਰੋ। ਤੁਹਾਨੂੰ ਯਾਦ ਹੋਵੇਗਾ ਕਿ 25 ਜਨਵਰੀ 2006 ਨੂੰ ਸ੍ਰੀ ਵਰਿੰਦਰ ਵਾਲੀਆ (ਸੀਨੀਅਰ ਪੱਤਰਕਾਰ) ਨਾਲ ਤੁਹਾਡੇ ਘਰ ਮੁਲਾਕਾਤ ਹੋਈ ਸੀ। ਗੱਲਾਂ ਗੱਲਾਂ ਵਿਚ ਉਨ੍ਹਾਂ ਨੇ ਮੈਥੋਂ ਅਗਲੀ ਯੋਜਨਾ ਬਾਰੇ ਪੁੱਛਿਆ। ਮੈਂ **ਸੁਧਾਰ ਘਰ** ਦਾ ਜ਼ਿਕਰ ਕੀਤਾ। ਅਗਲੇ ਦਿਨ ਉਨ੍ਹਾਂ ਨੇ ਉਸ ਗੱਲਬਾਤ ਦੇ ਕੁਝ ਅੰਸ਼ ਅੰਗਰੇਜ਼ੀ ਟ੍ਰਿਬਿਊਨ ਵਿਚ ਛਾਪ ਦਿੱਤੇ। ਇੰਟਰਵਿਊ ਛਪਦੇ ਹੀ ਧੜਾ-ਧੜਾ ਫ਼ੋਨ ਆਉਣ ਲੱਗੇ। ਕੋਈ ਪੁੱਛਦਾ ਇਹ ਨਾਵਲ ਕਦੋਂ ਛਪੇਗਾ ? ਕੋਈ ਪੁੱਛਦਾ ਇਹ ਨਾਵਲ ਕਿੱਥੋਂ ਮਿਲੇਗਾ ? ਮੈਨੂੰ ਆਪਣੇ ਅੰਦਰ ਛੁਪੀ ਅਦੁੱਤੀ ਸ਼ਕਤੀ ਦਾ ਅਹਿਸਾਸ ਹੋਇਆ। ਝੱਟ ਮੈਂ ਹਨੂੰਮਾਨ ਵਾਂਗ ਛਾਲ ਮਾਰ ਕੇ ਸਮੁੰਦਰ ਟੱਪਣ ਦਾ ਮਨ ਬਣਾ ਲਿਆ।

? *ਅਨੁਭਵ ਦੀ ਘਾਟ ਨੂੰ ਕਿਵੇਂ ਪੂਰਾ ਕੀਤਾ ?*

- ਮੇਰੀ ਇਸ ਸਮੱਸਿਆ ਨੂੰ ਸੁਲਝਾਇਆ ਮੇਰੇ ਗਰਾਈਂ ਮਿੱਤਰ ਜਗਦੀਸ਼ ਕੁਮਾਰ ਮਿੱਤਲ, ਆਈ.ਪੀ.ਐੱਸ. ਨੇ। ਉਨ੍ਹਾਂ ਨੇ ਮੈਨੂੰ ਕਈ ਜੇਲ੍ਹਾਂ ਦਾ ਦੌਰਾ ਕਰਾਇਆ, ਜੇਲ੍ਹ ਬਣਤਰ ਅਤੇ ਜੇਲ੍ਹ ਜੀਵਨ ਤੋਂ ਵਾਕਫ਼ ਕਰਵਾਇਆ। ਇਕ ਹੋਰ ਮਿੱਤਰ ਮਾਸਟਰ ਝੱਜ ਦਸ ਸਾਲ ਜੇਲ੍ਹ ਜੀਵਨ ਦੀ ਕਠੋਰਤਾ ਹੱਡਾਂ 'ਤੇ ਹੰਢਾਅ ਚੁੱਕੇ ਹਨ। ਲੰਮੀਆਂ ਮੁਲਾਕਾਤਾਂ ਕਰ-ਕਰ ਉਨ੍ਹਾਂ ਮੇਰੀ ਵਾਕਫ਼ੀਅਤ ਦੇ ਖੱਪਿਆਂ ਨੂੰ ਪੂਰਿਆ। ਕਈ ਪੇਸ਼ੀ ਭੁਗਤਨ ਆਉਂਦੇ ਕੈਦੀਆਂ ਨੂੰ ਮੈਂ ਆਪਣੇ ਦਫ਼ਤਰ ਬੁਲਾ ਕੇ ਕੋਲ ਬਿਠਾਇਆ ਅਤੇ ਉਨ੍ਹਾਂ ਨੂੰ ਮਹੱਤਵਪੂਰਨ ਜਾਣਕਾਰੀ ਹਾਸਲ ਕੀਤੀ।

? ***ਸੁਧਾਰ ਘਰ** ਨਾਵਲ ਵਿਚ ਸੈਂਕੜੇ ਕੈਦੀਆਂ ਦੇ ਪਿਛੋਕੜਾਂ ਦਾ ਜ਼ਿਕਰ ਹੈ ਅਤੇ*

*ਨਾਲੇ ਇਕ ਕੈਦੀ ਦਾ ਪਿਛੋਕੜ ਦੂਜੇ ਨਾਲੋਂ ਵੱਖ ਹੈ, ਇਹ ਵਖਰੇਵਾਂ ਪੇਸ਼ ਕਰਨ ਲਈ ਕਿੰਨੀ ਕੁ ਖੋਜ ਅਤੇ ਅਧਿਐਨ ਕਰਨਾ ਪਿਆ ?*

- ਲੰਮੀਆਂ ਸਜ਼ਾਵਾਂ ਆਮ ਤੌਰ 'ਤੇ ਤਿੰਨ ਚਾਰ ਕਿਸਮ ਦੇ ਮੁਜਰਿਮਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜਿਵੇਂ ਕਿ ਕਾਤਲ, ਬਲਾਤਕਾਰੀ ਜਾਂ ਸਮੱਗਲਰ। ਜਦੋਂ ਨਾਵਲ ਲਈ ਪਾਤਰਾਂ ਦੀ ਚੋਣ ਕਰਨ ਲੱਗਾ ਤਾਂ ਲੱਗਾ ਕਿ ਪਾਤਰ ਕਾਤਲਾਂ ਜਾਂ ਬਲਾਤਕਾਰੀਆਂ ਵਿਚੋਂ ਹੀ ਚੁਣਨੇ ਪੈਂਦੇ ਹਨ। ਇੰਝ ਬਿਰਤਾਂਤ ਜਾਂ ਦੋ-ਤਿੰਨ ਪਾਤਰਾਂ ਬਾਰੇ ਉਸਾਰਨਾ ਪੈਣਾ ਸੀ ਜਾਂ ਦੁਹਰਾਓ ਦਾ ਸ਼ਿਕਾਰ ਹੋਣਾ ਪੈਣਾ ਸੀ। ਨਾਵਲ ਨੂੰ ਅਰਥ-ਭਰਪੂਰ ਬਣਾਉਣ ਲਈ ਮੈਂ ਜੁਰਮ ਵਿਗਿਆਨ ਦਾ ਮੁੜ ਅਧਿਐਨ ਕੀਤਾ ਅਤੇ ਸਿੱਟਾ ਕੱਢਿਆ ਕਿ ਹਰ ਜੁਰਮ ਪਿੱਛੇ ਕਾਰਨ ਵੱਖਰਾ ਹੁੰਦਾ ਹੈ। ਓਪਰੀ ਨਜ਼ਰੇ ਭਾਵੇਂ ਕਾਰਨ ਇਕੋ ਜਿਹੇ ਲੱਗਦੇ ਹਨ। ਮੈਂ ਅਧਿਐਨ ਕਰਕੇ ਜੁਰਮਾਂ ਪਿਛਲੇ ਵੱਖ-ਵੱਖ ਕਾਰਨ ਲੱਭੇ ਅਤੇ ਉਨ੍ਹਾਂ ਦੁਆਲੇ ਕਹਾਣੀ ਦਾ 'ਤਾਣਾ-ਬਾਣਾ' ਬੁਣਿਆ। ਮੁਜਰਿਮਾਂ ਦੇ ਜਮਾਤੀ ਕਿਰਦਾਰਾਂ ਦਾ ਅਧਿਐਨ ਕੀਤਾ। ਉਨ੍ਹਾਂ ਦੇ ਵੱਖ-ਵੱਖ ਵਰਗ ਬਣਾਏ। ਇਕ ਵਰਗ ਦੇ ਲੋਕਾਂ ਨੂੰ ਇਕ ਬੈਰਕ ਵਿਚ ਬੰਦ ਕਰਕੇ ਉਨ੍ਹਾਂ ਦੇ ਜਮਾਤੀ ਪਿਛੋਕੜ, ਮੁਜਰਿਮ ਬਣਨ ਦੇ ਕਾਰਨ ਅਤੇ ਕਿਰਦਾਰ ਪੇਸ਼ ਕੀਤੇ। ਜਿਵੇਂ ਕਿ ਬਾਦਸ਼ਾਹ ਦੀ ਬੈਠਕ ਵਿਚ 'ਮੰਗਤੇ', ਪੰਛੀਆਂ ਦੀ ਬੈਰਕ ਵਿਚ ਲੁੰਪਨ, ਕੋਠੀ ਵਿਚ ਸਿਆਸੀ ਅਤੇ ਅਫ਼ਸਰਸ਼ਾਹ ਅਤੇ ਸਿੰਘਾਂ ਦੀ ਬੈਰਕ ਵਿਚ ਅੱਤਵਾਦੀ ਕੈਦੀ ਪੇਸ਼ ਕੀਤੇ। ਮੈਂ ਆਪਣੇ ਉਦੇਸ਼ ਵਿਚ ਸਫ਼ਲ ਹੋਇਆ ਹਾਂ ਜਾਂ ਨਹੀਂ, ਇਸ ਦਾ ਨਿਰਣਾ ਪਾਠਕਾਂ ਨੇ ਕਰਨਾ ਹੈ।

? *ਵਿਦਵਾਨਾਂ ਤੇ ਪਾਠਕਾਂ ਦੀ ਸਾਂਝੀ ਰਾਇ ਹੈ ਕਿ ਇਸ ਨਾਵਲ ਵਿਚ ਵੀ ਤੱਥਾਂ ਜਾਂ ਵੇਰਵਿਆਂ ਦੀ ਭਰਪੂਰਤਾ ਹੈ। ਕੀ ਤੁਸਾਂ ਤੱਥਾਂ ਜਾਂ ਵੇਰਵਿਆਂ ਨੂੰ ਘਟਨਾਵਾਂ ਦੇ ਬਦਲ ਵਜੋਂ ਵਰਤਦੇ ਹੋ ?*

- ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਨਾਵਲ ਵਿਚ ਪੇਸ਼ ਕਿਨ੍ਹਾਂ ਤੱਥਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਮੇਰੀ ਸਮਝ ਅਨੁਸਾਰ ਤੱਥਾਂ ਤੋਂ ਭਾਵ ਅੰਕੜੇ ਹੁੰਦਾ ਹੈ। ਮੈਂ ਤਾਂ ਨਾਵਲ ਵਿਚ ਕਿਧਰੇ ਇਹ ਜ਼ਿਕਰ ਨਹੀਂ ਕੀਤਾ ਕਿ ਜੱਜਾਂ ਦੀ ਗਿਣਤੀ 12, ਵਕੀਲਾਂ ਦੀ ਗਿਣਤੀ 18 ਜਾਂ ਗਵਾਹਾਂ ਦੀ ਗਿਣਤੀ 24 ਹੈ। ਫੇਰ ਇਹ ਨਾਵਲ ਤੱਥਾਂ ਦੇ ਵੇਰਵਿਆਂ 'ਤੇ ਆਧਾਰਿਤ ਕਿਵੇਂ ਹੋਇਆ ? ਹਾਂ, ਹੋਰਾਂ ਨਾਵਲਾਂ ਵਾਂਗ ਮੇਰੇ ਇਸ ਨਾਵਲ ਵਿਚ ਘਟਨਾਵਾਂ ਅਤੇ ਪਾਤਰਾਂ ਦੀ ਬਹੁਤਾਤ ਹੈ। ਇਹ ਬਹੁਤਾਤ ਪ੍ਰਬੰਧ ਦੀਆਂ ਬਾਰੀਕੀਆਂ ਨੂੰ ਸਮਝਾਉਣ ਲਈ ਹੈ ਨਾ ਕਿ ਨਾਵਲ ਨੂੰ ਵਿਸਥਾਰ ਦੇਣ ਲਈ। ਪ੍ਰਬੰਧ ਦੀਆਂ ਬਾਰੀਕੀਆਂ ਨੂੰ ਬਾਖ਼ੂਬੀ ਪੇਸ਼ ਕਰਨਾ ਹੀ ਮੇਰੇ ਨਾਵਲਾਂ ਦੀ ਇਕ ਵਿਸ਼ੇਸ਼ਤਾ ਮੰਨੀ ਗਈ ਹੈ।

? *ਨਾਵਲ ਦੱਸਦਾ ਹੈ ਕਿ 'ਜੇਲ੍ਹਾਂ, ਸੁਧਾਰ ਘਰ ਨਹੀਂ ਸਗੋਂ ਵਿਗਾੜ ਘਰ ਜਾਂ*

*ਨਿਘਾਰ ਹਨ।' ਇਨ੍ਹਾਂ ਨੂੰ ਸੁਧਾਰ ਘਰ ਵਿਚ ਕਿਵੇਂ ਬਦਲਿਆ ਜਾ ਸਕਦਾ ਹੈ ?*

- ਵਿਗਾੜ ਘਰਾਂ ਨੂੰ ਸੁਧਾਰ ਘਰਾਂ ਵਿਚ ਬਦਲਣ ਲਈ ਬਹੁਪੱਖੀ ਉਪਰਾਲੇ ਕਰਨੇ ਪੈਣਗੇ। ਪ੍ਰਬੰਧ ਵਿਚ ਮੁੱਢਲੀਆਂ ਤਬਦੀਲੀਆਂ ਕਰਕੇ ਕੈਦੀ ਨੂੰ ਇਕ ਮਨੋਰੋਗੀ ਸਮਝਣਾ ਪਵੇਗਾ। ਇਕ ਚੰਗੇ ਭਲੇ ਵਿਅਕਤੀ ਦੇ ਮੁਜਰਿਮ ਵਿਚ ਤਬਦੀਲ ਹੋਣ ਪਿੱਛੇ ਕਈ ਤਰ੍ਹਾਂ ਦੇ ਕਾਰਨ ਹੁੰਦੇ ਹਨ। ਇਹ ਸਰੀਰਕ, ਮਾਨਸਿਕ, ਆਰਥਿਕ ਜਾਂ ਮਨੋਵਿਗਿਆਨਕ ਹੋ ਸਕਦੇ ਹਨ। ਜੇਲ੍ਹ ਅਧਿਕਾਰੀਆਂ ਦਾ ਮੁੱਢਲਾ ਫ਼ਰਜ਼ ਮੁਜਰਿਮ ਦੇ ਜੁਰਮ ਕਰਨ ਦੇ ਕਾਰਨਾਂ ਨੂੰ ਸਮਝਣਾ ਅਤੇ ਫੇਰ ਸਮੱਸਿਆਵਾਂ ਨੂੰ ਸੁਲਝਾਉਣਾ ਹੋਣਾ ਚਾਹੀਦਾ ਹੈ। ਇੰਜ ਤਾਂ ਹੀ ਸੰਭਵ ਹੋਵੇਗਾ ਜੇ ਜੇਲ੍ਹ ਅਧਿਕਾਰੀ ਤਣਾਅ-ਵਿਗਿਆਨ, ਸਰੀਰ-ਵਿਗਿਆਨ ਅਤੇ ਮਨੋਵਿਗਿਆਨ ਦੇ ਮਾਹਿਰ ਹੋਣਗੇ। ਨਾਲ ਹੀ ਉਨ੍ਹਾਂ ਵਿਚ ਮਿਸ਼ਨਰੀ ਸਪਿਰਟ ਦਾ ਹੋਣਾ ਵੀ ਜ਼ਰੂਰੀ ਹੈ।

  ਜੇਲ੍ਹ ਅਧਿਕਾਰੀ ਆਪਣੇ ਇਨ੍ਹਾਂ ਫ਼ਰਜ਼ਾਂ ਵੱਲ ਧਿਆਨ ਦੇਣ ਤੋਂ ਅਸਮਰੱਥ ਹਨ। ਇਸ ਦਾ ਪਹਿਲਾ ਕਾਰਨ ਜੇਲ੍ਹ ਕਰਮਚਾਰੀਆਂ ਨੂੰ ਮਿਲਦੇ ਵੇਤਨ ਦਾ ਘੱਟ ਹੋਣਾ ਹੈ। ਆਰਥਿਕ ਸਮੱਸਿਆਵਾਂ ਵਿਚ ਘਿਰਿਆ ਜੇਲ੍ਹ ਕਰਮਚਾਰੀ ਜਦੋਂ ਖ਼ੁਦ ਹੀ ਤਣਾਅਗ੍ਰਸਤ ਹੋਵੇਗਾ ਤਾਂ ਉਹ ਦੂਸਰਿਆਂ ਦੇ ਤਣਾਅ ਨੂੰ ਦੂਰ ਕਰਨ ਵਿਚ ਕਿਵੇਂ ਸਹਾਈ ਹੋ ਸਕੇਗਾ ? ਦਿਨੋ-ਦਿਨ ਕੈਦੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਸਰਕਾਰ ਦੀ ਅਣਗਹਿਲੀ ਕਾਰਨ ਕਰਮਚਾਰੀਆਂ ਦੀ ਗਿਣਤੀ ਵਧਣ ਦੀ ਥਾਂ ਘਟਦੀ ਜਾ ਰਹੀ ਹੈ। ਕੰਮ ਦੇ ਬੋਝ ਕਾਰਨ ਕਰਮਚਾਰੀ ਖਿਝੇ ਅਤੇ ਥੱਕੇ-ਟੁੱਟੇ ਰਹਿੰਦੇ ਹਨ। ਕੈਦੀਆਂ ਦੀ ਭਲਾਈ ਬਾਰੇ ਸੋਚਣ ਦੀ ਉਨ੍ਹਾਂ ਕੋਲ ਵਿਹਲ ਹੀ ਨਹੀਂ ਹੁੰਦੀ। ਦੋ-ਦੋ ਹਜ਼ਾਰ ਕੈਦੀਆਂ ਵਾਲੀ ਜੇਲ੍ਹ ਵਿਚ ਵੀ ਇਕ ਡਾਕਟਰ ਤੈਨਾਤ ਹੈ। ਮਾਨਸਿਕ ਤਣਾਅ ਕਾਰਨ ਹਰ ਕੈਦੀ ਕਿਸੇ ਨਾ ਕਿਸੇ ਰੋਗ ਦਾ ਸ਼ਿਕਾਰ ਹੋਇਆ ਹੁੰਦਾ ਹੈ। ਮੁਜਰਮਾਨਾ ਬਿਰਤੀ ਹੋਣ ਕਾਰਨ ਕੈਦੀਆਂ ਵਿਚਕਾਰ ਦਿਨ-ਰਾਤ ਖਿੱਚੋਤਾਣ ਅਤੇ ਲੜਾਈ ਝਗੜੇ ਹੁੰਦੇ ਰਹਿੰਦੇ ਹਨ। ਡਾਕਟਰ ਨੂੰ ਦਿਨ ਰਾਤ ਡਿਊਟੀ 'ਤੇ ਹਾਜ਼ਰ ਰਹਿਣਾ ਪੈਂਦਾ ਹੈ। ਅਜਿਹੇ ਹਾਲਾਤ ਵਿਚ ਘਿਰਿਆ ਡਾਕਟਰ ਕੈਦੀਆਂ ਦੀਆਂ ਸਰੀਰਕ ਸਮੱਸਿਆਵਾਂ ਵੱਲ ਪੂਰਾ ਧਿਆਨ ਕਿਸ ਤਰ੍ਹਾਂ ਦੇ ਸਕਦਾ ਹੈ ?

  ਅੰਗਰੇਜ਼ਾਂ ਵੱਲੋਂ ਜੇਲ੍ਹ ਪ੍ਰਬੰਧ ਦਾ ਗਠਨ ਆਪਣੇ ਗੁਲਾਮਾਂ ਨੂੰ ਕਾਬੂ ਰੱਖਣ ਦੇ ਮਨੋਰਥ ਨਾਲ ਕੀਤਾ ਗਿਆ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ 'ਡੰਡਾ ਹੀ ਉਚਿਤ ਹੱਲ ਹੈ'। ਹੇਠਲੇ ਤਬਕੇ ਦੇ ਜੇਲ੍ਹ ਕਰਮਚਾਰੀ ਘੱਟ ਪੜ੍ਹੇ ਲਿਖੇ ਹੁੰਦੇ ਹਨ। ਉਨ੍ਹਾਂ ਨੂੰ ਇਕੋ ਸਿੱਖਿਆ ਦਿੱਤੀ ਜਾਂਦੀ ਹੈ, ਕੈਦੀ ਨੂੰ ਕਾਬੂ ਕਰਨ ਲਈ ਡੰਡੇ ਦੀ ਵਰਤੋਂ ਕਿਸ ਤਰ੍ਹਾਂ ਕਰਨੀ ਹੈ। ਤਣਾਅ-ਵਿਗਿਆਨ ਜਾਂ ਮਨੋਵਿਗਿਆਨ ਕੀ ਹੁੰਦਾ ਹੈ, ਇਸ ਦੇ ਤਾਂ ਉਨ੍ਹਾਂ ਨੂੰ ਅਰਥਾਂ ਦਾ ਵੀ ਪਤਾ ਨਹੀਂ ਹੁੰਦਾ।

ਅਰਧ-ਸਿੱਖਿਅਤ ਕਰਮਚਾਰੀ, ਆਧੁਨਿਕ ਸਿਧਾਂਤਾਂ ਦੇ ਆਧਾਰ 'ਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਕੋਈ ਭੂਮਿਕਾ ਨਹੀਂ ਨਿਭਾ ਸਕਦਾ। ਬੈਰਕਾਂ ਦੀ ਘਾਟ ਹੈ। 60 ਕੈਦੀਆਂ ਵਾਲੀ ਬੈਰਕ ਵਿਚ 100-100 ਕੈਦੀ ਘੁਸੇੜ ਦਿੱਤਾ ਜਾਂਦਾ ਹੈ। ਜਿਸ ਕਾਰਨ ਸਮੱਸਿਆਵਾਂ ਵਾਲੇ ਪਟਾਰੇ ਦਾ ਮੂੰਹ ਖੁੱਲ੍ਹ ਜਾਂਦਾ ਹੈ। ਸਿਆਸੀ ਦਖ਼ਲਅੰਦਾਜ਼ੀ ਵੀ ਜੇਲ੍ਹ ਅਧਿਕਾਰੀ ਨੂੰ ਆਪਣਾ ਕੰਮ ਸਹੀ ਅਤੇ ਨਿਰਪੱਖ ਢੰਗ ਨਾਲ ਨਹੀਂ ਕਰਨ ਦਿੰਦੀ। ਜੇਲ੍ਹ ਸੁਧਾਰ ਬੋਰਡਾਂ ਦਾ ਗਠਨ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਹੈ। ਇਨ੍ਹਾਂ ਬੋਰਡਾਂ ਵਿਚ ਉਨ੍ਹਾਂ ਵਿਅਕਤੀਆਂ ਨੂੰ ਲਿਆ ਜਾਣਾ ਚਾਹੀਦਾ ਹੈ ਜੋ ਲੋਕ ਸੇਵਾ ਲਈ ਸਮਰਪਿਤ ਹੋਣ। ਜੋ ਲੋਕਾਂ ਦੀਆਂ ਸਮਾਜਿਕ ਅਤੇ ਮਾਨਸਿਕ ਗੁੰਝਲਾਂ ਨੂੰ ਸਮਝਦੇ ਹੋਣ। ਕੈਦੀਆਂ ਨਾਲ ਤਾਲਮੇਲ ਰੱਖ ਕੇ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਸੁਲਝਾਉਣ ਵਿਚ ਸਹਿਯੋਗੀ ਹੋਣ। ਪਰ ਹੋ ਇਸ ਦੇ ਉਲਟ ਰਿਹਾ ਹੈ। ਇਨ੍ਹਾਂ ਬੋਰਡਾਂ ਰਾਹੀਂ ਸਿਆਸੀ ਲੋਕ ਆਪਣੇ ਨੁਮਾਇੰਦੇ ਜੇਲ੍ਹ ਪ੍ਰਬੰਧ ਵਿਚ ਘੁਸੇੜ ਦਿੰਦੇ ਹਨ। ਇਹ ਨੁਮਾਇੰਦੇ ਜੇਲ੍ਹ ਸੁਧਾਰਾਂ ਵਿਚ ਸਹਾਈ ਹੋਣ ਦੀ ਥਾਂ ਆਪਣੇ ਨਿੱਜੀ ਲਾਭਾਂ ਵੱਲ ਰੁਚਿਤ ਰਹਿੰਦੇ ਹਨ। ਆਪਣੇ ਚਹੇਤੇ ਕੈਦੀਆਂ ਨੂੰ ਰਿਆਇਤਾਂ, ਮੁਆਫ਼ੀਆਂ ਦਿਵਾਉਣਾ ਅਤੇ ਰਿਹਾਈਆਂ ਕਰਵਾਉਣਾ ਇਨ੍ਹਾਂ ਦਾ ਉਦੇਸ਼ ਹੁੰਦਾ ਹੈ। ਜੇਲ੍ਹ ਅੰਦਰ ਨਸ਼ੇ ਪੱਤੇ ਭੇਜਣਾ ਅਤੇ ਦਵਾਈਆਂ ਆਦਿ ਨੂੰ ਮਹਿੰਗੇ ਭਾਅ ਵੇਚਣਾ ਇਨ੍ਹਾਂ ਦਾ ਧੰਦਾ ਹੁੰਦਾ ਹੈ। ਜੇਲ੍ਹ ਸੁਧਾਰ ਬੋਰਡਾਂ ਦਾ ਗਠਨ ਵੀ ਨਵੇਂ ਸਿਰਿਓਂ ਕਰਨਾ ਪਵੇਗਾ। ਜੇਲ੍ਹ ਵਿਚ ਬਹੁਤੇ ਕੈਦੀ ਅਜਿਹੇ ਹੁੰਦੇ ਹਨ, ਜਿਹੜੇ ਪੈਸੇ ਦੀ ਘਾਟ ਕਾਰਨ ਮਾਹਰ ਵਕੀਲਾਂ ਦੀਆਂ ਸੇਵਾਵਾਂ ਹਾਸਿਲ ਨਹੀਂ ਕਰ ਸਕਦੇ ਅਤੇ ਲੋੜੋਂ ਵੱਧ ਸਮੇਂ ਲਈ ਜੇਲ੍ਹਾਂ ਵਿਚ ਸੜਦੇ ਰਹਿੰਦੇ ਹਨ। ਕੈਦੀਆਂ ਨੂੰ ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਦਾ ਪ੍ਰਬੰਧ ਵੀ ਕਰਨਾ ਪਵੇਗਾ। ਮੁਕੱਦਮਿਆਂ ਦੀ ਸਮਾਇਤ ਕੀੜੀ ਦੀ ਚਾਲ ਚੱਲਦੀ ਹੈ। ਮੁਕੱਦਮਿਆਂ ਦੇ ਨਿਪਟਾਰੇ ਤੇਜ਼ੀ ਨਾਲ ਹੋਣੇ ਚਾਹੀਦੇ ਹਨ। ਸਾਲਾਂ ਬੱਧੀ ਕੈਦ ਕੱਟਣ ਬਾਅਦ ਬਰੀ ਹੋਣ ਦਾ ਕੋਈ ਮਤਲਬ ਨਹੀਂ ਰਹਿੰਦਾ।

ਇਹ ਕੁਝ ਕੁ ਸੁਝਾਅ ਇਥੇ ਦੱਸੇ ਗਏ ਹਨ। ਵਿਸਤ੍ਰਿਤ ਜਾਣਕਾਰੀ **ਸੁਧਾਰ ਘਰ** ਨਾਵਲ ਵਿਚ ਦਿੱਤੀ ਗਈ ਹੈ।

? *'ਕੜਾ ਮੈਂ ਰੱਖ ਲੈਨਾਂ, ਚੇਨੀ ਤੂੰ ਪਾ ਲੈ, ਮੁੰਦਰੀਆਂ ਵੱਡੇ ਸਾਹਿਬ ਨੂੰ ਦੇ ਦੇਵਾਂਗੇ'—ਵਰਗੀ ਭ੍ਰਿਸ਼ਟ ਅਤੇ ਗਰਕ ਹੋ ਚੁੱਕੀ ਸਥਿਤੀ ਦੇ ਖ਼ਿਲਾਫ਼ ਕਿਵੇਂ ਆਢਾ ਲਾਇਆ ਜਾ ਸਕਦਾ ਹੈ ?*

- ਇਸ ਨਿਜ਼ਾਮ ਤੋਂ ਮੁਕਤੀ ਤਾਂ ਸਮੁੱਚੀ ਰਾਜਨੀਤਕ ਤਬਦੀਲੀ ਬਾਅਦ ਹੀ ਮਿਲੇਗੀ। ਇਸ ਉਦੇਸ਼ ਦੀ ਪ੍ਰਾਪਤੀ ਤਕ ਕਈ ਮੁਹਾਜ਼ਾਂ ਉੱਪਰ ਲੜਾਈ

ਲੜਨੀ ਪਵੇਗੀ। ਵਿਕਟਮ ਵੈਲਫੇਅਰ ਸੁਸਾਇਟੀ ਅਤੇ ਸੰਘਰਸ਼ ਸੰਮਤੀ ਵਰਗੀਆਂ ਸੰਸਥਾਵਾਂ ਨੂੰ, ਲੋਕਾਂ ਨੂੰ ਬੇਇਨਸਾਫ਼ੀਆਂ ਦਾ ਅਹਿਸਾਸ ਕਰਵਾ ਕੇ ਸੰਘਰਸ਼ਾਂ ਲਈ ਪ੍ਰੇਰਨਾ ਪਵੇਗਾ। ਮੀਡੀਏ ਨੂੰ ਆਪਣਾ ਹਾਂ-ਪੱਖੀ ਰੋਲ ਅਦਾ ਕਰਨਾ ਪਵੇਗਾ। ਕਾਨੂੰਨ ਮਾਹਿਰਾਂ ਨੂੰ ਕਾਨੂੰਨੀ ਚਾਰਾਜੋਈ ਰਾਹੀਂ ਲੋਕਾਂ ਨੂੰ ਰਾਹਤ ਦਿਵਾਉਣੀ ਪਵੇਗੀ। ਇਕ ਉਸਾਰੂ ਰਾਜਨੀਤਕ ਧਿਰ ਗਠਿਤ ਕਰਨੀ ਪਵੇਗੀ। ਕੰਮ ਨਿੱਜੀ ਜਾਗ੍ਰਤੀ ਤੋਂ ਸ਼ੁਰੂ ਕਰਕੇ ਸਮੂਹਿਕ ਜਾਗ੍ਰਤੀ ਤਕ ਲੈ ਜਾਣਾ ਪਵੇਗਾ। **ਕੌਰਵ ਸਭਾ** ਵਿਚ ਇਕ ਅਹਿਮ ਪਾਤਰ ਹਰੀਸ਼ ਇਸ ਆਸ਼ੇ ਦੀ ਪ੍ਰਾਪਤੀ ਲਈ ਇਸ਼ਾਰਾ ਕਰਦਾ ਹੋਇਆ ਆਖਦਾ ਹੈ ਕਿ ਲੜਾਈ ਇਕ ਕੇਸ ਤੋਂ ਸ਼ੁਰੂ ਕਰਕੇ ਅਸੀਂ ਗਲੀ-ਗਲੀ, ਸੜਕ-ਸੜਕ ਤਕ ਲੈ ਕੇ ਜਾਣੀ ਪਵੇਗੀ। ਇਸ ਤਰ੍ਹਾਂ ਤੀਲ੍ਹਾ-ਤੀਲ੍ਹਾ ਇਕੱਠਾ ਕਰਕੇ ਇਕ ਅਜਿਹਾ ਮਜ਼ਬੂਤ ਝਾੜੂ ਬਣਾਇਆ ਜਾ ਸਕਦਾ ਹੈ ਜੋ ਸਾਰੀਆਂ ਭ੍ਰਿਸ਼ਟ ਤਾਕਤਾਂ ਨੂੰ ਹੂੰਝਾ ਫੇਰ ਦੇਵੇ।

? *ਤੁਸਾਂ ਜੇਲ੍ਹ ਅੰਦਰਲੇ ਪਾਤਰਾਂ ਦੇ ਜਮਾਤੀ ਕਿਰਦਾਰਾਂ ਦੀਆਂ ਕਿਨ੍ਹਾਂ ਪਰਤਾਂ ਨੂੰ ਉਧੇੜਿਆ ਹੈ ?*

• ਇਸ ਨਾਵਲ ਵਿਚ ਮੈਂ ਜਮਾਤਾਂ ਅਨੁਸਾਰ ਪਾਤਰਾਂ ਨੂੰ ਪੇਸ਼ ਕੀਤਾ ਹੈ। ਜੇਲ੍ਹ ਅਧਿਕਾਰੀ ਅਤੇ ਕਰਮਚਾਰੀ ਵੀ ਜਮਾਤਾਂ ਵਿਚ ਵੰਡੇ ਹੋਏ ਹਨ। ਗਾਰਡ ਤੋਂ ਚੀਫ਼ ਵਾਰਡਰ ਤਕ ਦੇ ਕਰਮਚਾਰੀ ਨਿਮਨ ਵਰਗ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਆਰਥਿਕਤਾ ਨਾਲ ਜੁੜੀਆਂ ਹੁੰਦੀਆਂ ਹਨ। ਚੀਫ਼ ਵਾਰਡਰ ਤੋਂ ਉਪਰਲੇ ਅਧਿਕਾਰੀ ਮੱਧਵਰਗ ਜਾਂ ਉੱਚ ਮੱਧਵਰਗ ਨਾਲ ਸੰਬੰਧਤ ਹੁੰਦੇ ਹਨ। ਉਨ੍ਹਾਂ ਵੱਲੋਂ ਭ੍ਰਿਸ਼ਟਾਚਾਰ, ਅੱਯਾਸ਼ੀ ਅਤੇ ਵੱਧ ਪੂੰਜੀ ਇਕੱਠੀ ਕਰਨ ਦੀ ਲਾਲਸਾ ਕਾਰਨ ਕੀਤਾ ਜਾਂਦਾ ਹੈ।

ਬਹੁਤਾ ਧਿਆਨ ਮੈਂ ਕੈਦੀਆਂ ਦੇ ਜਮਾਤੀ ਕਿਰਦਾਰਾਂ ਨੂੰ ਪੇਸ਼ ਕਰਨ ਵੱਲ ਦਿੱਤਾ ਹੈ। ਹਰ ਵਰਗ ਦੇ ਲੋਕਾਂ ਦੇ ਮੁਜਰਮ ਬਨਣ ਦੇ ਕਾਰਨ ਵੱਖਰੇ ਹੁੰਦੇ ਹਨ। ਉਨ੍ਹਾਂ ਕਾਰਨਾਂ ਦੀ ਸ਼ਨਾਖ਼ਤ ਕੀਤੀ ਗਈ ਹੈ। ਜੇਲ੍ਹ ਅੰਦਰ ਸਹੂਲਤਾਂ ਵੀ ਕੈਦੀ ਦੇ ਜਮਾਤੀ ਪਿਛੋਕੜ ਅਨੁਸਾਰ ਮਿਲਦੀਆਂ ਹਨ। ਇਹ ਪੱਖ ਪੇਸ਼ ਕਰਨ ਵੱਲ ਵੀ ਧਿਆਨ ਦਿੱਤਾ ਗਿਆ ਹੈ। ਕੈਦੀਆਂ ਨੂੰ ਮੈਂ ਦੋ ਦੀ ਥਾਂ ਕਈ ਜਮਾਤਾਂ ਵਿਚ ਵੰਡ ਕੇ ਪੇਸ਼ ਕੀਤਾ ਹੈ। ਜੇਲ੍ਹ ਦੀ ਹਰ ਬੈਰਕ, ਇਕ ਵਿਸ਼ੇਸ਼ ਜਮਾਤ ਦੇ ਮੁਜਰਮਾਂ ਦੇ ਕਿਰਦਾਰਾਂ ਨੂੰ ਪੇਸ਼ ਕਰਦੀ ਹੈ। ਜਿਵੇਂ ਕਿ 'ਬਾਦਸ਼ਾਹਾਂ ਦੀ ਬੈਰਕ' ਲਈ ਲੰਮਪਨਾਂ, 'ਕੋਠੀ' ਰਾਹੀਂ ਸਿਆਸੀ ਲੋਕਾਂ ਅਤੇ ਵੱਡੇ ਅਫ਼ਸਰਾਂ, 'ਸਿੰਘਾਂ ਦੀ ਬੈਰਕ' ਰਾਹੀਂ ਅੱਤਵਾਦੀਆਂ, 'ਬਹਾਦਰਾਂ ਦੀ ਬੈਰਕ' ਰਾਹੀਂ ਜੁਰਮ ਉੱਤੇ ਮਾਣ ਮਹਿਸੂਸ ਕਰਨ ਵਾਲਿਆਂ, 'ਵਕੀਲਾਂ ਦੀ ਬੈਰਕ' ਰਾਹੀਂ ਸਾਧਨ-ਸੰਪੰਨ ਲੋਕਾਂ ਅਤੇ 'ਪੰਛੀਆਂ ਦੀ ਬੈਰਕ' ਰਾਹੀਂ ਨਿਮਨ ਵਰਗ ਨਾਲ ਸੰਬੰਧਤ ਪੇਸ਼ਾਵਰ ਮੁਜਰਿਮਾਂ ਦੇ ਕਿਰਦਾਰਾਂ ਨੂੰ ਪੇਸ਼ ਕੀਤਾ ਹੈ। ਔਰਤਾਂ ਅਤੇ ਬੱਚਿਆਂ ਦੇ ਜਮਾਤੀ

ਕਿਰਦਾਰਾਂ ਨੂੰ ਵੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕੀਤਾ ਗਿਆ ਹੈ।

? *ਪੁਲਿਸ ਪ੍ਰਣਾਲੀ, ਨਿਆਂਪਾਲਿਕਾ, ਜੇਲ੍ਹ ਪ੍ਰਬੰਧ ਮੈਨੂੰ ਤਾਂ ਮੌਜੂਦਾ ਸਿਸਟਮ ਅਤੇ ਇਸ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਕਰੂਰਤਾ ਨੂੰ ਸਾਹਮਣੇ ਲਿਆਉਂਦੇ ਪ੍ਰਤੀਤ ਹੁੰਦੇ ਹਨ, ਤੁਹਾਡੀ ਕੀ ਰਾਏ ਹੈ ? ਕੀ ਜੇਲ੍ਹਾਂ ਨਿਆਂਪਾਲਿਕਾ ਜਾਂ ਪੁਲਿਸ ਸਮੁੱਚੇ ਸਿਸਟਮ ਦੇ ਭੁਲਾਵੇ ਵਜੋਂ ਨਹੀਂ ਸਿਰਜੇ ਗਏ ?*

- ਪੁਲਿਸ ਪ੍ਰਣਾਲੀ, ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ ਸਟੇਟ ਦੇ ਅਹਿਮ ਅੰਗ ਹੁੰਦੇ ਹਨ। ਲੋਕ ਹਿੱਤ ਦੀ ਥਾਂ ਇਹ ਸੰਸਥਾਵਾਂ ਰਾਜਸੱਤਾ 'ਤੇ ਕਾਬਜ਼ ਧਿਰ ਦੇ ਹਿੱਤਾਂ ਦੀ ਵੱਧ ਪਾਲਣਾ ਕਰਦੀਆਂ ਹਨ। ਆਪਣੇ ਚਾਰੇ ਨਾਵਲਾਂ ਵਿਚ ਮੈਂ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਨਿਆਂ-ਪ੍ਰਬੰਧ ਨਾਲ ਸੰਬੰਧਤ ਸਾਰੀਆਂ ਸੰਸਥਾਵਾਂ ਭ੍ਰਿਸ਼ਟ ਹੋ ਚੁੱਕੀਆਂ ਹਨ। ਨਾਲ ਦੀ ਨਾਲ ਇਹ ਵੀ ਦਰਸਾਇਆ ਹੈ ਕਿ ਇਨ੍ਹਾਂ ਨੂੰ ਕੁਰਾਹੇ ਪਾਉਣ ਲਈ ਰਾਜ ਪ੍ਰਬੰਧ ਜ਼ਿੰਮੇਵਾਰ ਹੈ। ਇਨ੍ਹਾਂ ਸੰਸਥਾਵਾਂ ਦੇ ਕੰਮਕਾਜ ਦੇ ਤੌਰ-ਤਰੀਕਿਆਂ ਨੂੰ ਮੈਂ ਸੱਚੇ-ਸੁੱਚੇ ਰੂਪ ਵਿਚ ਪੇਸ਼ ਕੀਤਾ ਹੈ।

? ***ਸੁਧਾਰ ਘਰ** ਵਿਚ ਤੁਸਾਂ ਹੱਲ ਜਾਂ ਸਮਾਧਾਨ ਪਾਠਕਾਂ ਮੂਹਰੇ ਜਬਰੀ ਨਹੀਂ ਥੋਪਿਆ। ਕਹਿਣ ਦਾ ਭਾਵ ਇਹ ਹੈ ਕਿ ਇਸ ਨਾਵਲ ਦੇ ਬਿਰਤਾਂਤ ਵਿਚ ਪਹਿਲੇ ਨਾਵਲਾਂ ਦੇ ਮੁਕਾਬਲੇ ਵਿਚ ਤੁਹਾਡੀ ਦਖ਼ਲਅੰਦਾਜ਼ੀ ਘੱਟ ਹੈ। ਇਸ ਨਾਲ ਤੁਸਾਂ ਬਹੁਤ ਕੁਝ ਪਾਠਕ ਦੀ ਸਿਰਜਣਾਤਮਕ ਕਲਪਨਾ ਉੱਪਰ ਵੀ ਛੱਡਿਆ ਹੈ। ਇਹ ਅਟਕਲ ਤੁਸਾਂ ਕਿਵੇਂ ਸਿੱਖੀ ਹੈ ?*

- ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ, **ਸੁਧਾਰ ਘਰ** ਤੋਂ ਪਹਿਲਾਂ ਲਿਖੇ ਨਾਵਲਾਂ ਉੱਪਰ ਹੋਈ ਆਲੋਚਨਾ ਤੋਂ ਮੈਂ ਇਹ ਸਿੱਖਿਆ ਕਿ ਲੇਖਕ ਨੂੰ ਕੇਵਲ ਪਰਿਸਥਿਤੀਆਂ ਹੀ ਪੇਸ਼ ਕਰਨੀਆਂ ਹੁੰਦੀਆਂ ਹਨ। ਭੈੜੇ ਹਾਲਾਤ ਤੋਂ ਨਜਾਤ ਕਿਸ ਤਰ੍ਹਾਂ ਪਾਉਣੀ ਹੈ ? ਇਹ ਪਾਠਕਾਂ ਉੱਪਰ ਛੱਡ ਦੇਣਾ ਚਾਹੀਦਾ ਹੈ। ਦੀਵੇ ਦਾ ਕੰਮ ਰੌਸ਼ਨੀ ਦੇਣਾ ਹੈ। ਰਾਹੀ ਨੇ ਕਿਹੜੇ ਰਾਹ ਤੁਰਨਾ ਹੈ, ਇਸ ਦਾ ਫ਼ੈਸਲਾ ਰਾਹੀ ਨੇ ਖ਼ੁਦ ਕਰਨਾ ਹੈ।

? *ਡਾਕਟਰ ਜੋਗਿੰਦਰ ਸਿੰਘ ਰਾਹੀ ਦੀ **ਸੁਧਾਰ ਘਰ** ਸੰਬੰਧੀ ਟਿੱਪਣੀ ਹੈ ਕਿ '**ਸੁਧਾਰ ਘਰ** ਤੱਥਾਂ ਦੀ ਇੰਤਹਾ ਨਾਲ ਸੱਚ ਨੂੰ ਖੋਲ੍ਹਦਾ ਹੈ ਤੇ ਇਹੀ ਇੰਤਹਾ ਇਸ ਨਾਵਲ ਦੀ ਤਕਨੀਕ ਹੈ'—ਇਸ ਬਾਰੇ ਤੁਹਾਡੀ ਕੀ ਰਾਇ ਹੈ ?*

- ਮੈਂ ਆਪਣੇ ਨਾਵਲਾਂ ਵਿਚ ਅਸਲੋਂ ਹੀ ਇਕ ਨਵਾਂ ਵਿਸ਼ਾ ਛੋਹਿਆ ਹੈ। ਲੋਕਾਂ ਦਾ ਪੁਲਿਸ ਪ੍ਰਣਾਲੀ, ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ ਨਾਲ ਬਹੁਤ ਘੱਟ ਵਾਹ ਪੈਂਦਾ ਹੈ। ਪੁਲਿਸ ਨਾਲ ਤਾਂ ਕਦੇ ਨਾ ਕਦੇ ਟਾਕਰਾ ਹੋ ਜਾਂਦਾ ਹੈ। ਕਚਹਿਰੀਆਂ ਅਤੇ ਜੇਲ੍ਹਾਂ ਨਾਲ ਕਈ ਵਾਰ ਸਾਰੀ ਉਮਰ ਵਿਚ ਇਕ ਵਾਰ ਵੀ

ਵਾਹ ਨਹੀਂ ਪੈਂਦਾ। ਇਨ੍ਹਾਂ ਸੰਸਥਾਵਾਂ ਦੀ ਬਾਰੀਕੀ ਨਾਲ ਜਾਣਕਾਰੀ ਦੇਣ ਲਈ ਪਾਤਰਾਂ ਅਤੇ ਘਟਨਾਵਾਂ ਦੀ ਵੱਡੀ ਗਿਣਤੀ ਵਿਚ ਪੇਸ਼ਕਾਰੀ ਕਰਨੀ ਬਹੁਤ ਜ਼ਰੂਰੀ ਸੀ। ਤੱਥਾਂ ਨੂੰ ਮੈਂ ਹੂਬਹੂ ਪੇਸ਼ ਕਰਕੇ ਕਹਾਣੀ ਦੀ ਰਵਾਨਗੀ ਨੂੰ ਅਕਾਊ ਨਹੀਂ ਬਣਾਇਆ ਸਗੋਂ ਖ਼ੂਬਸੂਰਤੀ ਨਾਲ ਮਾਲਾ ਦੇ ਰੰਗ ਬਿਰੰਗੇ ਮਣਕਿਆਂ ਵਾਂਗ ਪਰੋ ਕੇ ਪੇਸ਼ ਕੀਤਾ ਹੈ। ਪਹਿਲਾਂ ਤੱਥਾਂ ਦੀ ਪੇਸ਼ਕਾਰੀ ਨੂੰ ਨਾਵਲ ਦੀ ਕਮਜ਼ੋਰੀ ਗਿਣਿਆ ਜਾਂਦਾ ਸੀ। ਚਾਰਾਂ ਨਾਵਲਾਂ ਬਾਅਦ ਹੁਣ ਇਸ ਨੂੰ ਇਕ ਤਕਨੀਕ ਦੇ ਤੌਰ 'ਤੇ ਸਵੀਕਾਰ ਕਰ ਲਿਆ ਗਿਆ ਹੈ। ਡਾਕਟਰ ਰਾਹੀ ਹੋਰਾਂ ਨੇ ਉਸੇ ਸਵੀਕ੍ਰਿਤੀ ਨੂੰ ਇਸ ਟਿੱਪਣੀ ਰਾਹੀਂ ਮਾਨਤਾ ਦਿੱਤੀ ਹੈ।

? ***ਸੁਧਾਰ ਘਰ** ਦੇ ਦਿਸਦੇ ਢਾਂਚੇ ਦੀ 'ਸਰਲਤਾ' ਜਾਂ 'ਸਿੱਧੜਾਪੇ' ਹੇਠ ਜੋ 'ਜਟਿਲਤਾ' ਛੁਪੀ ਹੋਈ ਹੈ, ਉਸ ਸੰਬੰਧੀ ਕੀ ਕਹਿਣਾ ਚਾਹੋਗੇ ?*

• ਓਪਰੀ ਨਜ਼ਰ ਨਾਲ ਦੇਖਣ ਤੇ ਜੇਲ੍ਹ ਇਕ ਚਾਰਦੀਵਾਰੀ ਅੰਦਰ ਘਿਰੀ ਇਕ ਵਿਸ਼ਾਲ ਇਮਾਰਤ ਨਜ਼ਰ ਆਵੇਗੀ ਅਤੇ ਇਸ ਅੰਦਰ ਬੰਦ ਕੈਦੀ ਪੇਸ਼ਾਵਰ ਮੁਜਰਿਮ। ਜਿਉਂ-ਜਿਉਂ ਅਸੀਂ ਇਸ ਨੂੰ ਡੂੰਘਾਈ ਨਾਲ ਸਮਝਣ ਦੇ ਯਤਨ ਕਰਦੇ ਜਾਵਾਂਗੇ ਤਿਉਂ-ਤਿਉਂ ਪਿਆਜ਼ ਦੇ ਛਿਲਕਿਆਂ ਵਾਂਗ ਇਸ ਦੀਆਂ ਵੱਖ-ਵੱਖ ਪਰਤਾਂ ਖੁੱਲ੍ਹਦੀਆਂ ਜਾਣਗੀਆਂ। ਬੈਰਕਾਂ ਅਤੇ ਚੱਕੀਆਂ ਵਿਚ ਬੰਦ ਇਹ ਲੋਕ ਕੌਣ ਹਨ ? ਕਿਉਂ ਮੁਜਰਿਮ ਬਣੇ ਹਨ ? ਮੁਜਰਿਮ ਹਨ ਵੀ ਜਾਂ ਨਹੀਂ। ਅੰਦਰ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਹੋ ਰਿਹਾ ਹੈ ? ਅੰਦਰਲਾ ਮਾਹੌਲ ਕਿੰਨਾ ਕੁ ਦਮ ਘੋਟੂ ਹੈ ? ਚਾਰਦੀਵਾਰੀ ਵਿਚੋਂ ਬਾਹਰ ਨਿਕਲਣ ਦੀ ਮਨ ਵਿਚ ਕਿੰਨੀ ਕੁ ਤੜਪ ਹੈ ? ਜੋ ਬੇਕਸੂਰ ਹੁੰਦੇ ਹੋਏ ਵੀ ਸੱਜਰੀ ਹਵਾ ਲਈ ਤੜਪ ਰਹੇ ਹਨ, ਉਨ੍ਹਾਂ ਦੇ ਮਨਾਂ 'ਤੇ ਕੀ ਬੀਤ ਰਹੀ ਹੈ ? ਉਹ ਕਾਨੂੰਨ ਅਤੇ ਸਟੇਟ ਬਾਰੇ ਕੀ ਸੋਚ ਰਹੇ ਹਨ ? ਇਕ ਮੁਜਰਿਮ ਦਾ ਦੂਜੇ ਮੁਜਰਿਮ ਪ੍ਰਤਿ ਕਿਹੋ ਜਿਹਾ ਰਵੱਈਆ ਹੋਵੇਗਾ। ਗਿਣਤੀ ਦੇ ਜੇਲ੍ਹ ਕਰਮਚਾਰੀ, ਹਜ਼ਾਰਾਂ ਪੇਸ਼ਾਵਰ ਮੁਜਰਿਮਾਂ ਨੂੰ ਕਿਸ ਤਰ੍ਹਾਂ ਕਾਬੂ ਵਿਚ ਰੱਖਦੇ ਹੋਣਗੇ ਆਦਿ, ਹਜ਼ਾਰਾਂ ਪ੍ਰਸ਼ਨ ਜਦੋਂ ਪਾਠਕ ਦੇ ਮਨ ਵਿਚ ਪੈਦਾ ਹੁੰਦੇ ਹਨ ਤਾਂ **ਸੁਧਾਰ ਘਰ** ਦੀ ਕਹਾਣੀ ਜਟਿਲ ਰੂਪ ਧਾਰਦੀ ਹੈ ਅਤੇ ਇਨ੍ਹਾਂ ਪ੍ਰਸ਼ਨਾਂ ਦੇ ਤਰਕਸੰਗਤ ਉੱਤਰ ਦਿੰਦੀ ਹੈ। ਇਕ ਸਧਾਰਨ ਪਾਠਕ ਤੋਂ ਲੈ ਕੇ ਉੱਚ-ਕੋਟੀ ਦੇ ਖੋਜੀ ਚਿੰਤਕ ਦੀ ਜਗਿਆਸਾ ਨੂੰ ਸ਼ਾਂਤ ਕਰਨ ਦੀ ਇਸ ਨਾਵਲ ਵਿਚ ਪੂਰੀ ਸਮਰੱਥਾ ਹੈ।

? *ਤੁਹਾਡੇ ਨਾਵਲਾਂ ਨੇ ਕਿਸ ਵੱਖਰੇ ਗਲਪੀ ਪੈਰਾਡਾਈਮ ਨੂੰ ਸਿਰਜਿਆ ਹੈ ? ਅੱਜ ਤੁਹਾਨੂੰ ਗੁਰਦਿਆਲ ਸਿੰਘ ਤੋਂ ਅਗਲੀ ਪੀੜ੍ਹੀ ਦਾ ਪ੍ਰਮੁੱਖ ਨਾਵਲਕਾਰ ਮੰਨਿਆ ਜਾਂਦਾ ਹੈ। ਤੁਸੀਂ ਪੰਜਾਬੀ ਨਾਵਲ ਦੇ ਰੂਪ ਵਿਚ ਕੀ ਵਿਸ਼ੇਸ਼ ਤਬਦੀਲੀ*

*ਕੀਤੀ ਹੈ ?*

- ਮੈਂ ਪੁਲਿਸ, ਜੇਲ੍ਹ, ਕਾਨੂੰਨ ਅਤੇ ਨਿਆਂ ਪ੍ਰਬੰਧ ਵਰਗੇ ਨਵੇਂ ਵਿਸ਼ੇ ਨੂੰ ਛੋਹਿਆ ਹੈ। ਕਾਨੂੰਨ ਇਕ ਖ਼ੁਸ਼ਕ ਅਤੇ ਗੁੰਝਲਦਾਰ ਵਿਸ਼ਾ ਹੈ। ਇਸ ਨੀਰਸ ਵਿਸ਼ੇ ਨੂੰ ਮੈਂ ਰੌਚਕ ਅਤੇ ਸੌਖੇ ਢੰਗ ਨਾਲ ਪੇਸ਼ ਕੀਤਾ ਹੈ। ਅੱਜ ਤਕ ਇਹ ਸਮਝਿਆ ਜਾਂਦਾ ਸੀ ਕਿ ਨਾਵਲ ਨੂੰ ਰੁਮਾਂਸ ਦੀ ਪੁੱਠ ਤੋਂ ਬਿਨਾ ਲੋਕਾਂ ਨੂੰ ਨਹੀਂ ਪੜ੍ਹਾਇਆ ਜਾ ਸਕਦਾ। ਨਾਇਕ ਅਤੇ ਖਲਨਾਇਕ ਦਾ ਹੋਣਾ ਵੀ ਜ਼ਰੂਰੀ ਸਮਝਿਆ ਜਾਂਦਾ ਸੀ। ਮੈਂ ਆਪਣੇ ਚਾਰੇ ਨਾਵਲਾਂ ਵਿਚ ਰੁਮਾਂਸ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਕੇ ਰੱਖੀ ਹੈ। ਮੇਰੇ ਬਿਰਤਾਂਤ ਕਿਸੇ ਇਕ ਨਾਇਕ ਜਾਂ ਖਲਨਾਇਕ ਦੁਆਲੇ ਨਹੀਂ ਉਸਰੇ ਹੋਏ। ਮੈਂ ਪਾਤਰਾਂ ਨੂੰ ਸਮੂਹਿਕ ਰੂਪ ਵਿਚ ਪੇਸ਼ ਕਰਕੇ ਸਮੁੱਚੇ ਪ੍ਰਬੰਧ ਨੂੰ ਹੀ ਨਾਇਕ ਜਾਂ ਖਲਨਾਇਕ ਦੇ ਤੌਰ 'ਤੇ ਪੇਸ਼ ਕਰਦਾ ਹਾਂ। ਕਿਸੇ ਪ੍ਰਬੰਧ ਵਿਚ ਵਿਚਰ ਰਿਹਾ ਹਰ ਵਿਅਕਤੀ ਚੰਗਾ ਜਾਂ ਮਾੜਾ ਨਹੀਂ ਹੁੰਦਾ। ਮੇਰੇ ਵਿਚਾਰ ਵਿਚ ਭੈੜੇ ਪ੍ਰਬੰਧ ਲਈ ਇਕ ਵਿਅਕਤੀ ਓਨਾ ਕਸੂਰਵਾਰ ਨਹੀਂ, ਜਿੰਨਾ ਕਿ ਪ੍ਰਬੰਧ ਖ਼ੁਦ।

  ਮੈਂ ਸਮੁੱਚੇ ਪ੍ਰਬੰਧ ਦੀਆਂ ਬੁਰਾਈਆਂ ਪੇਸ਼ ਕਰਕੇ ਲੋਕਾਂ ਵਿਚ ਇਹ ਚੇਤਨਾ ਪੈਦਾ ਕਰਨ ਦਾ ਜਤਨ ਕੀਤਾ ਹੈ ਕਿ ਸਮੱਸਿਆ ਸਮੁੱਚੇ ਪ੍ਰਬੰਧ ਨੂੰ ਬਦਲ ਕੇ ਹੀ ਹੱਲ ਹੋਵੇਗੀ। ਇਹ ਬਦਲ ਕਿਸ ਤਰ੍ਹਾਂ ਲਿਆਂਦਾ ਜਾਵੇ, ਇਹ ਮਾਡਲ ਵੀ ਪੇਸ਼ ਕੀਤਾ ਹੈ। ਮੁੱਖ ਤੱਥ ਪੇਸ਼ ਕਰਕੇ ਮੈਂ ਆਪਣੇ ਨਾਵਲਾਂ ਵਿਚ ਤੱਤ ਅਤੇ ਸਿਧਾਂਤ ਪੇਸ਼ ਕੀਤੇ ਹਨ। ਇਨ੍ਹਾਂ ਸਿਧਾਂਤਾਂ ਦੀ ਵਰਤੋਂ ਕਰਦੇ ਹੋਏ ਸਮਾਜ ਦੇ ਬਾਕੀ ਪ੍ਰਬੰਧਾਂ ਨੂੰ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

  ਮੈਂ ਆਪਣੇ ਨਾਵਲਾਂ ਵਿਚ ਸਮਾਜ ਦੀ ਲਗਪਗ ਹਰ ਸਮੱਸਿਆ ਨੂੰ ਛੋਹਿਆ ਹੈ। ਇਨ੍ਹਾਂ ਨੂੰ ਹਰ ਦ੍ਰਿਸ਼ਟੀਕੋਣ ਤੋਂ ਪੜ੍ਹਿਆ ਜਾ ਸਕਦਾ ਹੈ। ਚਿੰਤਕਾਂ ਨੂੰ ਆਪਣੇ ਚਿੰਤਨ ਨੂੰ ਵਿਸ਼ਾਲ ਕਰਕੇ ਨਾਵਲ ਅੰਦਰਲੀਆਂ ਪਰਤਾਂ ਨੂੰ ਘੋਖਣਾ ਅਤੇ ਗਹਿਰਾਈਆਂ ਨੂੰ ਸਮਝਣਾ ਚਾਹੀਦਾ ਹੈ।

? *ਤੁਹਾਡਾ ਨਾਵਲ ਦਾ ਸੰਕਲਪ ਕੀ ਹੈ ਅਤੇ ਤੁਸੀਂ ਆਪਣੇ ਨਾਵਲਾਂ ਨੂੰ ਕਿਨ੍ਹਾਂ ਪੈਮਾਨਿਆਂ ਉੱਪਰ ਪਰਖਣ ਦਾ ਮਸ਼ਵਰਾ ਦਿੰਦੇ ਹੋ ?*

- ਨਾਵਲ ਸਾਹਿਤ ਦੀ ਇਕੋ ਇਕ ਵਿਧਾ ਹੈ ਜੋ ਸੀਮਾਵਾਂ ਰਹਿਤ (Open) ਹੈ। ਸਮੇਂ ਅਨੁਸਾਰ ਇਹ ਆਪਣੇ ਰੂਪ ਬਦਲਦਾ ਰਹਿੰਦਾ ਹੈ। ਅਜੋਕੇ ਸਮੇਂ ਵਿਚ ਪਰਿਸਥਿਤੀਆਂ ਬਹੁਤ ਜਟਿਲ ਹਨ। ਸਮੱਸਿਆਵਾਂ ਦੀਆਂ ਜੜ੍ਹਾਂ ਡੂੰਘੀਆਂ ਅਤੇ ਦੂਰ-ਦੂਰ ਤਕ ਫੈਲੀਆਂ ਹੋਈਆਂ ਹਨ। ਨਾਇਕ, ਖਲਨਾਇਕ ਅਤੇ ਰੁਮਾਂਸ ਵਰਗੇ ਚੌਖਟੇ ਵਿਚ ਰੱਖ ਕੇ 'ਸਮੁੱਚ' ਨੂੰ ਚਿਤਰਣਾ ਅੱਜ ਗਲਪਕਾਰ ਲਈ ਅਸੰਭਵ ਹੈ। ਨਿਆਂ-ਪ੍ਰਬੰਧ ਅਤੇ ਇਸ ਰਾਹੀਂ ਸਟੇਟ ਦੇ ਜਟਿਲ ਕਿਰਦਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਲਈ ਮੈਨੂੰ ਨਾਵਲਾਂ ਦੇ ਰਵਾਇਤੀ

ਮਾਪਦੰਡ ਤੋੜ ਕੇ ਨਵੇਂ ਮਾਪਦੰਡ ਅਪਨਾਉਣੇ ਪਏ ਹਨ। ਮੈਂ ਪੂਰੇ ਪ੍ਰਬੰਧ ਨੂੰ ਹੀ ਨਾਇਕ ਜਾਂ ਖਲਨਾਇਕ ਦੇ ਤੌਰ 'ਤੇ ਪੇਸ਼ ਕੀਤਾ ਹੈ। ਮੇਰੇ ਨਾਵਲਾਂ ਵਿਚਲੇ ਕਰੈਕਟਰ ਆਮ ਨਾਵਲਾਂ ਵਰਗੇ ਪਾਤਰ ਨਹੀਂ ਹਨ ਸਗੋਂ ਪ੍ਰਬੰਧ ਦੀ ਕਿਸੇ ਨਾ ਕਿਸੇ ਕਰੈਕਟਰਿਸਟਿਕ ਨੂੰ ਪੇਸ਼ ਕਰਨ ਵਾਲੀ ਕੜੀ ਹਨ। ਮੇਰੇ ਨਾਵਲ ਨਵੇਂ ਪੈਮਾਨਿਆਂ ਉੱਪਰ ਪਰਖੇ ਜਾਣ ਦੀ ਮੰਗ ਕਰਦੇ ਹਨ ਜਾਂ ਮੇਰੇ ਨਾਵਲਾਂ ਦੀ ਪਰਖ ਦੇ ਪੈਮਾਨੇ ਉਨ੍ਹਾਂ ਦੇ ਵਜੂਦ ਅੰਦਰ ਹੀ ਮੌਜੂਦ ਹਨ। ਜ਼ਰੂਰਤ ਉਨ੍ਹਾਂ ਨੂੰ ਤਲਾਸ਼ਣ ਦੀ ਹੈ।

? *ਤੁਹਾਡੀ ਸਮੁੱਚੀ ਰਚਨਾਕਾਰੀ ਵਿਚ 'ਯੋਜਨਾ' ਅਤੇ 'ਸਹਿਜ ਪ੍ਰਗਟਾਵੇ' ਵਿਚ ਕੀ ਰਿਸ਼ਤਾ ਹੈ ?*

- ਮੈਂ ਪਿਛਲੇ 18 ਸਾਲਾਂ ਤੋਂ ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਗਲਪੀ ਰੂਪ ਦੇਣ ਲਈ ਜਤਨਸ਼ੀਲ ਹਾਂ। ਮੈਂ ਪ੍ਰੋਜੈਕਟ ਬਣਾ ਕੇ ਅਤੇ ਇਕ ਯੋਜਨਾ ਤਹਿਤ ਲਿਖਦਾ ਹਾਂ। ਮੈਂ ਉਨ੍ਹਾਂ ਲੇਖਕਾਂ ਨਾਲ ਸਹਿਮਤ ਨਹੀਂ ਜਿਹੜੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੀ ਕਹਾਣੀ ਆਪੇ ਮੋੜ ਕੱਟਦੀ ਰਹਿੰਦੀ ਹੈ ਜਾਂ ਪਾਤਰ ਹੀ ਆਪਣਾ ਰਾਹ ਚੁਣਦੇ ਹਨ। ਮੇਰਾ ਹਰ ਪਾਤਰ ਅਤੇ ਨਾਵਲਾਂ ਵਿਚ ਘਟਦੀ ਹਰ ਘਟਨਾ ਇਕ ਨਿਸ਼ਚਿਤ ਉਦੇਸ਼ ਨੂੰ ਸਪੱਸ਼ਟ ਕਰਨ ਲਈ ਅਹਿਮ ਅਤੇ ਨਿਸ਼ਚਿਤ ਭੂਮਿਕਾ ਨਿਭਾਉਂਦੇ ਹਨ। ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਮੈਂ ਇਸ ਨੂੰ ਕਈ ਕਈ ਵਾਰ ਸੋਧਦਾ ਹਾਂ। ਕਦੇ-ਕਦੇ ਇਕ-ਇਕ ਵਾਕ ਨੂੰ ਵੀਹ-ਵੀਹ ਵਾਰ ਲਿਖਣਾ ਪੈਂਦਾ ਹੈ। **ਸੁਧਾਰ ਘਰ** ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਮੈਨੂੰ ਕਰੀਬ ਦੋ ਹਜ਼ਾਰ ਪੰਨਿਆਂ ਦਾ ਰਫ਼ ਕੰਮ ਕਰਨਾ ਪਿਆ (ਸਬੂਤ ਵਜੋਂ ਇਹ ਰਫ਼ ਕੰਮ ਮੈਂ ਸੰਭਾਲ ਕੇ ਰੱਖਿਆ ਹੋਇਆ ਹੈ)। ਇਸ ਤਰ੍ਹਾਂ ਸਹਿਜ ਪ੍ਰਗਟਾਵੇ ਲਈ ਅਨੁਭਵ ਅਤੇ ਅਧਿਐਨ ਦੇ ਨਾਲ-ਨਾਲ ਕਰੜੀ ਮਿਹਨਤ-ਮੁਸ਼ੱਕਤ ਵੀ ਕਰਨੀ ਪੈਂਦੀ ਹੈ।

? *ਤੁਹਾਡੇ ਨਾਵਲਾਂ ਵਿਚ ਤੱਥ, ਸਿਧਾਂਤ, ਅਨੁਭਵ ਅਤੇ ਤਨਜ਼ੀਆ ਜੁਗਤ ਵਿਚਾਲੇ ਕੀ ਰਿਸ਼ਤਾ ਹੈ ?*

- ਕਾਨੂੰਨ ਦੇ ਨਾਲ-ਨਾਲ ਮੈਂ ਹਿਸਾਬ ਅਤੇ ਅਰਥ-ਸ਼ਾਸ਼ਤਰ ਦਾ ਵੀ ਵਿਦਿਆਰਥੀ ਹਾਂ। ਬੀ.ਏ. ਦੀ ਡਿਗਰੀ ਮੈਂ 'ਆਨਰਜ਼ ਇਨ ਮੈਥ' ਨਾਲ ਕੀਤੀ ਹੈ ਅਤੇ ਯੂਨੀਵਰਸਿਟੀ ਵਿਚੋਂ ਪਹਿਲੇ ਸਥਾਨ 'ਤੇ ਰਹਿ ਕੇ ਗੋਲਡ ਮੈਡਲ ਹਾਸਲ ਕੀਤਾ ਹੋਇਆ ਹੈ। ਮੈਨੂੰ ਫਾਰਮੂਲਿਆਂ ਦੀ ਬਣਤਰ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਤਰੀਕਿਆਂ ਦੀ ਸਮਝ ਹੈ। ਮਾਈਕਰੋ ਅਤੇ ਮੈਕਰੋ ਵਿਧੀਆਂ ਦਾ ਪ੍ਰਯੋਗ ਕਰਕੇ ਮੈਂ ਤੱਥਾਂ ਵਿਚ ਸਿਧਾਂਤ ਅਤੇ ਸਿਧਾਂਤਾਂ ਅਨੁਸਾਰ ਤੱਥ ਇਕੱਠੇ ਕਰਨ ਦਾ ਵੱਲ ਵੀ ਆਉਂਦਾ ਹੈ। ਮੈਂ ਆਪਣੀ ਰਚਨਾ ਵਿਚ ਕਿਹੜਾ ਸਿਧਾਂਤ ਪੇਸ਼ ਕਰਨਾ ਹੈ,

ਪਹਿਲਾਂ ਇਹ ਤਹਿ ਕਰਦਾ ਹਾਂ। ਫਿਰ ਉਸ ਸਿਧਾਂਤ ਦੀ ਲੋੜ ਅਨੁਸਾਰ ਤੱਥ ਇਕੱਠੇ ਕਰਦਾ ਹਾਂ, ਵਿਸ਼ਾਲ ਅਨੁਭਵ ਕਾਰਨ ਲੋੜੀਂਦੇ ਤੱਥ ਆਸਾਨੀ ਨਾਲ ਲੱਭ ਜਾਂਦੇ ਹਨ। ਜਦੋਂ ਇਹ ਬਿਆਨ ਕਰ ਰਹੇ ਹੋਈਏ ਕਿ ਜੋ ਹੋਣਾ ਚਾਹੀਦਾ ਹੈ, ਹੋ ਉਸ ਦੇ ਉਲਟ ਰਿਹਾ ਤਾਂ ਤਨਜ਼ੀਆ ਜੁਗਤ ਆਪੇ ਅਪਨਾ ਹੋ ਜਾਂਦੀ ਹੈ।

? *ਪੁਲਿਸ ਸਭਿਆਚਾਰ, ਨਿਆਂ ਪ੍ਰਬੰਧ ਅਤੇ ਜੇਲ੍ਹ ਪ੍ਰਬੰਧ ਲਿਖਣ ਉਪਰੰਤ ਹੁਣ ਅਗਲੀ ਯੋਜਨਾ ਕੀ ਹੈ ?*

• ਫ਼ੌਜਦਾਰੀ ਨਿਆਂ-ਪ੍ਰਬੰਧ ਵਾਲਾ ਪ੍ਰੋਜੈਕਟ ਖ਼ਤਮ ਹੋ ਚੁੱਕਾ ਹੈ। ਇਸ ਵਿਸ਼ੇ 'ਤੇ ਹੋਰ ਲਿਖਣਾ ਅਸੰਭਵ ਹੈ। ਕਿਸੇ ਹੋਰ ਨਾਵਲ ਦਾ ਵਿਸ਼ਾ ਪਕੜ ਵਿਚ ਨਹੀਂ ਆ ਰਿਹਾ। ਹੁਣ ਸਮਾਂ ਵੀ ਬਹੁਤ ਹੁੰਦਾ ਹੈ। ਦੇਖਦੇ ਹਾਂ, ਕੀ ਬਣਦਾ ਹੈ ?

? *ਪੁਲਿਸ ਨਿਆਂ-ਪਾਲਿਕਾ ਅਤੇ ਜੇਲ੍ਹ ਪ੍ਰਬੰਧ ਦੇ ਪਾਜ਼ ਉਧੇੜਨ ਅਤੇ ਲਗਾਤਾਰ ਭ੍ਰਿਸ਼ਟਾਚਾਰ ਧੱਕੇਸ਼ਾਹੀਆਂ ਅਤੇ ਬੇਇਨਸਾਫ਼ੀਆਂ ਨੂੰ ਚਿਤਰਣ ਕਰਕੇ ਤੁਹਾਡੇ ਪ੍ਰਤੀ ਸਟੇਟ ਦਾ ਰਵੱਈਆ ਕਿਸ ਤਰ੍ਹਾਂ ਦਾ ਰਿਹਾ ਹੈ ?*

• ਹੁਣ ਰਿਟਾਇਰ ਹੋ ਕੇ ਸੁਰਖ਼ਰੂ ਹੋ ਗਏ ਹਾਂ। ਜਿਉਂ-ਜਿਉਂ ਨਾਵਲਾਂ ਦੀ ਪ੍ਰਸਿੱਧੀ ਵਧਦੀ ਗਈ ਤਿਉਂ-ਤਿਉਂ ਵੱਧ ਔਖਾ ਹੋਣਾ ਪੈਂਦਾ ਰਿਹਾ। ਪੁਲਿਸ ਵਿਰੋਧੀ ਹੋਣ ਦਾ ਦੋਸ਼ ਲੱਗਦਾ ਰਿਹਾ। ਡਿਊਟੀ ਪੁਲਿਸ ਦਾ ਪੱਖ ਪੂਰਨ ਦੀ ਸੀ। ਪਹਿਲੀ ਦਿੱਕਤ ਅਦਾਲਤ ਵਿਚ ਆਪਣੇ ਫ਼ਰਜ਼ ਨਿਭਾਉਣ ਵਿਚ ਆਉਂਦੀ। ਦੂਜੇ, ਜਿਸ ਜੱਜ ਨਾਲ ਕੰਮ ਕਰੀ ਦਾ ਸੀ, ਉਹ ਖੁੱਲ੍ਹ ਕੇ ਗੱਲ ਨਹੀਂ ਸੀ ਕਰਦਾ। ਡਰਦਾ ਰਹਿੰਦਾ ਸੀ ਕਿਧਰੇ ਮੇਰੇ ਪਾਜ ਨਾ ਉਘੇੜ ਦੇਵੇ। ਆਪਣੇ ਮਹਿਕਮੇ ਦੇ ਅਫ਼ਸਰਾਂ ਦੇ ਮਨਾਂ ਦੀ ਮੁਰਾਦ ਵੀ ਪੂਰੀ ਨਹੀਂ ਸੀ ਹੁੰਦੀ। ਹਰ ਸਮੇਂ ਉਹ ਮੈਨੂੰ ਖੁੱਡੇ ਲਾਉਣ ਦਾ ਜਤਨ ਕਰਦੇ ਰਹਿੰਦੇ ਸਨ। ਵਕੀਲ ਵੀ ਨਿਹੋਰੇ ਕੱਸਦੇ ਰਹਿੰਦੇ ਸਨ। ਕਈ ਵਾਰ ਝੂਠੇ ਮਾਮਲਿਆਂ ਵਿਚ ਫਸਾਉਣ ਦੇ ਜਤਨ ਵੀ ਹੋਏ। ਹਰ ਵਾਰ ਹਰੀਸ਼ ਰਾਏ ਢਾਂਡਾ ਆਪਣੀ ਟੀਮ ਸਮੇਤ ਮੇਰੇ ਬਚਾਅ ਲਈ ਚੱਟਾਨ ਵਾਂਗ ਖੜ੍ਹ ਜਾਂਦਾ ਸੀ। ਸੰਕਟ ਦੇ ਬੱਦਲ ਟਲ ਜਾਂਦੇ ਸਨ, 'ਜਦੋਂ ਉਖਲੀ ਵਿਚ ਸਿਰ ਦਿੱਤਾ ਹੈ ਤਾਂ ਮੂਹਲਿਆਂ ਦਾ ਕੀ ਡਰ', ਇਹ ਸੋਚ ਕੇ ਸਮੱਸਿਆਵਾਂ ਨਾਲ ਟਕਰਾਉਂਦੇ ਰਹੀ ਦਾ ਸੀ।

? *ਇਹ ਵੀ ਦੱਸੋ—ਤੁਸੀਂ ਸਾਹਿਤਕ ਸਮਾਗਮਾਂ ਵਿਚ ਬਹੁਤ ਘੱਟ ਨਜ਼ਰ ਆਉਂਦੇ ਹੋ, ਕਿਉਂ ? ਅਜੋਕੇ ਯੁੱਗ ਵਿਚ ਵਾਪਰ ਰਹੀ ਯੋਗਤਾ ਦੀ ਬੇਕਦਰੀ ਅਤੇ ਵਿਦਿਅਕ ਜਗਤ ਵਿਚਲੀ ਰਾਜਨੀਤੀ ਬਾਰੇ ਕੁਝ ਕਹਿਣਾ ਚਾਹੋਗੇ ?*

• ਇਸ ਦੇ ਕਈ ਕਾਰਨ ਹਨ। ਕਿੱਤੇ ਦੇ ਰੁਝੇਵਿਆਂ ਕਾਰਨ ਸਾਹਿਤ ਪੜ੍ਹਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਹਰ ਸਾਹਿਤਕਾਰ ਇਕ ਤਵੱਕੋ ਕਰਦਾ ਹੈ ਕਿ

ਤੁਹਾਡੇ ਵੱਲੋਂ ਉਸ ਨੂੰ ਜ਼ਰੂਰ ਪੜ੍ਹਿਆ ਗਿਆ ਹੋਵੇ। ਪੁੱਛਣ ’ਤੇ ਜੇ ਇਹ ਆਖਿਆ ਜਾਵੇ ਕਿ ਮੈਂ ਤੁਹਾਡੀ ਕੋਈ ਪੁਸਤਕ ਨਹੀਂ ਪੜ੍ਹੀ ਤਾਂ ਦੂਸਰੇ ਲੇਖਕ ਦੇ ਨਾਲ-ਨਾਲ ਆਪ ਨੂੰ ਵੀ ਨਮੋਸ਼ੀ ਹੁੰਦੀ ਹੈ। ਇਸ ਕਮਜ਼ੋਰੀ ਕਾਰਨ ਸਮਾਗਮਾਂ ਵਿਚ ਸ਼ਾਮਲ ਹੋਣ ਤੋਂ ਗੁਰੇਜ਼ ਕਰੀਦਾ ਹੈ। ਕਚਹਿਰੀ ਦਾ ਕੰਮ ਹਫ਼ਤੇ ਦੇ ਛੇ ਦਿਨ ਚੱਲਦਾ ਹੈ। ਛੁੱਟੀਆਂ ਵੀ ਦੂਜਿਆਂ ਮਹਿਕਮਿਆਂ ਨਾਲੋਂ ਬਹੁਤ ਘੱਟ ਹੁੰਦੀਆਂ ਹਨ। ਐਤਵਾਰ ਘਰੇਲੂ ਕੰਮਕਾਰਾਂ ਵਿਚ ਲੰਘ ਜਾਂਦਾ ਹੈ। ਸਮੇਂ ਦੀ ਘਾਟ ਕਾਰਨ ਵੀ ਸਮਾਗਮਾਂ ਵਿਚ ਨਹੀਂ ਜਾਇਆ ਜਾਂਦਾ। ਆਮ ਤੌਰ ’ਤੇ ਬਹੁਤੇ ਸਮਾਗਮਾਂ ਦਾ ਪੱਧਰ ਸਾਧਾਰਨ ਜਿਹਾ ਹੁੰਦਾ ਹੈ। ਸਿੱਖਣ ਲਈ ਕੁਝ ਨਹੀਂ ਹੁੰਦਾ। ਅੱਜ ਕੱਲ੍ਹ ਸਿਹਤ ਵੀ ਇਜਾਜ਼ਤ ਨਹੀਂ ਦਿੰਦੀ।

ਵਿਦਿਅਕ ਜਗਤ ਵਿਚ ਰਾਜਨੀਤੀ ਅਤੇ ਭਾਈ ਭਤੀਜਾਵਾਦ ਬਹੁਤ ਹਾਵੀ ਹੈ। ਮੈਰਿਟ ਦੀ ਥਾਂ ’ਤੇ ਗੁੱਟਬੰਦੀ ਨੂੰ ਪਹਿਲ ਦਿੱਤੀ ਜਾਂਦੀ ਹੈ।

? *ਜਦੋਂ ਪੰਜਾਬੀ ਗਲਪ ਦੇ ਨਾਮਵਰ ਚਿੰਤਕ (ਡਾ. ਅਤਰ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ.ਆਰ. ਵਿਨੋਦ ਅਤੇ ਡਾ. ਕੇਸਰ ਸਿੰਘ ਕੇਸਰ ਤੇ ਕਈ ਹੋਰ) ਜਦੋਂ ਸੁਪਲੇਟਵ ਡਿਗਰੀ ਵਿਚ ਤੁਹਾਡੇ ਨਾਵਲਾਂ ਦੀ ਪ੍ਰਸੰਸਾ, ਵਿਸ਼ਲੇਸ਼ਣ-ਮੁਲਾਂਕਣ ਕਰਦੇ ਹਨ ਤਾਂ ਦੂਸਰੇ ਲੇਖਕ/ਨਾਵਲਕਾਰ ਕਿਵੇਂ ਲੈਂਦੇ ਹਨ ਇਸ ਨੂੰ ?*

• ਪੰਜਾਬੀ ਦੇ ਨਾਮਵਰ ਚਿੰਤਕ ਜਦੋਂ ਮੇਰੇ ਨਾਵਲਾਂ ਦੀ ਭਰਪੂਰ ਪ੍ਰਸੰਸਾ ਕਰਦੇ ਹਨ ਤਾਂ ਸਮਕਾਲੀ ਨਾਵਲਕਾਰ ਬਹੁਤ ਤਿਲਮਿਲਾਉਂਦੇ ਹਨ। ਕਈ ਤਾਂ ਇਥੋਂ ਤਕ ਦੋਸ਼ ਲਾਉਣ ਲੱਗਦੇ ਹਨ ਕਿ ਮੈਂ ਪੈਸਾ, ਸ਼ਰਾਬ ਅਤੇ ਅਹੁਦੇ ਦੀ ਵਰਤੋਂ ਕਰਕੇ ਚਿੰਤਕਾਂ ਤੋਂ ਖੋਜ-ਪੱਤਰ ਲਿਖਵਾਉਂਦਾ ਹਾਂ। ਮੈਂ ਇਹ ਦਾਅਵੇ ਨਾਲ ਆਖਦਾ ਹਾਂ ਕਿ ਇਹ ਸਭ ਦੋਸ਼ ਫ਼ਜ਼ੂਲ ਹਨ। ਮੇਰਾ ਕਿੱਤਾ ਅਕਾਦਮਿਕ ਨਾ ਹੋਣ ਕਾਰਨ ਮੇਰਾ ਯੂਨੀਵਰਸਿਟੀਆਂ ਅਤੇ ਪ੍ਰੋਫ਼ੈਸਰਾਂ ਦੇ ਘਰ ਆਉਣ ਜਾਣ ਨਹੀਂ ਹੈ। ਸਮਾਗਮਾਂ ਵਿਚ ਵੀ ਘੱਟ-ਵੱਧ ਹੀ ਜਾਇਆ ਜਾਂਦਾ ਹੈ। ਮੈਂ ਅੱਜ ਤਕ ਦਿੱਲੀ ਯੂਨੀਵਰਸਿਟੀ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਦਾ ਗੇਟ ਤਕ ਨਹੀਂ ਦੇਖਿਆ। ਮੇਰੇ ਪ੍ਰਸੰਸਕਾਂ ਵਿਚ ਡਾ. ਅਤਰ ਸਿੰਘ ਤੋਂ ਲੈ ਕੇ ਤੁਹਾਡੀ (ਡਾ. ਹਰਿਭਜਨ ਸਿੰਘ ਭਾਟੀਆ) ਪੀੜ੍ਹੀ ਤਕ ਦੇ ਸਭ ਉੱਚ-ਕੋਟੀ ਦੇ ਚਿੰਤਕ ਸ਼ਾਮਲ ਹਨ। ਮੈਂ ਆਪਣੇ ਨਿੰਦਕਾਂ ਨੂੰ ਇਹ ਕਹਿੰਦਾ ਹੁੰਦਾ ਹਾਂ ਕਿ ਜੇ ਡਾ. ਟੀ.ਆਰ. ਵਿਨੋਦ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਕੇਸਰ ਸਿੰਘ ਕੇਸਰ, ਡਾ. ਰਘਬੀਰ ਸਿੰਘ ਸਿਰਜਣਾ ਜਾਂ ਡਾ. ਹਰਿਭਜਨ ਸਿੰਘ ਭਾਟੀਆ ਪੈਸੇ ਦੇ ਲਾਲਚ ਕਾਰਨ ਖੋਜ-ਪੱਤਰ ਲਿਖਦੇ ਹਨ ਤਾਂ ਪੰਜ ਹਜ਼ਾਰ ਰੁਪਿਆ ਮੈਂ ਦਿੰਦਾ ਹਾਂ, ਤੁਸੀਂ ਆਪਣੇ ਨਾਵਲ ਉੱਪਰ ਉਨ੍ਹਾਂ ਤੋਂ ਖੋਜ-ਪੱਤਰ ਲਿਖਵਾ ਕੇ ਦਿਖਾਓ। ਮੇਰੇ ਕਿਸੇ ਦੋਖੀ ਨੇ ਅੱਜ ਤਕ ਮੇਰੀ ਇਹ ਚੁਣੌਤੀ ਸਵੀਕਾਰ ਨਹੀਂ ਕੀਤੀ।

? *ਜਦੋਂ ਨਾਵਲ ਲਿਖ ਰਹੇ ਹੁੰਦੇ ਹੋ ਕੀ ਉਸ ਸਮੇਂ ਤੁਹਾਡੀ ਮਨੋ-ਅਵਸਥਾ ਸਧਾਰਨ ਨਾਲੋਂ ਕੁਝ ਵੱਖਰੀ ਹੁੰਦੀ ਹੈ ?*

• ਦੁਨੀਆ ਵਿਚ ਸਭ ਤੋਂ ਵੱਧ ਉੱਤਮ ਸਾਹਿਤ ਭਾਰਤ ਵਿਚ ਰਚਿਆ ਗਿਆ ਹੈ। ਭਾਰਤੀ ਪਰੰਪਰਾ ਅਨੁਸਾਰ ਸਾਹਿਤ ਧੁਰ ਦੀ ਬਾਣੀ ਹੁੰਦੀ ਹੈ, ਮਨੁੱਖ ਕੇਵਲ ਇਕ ਮਾਧਿਅਮ ਬਣ ਕੇ ਇਸ ਨੂੰ ਰਚਦਾ ਹੈ। ਉਂਜ ਇਹ ਗੱਲ ਗ਼ੈਰ-ਵਿਗਿਆਨਕ ਅਤੇ ਓਪਰੀ ਜਹੀ ਲੱਗਦੀ ਹੈ। ਮੈਨੂੰ ਇਹ ਕਥਨ ਵਿਗਿਆਨਕ ਨਜ਼ਰ ਆਉਂਦਾ ਹੈ। ਕੋਈ ਰਚਨਾ ਉਸ ਸਮੇਂ ਹੀ ਪ੍ਰਮਾਣਿਕ ਬਣਦੀ ਹੈ ਜਦੋਂ ਉਸ ਦਾ ਰਚਨਹਾਰਾ ਆਪਣੀ ਕਹਾਣੀ ਦੇ ਸੰਸਾਰ ਦਾ ਇਕ ਪਾਤਰ ਬਣ ਕੇ ਉਸ ਵਿਚ ਰਚ-ਮਿਚ ਜਾਵੇ। ਇਸ ਅਵਸਥਾ ਤਕ ਪਹੁੰਚਣ ਲਈ ਸਮਾਧੀ ਲਾਉਣ ਵਾਲਿਆਂ ਵਾਂਗ ਕਰੜੀ ਸਾਧਨਾ ਕਰਨੀ ਪੈਂਦੀ ਹੈ। ਆਪਣੇ ਰਚਨਾ ਸੰਸਾਰ ਵਿਚ ਪ੍ਰਵੇਸ਼ ਕਰਨ ਲਈ ਮੈਨੂੰ ਕਈ-ਕਈ ਹਫ਼ਤੇ ਇੰਤਜ਼ਾਰ ਕਰਨਾ ਪੈਂਦਾ ਹੈ। ਪਹਿਲੀ ਵਾਰ ਜਦੋਂ ਕਲਮ ਲੈ ਕੇ ਬੈਠੀ ਦਾ ਹੈ ਤਾਂ ਦੋ-ਚਾਰ ਸਤਰਾਂ ਤੋਂ ਵੱਧ ਨਹੀਂ ਲਿਖ ਹੁੰਦਾ। ਲੜੀ ਨਾਲ ਲੜੀ ਨਹੀਂ ਜੁੜਦੀ। ਕਈ-ਕਈ ਘੰਟੇ ਮਗਜ਼ ਖਪਾਈ ਕਰਕੇ ਖ਼ਾਲੀ ਹੱਥ ਉੱਠ ਖੜੋਈ ਦਾ ਹੈ। ਪਹਿਲਾਂ ਮਨ ਉਚਾਟ ਹੋ ਜਾਂਦਾ ਸੀ। ਕਈ ਵਾਰ ਰਚਨਾ ਅਧੂਰੀ ਛੱਡ ਦੇਈ ਦੀ ਸੀ। ਹੁਣ ਅਨੁਭਵ ਹੋ ਚੁੱਕਾ ਹੈ। ਪਤਾ ਹੈ ਕਿ ਧਿਆਨ ਨੇ ਹੌਲੀ-ਹੌਲੀ ਕੇਂਦ੍ਰਿਤ ਹੋਣਾ ਹੈ। ਸਿਰੜ ਨਾਲ ਹਰ ਰੋਜ਼ ਕਲਮ ਲੈ ਕੇ ਮੇਜ਼ 'ਤੇ ਬੈਠ ਜਾਈਦਾ ਹੈ। ਹੌਲੀ-ਹੌਲੀ ਘਟਨਾਵਾਂ ਜ਼ਿਹਨ ਵਿਚ ਸੁਰਜੀਤ ਹੋਣ ਲੱਗਦੀਆਂ ਹਨ। ਪਾਤਰਾਂ ਨਾਲ ਸਾਂਝ ਪੈਣ ਲੱਗਦੀ ਹੈ। ਬਾਹਰਲੀ ਦੁਨੀਆ ਨਾਲੋਂ ਸੰਪਰਕ ਟੁੱਟਣ ਅਤੇ ਅੰਦਰਲੀ ਨਾਲ ਜੁੜਨ ਲੱਗਦਾ ਹੈ। ਇਕ ਅਵਸਥਾ ਅਜਿਹੀ ਆ ਜਾਂਦੀ ਹੈ ਜਦੋਂ ਕਾਰ ਦੇ ਗੇਅਰ ਬਦਲਣ ਵਾਂਗ ਬਾਹਰਲੀ ਜ਼ਿੰਦਗੀ ਆਪਣੇ ਆਪ ਜੀਵੀ ਜਾ ਰਹੀ ਹੁੰਦੀ ਹੈ। ਇਕ ਨਸ਼ਈ ਵਿਅਕਤੀ ਵਾਂਗ ਘਰ ਵੀ ਪੁੱਜ ਜਾਈਦਾ ਹੈ ਅਤੇ ਪਤਾ ਵੀ ਨਹੀਂ ਲੱਗਦਾ ਕਦੋਂ ਬੱਸ ਚੜ੍ਹੇ, ਕਦੋਂ ਰਿਕਸ਼ਾ ਫੜਿਆ ਅਤੇ ਕਦੋਂ ਪੈਦਲ ਚੱਲੇ। ਅਜਿਹੀ ਅਵਸਥਾ ਆਉਣ ਤੋਂ ਬਾਅਦ ਹੀ ਤੱਥਾਂ ਅਤੇ ਵਿਚਾਰਾਂ ਦੀਆਂ ਲੜੀਆਂ ਫੁਹਾਰੇ ਵਾਂਗ ਫੁੱਟਦੀਆਂ ਹਨ। ਫਿਰ ਕਈ ਗੱਲਾਂ ਅਜਿਹੀਆਂ ਲਿਖ ਹੋ ਜਾਂਦੀਆਂ ਹਨ ਜਿਨ੍ਹਾਂ ਬਾਰੇ ਨਾ ਪਹਿਲਾਂ ਕਦੇ ਪੜ੍ਹਿਆ ਹੁੰਦਾ ਹੈ ਨਾ ਜਾਣਿਆ ਹੁੰਦਾ ਹੈ। ਇਹੋ ਜਿਹਾ ਪੜ੍ਹ ਕੇ ਹੀ ਰਚਨਾਕਾਰ ਨੂੰ ਲੱਗਦਾ ਹੈ ਜਿਵੇਂ ਕਿਸੇ ਸਰਬ-ਗਿਆਤਾ ਨੇ ਉਸ ਤੋਂ ਰਚਨਾ ਕਰਵਾਈ ਹੈ। ਨਹੀਂ ਤਾਂ ਇਹ ਅਨੋਖੇ ਵਿਚਾਰ ਕਿੱਥੋਂ ਆਏ। (ਅਸਲ ਵਿਚ ਇਹ ਉਹ ਅਵਸਥਾ ਹੁੰਦੀ ਹੈ ਜਦੋਂ ਵਿਅਕਤੀ ਸਿਰਜਕ ਬਣ ਚੁੱਕਾ ਹੁੰਦਾ ਹੈ ਅਤੇ ਕੁਦਰਤੀ ਸ਼ਕਤੀ ਦੇ ਆਧਾਰ 'ਤੇ ਉਸ ਕੋਲੋਂ ਨਵੀਂ ਸਿਰਜਣਾ ਹੋ ਰਹੀ ਹੁੰਦੀ ਹੈ)। ਰਚਨਾ ਮੁਕੰਮਲ ਹੋਣ ਤੋਂ ਬਾਅਦ ਕੁਝ ਦਿਨ ਮਹਿਸੂਸ ਹੁੰਦਾ ਰਹਿੰਦਾ ਹੈ ਜਿਵੇਂ ਸੰਗੀ-ਸਾਥੀਆਂ ਕੋਲੋਂ ਵਿਛੜ

ਗਏ ਹੋਈਏ। ਪਾਤਰਾਂ ਦੀ ਯਾਦ ਆਉਂਦੀ ਹੈ, ਉਨ੍ਹਾਂ ਦੇ ਨੇੜੇ-ਤੇੜੇ ਹੋਣ ਦੇ ਭੁਲੇਖੇ ਪੈਂਦੇ ਹਨ। ਹੌਲੀ-ਹੌਲੀ ਧਿਆਨ ਦੀ ਅਵਸਥਾ ਭੰਗ ਹੋ ਜਾਂਦੀ ਹੈ। ਕਾਲਪਨਿਕ ਸੰਸਾਰ ਤੋਂ ਬਾਹਰ ਆਈਦਾ ਹੈ ਅਤੇ ਸਾਧਾਰਨ ਜ਼ਿੰਦਗੀ ਜਿਊਣ ਲੱਗੀ ਦਾ ਹੈ।

? *ਕੀ ਨਾਵਲਾਂ ਦੇ ਪਾਤਰਾਂ ਅਤੇ ਘਟਨਾਵਾਂ ਦੀ ਚੋਣ ਸੁਚੇਤ ਅਤੇ ਸੋਚੀ ਸਮਝੀ ਹੁੰਦੀ ਹੈ ?*

• ਆਪਣੀ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਆਖੀ ਜਾ ਸਕੇ, ਇਸ ਲਈ ਪਾਤਰਾਂ ਅਤੇ ਘਟਨਾਵਾਂ ਦੀ ਚੋਣ ਸੋਚ-ਸਮਝ ਕੇ ਕਰਨੀ ਪੈਂਦੀ ਹੈ। ਰਾਮ ਨਾਥ **ਕੌਰਵ ਸਭਾ** ਦਾ ਕੇਂਦਰੀ ਪਾਤਰ ਹੈ। ਪਹਿਲੀ ਸਤਰ ਤੋਂ ਲੈ ਕੇ ਨਾਵਲ ਦੀ ਆਖ਼ਰੀ ਸਤਰ ਤਕ ਕਹਾਣੀ ਅੱਗੇ ਤੋਰਨ ਵਿਚ ਉਹ ਮੁੱਖ ਭੂਮਿਕਾ ਨਿਭਾਉਂਦਾ ਹੈ। ਕਿੱਤੇ ਵਜੋਂ ਉਸ ਨੂੰ ਡਾਕਟਰ ਜਾਂ ਪ੍ਰੋਫ਼ੈਸਰ ਵੀ ਬਣਾਇਆ ਜਾ ਸਕਦਾ ਸੀ। ਜਾਣ-ਬੁੱਝ ਕੇ ਮੈਂ ਉਸ ਨੂੰ ਵਕੀਲ ਬਣਾਇਆ। ਇਸ ਤਰ੍ਹਾਂ ਕਰਨ ਨਾਲ ਮੇਰੇ ਕਈ ਮਸਲੇ ਹੱਲ ਹੋ ਗਏ। ਕਲਾਤਮਕ ਪੱਖੋਂ ਇਹ ਲਾਭ ਹੋਇਆ ਕਿ ਕਾਨੂੰਨੀ ਬਾਰੀਕੀਆਂ ਆਸਾਨੀ ਨਾਲ ਪੇਸ਼ ਹੋ ਗਈਆਂ। ਵਕੀਲ ਹੋਣ ਕਾਰਨ ਕਾਨੂੰਨੀ ਕਲਾਬਾਜ਼ੀਆਂ ਦਾ ਉਸ ਨੂੰ ਪਹਿਲਾਂ ਹੀ ਪਤਾ ਹੁੰਦਾ ਸੀ। ਕਾਨੂੰਨ ਸਮਝਾਉਣ ਲਈ ਬਿਰਤਾਂਤਕਾਰ ਨੂੰ ਦਖ਼ਲ ਦੇਣ ਦੀ ਜ਼ਰੂਰਤ ਘੱਟ ਪਈ। ਇਸ ਪਾਤਰ ਰਾਹੀਂ ਸਿਧਾਂਤਕ ਤੌਰ ’ਤੇ ਮੈਂ ਇਹ ਸਿੱਧ ਕਰਨਾ ਚਾਹਿਆ ਕਿ ਜੇ ਗ਼ਲਤ ਢੰਗ-ਤਰੀਕੇ ਵਰਤ ਕੇ ਅਸੀਂ ਅਸਲੀ ਮੁਜਰਿਮ ਨੂੰ ਸਜ਼ਾ ਤੋਂ ਬਚਾਵਾਂਗੇ ਤਾਂ ਇਕ ਦਿਨ ਸਥਿਤੀ ਏਨੀ ਬਦਤਰ ਹੋ ਜਾਵੇਗੀ ਕਿ ਮੁਜਰਿਮ ਉਨ੍ਹਾਂ ਨੂੰ ਬਚਾਉਣ ਵਾਲੇ ਵਕੀਲਾਂ ਨੂੰ ਵੀ ਹੱਥ ਪਾਉਣ ਲੱਗਣਗੇ। ਸਾਰਾ ਸਮਾਜ ਅਸੁਰੱਖਿਅਤ ਹੋ ਜਾਵੇਗਾ। ਰਾਮ ਨਾਥ ਨੂੰ ਨਿੱਘਰ ਚੁੱਕੇ ਕਾਨੂੰਨੀ ਢਾਂਚੇ ਦੀ ਸਮਝ ਉਸ ਸਮੇਂ ਹੀ ਆਉਂਦੀ ਹੈ ਜਦੋਂ ਉਸ ਨੂੰ ਇਕ ਪੀੜਤ ਧਿਰ ਦੀ ਪੀੜ ਖ਼ੁਦ ਹੰਢਾਉਣੀ ਪੈਂਦੀ ਹੈ। ਫਿਰ ਹੀ ਉਹ ਆਤਮ-ਚਿੰਤਨ ਕਰਦਾ ਹੈ ਅਤੇ ਸਹੀ ਰਾਹ ਤੁਰਨ ਲਈ ਪ੍ਰੇਰਿਤ ਹੁੰਦਾ ਹੈ। ਇਸੇ ਤਰ੍ਹਾਂ ਸਿੰਗਲੇ ਵਕੀਲ ਨੂੰ ਬਾਬੂ ਨੰਦ ਲਾਲ ਦਾ ਚੇਲਾ ਜਾਣ ਬੁਝ ਕੇ ਬਣਾਇਆ ਹੈ। ਨੰਦ ਲਾਲ ਨੂੰ ਜੇ ਆਪਣੇ ਕੀਤੇ ’ਤੇ ਇਕ ਪਲ ਲਈ ਆਤਮ-ਗਿਲਾਨੀ ਹੁੰਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਬੁਰੀ ਧਿਰ ਦਾ ਖ਼ਾਤਮਾ ਹੋ ਗਿਆ ਹੈ। ਸਿੰਗਲੇ ਵਰਗੇ ਚਲਾਕ ਚੇਲੇ ਭੈੜ ਦੀ ਵਿਰਾਸਤ ਸੰਭਾਲਣ ਲਈ ਤਿਆਰ ਖੜ੍ਹੇ ਹਨ।

ਹੁਣ ਘਟਨਾਵਾਂ ਵੱਲ ਆਈਏ। ਵੇਦ ਪਰਿਵਾਰ ਦੇ ਚਾਰ ਮੈਂਬਰਾਂ ’ਤੇ ਆਧਾਰਿਤ ਹੋਣ ਦੀ ਚੋਣ ਅਚਾਨਕ ਨਹੀਂ, ਇਕ ਯੋਜਨਾ ਤਹਿਤ ਹੋਈ ਹੈ। ਕਤਲ, ਡਾਕਾ ਅਤੇ ਬਲਾਤਕਾਰ ਸਭ ਤੋਂ ਸੰਗੀਨ ਜੁਰਮ ਹਨ। ਸੱਟਾਂ-ਫੇਟਾਂ ਮਾਰਨ ਵਾਲੇ ਜੁਰਮ ਦੂਜੇ ਨੰਬਰ ’ਤੇ ਆਉਂਦੇ ਹਨ। ਨਾਵਲ ਵਿਚ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ

ਇਕੋ ਸਮੇਂ ਇਕੋ ਪਰਿਵਾਰ ਵਿਰੁੱਧ ਘਟਦੇ ਦਿਖਾਇਆ ਹੈ। ਬਿਨਾ ਕਸੂਰੋਂ ਜਵਾਨ ਪੁੱਤ ਅਗਵਾ ਹੋ ਜਾਣ ਬਾਅਦ ਉਸ ਦੇ ਵਾਰਿਸਾਂ ਦੀ ਮਨੋਸਥਿਤੀ, ਚੜ੍ਹਦੀ ਜਵਾਨੀ ਵਿਚ ਬਲਾਤਕਾਰ ਦਾ ਸ਼ਿਕਾਰ ਹੋ ਚੁੱਕੀ ਮੁਟਿਆਰ ਦੀ ਮਾਨਸਿਕਤਾ, ਦਿਮਾਗ਼ੀ ਸੱਟ ਖਾ ਕੇ ਸੰਤੁਲਨ ਗੁਆ ਚੁੱਕੀ ਸੋਹਣੀ ਸੁਨੱਖੀ ਔਰਤ ਦੀ ਪਸ਼ੂਆਂ ਵਰਗੀ ਬਣੀ ਦੇਹ ਅਤੇ ਅਪਾਹਜ ਹੋਣ ਬਾਅਦ ਘਰ ਦੇ ਮੁਖੀ ਲਈ ਪੈਦਾ ਹੁੰਦੀਆਂ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਨੂੰ ਦਰਸਾਉਣ ਲਈ ਮੈਂ ਕਈ ਘਟਨਾਵਾਂ ਇਕੋ ਸਮੇਂ ਘਟਵਾਈਆਂ ਹਨ। ਇਕ ਪਾਸੇ ਅਜਿਹੀ ਪੀੜਤ ਪਰਿਵਾਰ ਦੀ ਆਰਥਿਕ ਦਸ਼ਾ ਦਿਵਾਲੀਏਪਣ ਤਕ ਅਤੇ ਮਾਨਸਿਕ ਦਸ਼ਾ ਆਤਮ-ਹੱਤਿਆ ਕਰ ਲੈਣ ਤਕ ਪੁੱਜ ਜਾਂਦੀ ਹੈ ਅਤੇ ਦੂਜੇ ਪਾਸੇ ਕਾਨੂੰਨ ਅਤੇ ਕਾਨੂੰਨ ਦੇ ਰਾਖੇ ਅਜਿਹੇ ਸੰਗੀਨ ਜੁਰਮ ਕਰਨ ਵਾਲੇ ਮੁਜਰਿਮ ਨੂੰ ਬਚਾਉਣ ਲਈ ਸਿਰਤੋੜ ਯਤਨ ਕਰਦੇ ਹਨ।

ਸਾਡਾ ਨਿਆਂ-ਪ੍ਰਬੰਧ ਕਿਹੋ ਜਿਹੇ ਫ਼ਰਜ਼ ਨਿਭਾ ਰਿਹਾ ਹੈ ? ਇਹ ਦਰਸਾਉਣ ਲਈ ਇਹੋ ਜਿਹੇ ਪਾਤਰਾਂ ਅਤੇ ਘਟਨਾਵਾਂ ਦੀ ਚੋਣ ਸੁਚੇਤ ਰੂਪ ਵਿਚ ਕੀਤੀ ਗਈ ਹੈ।

? *ਪੰਜਾਬੀ ਸਾਹਿਤ ਨਾਲ ਸੰਬੰਧਤ ਇਨਾਮਾਂ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ ? ਇਨ੍ਹਾਂ ਦੀ ਰਾਜਨੀਤੀ ਬਾਰੇ ਵੀ ਕੁਝ ਆਖੋ ?*

• ਸਾਹਿਤਕਾਰਾਂ ਨੂੰ ਮਿਲਦੇ ਇਨਾਮਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਤਰ੍ਹਾਂ ਦੇ ਉਹ ਮਾਨ-ਸਨਮਾਨ ਹਨ ਜਿਹੜੇ ਸਥਾਨਕ ਸਭਾਵਾਂ ਵੱਲੋਂ ਦਿੱਤੇ ਜਾਂਦੇ ਹਨ। ਇਨ੍ਹਾਂ ਸਨਮਾਨਾਂ ਵਿਚ ਰਾਸ਼ੀ ਤਾਂ ਭਾਵੇਂ ਬਹੁਤੀ ਨਹੀਂ ਹੁੰਦੀ ਪਰ ਲੋਕਾਂ ਦਾ ਪਿਆਰ ਅਤੇ ਸ਼ਰਧਾ ਠਾਠਾਂ ਮਾਰ ਰਹੇ ਹੁੰਦੇ ਹਨ। ਮੈਂ ਇਨ੍ਹਾਂ ਸਨਮਾਨਾਂ ਨੂੰ ਹੀ ਸੱਚੇ-ਸੁੱਚੇ ਸਨਮਾਨ ਮੰਨਦਾ ਹਾਂ। ਦੂਜੀ ਤਰ੍ਹਾਂ ਦੇ ਇਨਾਮ ਉਹ ਹਨ ਜਿਹੜੇ ਸਰਕਾਰਾਂ, ਸਰਕਾਰੀ ਅਦਾਰਿਆਂ ਜਾਂ ਵੱਡੀਆਂ-ਵੱਡੀਆਂ ਸੰਸਥਾਵਾਂ ਵੱਲੋਂ ਦਿੱਤੇ ਜਾਂਦੇ ਹਨ। ਸਨਮਾਨ ਵਾਲੀ ਰਾਸ਼ੀ ਜ਼ਿਆਦਾ ਹੋਣ ਕਾਰਨ ਸਾਹਿਤਕਾਰ ਇਹ ਪੁਰਸਕਾਰ ਦੇਣ ਵਾਲੀਆਂ ਤਾਕਤਾਂ ਦੇ ਅੱਗੇ-ਪਿੱਛੇ ਪੂਛ ਹਿਲਾਉਂਦੇ ਫਿਰਦੇ ਰਹਿੰਦੇ ਹਨ। ਇਸ ਤਰ੍ਹਾਂ ਦੇ ਇਨਾਮ ਮਿਲਦੇ ਨਹੀਂ, ਲਏ ਜਾਂਦੇ ਹਨ। ਭਾਈ ਭਤੀਜਾਵਾਦ, ਸਿਆਸੀ ਰਸੂਖ ਅਤੇ ਮਾਇਆ ਦੀ ਖੁੱਲ੍ਹ ਕੇ ਵਰਤੋਂ ਹੁੰਦੀ ਹੈ। ਅਜਿਹੇ ਇਨਾਮਾਂ ਦੀ ਪ੍ਰਾਪਤੀ ਸਾਹਿਤਕਾਰ ਦੀ ਹਉਮੈਂ ਨੂੰ ਪੱਠੇ ਤਾਂ ਪਾ ਸਕਦੀ ਹੈ ਪਰ ਲੋਕਾਂ ਵਿਚ ਉਸ ਦਾ ਕੱਦ ਉੱਚਾ ਨਹੀਂ ਕਰ ਸਕਦੀ। ਇਸ ਤਰ੍ਹਾਂ ਦੇ ਸਨਮਾਨਾਂ ਨੂੰ ਮੈਂ ਕੋਈ ਅਹਿਮੀਅਤ ਨਹੀਂ ਦਿੰਦਾ।

? *ਸ਼ਾਹਕਾਰ ਰਚਨਾ ਦੀ ਸਿਰਜਣਾ ਵਿਚ ਅਨੁਭਵ, ਕਲਪਨਾ ਅਤੇ ਗਿਆਨ ਦਾ ਕਿੰਨਾ-ਕਿੰਨਾ ਹੱਥ ਹੁੰਦਾ ਹੈ। ਰਚਨਾ ਇਨ੍ਹਾਂ ਦੇ ਸੰਜੋਗ 'ਚੋਂ ਜਨਮਦੀ ਹੈ*

*ਜਾਂ ਕਿਸੇ 'ਕੱਲੇ-ਕਾਰੇ ਤੱਤ ਦੀ ਕਾਰਜਸ਼ੀਲਤਾ ਵਿਚੋਂ ?*

• ਮੇਰੇ ਵਿਚਾਰ ਅਨੁਸਾਰ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਮਿਲੀ ਸਫ਼ਲਤਾ ਪਿੱਛੇ ਇਕੋ ਕਾਰਨ ਨਹੀਂ ਹੁੰਦਾ। ਇਹ ਸਫ਼ਲਤਾ ਕਈ ਗੁਣਾਂ ਦੇ ਸੁਮੇਲ ਕਾਰਨ ਹੱਥ ਲੱਗਦੀ ਹੈ। ਇਸ ਨੂੰ ਬਹੁ-ਕਾਰਜੀ ਸਿਧਾਂਤ ਆਖਿਆ ਜਾਂਦਾ ਹੈ। ਇਸ ਤਰ੍ਹਾਂ ਸ਼ਾਹਕਾਰ ਰਚਨਾ ਦੀ ਸਿਰਜਣਾ ਪਿੱਛੇ ਸਿਰਜਣਾਤਮਕ ਸ਼ਕਤੀ, ਤੀਖਣ ਬੁੱਧੀ ਅਤੇ ਕਲਪਨਾ ਸ਼ਕਤੀ ਦੇ ਨਾਲ-ਨਾਲ ਅਨੁਭਵ, ਅਧਿਐਨ ਅਤੇ ਅਭਿਆਸ ਵੀ ਕੰਮ ਕਰਦਾ ਹੈ।

? *ਆਪਣੇ ਨਾਵਲਾਂ ਬਾਰੇ ਹੋਈ ਆਲੋਚਨਾ ਸੰਬੰਧੀ ਵੀ ਕੁਝ ਦੱਸੋ ? ਇਸ ਚਰਚਾ ਨੇ ਤੁਹਾਡੀ ਸਿਰਜਣਾ ਦੇ ਚਿਹਰੇ-ਮੁਹਰੇ ਨੂੰ ਸੰਵਾਰਨ ਜਾਂ ਨਿਖਾਰਨ ਵਿਚ ਕੋਈ ਯੋਗਦਾਨ ਪਾਇਆ ਹੈ ?*

• ਜਿਵੇਂ ਮੈਂ ਪਹਿਲਾਂ ਹੀ ਪ੍ਰਵਾਨ ਕਰ ਚੁੱਕਾ ਹਾਂ ਕਿ ਮੈਂ ਬਹੁਤ ਘੱਟ ਸਾਹਿਤ ਪੜ੍ਹਦਾ ਹਾਂ। ਸਾਹਿਤ ਅਧਿਐਨ ਕਾਰਨ ਮੇਰੀ ਕਲਾ ਵਿਚ ਨਿਖਾਰ ਨਹੀਂ ਆਇਆ। ਮੇਰੀ ਸਫ਼ਲਤਾ ਦਾ ਰਾਜ ਸੁਹਿਰਦ ਚਿੰਤਕਾਂ ਵੱਲੋਂ ਮੇਰੀਆਂ ਰਚਨਾਵਾਂ ਪ੍ਰਤਿ ਕੀਤੀਆਂ ਟਿੱਪਣੀਆਂ ਹਨ। ਪ੍ਰਸੰਸਾ ਹੋਣ ਨਾਲ ਹੌਂਸਲਾ ਵੱਧਦਾ ਹੈ ਅਤੇ ਹੋਰ ਲਿਖਣ ਲਈ ਪ੍ਰੇਰਨਾ ਮਿਲਦੀ ਹੈ। ਜਦੋਂ ਕੋਈ ਟਿੱਪਣੀ ਕਿਸੇ ਊਣਤਾਈ ਵੱਲ ਉਂਗਲ ਕਰਦੀ ਹੈ ਤਾਂ ਉਸ ਘਾਟ ਨੂੰ ਪੂਰਾ ਕਰਨ ਦਾ ਯਤਨ ਕਰਦਾ ਹਾਂ। ਇਸ ਨਾਲ ਕਲਾ ਵਿਚ ਨਿਖ਼ਾਰ ਆਉਂਦਾ ਹੈ। ਮੇਰੀਆਂ ਰਚਨਾਵਾਂ ਦਾ ਪਹਿਲਾ ਆਲੋਚਕ ਕਾਮਰੇਡ ਸੁਰਜੀਤ ਗਿੱਲ ਹੈ। **ਪੁਨਰਵਾਸ** ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ ਪੜ੍ਹਨ ਬਾਅਦ ਉਨ੍ਹਾਂ ਮੈਨੂੰ ਸਮਝਾਇਆ ਕਿ ਇਕ-ਅੱਧ ਠੋਕਰ ਵੱਜਣ ਨਾਲ ਕੋਈ ਵਿਅਕਤੀ ਝਟਪਟ ਇਨਕਲਾਬੀ ਨਹੀਂ ਬਣ ਜਾਂਦਾ। ਲੰਮਾ ਸਮਾਂ ਮਾਰੂ ਪਰਿਸਥਿਤੀਆਂ ਨਾਲ ਟਕਰਾਉਣ ਬਾਅਦ ਹੀ ਇਨਕਲਾਬੀ ਸੁਰ ਨਿਕਲਣ ਲੱਗਦੀ ਹੈ। ਉਨ੍ਹਾਂ ਇਹ ਵੀ ਸਮਝਾਇਆ ਕਿ ਆਦਰਸ਼ਵਾਦੀ ਯਥਾਰਥ ਦੀ ਥਾਂ ਸਮਾਜਵਾਦੀ ਯਥਾਰਥ ਨੂੰ ਕਿਸ ਤਰ੍ਹਾਂ ਚਿਤਰਣਾ ਹੈ। ਜਮਾਤੀ ਸੰਘਰਸ਼ਾਂ ਬਿਨਾ ਰਾਜਨੀਤਕ ਤਬਦੀਲੀ ਨਹੀਂ ਆਉਂਦੀ। ਜਮਾਤੀ ਸੰਘਰਸ਼ ਕੀ ਹੁੰਦੇ ਹਨ ਅਤੇ ਇਹ ਕਿਸ ਤਰ੍ਹਾਂ ਕੀਤੇ ਜਾਂਦੇ ਹਨ, ਇਸ ਬਾਰੇ ਵੀ ਦੱਸਦੇ ਰਹੇ। ਗਿੱਲ ਸਾਹਿਬ ਬਹੁਤਾ ਲਿਖਣ ਦੇ ਹੱਕ ਵਿਚ ਨਹੀਂ ਸਨ। ਉਹ ਕਹਿੰਦੇ ਸਨ, "ਖੀਰ ਜਿੰਨੀ ਵੱਧ ਰਿੱਝੀ ਹੋਵੇਗੀ, ਓਨੀ ਵੱਧ ਸੁਆਦ ਹੋਵੇਗੀ।" ਉਹ ਕਹਿੰਦੇ ਸਨ, "ਪੂਰੀ ਸੋਚ ਵਿਚਾਰ ਬਾਅਦ ਹੀ ਰਚਨਾ ਦੀ ਸਿਰਜਣਾ ਆਰੰਭੋ।" ਉਨ੍ਹਾਂ ਦੀ ਇਸ ਸਿੱਖਿਆ ਦਾ ਹੀ ਸਿੱਟਾ ਹੈ ਕਿ **ਕੌਰਵ ਸਭਾ** ਵਰਗਾ ਨਾਵਲ ਹੋਂਦ ਵਿਚ ਆਇਆ।

**ਲਾਮ** ਕਹਾਣੀ-ਸੰਗ੍ਰਹਿ 'ਤੇ ਕੋਟਕਪੂਰੇ ਹੋਈ ਗੋਸ਼ਟੀ ਦੌਰਾਨ ਡਾ. ਸੁਰਜੀਤ ਸਿੰਘ ਭੱਟੀ ਨੇ ਕਹਾਣੀ "ਵਿਰਾਸਤ" ਉੱਪਰ ਟਿੱਪਣੀ ਕਰਦਿਆਂ ਆਖਿਆ ਕਿ

ਦਲਿਤ ਵਰਗ ਦੇ ਕਿਸੇ ਟਾਵੇਂ-ਟੱਲੇ ਮੁੰਡੇ ਨੂੰ ਹੀ ਜੱਜੀ ਨਸੀਬ ਹੁੰਦੀ ਹੈ। ਇਕ ਸਾਂਸੀਆਂ ਦੇ ਮੁੰਡੇ ਨੂੰ ਉੱਚ-ਪਦਵੀ ਮਿਲਣਾ ਅੱਜ-ਕੱਲ੍ਹ ਦੇ ਮਾਹੌਲ ਵਿਚ ਆਮ ਪਰਿਸਥਿਤੀ ਨਹੀਂ ਹੈ। ਆਮ ਪਰਿਸਥਿਤੀ ਬੁੱਧੀਮਾਨ ਅਤੇ ਸਮਰੱਥ ਵਿਅਕਤੀ ਨੂੰ ਉਸ ਦਾ ਹੱਕ ਨਾ ਮਿਲਣਾ ਹੈ। ਡਾ. ਭੱਟੀ ਦੀ ਇਹ ਟਿੱਪਣੀ ਮੈਨੂੰ ਇਕਦਮ ਰੌਸ਼ਨੀ ਦੀ ਕਿਰਨ ਦੇ ਗਈ ਅਤੇ ਅੱਗੋਂ ਤੋਂ ਮੈਂ ਪਰਿਸਥਿਤੀਆਂ ਦਾ ਯਥਾਰਥਕ ਚਿਤਰਣ ਆਰੰਭ ਦਿੱਤਾ। **ਤਫ਼ਤੀਸ਼** ਨਾਵਲ ਬਾਅਦ ਡਾ. ਟੀ.ਆਰ. ਵਿਨੋਦ ਹੁਰਾਂ ਨੇ ਸਮਝਾਇਆ ਕਿ ਨਾਵਲ ਵਿਚ ਦਸ਼ਾ ਦੇ ਨਾਲ-ਨਾਲ ਦਿਸ਼ਾ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਇਹ ਵੀ ਜਤਾਇਆ ਕਿ ਦਿਸ਼ਾ ਸਪਾਟ ਰੂਪ ਵਿਚ ਨਹੀਂ ਦਰਸਾਉਣੀ ਚਾਹੀਦੀ। ਦਿਸ਼ਾ ਦੀ ਝਲਕ ਦਸ਼ਾ ਵਿਚੋਂ ਹੀ ਨਜ਼ਰ ਆਉਣੀ ਚਾਹੀਦੀ ਹੈ। ਡਾ. ਜੋਗਿੰਦਰ ਸਿੰਘ ਰਾਹੀ ਕਹਿੰਦੇ ਸਨ ਕਿ ਪ੍ਰਗੀਤਵਾਦੀ ਨਾਵਲ ਵਾਲੀ ਬਿਰਤਾਂਤ ਰੂੜ੍ਹੀ ਤੋਂ ਸੁਰਖਰੂ ਹੋਵੋ ਅਤੇ ਨਿਰੋਲ ਕਲਾ ਵੱਲ ਧਿਆਨ ਦੇਵੋ। ਉਨ੍ਹਾਂ ਦੀ ਇਹ ਟਿਪਣੀ ਰਚਨਾਵਾਂ ਨੂੰ ਹੋਰ ਕਲਾਤਮਕ ਬਣਾਉਣ ਲਈ ਪ੍ਰੇਰਦੀ ਰਹੀ। **ਕਟਹਿਰਾ** ਨਾਵਲ ਬਾਅਦ ਡਾ. ਸੁਖਦੇਵ ਸਿੰਘ ਖਾਹਰਾ ਅਤੇ ਡਾ. ਹਰਿਭਜਨ ਸਿੰਘ ਭਾਟੀਆ ਨੇ ਨਾਵਲ ਵਿਚ ਅੰਤਰਰਾਸ਼ਟਰੀ ਪੱਧਰ ’ਤੇ ਵਰਤੀਆਂ ਜਾਂਦੀਆਂ ਜੁਗਤਾਂ ਤੋਂ ਵੀ ਜਾਣੂ ਕਰਵਾਇਆ। ਨਤੀਜਾ **ਕੌਰਵ ਸਭਾ** ਦੀ ਪ੍ਰਕਾਸ਼ਨਾ ਬਾਅਦ ਸਾਹਮਣੇ ਆਇਆ। ਚਿੰਤਕ ਦੋਸਤਾਂ ਦੀ ਰਹਿਨੁਮਾਈ ਅਧੀਨ ਕੰਮ ਕਰਦੇ-ਕਰਦੇ, ਨਾਵਲ **ਸੁਧਾਰ ਘਰ** ਤਕ ਪੁੱਜਦੇ-ਪੁੱਜਦੇ ਮੈਂ ਆਦਰਸ਼ਵਾਦ ਤੋਂ ਮੁਕਤੀ ਵੀ ਪਾ ਲਈ ਅਤੇ ਆਪਣਾ ਰਾਹ ਵੀ ਨਹੀਂ ਛੱਡਿਆ। ਇਸ ਤਰ੍ਹਾਂ ਆਲੋਚਨਾ ਨੇ ਮੇਰੀ ਸਿਰਜਣਾ ਨੂੰ ਸੰਵਾਰਿਆ ਅਤੇ ਨਿਖਾਰਿਆ ਹੈ।

? *ਆਪਣੇ ਸਮਕਾਲੀ ਨਾਵਲਾਂ ਬਾਰੇ ਵੀ ਕੁਝ ਕਹੋ ?*

- ਪੰਜਾਬੀ ਵਿਚ ਸਾਹਿਤ ਰਚਨਾ ਘੋਰ ਤਪੱਸਿਆ ਵਾਂਗ ਹੈ। ਘਰ ਫੂਕ ਕੇ ਤਮਾਸ਼ਾ ਦੇਖਣਾ ਪੈਂਦਾ ਹੈ। ਨਾਵਲਕਾਰ ਹੀ ਨਹੀਂ ਪੰਜਾਬੀ ਸਾਹਿਤ ਦੀ ਹਰ ਵਿਧਾ ’ਤੇ ਕੰਮ ਕਰਨ ਵਾਲਾ ਸਾਹਿਤਕਾਰ ਪ੍ਰਸ਼ੰਸਾ ਦਾ ਹੱਕਦਾਰ ਹੈ। ਜਿਵੇਂ ਆਖਦੇ ਹਨ ਕਿ ਪਹਿਲਵਾਨ ਦੇ ਅਖਾੜੇ ਵਿਚ ਦਿਨ ਇਕੋ ਜਿਹੇ ਨਹੀਂ ਰਹਿੰਦੇ। ਕੁਦਰਤ ਦੇ ਨਿਯਮ ਅਨੁਸਾਰ ਪੁਰਾਣੇ ਪੱਤਿਆਂ ਨੇ ਝੜਦੇ ਰਹਿਣਾ ਹੈ ਅਤੇ ਨਵਿਆਂ ਨੇ ਪੁੰਗਰਦੇ। ਬਜ਼ੁਰਗ ਸਾਹਿਤਕਾਰਾਂ ਦੇ ਯੋਗਦਾਨ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਨਵਿਆਂ ਲਈ ਖਿੜੇ ਮੱਥੇ ਰਾਹ ਛੱਡ ਦੇਣਾ ਚਾਹੀਦਾ ਹੈ।

? *ਆਪਣੇ ਨਾਵਲ ਸਿਰਜਣ ਤੋਂ ਪਹਿਲਾਂ ਕੀ ਤੁਹਾਡੇ ਸਾਹਮਣੇ ਕੋਈ ਸੋਚਿਆ ਸਮਝਿਆ ਨਾਵਲੀ-ਸੰਗਠਨ ਮੌਜੂਦ ਹੁੰਦਾ ਹੈ ?*

- ਮੈਂ ਯੋਜਨਾਬੱਧ ਢੰਗ ਨਾਲ ਅਤੇ ਪ੍ਰੋਜੈਕਟ ਬਣਾ ਕੇ ਲਿਖਣਾ ਸ਼ੁਰੂ ਕਰਦਾ ਹਾਂ।

ਚਾਰੇ ਨਾਵਲ ਇਸੇ ਯੋਜਨਾ ਤਹਿਤ ਲਿਖੇ ਗਏ ਹਨ। ਹਰ ਪਾਤਰ ਅਤੇ ਘਟਨਾ ਨੂੰ ਕਿਸੇ ਨਾ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਚੁਣਿਆ ਜਾਂਦਾ ਹੈ। **ਤਫ਼ਤੀਸ਼** ਵਿਚ ਮੇਰੇ ਪਾਤਰ ਸਿਪਾਹੀ ਤੋਂ ਮੁੱਖ ਮੰਤਰੀ ਤਕ, **ਕਟਹਿਰਾ** ਅਤੇ **ਕੌਰਵ ਸਭਾ** ਵਿਚ ਅਰਦਲੀ ਤੋਂ ਹਾਈਕੋਰਟ ਦੇ ਜੱਜ ਤਕ, **ਸੁਧਾਰ ਘਰ** ਵਿਚ ਸੰਤਰੀ ਤੋਂ ਜੇਲ੍ਹ ਮੰਤਰੀ ਤਕ ਫੈਲਦੇ ਹਨ। **ਕੌਰਵ ਸਭਾ** ਦੀ ਚਾਰ ਪਰਤੀ ਕਹਾਣੀ (ਕਤਲਾਂ+ ਬਲਾਤਕਾਰ+ਡਾਕਾ+ਗੰਭੀਰ ਚੋਟਾਂ) ਇਕ ਯੋਜਨਾ ਤਹਿਤ ਚੁਣੀ ਗਈ ਹੈ। ਕੀ ਕਹਿਣਾ ਹੈ, ਕਿਸ ਤਰ੍ਹਾਂ ਕਹਿਣਾ ਹੈ, ਨਾਵਲ ਕਿੱਥੋਂ ਸ਼ੁਰੂ ਕਰਨਾ ਹੈ ਅਤੇ ਕਿੱਥੇ ਸਮਾਪਤ ਕਰਨਾ ਹੈ, ਇਹ ਸਭ ਪਹਿਲਾਂ ਤਹਿ ਹੁੰਦਾ ਹੈ।

? *ਕੀ ਨਾਵਲ ਨੂੰ ਹਰਫ਼ਾਂ ਵਿਚ ਉਤਾਰਨ ਤੋਂ ਪਹਿਲਾਂ ਸਾਰਾ ਨਾਵਲ ਪਹਿਲਾਂ ਹੀ ਤੁਹਾਡੇ ਜ਼ਿਹਨ ਵਿਚ ਹੁੰਦਾ ਹੈ ?*

- ਰਚਿਆ ਜਾਣ ਵਾਲਾ ਨਾਵਲ ਹੀ ਨਹੀਂ, ਪਹਿਲਾਂ ਲਿਖੇ ਨਾਵਲ ਅਤੇ ਅੱਗੋਂ ਲਿਖੇ ਜਾਣ ਵਾਲੇ ਨਾਵਲਾਂ ਦਾ ਖਾਕਾ ਵੀ ਜ਼ਿਹਨ ਵਿਚ ਹੁੰਦਾ ਹੈ। ਪਹਿਲਾਂ ਨਾਵਲ ਲਿਖੇ ਗਏ ਜਾਣ ਦੀ ਯੋਜਨਾ ਬਣਦੀ ਹੈ। ਫੇਰ ਯੋਜਨਾ ਅਨੁਸਾਰ ਪਾਤਰ ਅਤੇ ਘਟਨਾਵਾਂ ਦੀ ਚੋਣ ਸ਼ੁਰੂ ਹੋ ਜਾਂਦੀ ਹੈ। ਜਿਨ੍ਹਾਂ ਦਿਨਾਂ ਵਿਚ ਮੈਂ ਨਾਵਲ ਲਿਖਣ ਬਾਬਤ ਸੋਚ ਰਿਹਾ ਹੁੰਦਾ ਹਾਂ, ਉਨ੍ਹਾਂ ਦਿਨਾਂ ਵਿਚ ਮੈਂ ਇਕ ਪਰਚੀ ਆਪਣੀ ਜੇਬ ਵਿਚ ਰੱਖਦਾ ਹਾਂ। ਜੋ ਕੁਝ ਅਹੁੜਦਾ ਰਹਿੰਦਾ ਹੈ, ਉਹ ਪਰਚੀ ਉੱਪਰ ਲਿਖਦਾ ਰਹਿੰਦਾ ਹਾਂ। ਘਰ ਆ ਕੇ ਡਾਇਰੀ ਵਿਚ ਨੋਟ ਕਰ ਲੈਂਦਾ ਹਾਂ। ਇੱਟਾਂ, ਰੇਤਾ ਅਤੇ ਸੀਮਿੰਟ ਇਕੱਠਾ ਕਰਨ ਦੀ ਇਹ ਯੋਜਨਾ ਕਈ-ਕਈ ਮਹੀਨੇ ਚੱਲਦੀ ਰਹਿੰਦੀ ਹੈ। ਪੂਰਾ ਸਮਾਨ ਇਕੱਠਾ ਕਰਨ ਬਾਅਦ ਉਸਾਰੀ ਸ਼ੁਰੂ ਹੁੰਦੀ ਹੈ। ਨਾਵਲ ਲਿਖਦੇ ਸਮੇਂ ਲੋੜ ਅਨੁਸਾਰ ਪਹਿਲਾਂ ਬਣੀ ਯੋਜਨਾ ਵਿਚ ਪਰਿਵਰਤਨ ਵੀ ਹੁੰਦੇ ਰਹਿੰਦੇ ਹਨ। ਇਕ ਉਦਾਹਰਣ—**ਸੁਧਾਰ ਘਰ** ਨਾਵਲ ਲਿਖਣ ਤੋਂ ਪਹਿਲਾਂ ਮੇਰਾ ਵਿਚਾਰ ਸੀ ਕਿ ਪਾਲਾ ਅਤੇ ਮੀਤਾ ਜਦੋਂ ਪੂਰੀ ਸਜ਼ਾ ਭੁਗਤ ਕੇ ਰਿਹਾਅ ਹੋਣ ਲਈ ਜੇਲ੍ਹ ਦੀ ਡਿਉੜੀ ਵਿਚ ਆਉਣ ਤਾਂ ਉਥੇ ਉਨ੍ਹਾਂ ਨੂੰ ਬੰਟੀ ਦੇ ਅਸਲ ਕਾਤਲਾਂ ਨੂੰ ਮਿਲਾਵਾਂ ਅਤੇ ਉਨ੍ਹਾਂ ਤੋਂ ਅਖਵਾਵਾਂ ਕਿ ਬੰਟੀ ਦਾ ਕਤਲ ਤਾਂ ਅਸਾਂ ਕੀਤਾ ਹੈ ਪਰ ਸਜ਼ਾ ਤੁਸੀਂ ਭੁਗਤ ਲਈ ਹੈ। ਨਾਵਲ ਦਾ ਇਹ ਅੰਤ ਫ਼ੌਜਦਾਰੀ ਨਿਆਂ-ਪ੍ਰਬੰਧ ਦੇ ਕੰਮ-ਕਾਜ ਉੱਪਰ ਇਕ ਗਹਿਰਾ ਵਿਅੰਗ ਹੋਣਾ ਸੀ। ਪਰ ਨਾਵਲ ਲਿਖਦੇ ਸਮੇਂ ਮੈਨੂੰ ਬੰਟੀ ਦੇ ਕਾਤਲ ਹਰਮਨਵੀਰ ਹੋਰਾਂ ਨੂੰ ਬਣਾਉਣਾ ਪਿਆ। **ਸੁਧਾਰ ਘਰ** ਨਾਵਲ ਦੀ ਪਹਿਲੀ ਪਰਤ ਵਿਚ ਹਾਕਮ ਸਿੰਘ ਵਕੀਲ ਦਾ ਕਿਰਦਾਰ ਓਨਾ ਪ੍ਰਭਾਵਸ਼ਾਲੀ ਨਹੀਂ ਸੀ ਜਿੰਨਾ ਅੰਤਮ ਪਰਤ ਵਿਚ ਹੈ। ਪਹਿਲੀ ਪਰਤ ਵਿਚ ਮੋਦਨ ਨੂੰ ਦਲਿਤ ਵਰਗ ਵਿਚੋਂ ਦਿਖਾਇਆ ਸੀ। ਪਿੱਛੋਂ ਛੀਂਬਿਆਂ ਦਾ ਮੁੰਡਾ ਬਣਾਇਆ ਗਿਆ ਤਾਂ ਜੋ ਸਮੁੱਚੇ ਨਾਵਲ ਦਾ ਪ੍ਰਭਾਵ ਇਹ ਨਾ ਜਾਵੇ ਕਿ ਇਕ ਪਾਸੇ ਨਾਵਲਕਾਰ ਨੇ

ਮੋਦਨ ਜਿਹੇ ਦਲਿਤ ਪਾਤਰ ਦੀ ਗੁਦਾ ਵਿਚ ਇਕ ਗਊ ਭਗਤ ਜੇਲ੍ਹ ਅਧਿਕਾਰੀ ਕੋਲੋਂ ਡੰਡਾ ਧਕਵਾ ਦਿੱਤਾ ਅਤੇ ਦੂਜੇ ਪਾਸੇ ਹੇਮਾ ਉੱਪਰ ਇਕ ਦਲਿਤ ਜੇਲ੍ਹ ਅਧਿਕਾਰੀ ਨੂੰ ਬਲਾਤਕਾਰ ਕਰਦੇ ਦਿਖਾ ਕੇ ਦਲਿਤ ਵਰਗ ਨੂੰ ਛੁਟਿਆਉਣ ਦਾ ਜਤਨ ਕੀਤਾ ਹੈ। ਅਜਿਹੇ ਛੋਟੇ-ਮੋਟੇ ਪਰਿਵਰਤਨਾਂ ਦੇ ਬਾਵਜੂਦ ਨਾਵਲਾਂ ਦਾ ਮੁੱਖ ਢਾਂਚਾ ਪਹਿਲਾਂ ਬਣੀ ਯੋਜਨਾ ਅਨੁਸਾਰ ਹੀ ਬਣਿਆ ਹੈ।

? *ਸਾਹਿਤ ਸਭਾਵਾਂ ਬਾਰੇ ਕੀ ਕਹਿਣਾ ਚਾਹੋਗੇ ? ਮੰਡੀ ਦੇ ਯੁੱਗ ਵਿਚ ਕੀ ਇਹ ਆਪਣੀ ਬਣਦੀ ਭੂਮਿਕਾ ਨਿਭਾ ਰਹੀਆਂ ਹਨ ?*

• ਇਨਾਮ ਦੇਣ ਵਾਲੀਆਂ ਸੰਸਥਾਵਾਂ ਵਾਂਗ ਸਾਹਿਤ ਸਭਾਵਾਂ ਵੀ ਦੋ ਤਰ੍ਹਾਂ ਦੀਆਂ ਹਨ। ਕੁਝ ਸਭਾਵਾਂ ਦਾ ਉਦੇਸ਼ ਆਪਣੇ ਮੈਂਬਰਾਂ ਨੂੰ ਸਾਹਿਤ ਲਿਖਣ ਲਈ ਪ੍ਰੇਰਿਤ ਕਰਨਾ ਅਤੇ ਉਸਾਰੂ ਆਲੋਚਨਾ ਰਾਹੀਂ ਉਨ੍ਹਾਂ ਦੀ ਕਲਾ ਨੂੰ ਨਿਖਾਰਨਾ ਹੁੰਦਾ ਹੈ। ਅਜਿਹੀਆਂ ਸਭਾਵਾਂ ਵੱਲੋਂ ਰਚਾਏ ਜਾਂਦੇ ਸਮਾਗਮ ਉੱਚ-ਕੋਟੀ ਦੇ ਹੁੰਦੇ ਹਨ। ਦਿੱਤੇ ਜਾਂਦੇ ਮਾਨ-ਸਨਮਾਨ ਵੀ ਨਿਰਪੱਖ ਹੁੰਦੇ ਹਨ। ਇਸ ਦੇ ਉਲਟ ਬਹੁਤੀਆਂ ਸਭਾਵਾਂ ਮੰਡੀ ਦੀ ਲੋੜ ਅਨੁਸਾਰ ਬਣਾਈਆਂ ਜਾਂਦੀਆਂ ਹਨ। ਅਜਿਹੀਆਂ ਸਭਾਵਾਂ ਦੇਖ-ਦੇਖ ਕੇ ਟਿੱਕੇ ਕੱਢਦੀਆਂ ਹਨ। ਭਾਈ-ਭਾਜੀ ਪਵਾਉਂਦੀਆਂ ਅਤੇ ਮੋੜਦੀਆਂ ਹਨ। ਇਨ੍ਹਾਂ ਦੇ ਯੋਗਦਾਨ ਉਸਾਰੂ ਨਹੀਂ ਹਨ। ਲਾਭ ਪਹੁੰਚਾਉਣ ਦੀ ਥਾਂ ਅਜਿਹੀਆਂ ਸਭਾਵਾਂ ਪੰਜਾਬੀ ਸਾਹਿਤ ਨੂੰ ਢਾਅ ਲਾ ਰਹੀਆਂ ਹਨ।

? *ਤੁਹਾਨੂੰ ਨਾਵਲ ਰਚਨਾ ਲਈ ਕਿਸ ਪ੍ਰਕਾਰ ਦਾ ਮਾਹੌਲ ਲੋੜੀਂਦਾ ਹੈ ?*

• ਮੇਰੇ ਕਿੱਤੇ ਅਤੇ ਸਾਹਿਤ ਸਿਰਜਣਾ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਕਚਹਿਰੀ ਵਿਚ ਆਪਣੀ ਜਮੀਰ ਦੇ ਉਲਟ ਕੰਮ ਕਰਕੇ, ਖਪ-ਖਿਝ ਕੇ ਘਰ ਨੂੰ ਆਈਦਾ ਹੈ। ਘੰਟੇ ਕੁ ਬਾਅਦ ਮਨ ਨੂੰ ਸਥਿਰ ਕਰ ਲਈਦਾ ਹੈ ਅਤੇ ਆਪਣੇ ਸਿਰਜਣ ਸੰਸਾਰ ਵਿਚ ਪੁੱਜ ਜਾਈਦਾ ਹੈ। ਮੈਂ ਹਰ ਤਰ੍ਹਾਂ ਦੀ ਸਥਿਤੀ ਵਿਚ ਲਿਖ ਲੈਂਦਾ ਹਾਂ, ਬਸ ਮਨ ਵਿਚ ਵੇਗ ਅਤੇ ਕਹਿਣ ਲਈ ਕੁਝ ਪੱਲੇ ਹੋਵੇ।

? *ਅਜੋਕੇ ਸਾਹਿਤਕ ਸਭਿਆਚਾਰ ਬਾਰੇ ਤੁਹਾਡੇ ਕੀ ਰਾਏ ਹੈ ?*

• ਇਸ ਪ੍ਰਸ਼ਨ ਦਾ ਉੱਤਰ ਸਾਹਿਤਕਾਰਾਂ ਨੂੰ ਦਿੱਤੇ ਜਾਂਦੇ ਮਾਨ-ਸਨਮਾਨ ਅਤੇ ਸਾਹਿਤ ਸਭਾਵਾਂ ਦੀ ਭੂਮਿਕਾ ਨਾਲ ਮਿਲਦਾ-ਜੁਲਦਾ ਹੈ। ਸਾਹਿਤਕ ਸਭਿਆਚਾਰ ਉਸਾਰੂ ਨਹੀਂ ਹੈ। ਗੁੱਟਬਾਜੀ ਪ੍ਰਧਾਨ ਹੈ। ਆਪਣੇ ਸਾਥੀਆਂ ਸੰਗੀਆਂ ਨੂੰ ਪ੍ਰਮੋਟ ਕਰਨ ਦੇ ਜਤਨ ਹੁੰਦੇ ਹਨ। ਸਾਹਿਤਕਾਰਾਂ ਵਿਚ ਨਾ ਪ੍ਰਤੀਬੱਧਤਾ ਹੈ, ਨਾ ਅਧਿਐਨ ਅਤੇ ਮਿਹਨਤ ਦੀ ਰੁਚੀ। ਸਥਾਪਤੀ, ਸ਼ੁਹਰਤ ਅਤੇ ਮਾਨ-ਸਨਮਾਨ ਲਈ ਦੌੜ ਲੱਗੀ ਰਹਿੰਦੀ ਹੈ। ਸਥਿਤੀ ਪੂਰੀ ਤਰ੍ਹਾਂ ਨਿਰਾਸ਼ਾਜਨਕ ਵੀ ਨਹੀਂ। ਨਾਲ ਦੀ ਨਾਲ ਵਧੀਆ ਕੰਮ ਵੀ ਹੋ ਰਿਹਾ ਹੈ।

ਮੈਰਿਟ ਨੂੰ ਵੀ ਮਾਨਤਾ ਮਿਲ ਰਹੀ ਹੈ। ਮੈਂ ਨਾ ਤਾਂ ਬਹੁਤੀਆਂ ਪ੍ਰਾਪਤੀਆਂ ਦੀਆਂ ਆਸਾਂ ਲਗਾ ਕੇ ਰੱਖਦਾ ਹਾਂ ਅਤੇ ਨਾ ਹੀ ਬਹੁਤਾ ਸਾਹਿਤਕਾਰਾਂ ਵਿਚ ਵਿਚਰਦਾ ਹਾਂ। ਇਸ ਲਈ ਨਿੱਜੀ ਤੌਰ 'ਤੇ ਮੈਂ ਬਹੁਤਾ ਨਿਰਾਸ਼ ਨਹੀਂ ਹਾਂ।

? *ਆਪਣੇ ਜੀਵਨ ਅਤੇ ਕਲਾ ਪ੍ਰਤਿ ਜਾਵੀਏ ਜਾਂ ਦ੍ਰਿਸ਼ਟੀਕੋਣ ਬਾਰੇ ਕੁਝ ਦੱਸੋ ?*

• ਮੈਂ ਕਲਾ ਦੇ ਲੋਕਪੱਖੀ ਹੋਣ ਦਾ ਹਾਮੀ ਹਾਂ। ਕਾਮ ਉਕਸਾਊ ਸਾਹਿਤ ਨੂੰ ਨਫ਼ਰਤ ਕਰਦਾ ਹਾਂ। ਸਾਹਿਤ ਨੂੰ ਸਦਾ ਲੋਕਾਂ ਦੇ ਦੁੱਖ-ਦਰਦ ਪ੍ਰਗਟਾਉਣ ਵਾਲਾ, ਨਿਰਾਸ਼ ਕਰਨ ਦੀ ਥਾਂ ਸੰਘਰਸ਼ਾਂ ਲਈ ਪ੍ਰੇਰਨ ਵਾਲਾ ਅਤੇ ਕਲਾਤਮਕ ਸੁਹਜ ਪੈਦਾ ਕਰਨ ਵਾਲਾ ਹੋਣਾ ਚਾਹੀਦਾ ਹੈ।

? *ਸ਼ਬਦ ਸਭਿਆਚਾਰ ਦੀ ਸ਼ਕਤੀ ਅਤੇ ਸੀਮਾ ਬਾਰੇ ਵੀ ਕੁਝ ਕਹੋ ?*

• ਸ਼ਬਦ ਵਿਚ ਬੰਦੂਕ ਨਾਲੋਂ ਵੱਧ ਤਾਕਤ ਹੁੰਦੀ ਹੈ। ਬਾਰੂਦ ਮੌਤ ਦਾ ਡਰ ਪੈਦਾ ਕਰਕੇ ਵਿਅਕਤੀ ਨੂੰ ਗ਼ੁਲਾਮ ਬਣਾਉਂਦਾ ਹੈ ਜਦੋਂ ਕਿ ਸ਼ਬਦ ਮਨ ਬਦਲਦਾ ਹੈ ਅਤੇ ਵਿਚਾਰ ਬਦਲਦਾ ਹੈ ਅਤੇ ਇਹ ਪਰਿਵਰਤਨ ਚਿਰਸਥਾਈ ਹੁੰਦਾ ਹੈ। ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਜਸਟਿਸ ਕ੍ਰਿਸ਼ਨਾ ਆਈਅਰ ਦੇ ਇਕ ਪ੍ਰਵਚਨ ਨੇ ਮੇਰੀ ਵਿਚਾਰਧਾਰਾ ਵਿਚ ਵੱਡੀ ਤਬਦੀਲੀ ਲਿਆਂਦੀ। ਨਵੀਂ ਸਮਝ ਅਨੁਸਾਰ ਲਿਖਿਆ **ਸੁਧਾਰ ਘਰ** ਹੋਰਾਂ ਦੇ ਵਿਚਾਰ ਬਦਲ ਰਿਹਾ ਹੈ। ਇਕ ਹੋਣਹਾਰ ਨੌਜਵਾਨ ਆਈ.ਪੀ.ਐੱਸ. ਅਫ਼ਸਰ ਸ੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਿੱਛੇ ਜਿਹੇ ਅਮ੍ਰਿਤਸਰ ਜੇਲ੍ਹ ਦਾ ਸੀਨੀਅਰ ਸੁਪਰਡੰਟ ਲਾਇਆ ਗਿਆ ਹੈ। ਉਹ ਜੇਲ੍ਹ ਸੁਧਾਰਾਂ ਨੂੰ ਵੱਡੀ ਪੱਧਰ 'ਤੇ ਲਾਗੂ ਕਰਨ ਦੇ ਇਛੁੱਕ ਰਹੇ। ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਉਨ੍ਹਾਂ ਨੇ **ਸੁਧਾਰ ਘਰ** ਨਾਵਲ ਦਾ ਅਧਿਐਨ ਕੀਤਾ ਅਤੇ ਜੇਲ੍ਹ ਪ੍ਰਬੰਧ ਨੂੰ ਸੁਧਾਰਨਾ ਸ਼ੁਰੂ ਕੀਤਾ। ਅਗਾਂਹ ਉਨ੍ਹਾਂ ਦੀ ਪ੍ਰੇਰਨਾ ਸਦਕਾ ਕੁਝ ਸਮਾਜ ਸੇਵੀ ਸੰਸਥਾਵਾਂ ਅਤੇ ਵਿਅਕਤੀ ਜੇਲ੍ਹ ਸੁਧਾਰਾਂ ਵਿਚ ਸਹਿਯੋਗ ਦੇਣ ਲਈ ਉਤਸ਼ਾਹਿਤ ਹੋਈਆਂ। ਗੱਲ ਦੂਰ ਤਕ ਚੱਲੀ।

'ਜੱਜਾਂ ਵਿਰੁੱਧ ਵੀ ਬੋਲਿਆ ਅਤੇ ਲਿਖਿਆ ਜਾ ਸਕਦਾ ਹੈ।' **ਕੌਰਵ ਸਭਾ** ਨੇ ਲੋਕਾਂ ਨੂੰ ਇਹ ਸਿਖਾਇਆ। ਹੁਣ ਲੋਕ ਨਿਆਂਪਾਲਿਕਾ ਵਿਰੁੱਧ ਆਵਾਜ਼ ਉਠਾਉਣ ਲੱਗ ਪਏ ਹਨ। ਕਿਰਨ ਕਤਲ ਐਕਸ਼ਨ ਕਮੇਟੀ (ਮਹਿਲ ਕਲਾਂ) ਵੱਲੋਂ ਲਾਏ ਜਾਂਦੇ ਨਾਅਰੇ 'ਗੁੰਡਾ, ਪੁਲਿਸ ਅਤੇ ਅਦਾਲਤੀ ਗਠਜੋੜ ਮੁਰਦਾਬਾਦ' ਇਸ ਦਾ ਸਬੂਤ ਹਨ। ਇਹ ਸ਼ਬਦ ਦੀ ਸ਼ਕਤੀ ਕਾਰਨ ਹੀ ਹੋਇਆ ਹੈ।

? *ਸਮੁੱਚੀ ਰਚਨਾ ਵਿਚੋਂ ਕਿਹੜੀ ਰਚਨਾ ਕਰਕੇ ਤੁਹਾਨੂੰ ਸਭ ਤੋਂ ਵੱਧ ਤਸੱਲੀ ਅਤੇ ਸੰਤੁਸ਼ਟੀ ਦਾ ਅਹਿਸਾਸ ਹੋਇਆ ਹੈ ?*

• ਪਿਛਲੇ ਕਰੀਬ ਤੇਈ ਸਾਲ ਤੋਂ ਮੈਂ, ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਨਿੱਠ ਕੇ ਪੇਸ਼

ਕਰਨ ਲਈ ਯੋਜਨਾਬੱਧ ਢੰਗ ਨਾਲ ਕੰਮ ਕਰ ਰਿਹਾ ਹਾਂ। ਮੈਨੂੰ ਜਲਦੀ-ਜਲਦੀ ਨਾਵਲ ਲਿਖਣ ਦੀ ਕਦੇ ਕਾਹਲ ਨਹੀਂ ਰਹੀ। ਮੈਨੂੰ ਆਪਣੇ ਚਾਰੇ ਨਾਵਲਾਂ ਉੱਪਰ ਪੂਰੀ ਸੰਤੁਸ਼ਟੀ ਹੈ। ਲੋਕਾਂ ਨੂੰ ਪੁਲਿਸ ਸਭਿਆਚਾਰ, ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ ਬਾਰੇ ਬਹੁਤੀ ਜਾਣਕਾਰੀ ਨਹੀਂ। ਇਸ ਕਾਰਨ ਕਈ ਵਾਰ ਲੋਕਾਂ ਦੀ ਪਸੰਦ ਬਦਲ ਜਾਂਦੀ ਹੈ। ਕਿਸੇ ਨੂੰ **ਤਫ਼ਤੀਸ਼** ਪਸੰਦ ਹੈ, ਕਿਸੇ ਨੂੰ **ਕਟਹਿਰਾ** ਅਤੇ ਕਿਸੇ ਨੂੰ **ਸੁਧਾਰ ਘਰ**। ਵੱਧ ਲੋਕਾਂ ਅਤੇ ਚਿੰਤਕਾਂ ਨੇ **ਕੌਰਵ ਸਭਾ** ਨੂੰ ਪਸੰਦ ਕੀਤਾ ਹੈ। ਲੋਕ ਰਾਇ ਨਾਲ ਚੱਲੀਏ ਤਾਂ **ਕੌਰਵ ਸਭਾ** ਵੱਧ ਸੰਤੁਸ਼ਟੀ ਦੇਣ ਵਾਲਾ ਹੈ। ਕਹਾਣੀਆਂ ਵਿਚੋਂ 'ਖਾਨਾਪੂਰੀ', 'ਲਾਮ' ਅਤੇ 'ਵਿਰਾਸਤ' ਕਹਾਣੀਆਂ ਉੱਤਮ ਹਨ।

? *ਤੁਹਾਡੇ ਪਰਿਵਾਰ ਦਾ ਤੁਹਾਡੀਆਂ ਲਿਖਤਾਂ ਬਾਰੇ ਕੀ ਨਜ਼ਰੀਆ ਹੈ ?*

• ਮੇਰੀ ਪਹਿਲੀ ਤਰਜੀਹ ਆਪਣੇ ਪਰਿਵਾਰ ਨੂੰ ਹੁੰਦੀ ਹੈ। ਦੂਜੇ ਦਰਜੇ ਉੱਪਰ ਕਿੱਤਾ ਆਉਂਦਾ ਹੈ। ਸਾਹਿਤਕ ਸਿਰਜਣਾ ਨੂੰ ਤੀਸਰੇ ਸਥਾਨ 'ਤੇ ਰੱਖਦਾ ਹਾਂ। ਮੈਂ ਬਹੁਤ ਘੱਟ ਸਾਹਿਤ ਰਚਿਆ ਹੈ। ਪੰਜ-ਸੱਤ ਸਾਲਾਂ ਬਾਅਦ, ਪੰਜ-ਚਾਰ ਮਹੀਨਿਆਂ ਲਈ ਹੀ ਪਤਨੀ ਨੂੰ ਤਨਹਾਈ ਦਾ ਦਰਦ ਭੋਗਣਾ ਪੈਂਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਿਸ ਸਮੇਂ ਨਾਵਲ ਦੀ ਸਿਰਜਣਾ ਹੋ ਰਹੀ ਹੁੰਦੀ ਹੈ। ਇੰਨੀ ਕੁ ਕੁਰਬਾਨੀ ਪਤਨੀ ਹੱਸ ਕੇ ਕਰ ਦਿੰਦੀ ਹੈ। ਪਰਿਵਾਰ ਪੜ੍ਹਿਆ-ਲਿਖਿਆ ਅਤੇ ਮੱਧਵਰਗੀ ਹੈ। ਮੇਰੀਆਂ ਭਾਵਨਾਵਾਂ ਨੂੰ ਮੇਰੀ ਪਤਨੀ ਅਤੇ ਬੱਚੇ ਸਮਝਦੇ ਹਨ। ਸਾਹਿਤਕਾਰ ਦੇ ਤੌਰ 'ਤੇ ਮਿਲਦੇ ਮਾਨ-ਸਨਮਾਨ ਨੂੰ ਉਹ ਵੀ ਮਾਣਦੇ ਹਨ। ਕਦੇ ਖਿਝ ਜਾਂਦੇ ਹਨ ਅਤੇ ਕਦੇ ਪ੍ਰਸੰਸਾ ਵਿਚ ਭਾਈਵਾਲ ਵੀ ਬਣ ਜਾਂਦੇ ਹਨ।

? *ਜੇਕਰ ਤੁਹਾਨੂੰ ਯਾਨੀ ਸਿਰਜਕ ਨੂੰ ਇਕ ਆਲੋਚਕ ਦੀ ਭੂਮਿਕਾ ਨਿਭਾਉਣ ਲਈ ਕਿਹਾ ਜਾਵੇ ਤਾਂ ਆਪਣੀਆਂ ਰਚਨਾਵਾਂ ਸੰਬੰਧੀ ਕੀ ਰਾਏ ਪੇਸ਼ ਕਰੋਗੇ ? ਸੂਤਰਾਂ ਵਿਚ ਦੱਸੋ ?*

• ਉਹੋ ਲੇਖਕ ਵਧੀਆ ਸਿਰਜਕ ਬਣ ਸਕਦਾ ਹੈ ਜਿਹੜਾ ਵਧੀਆ ਆਲੋਚਕ ਵੀ ਹੋਵੇ। ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਇਕ ਵਕੀਲ ਵਧੀਆ ਆਲੋਚਕ ਵੀ ਹੁੰਦਾ ਹੈ। ਸਿਰਜਣਾ ਕਰਦੇ ਸਮੇਂ ਮੈਂ ਆਪਣੀਆਂ ਰਚਨਾਵਾਂ ਨੂੰ ਆਲੋਚਨਾਤਮ ਦ੍ਰਿਸ਼ਟੀ ਤੋਂ ਵੀ ਪਰਖਦਾ ਪੜਚੋਲਦਾ ਰਹਿੰਦਾ ਹਾਂ। ਆਪਣੀਆਂ ਰਚਨਾਵਾਂ ਵਿਚ ਮੈਂ ਬਹੁਤੀਆਂ ਤਕਨੀਕੀ ਘਾਟਾਂ ਨਹੀਂ ਰਹਿਣ ਦਿੰਦਾ। ਰਘਵੀਰ ਸਿੰਘ ਟੇਰਕਿਆਨਾ, ਜੋ ਨਾਵਲਕਾਰ ਦੇ ਨਾਲ-ਨਾਲ ਉੱਚ-ਕੋਟੀ ਦਾ ਵਕੀਲ ਵੀ ਹੈ, ਦਾ ਕਹਿਣਾ ਹੈ ਕਿ ਲੱਖ ਯਤਨ ਕਰਨ ਦੇ ਬਾਵਜੂਦ ਉਹ ਨਾਵਲਾਂ ਵਿਚੋਂ ਕੋਈ ਕਾਨੂੰਨੀ ਊਣਤਾਈ ਨਹੀਂ ਫੜ ਸਕਿਆ। ਹਰ ਬੰਦੇ ਕੋਲ ਇਕ

ਸੀਮਤ ਚੇਤਨਾ ਹੁੰਦੀ ਹੈ। ਮੇਰੇ ਵਿਚ ਬਹੁਤ ਘਾਟਾਂ ਹਨ। ਰਚਨਾ ਪੜ੍ਹਨ ਵਾਲੇ ਦੇ ਗਿਆਨ ਅਤੇ ਦ੍ਰਿਸ਼ਟੀਕੋਣ 'ਤੇ ਵੀ ਬਹੁਤ ਕੁਝ ਨਿਰਭਰ ਕਰਦਾ ਹੈ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਮੇਰੀਆਂ ਰਚਨਾਵਾਂ ਵਿਚ ਘਾਟਾਂ ਵੀ ਹਨ ਅਤੇ ਵਿਸ਼ੇਸ਼ਤਾਈਆਂ ਵੀ। ਵਿਕਾਸ ਦੇ ਰਾਹ 'ਤੇ ਤੁਰ ਰਿਹਾ ਹਾਂ। ਹੋਰ ਵਧੀਆ ਲਿਖਣ ਲਈ ਯਤਨਸ਼ੀਲ ਹਾਂ।

? *ਕਦੇ ਸ੍ਵੈ-ਜੀਵਨੀ ਲਿਖਣ ਨੂੰ ਚਿੱਤ ਨਹੀਂ ਕਰਦਾ ?*

• ਸ੍ਵੈ-ਜੀਵਨੀ ਉਸ ਵਿਅਕਤੀ ਨੂੰ ਲਿਖਣੀ ਚਾਹੀਦੀ ਹੈ, ਜਿਸ ਦਾ ਜੀਵਨ ਸੰਘਰਸ਼ਾਂ ਨਾਲ ਭਰਪੂਰ ਜਾਂ ਰਹੱਸਮਈ ਰਿਹਾ ਹੋਵੇ। ਜਿਸ ਦੀ ਜ਼ਿੰਦਗੀ ਹੋਰਾਂ ਲਈ ਇਕ ਰੋਲ ਮਾਡਲ ਬਣ ਸਕਦੀ ਹੋਵੇ। ਮੇਰੇ ਵਿਚ ਇਨ੍ਹਾਂ ਵਿਚੋਂ ਕੋਈ ਵੀ ਵਿਸ਼ੇਸ਼ਤਾ ਨਹੀਂ ਹੈ। ਸਿਰਜਣਾ ਦੇ ਕੁਝ ਪਲਾਂ ਨੂੰ ਛੱਡ ਕੇ, ਮੇਰੀ ਬਾਕੀ ਦੀ ਜ਼ਿੰਦਗੀ ਇਕ ਸਧਾਰਨ ਮਨੁੱਖ ਵਰਗੀ ਹੈ। ਮੇਰੇ ਵੱਲੋਂ ਸ੍ਵੈ-ਜੀਵਨੀ ਲਿਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਆਪਣੇ ਸਰਕਾਰੀ ਵਕਾਲਤ ਦੇ ਕਾਰਜਕਾਲ ਦੌਰਾਨ ਮੇਰੇ ਸਾਹਮਣੇ ਅਜਿਹੇ ਤੱਥ ਆਏ ਹਨ, ਜਿਹੜੇ ਰਾਜਨੀਤਕ, ਧਾਰਮਿਕ ਅਤੇ ਅਖੌਤੀ ਯੋਧਿਆਂ ਦੇ ਦੂਹਰੇ ਰੂਪ ਜਾਂ ਦੋਗਲੇਪਣ ਨੂੰ ਸਾਹਮਣੇ ਲਿਆਉਂਦੇ ਹਨ। ਜਦੋਂ ਇਹ ਲੋਕ ਪੁਲਿਸ ਹਿਰਾਸਤ ਜਾਂ ਜੇਲ੍ਹਾਂ ਵਿਚ ਬੰਦ ਹੁੰਦੇ ਹਨ ਤਾਂ ਬਾਹਰ ਆਉਣ ਲਈ ਲਿਲਕੜੀਆਂ ਕੱਢਦੇ ਹਨ ਅਤੇ ਨੋਟਾਂ ਦੇ ਅੰਬਾਰ ਬਤੌਰ ਰਿਸ਼ਵਤ ਪੇਸ਼ ਕਰਦੇ ਹਨ। ਜਦੋਂ ਜੇਲ੍ਹੋਂ ਬਾਹਰ ਆ ਜਾਂਦੇ ਹਨ ਤਾਂ ਜੇਲ੍ਹ ਅਤੇ ਪੁਲਿਸ ਹਿਰਾਸਤ ਨੂੰ ਸਹੁਰਾ ਘਰ ਆਖਦੇ ਹਨ। ਅਜਿਹੇ ਦੰਭੀਆਂ ਦੀ ਨਕਾਬਪੋਸ਼ੀ ਕਰਨ ਲਈ ਇਕ ਪੁਸਤਕ ਲਿਖਣ ਦਾ ਇਰਾਦਾ ਜ਼ਰੂਰ ਹੈ। ਮੇਰੇ ਹੱਥੋਂ ਕੁਝ ਸਿਆਸੀ, ਧਾਰਮਿਕ ਅਤੇ ਅੱਤਵਾਦੀ ਕਾਰਵਾਈਆਂ ਨਾਲ ਸੰਬੰਧਤ ਅਹਿਮ ਕੇਸ ਨਿਕਲੇ ਹਨ, ਜਿਨ੍ਹਾਂ ਦੇ ਪਿਛੋਕੜ ਹੋਰ ਸਨ ਪਰ ਮੁਕੱਦਮਿਆਂ ਰਾਹੀਂ, ਜੋ ਲੋਕਾਂ ਸਾਹਮਣੇ ਆਇਆ, ਉਹ ਬਿਲਕੁਲ ਉਸ ਤੋਂ ਉਲਟ ਸੀ। ਇਨ੍ਹਾਂ ਭੇਤਾਂ ਤੋਂ ਪਰਦਾ ਵੀ ਉਠਾਵਾਂਗਾ।

? *ਤੁਹਾਡੇ ਨਾਵਲਾਂ ਵਿਚ ਤੁਹਾਡੇ ਨਿੱਜੀ ਜੀਵਨ ਦਾ ਕਿੰਨਾ ਕੁ ਦਖ਼ਲ ਹੈ ?*

• ਕੋਈ ਰਚਨਾਕਾਰ ਉਸ ਤੋਂ ਵੱਧ ਇਕ ਅੱਖਰ ਵੀ ਨਹੀਂ ਲਿਖ ਸਕਦਾ ਜਿਸ ਦਾ ਉਸ ਨੂੰ ਗਿਆਨ ਜਾਂ ਅਨੁਭਵ ਨਹੀਂ ਹੁੰਦਾ। ਮੈਂ ਆਪਣੇ ਨਿੱਜੀ ਜੀਵਨ ਵਿਚ ਜੋ ਅਨੁਭਵ ਗ੍ਰਹਿਣ ਕੀਤਾ ਹੈ ਉਹੋ ਨਾਵਲਾਂ ਵਿਚ ਪ੍ਰਗਟਾਇਆ ਹੈ। ਮੈਨੂੰ ਰੋਮਾਂਸ ਦਾ ਬਹੁਤਾ ਅਨੁਭਵ ਨਹੀਂ ਹੈ। ਇਸੇ ਕਾਰਨ ਮੇਰੇ ਨਾਵਲਾਂ ਵਿਚੋਂ ਰੁਮਾਂਸ ਗਾਇਬ ਹੈ। ਮੈਂ ਜਿਸ ਪ੍ਰਬੰਧ ਵਿਚ ਵਿਚਰ ਰਿਹਾ ਹਾਂ, ਉਹ ਨੱਕ ਤਕ ਭ੍ਰਿਸ਼ਟਾਚਾਰ ਵਿਚ ਖੁੱਭਿਆ ਹੋਇਆ ਹੈ। ਸ਼ਾਇਦ ਇਸੇ ਲਈ ਮੈਂ ਭ੍ਰਿਸ਼ਟਾਚਾਰ ਨੂੰ ਨੰਗਾ

ਕਰਨ ਵਿਚ ਹੋਰਾਂ ਨਾਲੋਂ ਵੱਧ ਕਾਮਯਾਬ ਹੋਇਆ ਹਾਂ। ਡਾ. ਸੁਰਜੀਤ ਲੀ ਕਹਿੰਦੇ ਹਨ ਕਿ ਮੇਰੇ ਨਾਵਲ ਮੌਜੂਦਾ ਸਮੇਂ ਦੀ ਰਾਜਨੀਤਕ, ਮਨੋ-ਵਿਗਿਆਨਕ, ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਉਨ੍ਹਾਂ ਦੇ ਵਿਚਾਰ ਨੂੰ ਵਿਸਥਾਰ ਦਿੰਦਾ ਹੋਇਆ ਮੈਂ ਆਖਦਾ ਹਾਂ ਕਿ ਨਾਵਲ, ਨਾਵਲਕਾਰ ਦੇ ਵਿਸ਼ੇਸ਼ ਕਿਸਮ ਦੇ ਮਨੋਵਿਗਿਆਨ ਨੂੰ ਅਤੇ ਉਸ ਮਨੋਵਿਗਿਆਨ ਪਿਛਲੇ ਕਾਰਨਾਂ ਨੂੰ ਸਮਝਣ ਵਿਚ ਵੀ ਸਹਾਈ ਹੋ ਸਕਦੇ ਹਨ। ਉਨ੍ਹਾਂ ਨੂੰ ਇਸ ਟਿੱਪਣੀ ਬਾਅਦ ਮੈਂ ਆਪਣੇ ਮਨੋਵਿਗਿਆਨ ਦੀ ਘੋਖ ਕੀਤੀ ਅਤੇ ਪਾਇਆ ਕਿ ਇਸ ਦੀ ਉਸਾਰੀ ਵਿਚ ਮੇਰੇ ਆਲੇ-ਦੁਆਲੇ ਘਟਦੀਆਂ ਘਟਨਾਵਾਂ ਦੀ ਮਹੱਤਵਪੂਰਨ ਭੂਮਿਕਾ ਹੈ।

? *ਲੇਖਕ ਨੂੰ ਇਕ ਲੇਖਕ ਦੇ ਤੌਰ 'ਤੇ ਲਿਖਣਾ ਚਾਹੀਦਾ ਹੈ ਜਾਂ ਹਮੇਸ਼ਾ ਪਾਠਕ ਦਾ ਫ਼ਿਕਰ ਦਿਮਾਗ਼ ਉੱਪਰ ਚਾੜ੍ਹੀ ਰੱਖਣਾ ਚਾਹੀਦਾ ਹੈ ?*

- ਲੇਖਕ ਦੇ ਪਾਠਕ ਵਰਗ ਦਾ ਪੱਧਰ ਕੀ ਹੈ ? ਲੇਖਕ ਨੂੰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ। ਲੇਖਕ ਨੇ ਆਪਣੇ ਮਨ ਦੀ ਗੱਲ ਵੀ ਕਹਿਣੀ ਹੈ। ਵਧੀਆ ਰਚਨਾ ਤਾਂ ਹੀ ਰਚੀ ਜਾ ਸਕਦੀ ਹੈ ਜੇ ਲੇਖਕ ਇਨ੍ਹਾਂ ਦੋਹਾਂ ਲੋੜਾਂ ਦਾ ਸੁਮੇਲ ਕਰ ਸਕੇ। ਜੇ ਲੇਖਕ ਪਾਠਕਾਂ ਦੀ ਪੱਧਰ ਤੋਂ ਉੱਚੀ ਗੱਲ ਕਰੇਗਾ ਤਾਂ ਉਸ ਦੀ ਰਚਨਾ ਲਾਇਬ੍ਰੇਰੀਆਂ ਦੀਆਂ ਅਲਮਾਰੀਆਂ ਵਿਚ ਪਈ ਸੜ ਜਾਵੇਗੀ। ਜੇ ਰਚਨਾ ਪੜ੍ਹ ਕੇ ਪਾਠਕ ਸਿਆਣਾ ਨਹੀਂ ਹੁੰਦਾ ਤਾਂ ਅਜਿਹੇ ਸਾਹਿਤ ਦੀ ਕੋਈ ਸਾਰਥਿਕਤਾ ਨਹੀਂ ਹੋਵੇਗੀ।

? *ਅਜੋਕੇ ਭ੍ਰਿਸ਼ਟ, ਅਮਾਨਵੀਕ੍ਰਿਤ, ਮੰਡੀ, ਮਾਇਆ ਅਤੇ ਮੁਨਾਫ਼ੇ ਉੱਪਰ ਖਲੋਤੇ ਸਮਾਜ ਵਿਚ ਲੇਖਕ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ ?*

- ਅਜਿਹੇ ਮਾਹੌਲ ਵਿਚ ਇਕ ਲੇਖਕ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ, ਇਹ ਮੈਂ ਆਪਣੇ ਨਾਵਲਾਂ ਦੇ ਮੁੱਢ ਵਿਚ ਦਿੱਤੀਆਂ ਟਿੱਪਣੀਆਂ ਰਾਹੀਂ ਸਪੱਸ਼ਟ ਕੀਤਾ ਹੈ। ਲੇਖਕ ਨੂੰ ਸਮਾਜ ਵਿਚ ਫੈਲੇ ਕੋਹੜ ਵੱਲ ਉਂਗਲ ਕਰਦੇ ਰਹਿਣਾ ਚਾਹੀਦਾ ਹੈ। ਲੋਕਾਂ ਨੂੰ ਦਲਦਲ ਵਿਚੋਂ ਨਿਕਲ ਕੇ ਵਧੀਆ ਜੀਵਨ ਜਿਊਣ ਲਈ ਪ੍ਰੇਰਨਾ ਦੇਣੀ ਅਤੇ ਰਾਹ ਦਰਸਾਉਣਾ ਚਾਹੀਦਾ ਹੈ।

? *ਕਲਾ ਦੇ ਧਰਮ ਅਤੇ ਲੇਖਕ ਦੇ ਜੀਵਨ ਦੇ ਧਰਮ ਵਿਚਾਲੇ ਕਿਸ ਕਿਸਮ ਦਾ ਰਿਸ਼ਤਾ ਲੋੜੀਂਦਾ ਹੈ ?*

- ਕਲਾ ਦਾ ਧਰਮ ਉੱਚੇ ਆਦਰਸ਼ ਨਿਸ਼ਚਿਤ ਕਰਨਾ ਹੈ। ਨਿੱਜੀ ਜੀਵਨ ਵਿਚ ਲੇਖਕ ਲਈ ਉਨ੍ਹਾਂ ਉੱਚੇ ਆਦਰਸ਼ਾਂ ਅਨੁਸਾਰ ਜਿਉਣਾ ਸੰਭਵ ਨਹੀਂ ਹੁੰਦਾ। ਫੇਰ ਵੀ ਲੇਖਕ ਨੂੰ ਕਰਨੀ ਅਤੇ ਕਥਨੀ ਵਿਚ ਇਕਸੁਰਤਾ ਲਿਆਉਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

? *ਅਜੋਕੇ ਮਾਹੌਲ ਵਿਚ ਸਮਾਜ ਵਿਚ ਕਾਸਮੈਟਿਕ ਤਬਦੀਲੀ ਦੀ ਲੋੜ ਹੈ ਜਾਂ ਰੈਡੀਕਲ ਤਬਦੀਲੀ ਦੀ ?*

- ਅਜੋਕਾ ਸਮਾਜਿਕ ਅਤੇ ਰਾਜਨੀਤਕ ਢਾਂਚਾ ਪੂਰੀ ਤਰ੍ਹਾਂ ਗਰਕ ਚੁੱਕਾ ਹੈ। ਦਿਨੋਂ-ਦਿਨ ਹੋਰ ਨਿਘਾਰ ਵੱਲ ਜਾ ਰਿਹਾ ਹੈ। ਇਸ ਗਿਰਾਵਟ ਦਾ ਪਰਛਾਵਾਂ ਉੱਚ ਸੰਸਥਾਵਾਂ ਉੱਪਰ ਵੀ ਪੈ ਰਿਹਾ ਹੈ। ਮੈਨੂੰ ਤਾਂ ਸੁਧਾਰ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਰੈਡੀਕਲ ਤਬਦੀਲੀ ਹੀ ਸੁੱਖ ਦਾ ਸਾਹ ਦਿਵਾ ਸਕਦੀ ਹੈ।

? *ਪੰਜਾਬੀ ਨਾਵਲ ਦੀ ਪਰਖ ਲਈ, ਤੀਜੀ ਦੁਨੀਆ ਦੇ ਮੁਲਕਾਂ ਦੀ ਆਪਣੀ ਸਥਿਤੀ ਮੁਤਾਬਕ, ਸੁਹਜ ਸ਼ਾਸਤਰ ਦੇ ਵੱਖਰੇ ਪ੍ਰਤੀਮਾਨਾਂ ਦੀ ਕਿੰਨੀ ਕੁ ਜ਼ਰੂਰਤ ਹੈ ?*

- ਸ਼ਾਇਦ ਸਦੀਆਂ ਦੀ ਗੁਲਾਮੀ ਕਾਰਨ ਅਸੀਂ ਆਪਣੀ ਜੀਵਨ-ਜਾਂਚ, ਪਿਛੋਕੜ ਅਤੇ ਚਿੰਤਨ-ਵਿਧੀਆਂ ਨੂੰ ਛੁਟਿਆ ਕੇ ਦੇਖਣ ਲੱਗ ਪਏ ਹਾਂ। ਪੱਛਮ ਦੀ ਬੁਰਾਈ ਵੀ ਸਾਨੂੰ ਚੰਗਿਆਈ ਨਜ਼ਰ ਆਉਂਦੀ ਹੈ ਅਤੇ ਉਸ ਦੀ ਨਕਲ ਕਰਨ ਵਿਚ ਅਸੀਂ ਫ਼ਖ਼ਰ ਮਹਿਸੂਸ ਕਰਦੇ ਹਾਂ। ਸਾਡੇ ਚਿੰਤਕ ਵੀ ਇਸੇ ਬਿਮਾਰੀ ਦਾ ਸ਼ਿਕਾਰ ਹਨ। ਪੱਛਮ ਵਿਚ ਰਚੇ ਜਾ ਰਹੇ ਸਾਹਿਤ ਉੱਪਰ ਲਾਗੂ ਪ੍ਰਤੀਮਾਨਾਂ ਨੂੰ ਉਹ ਭਾਰਤੀ ਅਤੇ ਪੰਜਾਬੀ ਸਾਹਿਤ ਉੱਪਰ ਲਾਗੂ ਕਰਨ ਲੱਗਦੇ ਹਨ। ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਭੂਗੋਲਿਕ ਵਖਰੇਵਿਆਂ ਕਾਰਨ ਅਸੀਂ ਉਹੋ ਜਿਹੇ ਨਹੀਂ ਜਿਹੋ ਜਿਹੇ ਪੱਛਮੀ ਦੇਸ਼ਾਂ ਦੇ ਵਸਨੀਕ ਹਨ। ਪੱਛਮੀ ਦੇਸ਼ਾਂ ਵਿਚ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਦੀ ਪੂਰੀ ਤਰ੍ਹਾਂ ਟੁੱਟ-ਭੱਜ ਹੋ ਚੁੱਕੀ ਹੈ। ਮਨੁੱਖ ਨੂੰ ਇਕੱਲਤਾ ਵੀ ਸਤਾਉਣ ਲੱਗੀ ਹੈ। ਇਕੱਲਾ ਬੈਠਾ ਉਹ ਆਪਣੇ ਆਪ ਨਾਲ ਘੁਲਦਾ, ਖਿਝਦਾ, ਕ੍ਰਿਝਦਾ ਰਹਿੰਦਾ ਹੈ। ਅਜਿਹੇ ਮਨੁੱਖ ਦੀ ਮਨੋਬਿਰਤੀ ਨੂੰ ਚੇਤਨਾ ਪ੍ਰਵਾਹ ਵਿਧੀ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ। ਪੰਜਾਬੀ ਲੋਕ ਹਾਲੇ ਇੰਨੀ ਇਕੱਲ ਦਾ ਸ਼ਿਕਾਰ ਨਹੀਂ ਹੋਏ। ਕੁਝ ਲੇਖਕਾਂ ਨੇ ਚੇਤਨਾ ਪ੍ਰਵਾਹ ਵਿਧੀ ਅਪਣਾ ਕੇ ਕੁਝ ਨਾਵਲ ਲਿਖੇ ਅਤੇ ਪੱਛਮੀ ਸਿਧਾਂਤਾਂ ਨੂੰ ਪੰਜਾਬੀ ਸਾਹਿਤ ਉੱਪਰ ਹੂਬਹੂ ਲਾਗੂ ਕਰਨ ਦੇ ਸਮਰਥਕ ਚਿੰਤਕਾਂ ਨੇ ਉਨ੍ਹਾਂ ਦੀ ਵਾਹਵਾ ਵੀ ਕੀਤੀ। ਪਰ ਪੰਜਾਬੀ ਸਭਿਆਚਾਰ ਵਿਚ ਇਕੱਲਤਾ ਦੀ ਅਣਹੋਂਦ ਕਾਰਨ ਨਾ ਇਹ ਨਾਵਲ ਆਪਣੀ ਥਾਂ ਬਣਾ ਸਕੇ ਅਤੇ ਨਾ ਹੀ ਉਨ੍ਹਾਂ ਦੇ ਸਮਰਥਕ ਚਿੰਤਕ ਇਨ੍ਹਾਂ ਨੂੰ ਠੁੰਮ੍ਹਣਾ ਦੇ ਸਕੇ। ਪੱਛਮ ਵਿਚ ਠੰਡ ਪੈਂਦੀ ਹੈ। ਬਹੁਤੀ ਦੇਰ ਅਸਮਾਨ ਵਿਚ ਬੱਦਲ ਛਾਏ ਰਹਿੰਦੇ ਹਨ। ਸੂਰਜ ਦੇ ਦਰਸ਼ਨ ਉਨ੍ਹਾਂ ਨੂੰ ਕਦੇ-ਕਦੇ ਨਸੀਬ ਹੁੰਦੇ ਹਨ। ਧੁੱਪ ਚੜ੍ਹਨ 'ਤੇ ਉਹ ਖ਼ੁਸ਼ੀ ਦੇ ਗੀਤ ਗਾਉਂਦੇ ਹਨ। ਸਾਡੇ ਦੇਸ਼ ਵਿਚ ਗਰਮੀ ਜ਼ਿਆਦਾ ਪੈਂਦੀ ਹੈ। ਸਾਨੂੰ ਧੁੱਪ ਨਾਲੋਂ ਬੱਦਲ ਅਤੇ ਮੀਂਹ ਚੰਗੇ ਲੱਗਦੇ ਹਨ। ਪੱਛਮੀ ਸਿਧਾਂਤ

ਅਪਣਾ ਕੇ ਅਸੀਂ ਪੰਜਾਬੀ ਵਿਚ ਲਿਖੀਆਂ ਉਨ੍ਹਾਂ ਕਵਿਤਾਵਾਂ ਨੂੰ ਉੱਤਮ ਨਹੀਂ ਆਖ ਸਕਦੇ, ਜਿਨ੍ਹਾਂ ਵਿਚ ਗਰਮੀ ਜਾਂ ਭਰ ਜੋਬਨ ਵਾਲੇ ਸੂਰਜ ਦਾ ਗੁਣ-ਗਾਣ ਕੀਤਾ ਗਿਆ ਹੋਵੇ। ਸਾਡੇ ਚਿੰਤਕਾਂ ਨੂੰ ਸਾਡੀ ਵੱਖਰੀ ਪ੍ਰਕਾਰ ਦੀ ਸਥਿਤੀ ਨੂੰ ਸਮਝਦਾ ਚਾਹੀਦਾ ਹੈ, ਉਸੇ ਮੁਤਾਬਕ ਪ੍ਰਤੀਮਾਨ ਨਿਸ਼ਚਿਤ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਅਨੁਸਾਰ ਸਾਹਿਤਕ ਕਿਰਤਾਂ ਦੀ ਪਰਖ-ਪੜਚੋਲ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਦੇ ਮਾਪਦੰਡ ਅਪਣਾ ਕੇ ਹੀ ਉੱਤਮ-ਭਾਰਤੀ ਸਾਹਿਤ ਦਾ ਸਥਾਨ ਨਿਸ਼ਚਿਤ ਹੋ ਸਕਦਾ ਹੈ।

? *ਜੇਕਰ ਤੁਹਾਡੀ ਗਲਪ ਰਚਨਾ ਦੇ ਸਫ਼ਰ ਨੂੰ ਪ੍ਰਤੱਖ ਕਥਨਾਂ ਅਤੇ ਅਸੁਭਾਵਿਕ ਜਾਂ ਗ਼ੈਰ-ਕੁਦਰਤੀ ਨਬੇੜਿਆਂ ਤੋਂ ਮੌਜੂਦ ਪ੍ਰਬੰਧ ਅਤੇ ਉਸ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਕਰੂਰਤਾ ਵੱਲ ਗੁੱਝੇ ਇਸ਼ਾਰਿਆਂ ਤਕ ਦੀ ਯਾਤਰਾ ਦੇ ਸੂਤਰ ਵਿਚ ਸਮੇਟਿਆ ਜਾਵੇ ਤਾਂ ਤੁਹਾਡੀ ਕੀ ਪ੍ਰਕਿਰਿਆ ਹੋਵੇਗੀ ?*

• ਮੈਂ ਸਮਝਾਂਗਾ ਕਿ ਮੈਂ ਆਪਣੇ ਉਦੇਸ਼ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ ਹਾਂ।

? *ਤੁਸੀਂ ਕੁਝ ਪੁਸਤਕਾਂ ਕਾਨੂੰਨ ਸੰਬੰਧੀ ਵੀ ਲਿਖੀਆਂ ਹਨ। ਬਾਜ਼ਾਰ ਵਿਚ ਅਜਿਹੀਆਂ ਪੁਸਤਕਾਂ ਹਜ਼ਾਰਾਂ ਦੀ ਗਿਣਤੀ ਵਿਚ ਉਪਲਬਧ ਹਨ। ਤੁਹਾਡੀਆਂ ਪੁਸਤਕਾਂ ਉਨ੍ਹਾਂ ਨਾਲੋਂ ਵੱਖਰੀਆਂ ਕਿਸ ਤਰ੍ਹਾਂ ਹਨ ?*

• ਮੇਰੇ ਕਿੱਤੇ ਅਤੇ ਜ਼ਿੰਦਗੀ ਦਾ ਮੁੱਖ ਉਦੇਸ਼ ਪੀੜਤ ਧਿਰ ਦੇ ਜ਼ਖ਼ਮਾਂ ’ਤੇ ਮਲ੍ਹਮ ਲਾਉਣਾ ਰਿਹਾ ਹੈ। ਮਜ਼ਲੂਮਾਂ ਦੇ ਹੰਝੂ ਤਾਂ ਹੀ ਪੂੰਝੇ ਜਾ ਸਕਦੇ ਹਨ ਜੇ ਉਨ੍ਹਾਂ ’ਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਕਾਲ ਕੋਠੜੀਆਂ ਵਿਚ ਸੜਨ ਲਈ ਮਜਬੂਰ ਕੀਤਾ ਜਾ ਸਕੇ।

ਬਹੁਤੇ ਮੁਲਜ਼ਮਾਂ ਦੇ ਬਰੀ ਹੋਣ ਦਾ ਵੱਡਾ ਕਾਰਨ, ਤਫ਼ਤੀਸ਼ ਦਾ ਕਾਨੂੰਨ ਦੀਆਂ ਲੋੜਾਂ ਅਨੁਸਾਰ ਨਾ ਹੋਣਾ ਹੁੰਦਾ ਹੈ। ਤਫ਼ਤੀਸ਼ ਦੇ ਕਾਨੂੰਨ ਅਨੁਸਾਰ ਨਾ ਹੋਣ ਦਾ ਵੱਡਾ ਕਾਰਨ ਤਫ਼ਤੀਸ਼ੀ ਅਫ਼ਸਰ ਦੀ ਕਾਨੂੰਨ ਬਾਰੇ ਪੂਰੀ ਜਾਣਕਾਰੀ ਨਾ ਹੋਣਾ ਹੁੰਦਾ ਹੈ। ਤਫ਼ਤੀਸ਼ੀ ਅਫ਼ਸਰ ਤਫ਼ਤੀਸ਼ ਸੁਚੱਜੇ ਢੰਗ ਨਾਲ ਕਰ ਸਕਣ ਇਸ ਲਈ ਮੈਂ ਦੋ ਪੁਸਤਕਾਂ **ਤਫ਼ਤੀਸ਼ੀ ਅਫ਼ਸਰਾਂ ਲਈ ਕੁਝ ਮਹੱਤਵਪੂਰਨ ਕਾਨੂੰਨੀ ਜਾਣਕਾਰੀ** ਅਤੇ **ਫ਼ੌਜਦਾਰੀ ਕਾਨੂੰਨ ਬਾਰੇ ਮੁੱਢਲੀ ਜਾਣਕਾਰੀ** ਲਿਖੀਆਂ। ਓਪਰੀ ਨਜ਼ਰੇ ਜਾਪਦਾ ਹੈ ਜਿਵੇਂ ਬਹੁਤਾ ਕਾਨੂੰਨ ਮੁਲਜ਼ਮਾਂ ਦੇ ਪੱਖ ਵਿਚ ਹੈ। ਅਸਲੀਅਤ ਇਸ ਦੇ ਉਲਟ ਹੈ। ਕਾਨੂੰਨ ਪੀੜਤ ਧਿਰ ਦੇ ਹੱਕ ਵਿਚ ਓਨਾ ਹੀ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਕੁਝ ਵਿਸ਼ੇਸ਼ ਕਾਰਨਾਂ ਕਰੇ ਪੀੜਤ ਧਿਰ ਦੇ ਹੱਕ ਦੇ ਕਾਨੂੰਨ ਨੂੰ ਪ੍ਰਕਾਸ਼ ਵਿਚ ਨਹੀਂ ਆਉਣ ਦਿੱਤਾ ਜਾਂਦਾ ਅਤੇ ਹੇਠਲੀਆਂ ਅਦਾਲਤਾਂ ਦੇ ਧਿਆਨ ਵਿਚ ਨਹੀਂ ਲਿਆਂਦਾ ਜਾਂਦਾ। ਇਨ੍ਹਾਂ ਵਿਚੋਂ ਕੁਝ ਕਾਰਨਾਂ ਦਾ ਜ਼ਿਕਰ ਪ੍ਰਸੰਗਕ ਨਹੀਂ ਹੋਵੇਗਾ।

ਸਰਕਾਰੀ ਵਕੀਲਾਂ (ਜੋ ਕਿ ਪੀੜਤ ਧਿਰ ਦੀ ਪੈਰਵਾਈ ਕਰਦੇ ਹਨ) ਦੇ ਮੁਕਾਬਲੇ ਦੋਸ਼ੀਆਂ ਦੀ ਪੈਰਵਾਈ ਕਰਨ ਵਾਲੇ ਵਕੀਲਾਂ ਦੀ ਗਿਣਤੀ ਕਰੀਬ ਸੌ ਗੁਣਾ ਹੈ। ਦੋਸ਼ੀ ਫ਼ੀਸ ਵੀ ਮੋਟੀ ਦਿੰਦੇ ਹਨ। ਪ੍ਰਾਈਵੇਟ ਵਕੀਲ ਮੰਡੀ ਦੇ ਨਿਯਮਾਂ ਵਿਚ ਬੱਝੇ ਹੁੰਦੇ ਹਨ। ਮਿਹਨਤੀ ਅਤੇ ਨਤੀਜੇ ਪ੍ਰਾਪਤ ਕਰ ਲੈਣ ਵਾਲੇ ਵਕੀਲਾਂ ਦਾ ਮੁੱਲ ਵੱਧ ਪੈਂਦਾ ਹੈ। ਆਪਣੀ ਕਾਰਜ ਕੁਸ਼ਲਤਾ ਵਧਾਉਣ ਲਈ ਪ੍ਰਾਈਵੇਟ ਵਕੀਲ ਮਹਿੰਗੀਆਂ ਪੁਸਤਕਾਂ ਖਰੀਦਦੇ ਅਤੇ ਪੜ੍ਹਦੇ ਹਨ। ਦੂਜੇ ਪਾਸੇ ਸਰਕਾਰ ਦੀ ਬੇਰੁਖੀ ਅਤੇ ਸਰਕਾਰੀ ਵਕੀਲਾਂ ਦੇ ਆਲਸ ਕਾਰਨ ਪੀੜਤ ਧਿਰ-ਮੁਖੀ ਫ਼ੈਸਲੇ ਠੰਡੇ ਬਸਤਿਆਂ ਵਿਚ ਦੱਬ ਕੇ ਰਹਿ ਜਾਂਦੇ ਹਨ। ਕਾਨੂੰਨ ਦੀਆਂ ਪੁਸਤਕਾਂ ਛਾਪਣ ਵਾਲੇ ਪ੍ਰਕਾਸ਼ਕ ਉਹ ਪੁਸਤਕਾਂ ਛਾਪਣੀਆਂ ਪਸੰਦ ਕਰਦੇ ਹਨ ਜਿਨ੍ਹਾਂ ਦੀ ਵਿਕਰੀ ਵੱਧ ਹੁੰਦੀ ਹੈ। ਵੱਧ ਪੁਸਤਕਾਂ ਖਰੀਦਣ ਦੀ ਸਮਰੱਥਾ ਮੁਲਜ਼ਮਾਂ ਦੀ ਪੈਰਵਾਈ ਕਰਨ ਵਾਲੇ ਵਕੀਲਾਂ ਵਿਚ ਹੁੰਦੀ ਹੈ। ਕੁਦਰਤੀ ਹੈ ਕਿ ਅਜਿਹੇ ਵਕੀਲ ਉਹ ਕਿਤਾਬਾਂ ਖਰੀਦਣਗੇ ਜਿਹੜੀਆਂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨਗੀਆਂ। ਮੁਲਜ਼ਮਾਂ ਨੂੰ ਸਜ਼ਾ ਕਰਾਉਣ ਵਾਲੀਆਂ ਪੁਸਤਕਾਂ ਉਨ੍ਹਾਂ ਨੂੰ ਪਸੰਦ ਨਹੀਂ ਆ ਸਕਦੀਆਂ। ਨਤੀਜੇ ਵਜੋਂ ਪ੍ਰਕਾਸ਼ਕ, ਪੀੜਤ ਧਿਰ ਦੇ ਹੱਕ ਵਿਚ ਹੁੰਦੇ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਘੜਦੇ ਸਿਧਾਂਤਾਂ ਵਾਲੇ ਫ਼ੈਸਲੇ ਆਪਣੀਆਂ ਪੁਸਤਕਾਂ ਵਿਚ ਸ਼ਾਮਿਲ ਹੀ ਨਹੀਂ ਕਰਦੇ। ਇਸ ਪੱਖਪਾਤੀ ਰਵੱਈਏ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੋਸ਼ੀ ਸੰਗੀਨ ਜੁਰਮ ਕਰਨ ਬਾਅਦ ਝਟਪਟ ਜ਼ਮਾਨਤ 'ਤੇ ਰਿਹਾ ਨਹੀਂ ਹੋ ਜਾਂਦੇ ਸਗੋਂ ਆਸਾਨੀ ਨਾਲ ਬਰੀ ਵੀ ਹੋ ਜਾਂਦੇ ਹਨ।

ਇਸ ਘਾਟ ਨੂੰ ਪੂਰਾ ਕਰਨ ਲਈ, ਪ੍ਰਯੋਗ ਦੇ ਤੌਰ 'ਤੇ ਮੈਂ ਮਾਣਯੋਗ ਸੁਪਰੀਮ ਕੋਰਟ ਅਤੇ ਵੱਖ-ਵੱਖ ਹਾਈਕੋਰਟਾਂ ਵੱਲੋਂ ਵੱਖ-ਵੱਖ ਸਮਿਆਂ 'ਤੇ ਕੀਤੇ ਗਏ ਅਹਿਮ ਫ਼ੈਸਲੇ ਇਕੱਠੇ ਕੀਤੇ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਲਈ ਅਜਿਹੇ ਮਾਪਦੰਡ ਸਥਾਪਿਤ/ਨਿਸ਼ਚਿਤ ਕੀਤੇ ਗਏ ਹਨ ਜਿਹੜੇ ਸੰਗੀਨ ਜੁਰਮਾਂ ਦੇ ਦੋਸ਼ੀਆਂ ਨੂੰ ਆਸਾਨੀ ਨਾਲ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਰੋਕਦੇ ਹਨ। 80 ਮਹੱਤਵਪੂਰਨ ਫ਼ੈਸਲਿਆਂ 'ਤੇ ਆਧਾਰਿਤ ਇਹ ਪੁਸਤਕ **Pro Prosecution Case Law on Custody and Bills** ਸਰਕਾਰੀ ਵਕੀਲਾਂ, ਪੀੜਤ ਧਿਰ ਵੱਲੋਂ ਪੇਸ਼ ਹੁੰਦੇ ਪ੍ਰਾਈਵੇਟ ਵਕੀਲਾਂ ਅਤੇ ਜੱਜਾਂ ਲਈ ਹੀ ਨਹੀਂ ਸਗੋਂ ਪ੍ਰਬੰਧਕੀ ਪਦਾਂ 'ਤੇ ਕੰਮ ਕਰਦੇ ਪੁਲਿਸ ਅਫ਼ਸਰਾਂ ਲਈ ਵੀ ਦੋਸ਼ੀਆਂ ਨੂੰ ਜੇਲ੍ਹਾਂ ਵਿਚ ਡੱਕੀ ਰੱਖਣ ਲਈ ਸਹਾਈ ਸਿੱਧ ਹੋਈ।

ਦੋ ਛੋਟੀਆਂ ਪੁਸਤਕਾਂ **ਸੂਚਨਾ ਦਾ ਅਧਿਕਾਰ ਕਾਨੂੰਨ** 2005 **ਬਾਰੇ ਸੰਖੇਪ ਜਾਣਕਾਰੀ** ਅਤੇ **ਪੰਜਾਬ ਸੇਵਾ ਅਧਿਕਾਰ ਕਾਨੂੰਨ** 2011 **ਬਾਰੇ ਸੰਖੇਪ ਜਾਣਕਾਰੀ** ਸੌਖੀ ਭਾਸ਼ਾ ਵਿਚ ਲਿਖੀਆਂ। ਇਨ੍ਹਾਂ ਦੀ ਕੀਮਤ ਕੇਵਲ ਵੀਹ ਰੁਪਏ ਰੱਖੀ। ਇਹ

ਪੁਸਤਕਾਂ ਆਮ ਜਨਤਾ ਨੂੰ ਆਪਣੇ ਮੁੱਢਲੇ ਅਧਿਕਾਰਾਂ ਤੋਂ ਜਾਣੂ ਕਰਾਉਣ ਦੇ ਉਦੇਸ਼ ਨਾਲ ਲਿਖੀਆਂ।

? *ਇਹ ਪੁਸਤਕਾਂ ਕਿਸ ਨੇ ਪ੍ਰਕਾਸ਼ਿਤ ਕੀਤੀਆਂ ਅਤੇ ਇਨ੍ਹਾਂ ਨੂੰ ਕਿਹੋ ਜਿਹਾ ਹੁੰਗਾਰਾ ਮਿਲਿਆ ?*

• ਤਫ਼ਤੀਸ਼ੀ ਅਫ਼ਸਰਾਂ ਲਈ ਲਿਖੀਆਂ ਪੁਸਤਕਾਂ ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਲੇਰਕੋਟਲਾ ਵੱਲੋਂ ਛਾਪੀਆਂ ਗਈਆਂ। ਸੌਖੀ ਅਤੇ ਸਮਝ ਆਉਣ ਵਾਲੀ ਭਾਸ਼ਾ ਵਿਚ ਲਿਖੇ ਹੋਣ ਕਾਰਨ ਇਹ ਪੁਸਤਕਾਂ ਘੱਟ ਪੜ੍ਹੇ ਲਿਖੇ ਤਫ਼ਤੀਸ਼ੀ ਅਫ਼ਸਰਾਂ ਨੂੰ ਵੀ ਸਮਝ ਆਉਂਦੀਆਂ ਹਨ। ਤਫ਼ਤੀਸ਼ੀ ਅਫ਼ਸਰਾਂ ਨੇ ਬੜੇ ਗਹੁ ਅਤੇ ਰੂਹ ਨਾਲ ਇਨ੍ਹਾਂ ਪੁਸਤਕਾਂ ਨੂੰ ਪੜ੍ਹਿਆ ਅਤੇ ਤਫ਼ਤੀਸ਼ਾਂ ਨੂੰ ਸੁਧਾਰਨਾ ਸ਼ੁਰੂ ਕੀਤਾ। ਜ਼ਿਲ੍ਹਾ ਪੁਲਿਸ ਮੁਖੀਆਂ ਨੇ ਆਪਣੇ ਵਿਸ਼ੇਸ਼ ਫੰਡਾਂ ਵਿਚੋਂ ਪੈਸੇ ਖਰਚ ਕੇ ਇਨ੍ਹਾਂ ਪੁਸਤਕਾਂ ਨੂੰ ਖਰੀਦਿਆ ਅਤੇ ਫਿਰ ਆਪਣੇ ਤਫ਼ਤੀਸ਼ੀ ਅਫ਼ਸਰਾਂ ਵਿਚ ਮੁਫ਼ਤ ਵੰਡਿਆ ਤਾਂ ਜੋ ਉਹ ਆਪਣੀ ਕਾਨੂੰਨੀ ਜਾਣਕਾਰੀ ਨੂੰ ਵਧਾ ਸਕਣ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਵੱਲੋਂ ਵੀ ਇਕ ਵਿਸ਼ੇਸ਼ ਪੱਤਰ ਰਾਹੀਂ ਹੁਕਮ ਜਾਰੀ ਕਰਕੇ ਪੰਜਾਬ ਪੁਲਿਸ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਅਧੀਨ ਕੰਮ ਕਰਦੇ ਤਫ਼ਤੀਸ਼ੀ ਅਫ਼ਸਰ ਇਨ੍ਹਾਂ ਪੁਸਤਕਾਂ ਦਾ ਅਧਿਐਨ ਕਰਨ। ਕਈ ਤਫ਼ਤੀਸ਼ੀ ਅਫ਼ਸਰਾਂ ਨੇ ਤਾਂ ਇਨ੍ਹਾਂ ਪੁਸਤਕਾਂ ਨੂੰ ਆਪਣੀ 'ਤਫ਼ਤੀਸ਼ੀ ਕਿੱਟ' ਦਾ ਹਿੱਸਾ ਬਣਾ ਲਿਆ ਹੈ। ਤਫ਼ਤੀਸ਼ ਸਮੇਂ ਜਦੋਂ ਵੀ ਕਦੇ ਕੋਈ ਕਾਨੂੰਨੀ ਅੜਚਨ ਪੇਸ਼ ਆਉਂਦੀ ਹੈ ਤਾਂ ਪੁਸਤਕ ਪੜ੍ਹ ਕੇ ਸਮੱਸਿਆ ਸੁਲਝਾ ਲੈਂਦੇ ਹਨ।

**Pro Prosecution Case Law on Custody and Bails** ਪੁਸਤਕ ਪੰਜਾਬ ਸਰਕਾਰ ਵੱਲੋਂ ਛਾਪ ਕੇ ਸਰਕਾਰੀ ਵਕੀਲਾਂ ਨੂੰ ਮੁਫ਼ਤ ਵੰਡੀ ਗਈ। ਪੁਲਿਸ ਅਫ਼ਸਰ ਵੀ ਇਸ ਪੁਸਤਕ ਤੋਂ ਲਾਭ ਉਠਾ ਸਕਣ, ਇਸ ਲਈ ਨੈਸ਼ਨਲ ਪੁਲਿਸ ਅਕੈਡਮੀ ਹੈਦਰਾਬਾਦ ਵੱਲੋਂ ਵੀ ਇਹ ਪੁਸਤਕ ਛਾਪ ਕੇ ਆਪਣੇ ਅਫ਼ਸਰਾਂ ਨੂੰ ਮੁਫ਼ਤ ਉਪਲਬਧ ਕਰਵਾਈ ਗਈ।

**ਸੂਚਨਾ ਦਾ ਅਧਿਕਾਰ ਕਾਨੂੰਨ 2005 ਬਾਰੇ ਸੰਖੇਪ ਜਾਣਕਾਰੀ** ਅਤੇ **ਪੰਜਾਬ ਸੇਵਾ ਅਧਿਕਾਰ ਕਾਨੂੰਨ 2011 ਬਾਰੇ ਸੰਖੇਪ ਜਾਣਕਾਰੀ** ਪੁਸਤਕਾਂ ਨੂੰ ਲੋਕਾਂ ਅਤੇ ਲੋਕ ਜਥੇਬੰਦੀਆਂ ਵਿਚ ਕੰਮ ਕਰਦੇ ਕਾਰਕੁਨਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਇਨ੍ਹਾਂ ਪੁਸਤਕਾਂ ਦਾ ਦੂਸਰਾ ਐਡੀਸ਼ਨ ਵੀ ਖ਼ਤਮ ਹੋਣ ਵਾਲਾ ਹੈ।

? *ਪਤਾ ਲੱਗਾ ਹੈ ਕਿ ਨੈਸ਼ਨਲ ਪੁਲਿਸ ਅਕੈਡਮੀ, ਹੈਦਰਾਬਾਦ ਵੱਲੋਂ ਤੁਹਾਨੂੰ ਜਿਹੜਾ ਖੋਜ-ਪ੍ਰਾਜੈਕਟ ਦਿੱਤਾ ਗਿਆ ਹੈ ਉਹ ਕਿਸ ਵਿਸ਼ੇ ਨਾਲ ਸੰਬੰਧਤ ਹੈ,*

*ਇਸ ਬਾਰੇ ਕੁਝ ਚਾਨਣਾ ਪਾਓ ?*

- ਸਾਲ 2012 ਵਿਚ ਸ੍ਰੀ ਵਿਕਾਸ ਨਰਾਇਣ ਰਾਏ, ਨੈਸ਼ਨਲ ਪੁਲਿਸ ਅਕੈਡਮੀ ਹੈਦਰਾਬਾਦ ਦੇ ਡਾਇਰੈਕਟਰ ਨਿਯੁਕਤ ਹੋਏ। ਉਨ੍ਹਾਂ ਨੇ ਮੈਨੂੰ ਆਈ.ਪੀ.ਐੱਸ. ਅਫ਼ਸਰਾਂ ਨੂੰ ਕਾਨੂੰਨ ਪੜ੍ਹਾਉਣ ਲਈ ਹੈਦਰਾਬਾਦ ਬੁਲਾਇਆ। **Pro Prosecution Case Law on Custody and Bails** ਪੁਸਤਕ ਪੜ੍ਹ ਕੇ ਉਹ ਬੜੇ ਪ੍ਰਭਾਵਿਤ ਹੋਏ। ਉਨ੍ਹਾਂ ਮੈਨੂੰ ਕਿਹਾ ਕਿ ਵਕੀਲ ਆਪਣਾ ਗਿਆਨ ਆਮ ਲੋਕਾਂ ਨਾਲ ਸਾਂਝਾ ਤਾਂ ਨਹੀਂ ਕਰਦੇ ਕਿਉਂਕਿ ਉਹ ਇਸੇ ਵਿਸ਼ੇਸ਼ ਗਿਆਨ ਦੀ ਖੱਟੀ ਖਾਂਦੇ ਹਨ ਪਰ ਮੈਂ ਉਨ੍ਹਾਂ ਵਕੀਲਾਂ ਵਿਚੋਂ ਨਹੀਂ ਹਾਂ। ਚੰਗਾ ਹੋਵੇ ਜੋ ਮੈਂ ਆਪਣਾ ਗਿਆਨ ਆਮ ਲੋਕਾਂ ਦੀ ਭਲਾਈ ਲਈ ਵਰਤਾਂ। ਅੰਨ੍ਹਾ ਕੀ ਭਾਲੇ ਦੋ ਅੱਖਾਂ ਦੇ ਅਖਾਣ ਮੁਤਾਬਕ ਮੈਂ ਝੱਟ ਉਨ੍ਹਾਂ ਦੇ ਸੁਝਾਅ ਨਾਲ ਸਹਿਮਤ ਹੋ ਗਿਆ। ਮੈਂ ਵੱਖ-ਵੱਖ ਉੱਚ-ਅਦਾਲਤਾਂ ਦੇ 500/600 ਅਜਿਹੇ ਫ਼ੈਸਲੇ ਪੜ੍ਹੇ ਹੋਏ ਸਨ ਜੋ ਦੋਸ਼ੀਆਂ ਨੂੰ ਨਿਰਦੋਸ਼ ਠਹਿਰਾਉਣ ਵਾਲੇ ਆਮ ਪ੍ਰਚਲਿਤ ਸਿਧਾਂਤਾਂ ਨੂੰ ਰੱਦ ਕਰਕੇ, ਪੀੜਤ ਧਿਰ ਦੇ ਹੱਕ ਵਿਚ ਨਵੇਂ ਸਿਧਾਂਤ ਪੇਸ਼ ਕਰਦੇ ਹਨ। ਕਾਨੂੰਨ ਦੀਆਂ ਪੁਸਤਕਾਂ ਵਿਚ ਅਜਿਹੇ ਫ਼ੈਸਲਿਆਂ ਦਾ ਜ਼ਿਕਰ ਨਾ-ਮਾਤਰ ਸੀ। ਇਹ ਖਿੰਡੇ-ਪੁੰਡੇ ਵੀ ਹੋਏ ਸਨ। ਇਨ੍ਹਾਂ ਨੂੰ ਇਕ ਥਾਂ ਇਕੱਠੇ ਕਰਨ ਦੀ ਜ਼ਰੂਰਤ ਸੀ। ਫ਼ੈਸਲਿਆਂ ਨੂੰ ਇੱਡੀ ਵੱਡੀ ਮਾਤਰਾ ਵਿਚ ਇਕੱਠੇ ਕਰਨਾ, ਘੋਖਣਾ ਅਤੇ ਫਿਰ ਸੂਤਰਬੱਧ ਕਰਨਾ ਮੇਰੇ ਇਕੱਲੇ ਦੇ ਵੱਸ ਦਾ ਰੋਗ ਨਹੀਂ ਸੀ। ਇਕ ਸੁੱਘੜ ਸਿਆਣੀ ਅਤੇ ਮਿਹਨਤੀ ਟੀਮ ਦੀ ਜ਼ਰੂਰਤ ਸੀ। ਕੰਮ ਦੀ ਮਹੱਤਤਾ ਅਤੇ ਮੇਰੀ ਲੋੜ ਨੂੰ ਮਹਿਸੂਸ ਕਰਦੇ ਹੋਏ ਰਾਏ ਸਾਹਿਬ ਨੇ ਨੈਸ਼ਨਲ ਪੁਲਿਸ ਅਕੈਡਮੀ ਦੇ ਖੋਜ ਸੰਬੰਧੀ ਨਿਯਮਾਂ ਵਿਚ ਸੋਧ ਕਰਕੇ ਮੈਨੂੰ ਪੀੜਤ ਧਿਰ ਦੇ ਹੱਕ ਦੇ ਫ਼ੈਸਲਿਆਂ ਨੂੰ ਇਕੱਠੇ ਕਰਨ ਦਾ ਖੋਜ-ਕਾਰਜ ਸੌਂਪਿਆ। ਇਸ ਕਾਰਜ ਲਈ ਮੈਨੂੰ ਮੇਰੇ ਵੱਲੋਂ ਤਜਵੀਜ਼ ਕੀਤੇ ਕਰੀਬ ਤਿੰਨ ਲੱਖ ਰੁਪਏ ਮੰਜ਼ੂਰ ਕੀਤੇ। ਇਹ ਕੰਮ ਮੈਨੂੰ ਅਕਤੂਬਰ 2012 ਵਿਚ ਸੌਂਪਿਆ ਗਿਆ। ਲੁਧਿਆਣਾ ਵਾਪਸ ਆਉਂਦੇ ਹੀ ਮੈਂ ਆਪਣੀ ਟੀਮ ਤਿਆਰ ਕੀਤੀ ਅਤੇ ਅਸੀਂ ਪੂਰਾ ਇਕ ਸਾਲ, ਹਰ ਰੋਜ਼ 8 ਤੋਂ 12 ਘੰਟੇ ਤਕ ਕੰਮ ਕਰਕੇ 359 ਮਹੱਤਵਪੂਰਨ ਫ਼ੈਸਲਿਆਂ 'ਤੇ ਆਧਾਰਿਤ ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਿਆ। ਇਨ੍ਹਾਂ 359 ਫ਼ੈਸਲਿਆਂ ਵਿਚੋਂ ਕਈ ਫ਼ੈਸਲੇ 5/5 ਜੱਜਾਂ 'ਤੇ ਆਧਾਰਿਤ ਸੰਵਿਧਾਨਕ ਬੈਂਚਾਂ ਵੱਲੋਂ ਸੁਣਾਏ ਗਏ ਹਨ। ਕਈ ਫ਼ੈਸਲੇ ਅਜਿਹੇ ਹਨ ਜਿਨ੍ਹਾਂ ਤੋਂ ਪੀੜਤ ਧਿਰ ਮੁਖੀ ਸਿਧਾਂਤਾਂ ਦਾ ਮੁੱਢ ਬੱਝਿਆ।

ਮੈਨੂੰ ਪੂਰਾ ਭਰੋਸਾ ਹੈ ਕਿ ਇਸ ਖੋਜ-ਕਾਰਜ ਦੇ ਪ੍ਰਕਾਸ਼ਿਤ ਹੋਣ ਨਾਲ ਕਾਨੂੰਨ ਜਗਤ ਵਿਚ ਇਕ ਨਵੀਂ ਲੋਕ-ਪੱਖੀ ਕ੍ਰਾਂਤੀ ਆਵੇਗੀ। ਮੁਲਜ਼ਮਾਂ ਲਈ ਕਾਨੂੰਨ ਦੇ ਸ਼ਿਕੰਜੇ ਤੋਂ ਬਚਣਾ ਮੁਸ਼ਕਿਲ ਹੋ ਜਾਵੇਗਾ।

? *ਕੀ ਇਸ ਖੋਜ-ਕਾਰਜ ਦੀ ਮਹੱਤਤਾ ਕੇਵਲ ਵਕੀਲਾਂ ਅਤੇ ਜੱਜਾਂ ਲਈ ਹੈ ਜਾਂ ਆਮ ਜਨਤਾ ਨੂੰ ਵੀ ਇਸ ਦਾ ਲਾਭ ਪੁੱਜੇਗਾ ?*

- ਵਕੀਲਾਂ, ਜੱਜਾਂ ਅਤੇ ਪੁਲਿਸ ਅਫ਼ਸਰਾਂ ਦੇ ਨਾਲ-ਨਾਲ ਇਹ ਪੁਸਤਕ ਮੁਕੱਦਮੇਬਾਜ਼ੀ ਵਿਚ ਫਸੇ ਆਮ ਲੋਕਾਂ ਨੂੰ ਵੀ ਕਾਨੂੰਨ ਦੀਆਂ ਬਾਰੀਕੀਆਂ ਦੀ ਜਾਣਕਾਰੀ ਦੇਵੇਗੀ। ਆਪਣੇ ਮੁਕੱਦਮਿਆਂ ਦੀ ਪੈਰਵਾਈ ਉਹ ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਣਗੇ। ਆਪਣੇ ਵਕੀਲਾਂ ਦੇ ਕੰਮ-ਕਾਜ 'ਤੇ ਨਜ਼ਰ ਰੱਖਣ ਦੇ ਯੋਗ ਹੋ ਸਕਣਗੇ। ਸਮਾਜਿਕ ਸੰਸਥਾਵਾਂ ਵਿਚ ਕੰਮ ਕਰਦੇ ਐਕਟੀਵਿਸਟ ਅਤੇ ਚਿੰਤਕਾਂ ਨੂੰ ਵੀ ਇਕ ਹਾਂ-ਪੱਖੀ ਪਰ ਕਾਨੂੰਨ ਦੀ ਛੁਪੀ ਧਾਰਾ ਦੇ ਦਰਸ਼ਨ ਹੋਣਗੇ। ਇਸ ਨਵੇਂ ਗਿਆਨ ਦੇ ਆਧਾਰ 'ਤੇ ਕਾਨੂੰਨ ਨੂੰ ਇਕ ਹਥਿਆਰ ਬਣਾ ਕੇ ਉਹ ਸਮਾਜ ਸੁਧਾਰ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਦੇ ਸਮਰੱਥ ਹੋ ਸਕਣਗੇ।

? *ਤੁਹਾਡੇ ਚਾਰੇ ਨਾਵਲ ਹਿੰਦੀ ਵਿਚ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ, ਨਾਵਲ ਕਿਸ-ਕਿਸ ਪ੍ਰਕਾਸ਼ਕ ਵੱਲੋਂ ਛਾਪੇ ਗਏ ਹਨ ?*

- **ਕੌਰਵ ਸਭਾ** ਨਾਵਲ ਸਾਲ 2005 ਵਿਚ ਭਾਰਤੀ ਗਿਆਨਪੀਠ ਨਵੀਂ ਦਿੱਲੀ ਵੱਲੋਂ ਛਾਪਿਆ ਗਿਆ। ਇਸ ਦਾ ਦੂਸਰਾ ਐਡੀਸ਼ਨ ਇਸੇ ਸੰਸਥਾ ਵੱਲੋਂ ਸਾਲ 2010 ਵਿਚ ਛਾਪਿਆ ਗਿਆ। **ਤਫ਼ਤੀਸ਼**, **ਕਟਹਿਰਾ** ਅਤੇ **ਸੁਧਾਰ ਘਰ** ਤਿੰਨਾਂ ਨਾਵਲਾਂ ਨੂੰ **ਰਾਮਰਾਜ** ਦੇ ਨਾਂ ਹੇਠ ਸਾਲ 2008 ਵਿਚ ਹਰਿਆਣਾ ਪੁਲਿਸ ਅਕੈਡਮੀ ਮਧੁਬਨ (ਕਰਨਾਲ) ਵੱਲੋਂ ਛਾਪਿਆ ਗਿਆ। ਦੂਸਰਾ ਐਡੀਸ਼ਨ ਇਸੇ ਸੰਸਥਾ ਵੱਲੋਂ ਸਾਲ 2010 ਵਿਚ ਛਾਪਿਆ ਗਿਆ। **ਰਾਮਰਾਜ** ਦਾ ਤੀਸਰਾ ਐਡੀਸ਼ਨ ਸਾਹਿਤ ਉਪਕ੍ਰਮ ਨਵੀਂ ਦਿੱਲੀ ਵੱਲੋਂ ਛਾਪਿਆ ਜਾ ਰਿਹਾ ਹੈ।

? *ਹਿੰਦੀ ਦੇ ਲਗਪਗ ਸਾਰੇ ਪ੍ਰਸਿੱਧ ਆਲੋਚਕਾਂ ਨੇ ਇਨ੍ਹਾਂ ਨਾਵਲਾਂ ਦੀ ਭਰਪੂਰ ਸ਼ਲਾਘਾ ਕੀਤੀ ਹੈ। ਲੁਧਿਆਣੇ ਵਿਚ ਇਨ੍ਹਾਂ ਨਾਵਲਾਂ ਬਾਰੇ ਕਈ ਸੈਮੀਨਾਰ ਵੀ ਹੋਏ ਹਨ। ਇਹ ਸੈਮੀਨਾਰ ਕਦੋਂ-ਕਦੋਂ ਹੋਏ ਅਤੇ ਇਨ੍ਹਾਂ ਵਿਚ ਕਿਹੜੇ-ਕਿਹੜੇ ਆਲੋਚਕਾਂ ਵਿਖਿਆਨ ਦਿੱਤੇ ?*

- ਪਹਿਲਾ ਸੈਮੀਨਰ ਮਿਤੀ 26.07.2009 ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਵਿਸ਼ਾ 'ਹਿੰਦੀ ਉਪਨਯਾਸੋਂ ਮੇਂ ਲੋਕਤੰਤਰ ਔਰ ਮਿੱਤਰ ਸੈਨ ਮੀਤ ਕੇ ਉਪਨਯਾਸ' ਸੀ। ਮੁੱਖ ਬੁਲਾਰੇ ਪ੍ਰੋ. ਮੈਨੇਜਰ ਪਾਂਡੇ ਜੀ ਸਨ। ਪ੍ਰੋ. ਰਮੇਸ਼ ਕੁੰਤਲ ਮੇਘ, ਪ੍ਰੋ. ਵਿਨੋਦ ਸ਼ਾਹੀ, ਸ੍ਰੀ ਵਿਕਾਸ ਨਰਾਇਣ ਰਾਏ, ਡਾ. ਜੋਗਿੰਦਰ ਸਿੰਘ ਰਾਹੀ ਅਤੇ ਪ੍ਰੋ. ਹਰੀਸ਼ ਪੁਰੀ ਦੂਸਰੇ ਮਹੱਤਵਪੂਰਨ ਬੁਲਾਰੇ ਸਨ।

ਦੂਸਰਾ ਸੈਮੀਨਾਰ ਮਿਤੀ 14.03.2010 ਨੂੰ ਗੌਰਮਿੰਟ ਕਾਲਜ ਫਾਰ ਵੁਮੈਨ, ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਵਿਸ਼ਾ 'ਹਾਸ਼ੀਏ ਪਰ ਜਨਤੰਤਰ : ਮਿੱਤਰ ਸੈਨ ਮੀਤ ਕਾ ਕਥਾ ਸੰਸਾਰ' ਸੀ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਰਾਮ ਸ਼ਰਨ ਜੋਸ਼ੀ ਜੀ ਸਨ। ਸਰਵ ਸ੍ਰੀ ਹਿੱਤੂ ਭਾਰਦਵਾਜ, ਸੁਰੇਸ਼ ਪੰਡਤ, ਲਾਲ ਬਹਾਦੁਰ ਵਰਮਾ, ਮਨੋਜ ਸ਼ਰਮਾ ਅਤੇ ਡਾ. ਹਰਿਭਜਨ ਸਿੰਘ ਭਾਟੀਆ ਦੂਸਰੇ ਮਹੱਤਵਪੂਰਨ ਬੁਲਾਰੇ ਸਨ।

ਤੀਸਰਾ ਸੈਮੀਨਾਰ ਮਿਤੀ 09.10.2011 ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਵਿਸ਼ਾ 'ਲੋਕਤੰਤ੍ਰਿਕ ਸੰਸਥਾਓਂ ਕੀ ਪਤਨਸ਼ੀਲਤਾ ਔਰ ਭਾਰਤ : ਮਿੱਤਰ ਸੈਨ ਮੀਤ ਕੇ ਉਪਨਯਾਸੋਂ ਕੇ ਸੰਦਰਭ ਮੇਂ' ਸੀ। ਸ੍ਰੀ ਰਮੇਸ਼ ਦੁਬੇ ਮੁੱਖ ਬੁਲਾਰੇ ਸਨ। ਸਰਵ ਸ੍ਰੀ ਪ੍ਰੇਮ ਜਨਮਜੇ, ਡਾ. ਵਿਨੋਦ ਸ਼ਾਹੀ, ਪੰਕਜ ਵਿਸ਼ਟ, ਤਰਸੇਮ ਗੁਜਰਾਲ, ਡਾ. ਰਾਕੇਸ਼ ਕੁਮਾਰ ਅਤੇ ਹਰੀਸ਼ ਰਾਏ ਢਾਂਡਾ ਦੂਸਰੇ ਮਹੱਤਵਪੂਰਨ ਬੁਲਾਰੇ ਸਨ।

? *ਹਿੰਦੀ ਦੀਆਂ ਕਈ ਪ੍ਰਸਿੱਧ ਪੱਤ੍ਰਿਕਾਵਾਂ ਵਿਚ ਇਨ੍ਹਾਂ ਨਾਵਲਾਂ ਬਾਰੇ ਖੋਜ-ਪੱਤਰ ਛਪੇ ਹਨ। ਕੁਝ ਉਨ੍ਹਾਂ ਪੱਤ੍ਰਿਕਾਵਾਂ ਅਤੇ ਖੋਜ-ਪੱਤਰਾਂ ਬਾਰੇ ਵੀ ਦੱਸੋ ?*

• ਫ਼ਖਰ ਵਾਲੀ ਗੱਲ ਇਹ ਹੈ ਕਿ **ਕੌਰਵ ਸਭਾ** ਦੇ ਦੂਸਰੇ ਐਡੀਸ਼ਨ ਦਾ ਮੁੱਖ ਬੰਦ ਡਾ. ਨਾਮਵਰ ਸਿੰਘ ਅਤੇ ਨੈਸ਼ਨਲ ਬੁੱਕ ਟ੍ਰਸਟ ਵੱਲੋਂ ਛਾਪੇ ਜਾ ਰਹੇ ਨਾਵਲ **ਤ.ਫਤੀਸ਼** ਦਾ ਮੁੱਖ ਬੰਦ ਪ੍ਰੋ. ਮੈਨੇਜਰ ਪਾਂਡੇ ਵੱਲੋਂ ਲਿਖਿਆ ਗਿਆ ਹੈ।

ਉੱਤਰੀ ਭਾਰਤ ਦੀ ਸਭ ਤੋਂ ਵੱਧ ਚਰਚਿਤ ਪੱਤ੍ਰਿਕਾ 'ਅਨਯਥਾ' ਦੇ ਅੰਕ ਨੰਬਰ ਵਿਚ 15 ਵਿਚ ਪ੍ਰੋ. ਮੈਨੇਜਰ ਪਾਂਡੇ ਦੀ ਮਿਤੀ 26.07.2009 ਵਾਲੇ ਸੈਮੀਨਾਰ ਵਿਚ ਦਿੱਤਾ ਗਿਆ ਪ੍ਰਵਚਨ 'ਸਾਹਿਤਯ ਸਿਲਸਿਲਾ' ਪੱਤ੍ਰਿਕਾ ਦੇ ਜਨਵਰੀ–ਮਾਰਚ 2010 ਅੰਕ ਵਿਚ, ਡਾ. ਵਿਨੋਦ ਸ਼ਾਹੀ ਦਾ ਲੇਖ 'ਨਯਾਯ ਵਿਵਸਥਾ ਕਾ ਸਮਰਾਜਵਾਦੀ ਸਵਰੂਪ', ਡਾ. ਜੋਗਿੰਦਰ ਸਿੰਘ ਰਾਹੀ ਦਾ ਲੇਖ 'ਫੈਕਟ ਤਕਨੀਕ ਸੇ ਲਬਾਬਲ ਹੈਂ ਉਪਨਯਾਸ', ਸ੍ਰੀ ਵਿਕਾਸ ਨਰਾਇਣ ਰਾਏ ਦਾ ਲੇਖ 'ਉਪਨਿਵੇਸ਼ਕ ਸਤੱਰ ਸਮਾਪਤ ਉਪਨਿਵੇਸ਼ਕ ਦੌਰ ਦੌੜ ਰਹਾ ਹੈ', ਡਾ. ਰਮੇਸ਼ ਕੁੰਤਲ ਮੇਘ ਦਾ ਲੇਖ 'ਸ਼ਤਰੰਜੀ ਚਾਲੋਂ ਕਾ ਸਿੰਬਲ' ਮਾਸਿਕ ਪੱਤ੍ਰਿਕਾ 'ਸਾਮਰਥਯ' ਦੇ ਅੰਕ ਨੰਬਰ 41 (ਮਈ 2010) ਵਿਚ, ਸ੍ਰੀ ਸੁਰੇਸ਼ ਪੰਡਤ ਜੀ ਦਾ ਲੇਖ 'ਰਾਮਰਾਜਯ ਉੱਤਰ ਆਧੁਨਿਕ ਸੰਸਕਰਨ' ਦਿੱਲੀ ਦੀ ਮਹੱਤਵਪੂਰਨ ਪੱਤਰਿਕਾ 'ਸਮਯਾਂਤਰ' ਦੇ ਜੂਨ 2010 ਅੰਕ ਵਿਚ, ਸ੍ਰੀ ਰਾਮ ਸ਼ਰਨ ਜੋਸ਼ੀ ਦਾ ਲੇਖ 'ਉਪਨਯਾਸੋਂ ਕੇ ਬਹਾਨੇ ਕਾਨੂੰਨ ਔਰ ਨਿਆਂ ਵਿਵਸਥਾ', ਅਲਾਵ ਪੱਤ੍ਰਿਕਾ ਦੇ ਅੰਕ ਨੰਬਰ 21 (ਜੁਲਾਈ–ਅਗਸਤ 2010) ਵਿਚ, ਸ੍ਰੀ ਮਨੋਜ ਸ਼ਰਮਾ ਦਾ ਲੇਖ 'ਇਸ ਜਹਾਂ ਸੇ ਓਸ ਜਹਾਂ ਤਕ ਸਭ ਸ਼ਰੀਕੇ–ਜੁਰਮ ਹੈ', ਮਾਸਿਕ ਪੱਤ੍ਰਿਕਾ 'ਵਰਤਮਾਨ ਸਾਹਿਤਯ' ਦੇ ਜੁਲਾਈ 2010 ਅੰਕ ਵਿਚ ਅਤੇ ਤਰਸੇਮ ਗੁਜਰਾਲ

ਦਾ ਲੇਖ 'ਅਨਯਾਯ ਕੀ ਨਿਆਯ ਸੰਗਤ ਪ੍ਰਮਾਣਿਕਤਾ ਕਾ ਉਪਨਯਾਸ' ਛਪੇ।

'ਸਾਹਿਤਿਯ ਸਿਲਸਿਲਾ' ਵੱਲੋਂ ਆਪਣੇ ਜਨਵਰੀ-ਮਾਰਚ 2010 ਅੰਕ ਵਿਚ ਆਪਣੇ ਫੋਕਸ ਮੇਂ ਸਾਹਿਤਿਯਕਾਰ ਕਾਲਮ ਅਧੀਨ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤਾ ਗਿਆ।

? *ਇਨ੍ਹਾਂ ਨਾਵਲਾਂ ਬਾਰੇ ਕੀ ਹਿੰਦੀ ਵਿਚ ਵੀ ਕੋਈ ਖੋਜ-ਕਾਰਜ ਹੋਇਆ ਹੈ ?*

• ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਦੇ ਹਿੰਦੀ ਵਿਭਾਗ ਵੱਲੋਂ **ਮਿੱਤਰ ਸੈਨ ਮੀਤ ਕੇ ਕਥਾ ਸਾਹਿਤ ਮੇਂ ਨਯਾਯਤੰਤਰ** ਵਿਸ਼ੇ 'ਤੇ ਸ੍ਰੀ ਨਰਿੰਦਰ ਕੁਮਾਰ ਨੂੰ ਪ੍ਰੋ. ਗੁਰਮੀਤ ਸਿੰਘ ਦੀ ਨਿਗਰਾਨੀ ਹੇਠ ਖੋਜ-ਕਾਰਜ ਕੀਤਾ ਗਿਆ ਹੈ।

? *ਪਹਿਲਾਂ ਇਨ੍ਹਾਂ ਨਾਵਲਾਂ ਦੀ ਪੁਲਿਸ-ਵਿਰੋਧੀ, ਨਿਆਂ-ਪਾਲਿਕਾ ਵਿਰੋਧੀ ਆਦਿ ਆਖਿਆ ਗਿਆ। ਫਿਰ ਚਾਰੇ ਨਾਵਲ ਪੁਲਿਸ ਵਿਭਾਗ ਵੱਲੋਂ ਛਾਪੇ ਹੀ ਨਹੀਂ ਗਏ ਸਗੋਂ ਇਨ੍ਹਾਂ ਨੂੰ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਜਾਂਦੀ ਟ੍ਰੇਨਿੰਗ ਦੇ ਪਾਠਕ੍ਰਮ ਦਾ ਹਿੱਸਾ ਵੀ ਬਣਾਇਆ ਗਿਆ। ਇਹ ਤਬਦੀਲੀ ਕਿਸ ਤਰ੍ਹਾਂ ਵਾਪਰੀ ?*

• ਬਰਤਾਨੀਆ ਸਰਕਾਰ ਵੱਲੋਂ ਇਕ ਸੋਚੀ ਸਮਝੀ ਯੋਜਨਾ ਅਧੀਨ, ਪੁਲਿਸ ਵਿਵਸਥਾ ਦਾ ਗਠਨ ਕੀਤਾ ਗਿਆ ਸੀ। ਸਪੱਸ਼ਟ ਉਦੇਸ਼, ਪੁਲਿਸ ਦਾ ਲੋਕਾਂ ਵਿਚ ਖ਼ੌਫ਼ ਪੈਦਾ ਕਰਨਾ ਸੀ ਤਾਂ ਜੋ ਉਹ ਆਪਣੀ ਆਜ਼ਾਦੀ ਦੀ ਸੁਰ ਉੱਚੀ ਨਾ ਕਰ ਸਕਣ। ਪੁਲਿਸ ਨੇ ਆਪਣਾ ਇਹ ਫ਼ਰਜ਼ ਬਾਖ਼ੂਬੀ ਨਿਭਾਇਆ। ਸਾਧਾਰਨ ਜਨਤਾ ਨੂੰ ਕੁਟਾਪਾ ਚਾੜ੍ਹਨਾ, ਧੀਆਂ ਭੈਣਾਂ ਨੂੰ ਭਰੀ ਮਹਿਫ਼ਲ ਵਿਚ ਬੇਇੱਜ਼ਤ ਕਰਨਾ ਅਤੇ ਆਜ਼ਾਦੀ ਸੰਗਰਾਮੀਆਂ ਨੂੰ ਗੋਲੀਆਂ ਨਾਲ ਭੁੰਨਣਾ ਆਮ ਜਿਹੀ ਗੱਲ ਸੀ। ਆਜ਼ਾਦੀ ਦੇ ਬਾਦ ਵੀ ਇਹੋ ਪੁਲਿਸ ਵਿਵਸਥਾ ਕਾਇਮ ਰਹੀ। ਪੁਲਿਸ ਕਰਮਚਾਰੀਆਂ ਦੀ ਸੋਚ ਜੇ ਲੋਕ ਵਿਰੋਧੀ ਹੈ ਤਾਂ ਇਸ ਲਈ ਕੋਈ ਪੁਲਿਸ ਅਧਿਕਾਰੀ ਨਿੱਜੀ ਤੌਰ 'ਤੇ ਜ਼ਿੰਮੇਵਾਰ ਨਹੀਂ ਹੈ। ਦੋਸ਼ੀ ਸਮੁੱਚੀ ਵਿਵਸਥਾ ਹੈ। ਹੱਲ ਕਿਸੇ ਇੱਕੜ-ਦੁੱਕੜ ਪੁਲਿਸ ਵਾਲੇ ਨੂੰ ਅੱਤਿਆਚਾਰੀ ਜਾਂ ਬੇਈਮਾਨ ਠਹਿਰਾ ਕੇ ਸਜ਼ਾ ਦੇਣ ਵਿਚ ਨਹੀਂ, ਸਮੁੱਚੀ ਵਿਵਸਥਾ ਨੂੰ ਲੋਕਪੱਖੀ ਬਣਾਉਣ ਵਿਚ ਹੈ। ਆਪਣੇ ਨਾਵਲਾਂ ਵਿਚ ਮੈਂ ਪੁਲਿਸ ਅਧਿਕਾਰੀਆਂ ਦੀਆਂ ਚੰਗਿਆਈਆਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਉਨ੍ਹਾਂ ਮਜਬੂਰੀਆਂ ਦਾ ਵੀ ਜਿਹੜੀਆਂ ਉਨ੍ਹਾਂ ਨੂੰ ਚਾਹੁੰਦੇ ਹੋਏ ਵੀ ਲੋਕਾਂ ਨਾਲ ਖੜ੍ਹਨ ਤੋਂ ਰੋਕਦੀਆਂ ਹਨ।

ਇਸ ਤਰ੍ਹਾਂ ਮੇਰੇ ਨਾਵਲ ਵਿਅਕਤੀਆਂ ਉੱਪਰ ਚਿੱਕੜ ਸੁੱਟਣ ਦੀ ਥਾਂ ਸਮੁੱਚੀ ਵਿਵਸਥਾ ਦਾ ਲੇਖਾ-ਜੋਖਾ ਕਰਦੇ ਹਨ। ਉੱਚ ਪਦਵੀਆਂ 'ਤੇ ਬੈਠੇ ਪੁਲਿਸ

ਅਧਿਕਾਰੀਆਂ ਵੱਲੋਂ ਨਾਵਲਾਂ ਦੀ ਇਸ ਗਹਿਰਾਈ ਨੂੰ ਸਮਝ ਕੇ ਇਨ੍ਹਾਂ ਨੂੰ ਅਪਣਾਇਆ ਗਿਆ ਹੈ।

ਲੋਕਾਂ ਵਿਚ ਪੁਲਿਸ, ਨਿਆਂਪਾਲਿਕਾ ਅਤੇ ਜੇਲ੍ਹ-ਪ੍ਰਬੰਧ ਦਾ ਕੀ ਬਿੰਬ ਹੈ ? ਉਹ ਇਨ੍ਹਾਂ ਵਿਵਸਥਾਵਾਂ ਬਾਰੇ ਕਿਸ ਤਰ੍ਹਾਂ ਸੋਚਦੇ ਹਨ ? ਇਸ ਯਥਾਰਥ ਦੀ ਜਾਣਕਾਰੀ ਦੇਣ ਲਈ ਪੁਲਿਸ ਵਿਭਾਗ ਵੱਲੋਂ ਇਨ੍ਹਾਂ ਨਾਵਲਾਂ ਨੂੰ ਪੁਲਿਸ ਕਰਮਚਾਰੀਆਂ ਦੀ ਟ੍ਰੇਨਿੰਗ ਦੇ ਪਾਠਕ੍ਰਮ ਦਾ ਹਿੱਸਾ ਬਣਾਇਆ ਗਿਆ। ਇਸ ਬਿੰਬ ਨੂੰ ਤੋੜ ਕੇ, ਕਿਸ ਤਰ੍ਹਾਂ ਪੀੜਤ ਧਿਰ ਨਾਲ ਖੜੋਣਾ ਹੈ ਅਤੇ ਆਪਣੇ ਅਸਲ ਸੰਵਿਧਾਨਿਕ ਫ਼ਰਜ਼ ਨਿਭਾਉਣੇ ਹਨ, ਨਾਵਲਾਂ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣ ਦਾ ਕਾਰਨ ਇਹ ਹੈ।

? *ਅੰਗਰੇਜ਼ੀ ਵਿਚ **ਕੌਰਵ ਸਭਾ** ਨਾਵਲ ਨੂੰ ਭਾਰਤ ਦੀ ਪ੍ਰਤਿਸ਼ਠਤ ਸੰਸਥਾ ਨੈਸ਼ਨਲ ਪੁਲਿਸ ਅਕੈਡਮੀ ਵੱਲੋਂ ਛਾਪਿਆ ਗਿਆ। ਇਸ ਤਰ੍ਹਾਂ ਕਰਨ ਦਾ ਕੋਈ ਵਿਸ਼ੇਸ਼ ਕਾਰਨ ?*

- ਆਈ.ਪੀ.ਐੱਸ. ਅਧਿਕਾਰੀਆਂ ਦੀ ਮੁੱਢਲੀ ਟ੍ਰੇਨਿੰਗ ਨੈਸ਼ਨਲ ਪੁਲਿਸ ਅਕੈਡਮੀ, ਹੈਦਰਾਬਾਦ ਵਿਚ ਹੁੰਦੀ ਹੈ। ਸੀਨੀਅਰ ਆਈ.ਪੀ.ਐੱਸ. ਅਧਿਕਾਰੀਆਂ ਦੇ ਐਡਵਾਂਸਡ ਕੋਰਸ ਵੀ ਇਥੇ ਹੀ ਹੁੰਦੇ ਹਨ। ਬਾਹਰਲੇ ਦੇਸ਼ਾਂ ਦੇ ਪੁਲਿਸ ਅਧਿਕਾਰੀ ਵੀ ਇਥੇ ਟ੍ਰੇਨਿੰਗ ਲੈਣ ਲਈ ਆਉਂਦੇ ਰਹਿੰਦੇ ਹਨ। ਸੀਨੀਅਰ ਪੁਲਿਸ ਅਧਿਕਾਰੀ ਵੀ ਸਮੁੱਚੀ ਨਿਆਂ-ਵਿਵਸਥਾ (ਪੁਲਿਸ, ਨਿਆਂਪਾਲਿਕਾ ਅਤੇ ਜੇਲ੍ਹ ਪ੍ਰਬੰਧ) ਬਾਰੇ ਜ਼ਮੀਨੀ ਹਕੀਕਤ ਜਾਣ ਸਕਣ ਅਤੇ ਫਿਰ ਉਸ ਨੂੰ ਸਹੀ ਲੀਹਾਂ 'ਤੇ ਲਿਆਉਣ ਵਿਚ ਆਪਣਾ ਯੋਗਦਾਨ ਪਾ ਸਕਣ, ਇਸ ਉਦੇਸ਼ ਨੂੰ ਮੁੱਖ ਰੱਖ ਕੇ ਨੈਸ਼ਨਲ ਪੁਲਿਸ ਅਕੈਡਮੀ ਵੱਲੋਂ ਇਸ ਨਾਵਲ ਨੂੰ ਛਾਪਣ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਪੜ੍ਹਾਉਣ ਦਾ ਫ਼ੈਸਲਾ ਕੀਤਾ ਗਿਆ। ਆਈ.ਪੀ.ਐੱਸ. ਪੁਲਿਸ ਅਧਿਕਾਰੀ ਕਿਉਂਕਿ ਭਾਰਤ ਦੇ ਹਰ ਕੋਣੇ ਵਿਚੋਂ ਚੁਣੇ ਜਾਂਦੇ ਹਨ (ਕਈਆਂ ਨੂੰ ਹਿੰਦੀ ਨਹੀਂ ਆਉਂਦੀ ਹੁੰਦੀ) ਅਤੇ ਉੱਚ-ਸਿੱਖਿਆ ਪ੍ਰਾਪਤ ਹੁੰਦੇ ਹਨ ਇਸ ਲਈ ਇਨ੍ਹਾਂ ਨੂੰ ਇਹ ਨਾਵਲ ਅੰਗਰੇਜ਼ੀ ਵਿਚ ਪੜ੍ਹਾਉਣਾ ਉਚਿਤ ਸਮਝਿਆ ਗਿਆ।

? *ਅਖ਼ਬਾਰੀ ਖ਼ਬਰ ਮੁਤਾਬਿਕ ਪੁਲਿਸ ਵਿਭਾਗ ਦੇ 'ਬਿਊਰੋ ਆਫ਼ ਰਿਸਰਚ ਐਂਡ ਡਿਵੈਲਪਮੈਂਟ ਡਿਪਾਰਟਮੈਂਟ' ਵੱਲੋਂ ਤੁਹਾਨੂੰ ਇਕ ਵੱਡਾ ਪੁਰਸਕਾਰ ਵੀ ਦਿੱਤਾ ਗਿਆ ਹੈ। ਉਸ ਪੁਰਸਕਾਰ ਬਾਰੇ ਕੁਝ ਦੱਸੋ ?*

- ਪੁਲਿਸ ਦੇ ਕੰਮਕਾਜ ਵਿਚ ਸੁਧਾਰ ਲਿਆਉਣ ਲਈ ਲਗਾਤਾਰ ਖੋਜ ਅਤੇ ਵਿਕਾਸ ਦਾ ਕਾਰਜ ਚੱਲਦਾ ਰਹਿੰਦਾ ਹੈ। ਇਹ ਜ਼ਿੰਮੇਵਾਰੀ ਕੇਂਦਰੀ ਸਰਕਾਰ ਅਧੀਨ ਕੰਮ ਕਰਦੇ 'ਬਿਊਰੋ ਆਫ਼ ਰਿਸਰਚ ਐਂਡ ਡਿਵੈਲਪਮੈਂਟ ਡਿਪਾਰਟਮੈਂਟ'

ਨੂੰ ਸੌਂਪੀ ਗਈ ਹੈ। ਖੋਜ ਨੂੰ ਉਤਸ਼ਾਹਤ ਕਰਨ ਲਈ ਇਸ ਵਿਭਾਗ ਵੱਲੋਂ ਉੱਤਮ ਖੋਜ ਕਾਰਜਾਂ ਦੀ ਚੋਣ ਕਰਕੇ ਪੁਰਸਕਾਰ ਦਿੱਤੇ ਜਾਂਦੇ ਹਨ। ਉੱਤਮ ਪੁਰਸਕਾਰਾਂ ਵਿਚ ਇਕ ਪੁਰਸਕਾਰ 'ਪੰਡਿਤ ਗੋਬਿੰਦ ਵੱਲਭ ਪੰਤ' ਪੁਰਸਕਾਰ ਹੈ। ਪੁਲਿਸ ਅਕੈਡਮੀ ਹਰਿਆਣਾ ਵੱਲੋਂ ਛਾਪੀ ਗਈ ਨਾਵਲ ਤ੍ਰੇਈ **ਰਾਮਰਾਜ** ਨੂੰ ਖੋਜ ਕਾਰਜ ਮੰਨ ਕੇ 'ਪੰਡਿਤ ਗੋਬਿੰਦ ਵੱਲਭ ਪੰਤ ਪੁਸਤਕਾਰ 2008' ਨਾਲ ਸਨਮਾਨਿਤ ਕੀਤਾ ਗਿਆ। ਆਮ ਤੌਰ 'ਤੇ ਇਹ ਪੁਰਸਕਾਰ ਪੁਲਿਸ ਅਧਿਕਾਰੀਆਂ ਨੂੰ ਹੀ ਦਿੱਤੇ ਜਾਂਦੇ ਹਨ। ਵਿਰਲੇ ਸਿਵਲੀਅਨਾਂ ਵਿਚੋਂ ਇਕ ਮੈਂ ਵੀ ਹਾਂ। ਇਹ ਪ੍ਰਤਿਸ਼ਿਠਤ ਪੁਰਸਕਾਰ ਕਿਸੇ ਨਾਵਲ ਨੂੰ ਖੋਜ ਕਾਰਜ ਮੰਨ ਕੇ ਪਹਿਲੀ ਵਾਰ ਦਿੱਤਾ ਗਿਆ ਹੈ। ਪੰਜਾਬੀ ਜਗਤ ਲਈ ਇਹ ਮਾਣ ਵਾਲੀ ਗੱਲ ਹੈ।

? *ਤੁਸੀਂ ਅਕਸਰ ਕਹਿੰਦੇ ਹੋ ਕਿ ਤੁਸੀਂ ਨਾਵਲ ਪ੍ਰੋਜੈਕਟ ਬਣਾ ਕੇ ਲਿਖਦੇ ਹੋ। ਇਹ ਪ੍ਰੋਜੈਕਟ ਕਿਸ ਤਰ੍ਹਾਂ ਬਣਾਉਂਦੇ ਹੋ ?*

• ਮੈਂ ਪ੍ਰੋਜੈਕਟ ਕਿਸ ਤਰ੍ਹਾਂ ਬਣਾਉਂਦਾ ਹਾਂ, ਇਸ ਦਾ ਜ਼ਿਕਰ ਮੈਂ **ਕੌਰਵ ਸਭਾ** ਨਾਵਲ ਦੇ ਸੰਦਰਭ ਵਿਚ ਕਰਾਂਗਾ।

ਇਸ ਨਾਵਲ ਨੂੰ ਲਿਖਣ ਲਈ ਕਿਸ ਘਟਨਾ ਨੇ ਪ੍ਰੇਰਿਆ ਅਤੇ ਨਾਵਲ ਦੇ ਮੁੱਖ ਵਿਸ਼ੇ 'ਪੀੜਤ ਵਿਗਿਆਨ' ਬਾਰੇ ਪਹਿਲਾਂ ਹੀ ਗੱਲ ਹੋ ਚੁੱਕੀ ਹੈ।

ਗੱਲ ਸ਼ੁਰੂ ਕਰਦੇ ਹਾਂ ਘਟਨਾਵਾਂ ਦੀ ਚੋਣ ਤੋਂ। ਇਹ ਨਾਵਲ ਜਿਸ ਘਟਨਾ 'ਤੇ ਆਧਾਰਿਤ ਹੈ ਉਸ ਵਿਚ ਇਕੋ ਸਮੇਂ ਚਾਰ ਸੰਗੀਨ ਜੁਰਮ ਹੁੰਦੇ ਹਨ। ਆਪਣੇ ਕੈਰੀਅਰ ਦੀ ਸਿਖ਼ਰ ਵੱਲ ਵਧ ਰਹੇ ਇਕ ਸਭਿਅਤ ਗੱਭਰੂ ਦਾ ਕਤਲ ਹੁੰਦਾ ਹੈ। ਹਿਰਨੀਆਂ ਵਾਂਗ ਟਪੂਸੀਆਂ ਮਾਰਦੀ ਫਿਰਦੀ ਇਕ ਖ਼ੂਬਸੂਰਤ ਕੁਆਰੀ ਮੁਟਿਆਰ ਦਾ ਬਲਾਤਕਾਰ ਹੁੰਦਾ ਹੈ। ਮਹੱਤਵ-ਅਕਾਂਖਿਆ ਨਾਲ ਭਰੀ ਅਤੇ ਇਕ ਖ਼ੁਸ਼ਹਾਲ ਪਰਿਵਾਰ ਨੂੰ ਸਫਲਤਾ ਨਾਲ ਚਲਾ ਰਹੀ ਇਕ ਅੱਧਖੜ ਉਮਰ ਦੀ ਔਰਤ ਦੇ ਦਿਮਾਗ਼ ਵਿਚ ਸੱਟ ਮਾਰੀ ਜਾਂਦੀ ਹੈ। ਪਹਿਲਵਾਨੀ ਦਾ ਸ਼ੌਕ ਰੱਖਣ ਵਾਲੇ, ਘਰ ਦੀ ਆਰਥਿਕਤਾ ਨੂੰ ਸੁਚੱਜੇ ਢੰਗ ਨਾਲ ਚਲਾ ਰਹੇ ਪਰਿਵਾਰ ਦੇ ਹੱਟੇ-ਕੱਟੇ ਮੁਖੀ ਦੀਆਂ ਟੰਗਾਂ-ਬਾਹਾਂ ਤੋੜੀਆਂ ਜਾਂਦੀਆਂ ਹਨ। ਚੌਥਾ ਜੁਰਮ ਡਕੈਤੀ ਦਾ ਹੈ ਜਿਸ ਵਿਚ ਘਰ ਦੀ ਹਰ ਸ਼ੈਅ ਨੂੰ ਲੁੱਟ ਲਿਆ ਜਾਂਦਾ ਹੈ। ਨਤੀਜੇ ਵਜੋਂ ਪਰਿਵਾਰ ਨੂੰ ਚੁੱਲ੍ਹਾ ਮਘਦਾ ਰੱਖਣ ਅਤੇ ਇਲਾਜ ਕਰਾਉਣ ਲਈ ਰਿਸ਼ਤੇਦਾਰਾਂ ਦੇ ਹੱਥਾਂ ਵਿਚ ਝਾਕਣਾ ਪੈਂਦਾ ਹੈ। ਇਹ ਨਾਵਲ ਕਿਸੇ ਇਕ ਜੁਰਮ ਵਾਲੀ ਘਟਨਾ ਜਿਵੇਂ ਕਤਲ, ਬਲਾਤਕਾਰ, ਗੰਭੀਰ ਸੱਟਾਂ ਮਾਰਨ ਜਾਂ ਡਕੈਤੀ 'ਤੇ ਆਧਾਰਿਤ ਕਰਕੇ ਵੀ ਲਿਖਿਆ ਜਾ ਸਕਦਾ ਸੀ। ਇੰਜ ਲਿਖੇ ਨਾਵਲ ਨੇ ਸਤਹੀ ਅਤੇ ਇਕਪਰਤੀ ਬਣ ਕੇ ਰਹਿ ਜਾਣਾ ਸੀ। ਮੈਂ ਵੱਖ-ਵੱਖ ਜੁਰਮਾਂ ਦੇ ਵੱਖ-ਵੱਖ ਪ੍ਰਭਾਵਾਂ ਨੂੰ ਗਹਿਰਾਈ ਨਾਲ ਬਿਆਨਣਾ ਚਾਹੁੰਦਾ ਸੀ। ਇਸ

ਉਦੇਸ਼ ਨਾਲ ਮੈਂ ਜੁਰਮ ਵਿਗਿਆਨ ਵਿਚ ਸਭ ਤੋਂ ਭਿਅੰਕਰ ਗਿਣੇ ਜਾਂਦੇ ਜੁਰਮਾਂ ਨੂੰ ਚੁਣਿਆ। ਪ੍ਰੋਜੈਕਟ ਅਪਰਾਧਾਂ ਦੀ ਚੋਣ 'ਤੇ ਹੀ ਖ਼ਤਮ ਨਹੀਂ ਹੋ ਗਿਆ। ਕਤਲ ਕਿਸ ਦਾ ਕਰਾਉਣਾ ਹੈ, ਬਲਾਤਕਾਰ ਕਿਸ ਦਾ, ਕਿਸ ਦੇ ਸਿਰ ਵਿਚ ਸੱਟ ਮਰਵਾਉਣੀ ਹੈ ਅਤੇ ਕਿਸ ਦੀਆਂ ਲੱਤਾਂ-ਬਾਹਾਂ ਤੁੜਵਾਉਣੀਆਂ ਹਨ, ਇਸ ਬਾਰੇ ਵੀ ਸੋਚ-ਵਿਚਾਰ ਹੋਈ। ਕਤਲ ਕਮਲ ਤੋਂ ਬਿਨਾ ਪਰਿਵਾਰ ਦੇ ਬਾਕੀ ਤਿੰਨਾਂ ਮੈਂਬਰਾਂ ਵਿਚੋਂ ਕਿਸੇ ਇਕ ਦਾ ਵੀ ਹੋ ਸਕਦਾ ਸੀ। ਪਰ ਜਦੋਂ ਪਰਿਵਾਰ ਦੇ ਭਵਿੱਖ ਨੂੰ, ਖ਼ਾਸ ਕਰ ਬਿਨਾ ਕਿਸੇ ਕਾਰਨ ਕਤਲ ਕਰ ਦਿੱਤਾ ਜਾਵੇ ਤਾਂ ਅਜਿਹਾ ਕਤਲ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਜ਼ਿੰਦਗੀ ਨੂੰ ਕਿਸ ਤਰ੍ਹਾਂ ਅਰਥਹੀਣ ਬਣਾ ਦਿੰਦਾ ਹੈ, ਇਹ ਤਾਂ ਹੀ ਦਰਸਾਇਆ ਜਾ ਸਕਦਾ ਸੀ ਜੇ ਕਤਲ ਵੇਦ, ਨੀਲਮ ਜਾਂ ਨੇਹਾ ਦੀ ਥਾਂ ਕਮਲ ਦਾ ਹੀ ਹੁੰਦਾ। ਇਸੇ ਤਰ੍ਹਾਂ ਵਾਰਦਾਤ ਸਮੇਂ ਘਰ ਵਿਚ ਦੋ ਔਰਤਾਂ ਮੌਜੂਦ ਸਨ। ਬਲਾਤਕਾਰ ਨੀਲਮ ਨਾਲ ਵੀ ਕਰਾਇਆ ਜਾ ਸਕਦਾ ਸੀ। ਪਰ ਬਲਾਤਕਾਰ ਬਾਅਦ, ਇਕ ਅਣਵਿਆਹੀ ਕੁੜੀ ਕਿਵੇਂ ਅਸਮਾਨ ਤੋਂ ਖਾਈ ਵਿਚ ਆ ਡਿੱਗਦੀ ਹੈ, ਇਹ ਦਰਸਾਉਣ ਲਈ ਨੀਲਮ ਨਾਲੋਂ ਨੇਹਾ ਦਾ ਬਲਾਤਕਾਰ ਕਰਾਉਣਾ ਜ਼ਰੂਰੀ ਸੀ। ਘਰ ਦੇ ਮੁਖੀ ਦੀਆਂ ਜੇ ਦੋਵੇਂ ਲੱਤਾਂ ਅਤੇ ਦੋਵੇਂ ਬਾਹਾਂ ਟੁੱਟ ਜਾਣ ਤਾਂ ਉਹ ਸਰੀਰਕ ਕਸ਼ਟ ਦੇ ਨਾਲ-ਨਾਲ ਆਪਣੀਆਂ ਆਰਥਿਕ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਕਿਵੇਂ ਆਰਾ ਹੋ ਜਾਂਦਾ ਹੈ, ਇਹ ਦਰਸਾਉਣ ਲਈ ਲੱਤਾਂ ਬਾਹਾਂ ਵੇਦ ਦੀਆਂ ਹੀ ਤੁੜਵਾਉਣੀਆਂ ਪੈਣੀਆਂ ਸਨ। ਫੁੱਲਾਂ 'ਤੇ ਕਾਟੋ ਵਾਂਗ ਖੇਡਣ ਵਾਲੀ ਇਕ ਔਰਤ ਦਿਮਾਗ਼ੀ ਸੱਟ ਖਾ ਕੇ ਕਿਸ ਤਰ੍ਹਾਂ ਸੰਤਾਪ ਭੋਗਦੀ ਅਤੇ ਨਰਕ ਨਾਲੋਂ ਭੈੜੀ ਜ਼ਿੰਦਗੀ ਜਿਉਂਦੀ ਹੈ, ਇਹ ਦਰਸਾਉਣ ਲਈ ਦਿਮਾਗ਼ੀ ਸੱਟ ਨੀਲਮ ਦੇ ਮਰਵਾਉਣੀ ਜ਼ਰੂਰੀ ਸੀ।

ਘਟਨਾਵਾਂ ਚੁਣਨ ਬਾਅਦ ਧਿਆਨ ਪਾਤਰਾਂ ਦੀ ਚੋਣ ਵੱਲ ਦੇਣਾ ਪੈਂਦਾ ਹੈ। ਵੇਦ, ਨੀਲਮ, ਨੇਹਾ ਅਤੇ ਕਮਲ ਨਾਵਲ ਦੇ ਪਾਤਰ ਕਿਉਂ ਬਣਾਏ ਗਏ, ਇਸ ਦਾ ਕੁਝ ਜ਼ਿਕਰ ਪਹਿਲਾਂ ਹੋ ਚੁੱਕਾ ਹੈ। ਗੱਲਬਾਤ ਲੰਬੀ ਨਾ ਹੋ ਜਾਵੇ, ਇਸ ਲਈ ਨਮੂਨੇ ਦੇ ਤੌਰ 'ਤੇ ਉਦਾਹਰਣ ਕੇਵਲ ਇਕ ਪਾਤਰ ਦੇ ਕਿੱਤੇ ਦੀ ਚੋਣ ਬਾਰੇ ਦੇਵਾਂਗਾ। ਨਾਵਲ ਦੀਆਂ ਪਹਿਲੀਆਂ ਸਤਰਾਂ ਤੋਂ ਲੈ ਕੇ ਆਖ਼ਰੀ ਸਤਰਾਂ ਤਕ, ਨਾਵਲ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਾ ਇਕ ਪਾਤਰ ਰਾਮਨਾਥ ਹੈ। ਕਿੱਤੇ ਵਜੋਂ ਉਹ ਵਕੀਲ ਹੈ। ਰਾਮਨਾਥ ਦਾ ਕਿੱਤਾ ਵਕਾਲਤ ਦੀ ਥਾਂ ਅਧਿਆਪਨ, ਡਾਕਟਰੀ ਜਾਂ ਕੋਈ ਹੋਰ ਵੀ ਹੋ ਸਕਦਾ ਸੀ। ਸਾਰਾ ਨਾਵਲ ਕਾਨੂੰਨ ਦੁਆਲੇ ਘੁੰਮਦਾ ਹੈ। ਸਾਧਾਰਨ ਪਾਠਕ, ਕਾਨੂੰਨ ਦੀਆਂ ਬਾਰੀਕੀਆਂ ਨੂੰ ਆਸਾਨੀ ਨਾਲ ਨਹੀਂ ਸਮਝ ਸਕਦਾ। ਨਾਵਲ ਪਾਠਕ ਦੀ ਸਮਝ ਵਿਚ ਆਉਂਦਾ ਰਹੇ, ਇਸ ਲਈ ਕਾਨੂੰਨ ਦੀ ਜਾਣਕਾਰੀ ਨਾਵਲਕਾਰ ਨੂੰ ਦੇਣੀ

ਪੈਣੀ ਸੀ ਜਾਂ ਕਿਸੇ ਪਾਤਰ ਨੂੰ। ਨਾਵਲ ਨੂੰ ਕਾਨੂੰਨ ਦੇ ਭਾਰੂਪਣ ਅਤੇ ਨਾਵਲਕਾਰ ਦੀਆਂ ਬੇਲੋੜੀਆਂ ਟਿੱਪਣੀਆਂ ਤੋਂ ਬਚਾਉਣ ਲਈ ਨਾਵਲ ਦੇ ਇਸ ਪਾਤਰ ਨੂੰ ਵਕੀਲ ਬਣਾਇਆ ਗਿਆ। ਵਕੀਲ ਜਦੋਂ ਕੇਵਲ ਵਕੀਲ ਹੁੰਦਾ ਹੈ, ਉਸ ਸਮੇਂ ਉਸ ਦੀ ਮੁਕੱਦਮੇ ਵਿਚ ਫਸੀਆਂ ਧਿਰਾਂ ਪ੍ਰਤੀ ਮਾਨਸਿਕਤਾ ਕੀ ਹੁੰਦੀ ਹੈ ਅਤੇ ਜਦੋਂ ਉਹ ਖ਼ੁਦ ਕਿਸੇ ਜੁਰਮ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਕੀ ? ਇਸ ਮਹੱਤਵਪੂਰਨ ਦਵੰਦ ਜਾਂ ਤਨਾਉ ਨੂੰ ਪੇਸ਼ ਕਰਨ ਲਈ ਰਾਮਨਾਥ ਦਾ ਇਕ ਵਕੀਲ ਹੋਣਾ ਜ਼ਰੂਰੀ ਸੀ।

ਰਚਨਾ ਨੂੰ ਮਹਾਂਕਾਵਿਕ ਕਿਸ ਤਰ੍ਹਾਂ ਬਣਾਇਆ ਜਾਵੇ, ਸਮੁੱਚੇ ਸਮਾਜ ਨੂੰ ਕਿਸ ਤਰ੍ਹਾਂ ਕਲਾਵੇ ਵਿਚ ਲਿਆ ਜਾਵੇ, ਇਸ ਬਾਰੇ ਵੀ ਵਿਸਤ੍ਰਿਤ ਯੋਜਨਾ ਬਣਾਉਣੀ ਪੈਂਦੀ ਹੈ। ਸਾਰੇ ਨਾਵਲ ਨੇ ਪੈਸੇ ਦੀ ਮਹੱਤਤਾ ਅਤੇ ਫ਼ੌਜਦਾਰੀ ਨਿਆਂ-ਪ੍ਰਬੰਧ ਦੀਆਂ ਕਰੂਰਤਾਵਾਂ ਦੁਆਲੇ ਤਾਂ ਘੁੰਮਣਾ ਹੀ ਸੀ, ਨਾਲ ਦੀ ਨਾਲ ਇਸ ਵਿਚ ਵਰਤਮਾਨ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਆਦਿ ਪਰਿਸਥਿਤੀਆਂ ਨੂੰ ਵੀ ਬਿੰਬਤ ਕਰਨਾ ਸੀ। ਸਰਕਾਰ ਦੇ ਲੋਕ ਹਿੱਤਾਂ ਲਈ ਸਥਾਪਿਤ ਕੀਤੇ ਵਿਭਾਗਾਂ ਜਿਵੇਂ ਕਿ ਸਿਹਤ ਵਿਭਾਗ ਆਦਿ ਦੀ ਕਾਰਗੁਜ਼ਾਰੀ ਨੂੰ ਵੀ ਨੰਗਿਆਂ ਕਰਨਾ ਸੀ। ਪੂੰਜੀਵਾਦੀ ਪ੍ਰਭਾਵ ਅਧੀਨ ਧਰਮ ਨੇ ਕਿਸ ਤਰ੍ਹਾਂ ਆਪਣੇ ਆਪ ਨੂੰ ਕਾਰਪੋਰੇਟ ਵਿਚ ਤਬਦੀਲ ਕਰ ਲਿਆ ਹੈ ਇਹ ਹੀ ਪੇਸ਼ ਨਹੀਂ ਸੀ ਕਰਨਾ ਸਗੋਂ ਧਰਮ ਦੀਆਂ ਹੋਰ ਮਹੱਤਵਪੂਰਨ ਧਾਰਾਵਾਂ ਜਿਵੇਂ ਕਿ ਧਿਆਨ ਅਤੇ ਜਯੋਤਿਸ਼ ਆਦਿ ਦੇ ਖੋਖਲੇਪਣ ਉੱਪਰ ਵੀ ਟਿੱਪਣੀ ਕਰਨੀ ਸੀ। ਇਹ ਸਭ ਕਿਸ ਤਰ੍ਹਾਂ ਕੀਤਾ ਜਾਵੇ ਇਹ ਵੀ ਪਹਿਲਾਂ ਹੀ ਸੋਚਿਆ ਵਿਚਾਰਿਆ ਗਿਆ।

ਨਾਵਲ ਕੀ ਸੰਦੇਸ਼ ਦੇ ਕੇ ਖ਼ਤਮ ਹੋਵੇ, ਇਸ ਦਾ ਫ਼ੈਸਲਾ ਵੀ ਨਾਵਲ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਕਰਨਾ ਪੈਂਦਾ ਹੈ। ਇਸ ਨਾਵਲ ਨੂੰ ਕਿੱਥੇ ਖ਼ਤਮ ਕੀਤਾ ਜਾਵੇ, ਇਹ ਫ਼ੈਸਲਾ ਕਰਨ ਲਈ ਛੇ ਮਹੀਨੇ ਲੱਗ ਗਏ। ਨਾਵਲ ਦਾ ਇਕ ਅੰਤ ਦੋਸ਼ੀਆਂ ਨੂੰ ਬਣਦੀ ਸਜ਼ਾ ਕਰਵਾ ਕੇ ਕੀਤਾ ਜਾ ਸਕਦਾ ਸੀ। ਇਸ ਤਰ੍ਹਾਂ ਕਰਨ ਨਾਲ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਅਤੇ ਸੰਸਥਾਵਾਂ ਦੀ ਜਿੱਤ ਹੋਣੀ ਸੀ। ਲੋਕ ਸੰਘਰਸ਼ਾਂ ਲਈ ਉਤਸ਼ਾਹਿਤ ਹੋਣੇ ਸਨ। ਪਰ ਇੰਜ ਕਰਨ ਨਾਲ ਇਹ ਸੰਦੇਸ਼ ਵੀ ਜਾਣਾ ਸੀ ਕਿ ਦੇਸ਼ ਦੀ ਨਿਆਂ-ਪ੍ਰਣਾਲੀ ਇਨਸਾਫ਼ ਪਸੰਦ ਹੈ। ਇਹ ਸੰਦੇਸ਼ ਨਾਵਲ ਦੇ ਮੁੱਖ ਉਦੇਸ਼ ਦੇ ਉਲਟ ਹੋਣਾ ਸੀ। ਨਾਵਲ ਦਾ ਦੂਜਾ ਅੰਤ ਸਾਰੇ ਦੋਸ਼ੀਆਂ ਨੂੰ, ਭ੍ਰਿਸ਼ਟ ਨਿਆਂ-ਪ੍ਰਬੰਧ ਹੱਥੋਂ, ਬਰੀ ਕਰਵਾ ਕੇ ਹੋ ਸਕਦਾ ਸੀ। ਇਸ ਤਰ੍ਹਾਂ ਕਰਨ ਨਾਲ ਪਾਠਕਾਂ ਵਿਚ ਇਹ ਸੰਦੇਸ਼ ਜਾਣਾ ਸੀ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨੇ ਫ਼ਜ਼ੂਲ ਹਨ। ਇਹ ਅੰਤ ਵੀ ਨਾਵਲ ਦੇ ਮੁੱਖ ਉਦੇਸ਼ ਨੂੰ ਢਾਹ ਲਾਉਣ ਵਾਲਾ ਹੋਣਾ ਸੀ। ਨਿਆਂ-

ਵਿਵਸਥਾ ਆਪਣੇ ਉਦੇਸ਼ ਤੋਂ ਭਟਕੀ ਹੋਈ ਹੈ, ਹੱਕਾਂ ਦੀ ਪ੍ਰਾਪਤੀ ਲਗਾਤਾਰ ਸੰਘਰਸ਼ ਕਰਕੇ ਹੀ ਹੋ ਸਕਦੀ ਹੈ, ਇਕੋ ਸਮੇਂ ਇਹ ਦੋਵੇਂ ਸੰਦੇਸ਼ ਦੇਣ ਲਈ ਨਾਵਲ ਦਾ ਅੰਤ ਸੰਘਰਸ਼ ਕਰ ਰਹੀ ਧਿਰ ਵੱਲੋਂ ਉੱਚ ਅਦਾਲਤ ਵਿਚ ਅਪੀਲ ਕਰਨ (ਮਤਲਬ ਸੰਘਰਸ਼ ਜਾਰੀ ਰੱਖਣ) ਦੇ ਫ਼ੈਸਲੇ ਅਤੇ ਨਾਲ ਦੀ ਨਾਲ ਇਹ ਜਾਣਕਾਰੀ ਹੋਣ ਨਾਲ ਵੀ ਕਿ ਉੱਪਰੋਂ ਵੀ ਸਿੱਟਾ ਉਹੋ ਨਿਕਲਣਾ ਹੈ ਜੋ ਹੇਠਲੀ ਅਦਾਲਤ ਨੇ ਕੱਢਿਆ ਹੈ (ਮਤਲਬ ਉੱਚ ਅਦਾਲਤਾਂ ਦਾ ਕਿਰਦਾਰ ਵੀ ਹੇਠਲੀਆਂ ਅਦਾਲਤਾਂ ਵਾਲਾ ਹੀ ਹੈ) ਨਾਲ ਕੀਤਾ ਜਾਣਾ ਬਣਦਾ ਸੀ, ਜੋ ਕੀਤਾ ਗਿਆ।

ਨਾਵਲ ਕਲਾ ਦੀ ਕਸਵੱਟੀ ਉੱਪਰ ਵੀ ਪੂਰਾ ਉੱਤਰੇ, ਇਸ ਬਾਰੇ ਸੋਚਣ ਦੀ ਵੀ ਕਸਰ ਨਹੀਂ ਛੱਡੀ ਜਾਂਦੀ। ਨਿਆਂਪਾਲਿਕਾ ਨਾਲ ਸੰਬੰਧਤ ਕਿਹੜੇ-ਕਿਹੜੇ ਵਿਅਕਤੀਆਂ (ਅਧਿਕਾਰੀਆਂ) ਅਤੇ ਕਿਹੜੇ-ਕਿਹੜੇ ਚਿੰਨ੍ਹਾਂ ਨੂੰ ਨਾਵਲ ਵਿਚ ਉਭਾਰਿਆ ਜਾਵੇ ਤਾਂ ਜੋ ਉਹ ਵਿਅਕਤੀ ਕੇਵਲ ਵਿਅਕਤੀ ਅਤੇ ਚਿੰਨ੍ਹ ਨਾ ਰਹਿ ਕੇ ਵਿਵਸਥਾ ਦੇ ਪ੍ਰਤੀਕ ਬਣ ਜਾਣ, ਇਸ ਬਾਰੇ ਵੀ ਯੋਜਨਾ ਬਣਾਈ ਗਈ। ਕਾਲੇ ਕੋਟਾਂ, ਦੋ ਪੱਲੜਿਆਂ ਵਾਲੀ ਤੱਕੜੀ, ਵਕੀਲਾਂ, ਜੱਜਾਂ ਅਤੇ ਪੁਲਿਸ ਵਾਲਿਆਂ ਨੂੰ ਕਾਲਮ (ਬੁਰਾਈ), ਝੁਕਦੇ ਪੱਲੜੇ ਵਾਲੀ ਤੱਕੜੀ, ਆਪਣੀ ਧਿਰ ਦੇ ਹੱਕਾਂ ਦੀ ਰਾਖੀ ਕਰਨ ਵਾਲਿਆਂ ਦੀ ਥਾਂ ਉਨ੍ਹਾਂ ਦੀਆਂ ਹੀ ਜੇਬਾਂ ਕੱਟਣ ਵਾਲੇ, ਇਨਸਾਫ਼ ਦੇਣ ਦੀ ਥਾਂ ਬੇਇਨਸਾਫ਼ੀ ਕਰਨ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਦੀ ਥਾਂ ਉਨ੍ਹਾਂ ਦੀ ਲੁੱਟ-ਖਸੁੱਟ ਕਰਨ ਵਾਲਿਆਂ ਨੂੰ ਵੀ ਪ੍ਰਤੀਕਾਂ ਦੇ ਤੌਰ 'ਤੇ ਵਰਤਿਆ।

? *ਕੀ ਅਜੇਹਾ ਚਿੰਤਨ ਜਾਂ ਵਿਚਾਰ ਨਾਵਲ ਦਾ ਸਿਰਲੇਖ ਰੱਖਣ ਸਮੇਂ ਵੀ ਕਰਦੇ ਹੋ ?*

• ਮੈਂ ਤਾਂ ਨਾਵਲ ਦਾ ਨਾਂ ਰੱਖਦੇ ਸਮੇਂ ਵੀ ਗੰਭੀਰ ਮੰਥਨ ਕਰਦਾ ਹਾਂ। ਕੌਰਵਾਂ ਦੇ ਪਹਿਰਾਵੇ (ਵਕੀਲਾਂ ਦੇ ਕਾਲੇ ਕੋਟ) ਤੋਂ ਲੈ ਕੇ ਵਰਤਮਾਨ ਨਿਆਂ ਵਿਵਸਥਾ ਦੇ ਕੌਰਵ ਸਭਈ ਕਿਰਦਾਰ ਦੀ ਹਰ ਗਹਿਰਾਈ ਨੂੰ **ਕੌਰਵ ਸਭਾ** ਤੋਂ ਬਿਨਾ ਹੋਰ ਕੋਈ ਸ਼ਬਦ ਨਹੀਂ ਸੀ ਪ੍ਰਗਟਾਅ ਸਕਿਆ।

ਨਾਵਲ ਨੂੰ ਅੰਤਮ ਛੋਹਾਂ ਦੇਣ ਬਾਅਦ ਇਕ ਵਾਰ ਫਿਰ ਪਿਛਲਝਾਤ ਮਾਰ ਕੇ ਦੇਖੀਦਾ ਹੈ ਕਿ ਕੀ ਨਾਵਲ ਆਪਣੇ ਉਦੇਸ਼ ਦੀ ਪ੍ਰਾਪਤੀ ਵਿਚ ਸਫ਼ਲ ਹੋਇਆ ਹੈ ਜਾਂ ਨਹੀਂ ? ਇਸ ਨਾਵਲ ਦਾ ਵੇਦ ਪਰਿਵਾਰ ਪੈਸੇ, ਕਾਨੂੰਨ ਅਤੇ ਸਮਾਜ ਦੀ ਸਤਾਈ (ਪੀੜਤ) ਹੋਈ ਧਿਰ ਹੈ। ਜਦੋਂ ਕਿ ਨਾਵਲ ਦੇ ਖਲਨਾਇਕ ਨਜ਼ਰ ਆਉਂਦੇ ਪਾਤਰ ਪੰਕਜ ਅਤੇ ਨੀਰਜ ਵੀ ਸਟੇਟ ਦੀ ਸਤਾਈ ਹੋਈ ਪੀੜਤ ਧਿਰ ਹੈ। ਸਮੁੱਚਾ ਨਾਵਲ ਸਮਾਜ ਦੇ ਹਰ ਵਰਗ ਦੀ ਪੀੜ ਨੂੰ ਪੇਸ਼ ਕਰ ਰਿਹਾ ਹੈ। ਇਹ ਅਹਿਸਾਸ ਹੋਣ ਬਾਅਦ ਹੀ ਨਾਵਲ ਨੂੰ ਛਪਣ ਲਈ ਭੇਜਿਆ ਗਿਆ।

? *ਆਪਣੇ ਨਾਵਲਾਂ ਵਿਚ ਤੁਸੀਂ ਜੁਰਮ-ਵਿਗਿਆਨ ਦੇ ਆਮ ਪ੍ਰਚਲਿਤ ਸਿਧਾਂਤਾਂ ਨਾਲੋਂ ਵੱਖਰਾ ਕੀ ਕਿਹਾ ਹੈ ?*

• ਜੁਰਮ-ਵਿਗਿਆਨ ਦੇ ਚਿੰਤਕਾਂ ਦਾ ਵਿਚਾਰ ਹੈ ਕਿ 90 ਫੀਸਦੀ ਮੁਲਜ਼ਮ ਜੁਰਮ ਵਿਸ਼ੇਸ਼ ਪਰਿਸਥਿਤੀਆਂ ਅਤੇ ਕਾਰਨਾਂ ਕਰਕੇ ਕਰਦੇ ਹਨ। ਜੇ ਉਨ੍ਹਾਂ ਪਰਿਸਥਿਤੀਆਂ ਨੂੰ ਸੁਖਾਵਾਂ ਬਣਾ ਦਿੱਤਾ ਜਾਵੇ ਅਤੇ ਨਿੱਜੀ ਸਮੱਸਿਆਵਾਂ ਨੂੰ ਸੁਲਝਾ ਦਿੱਤਾ ਜਾਵੇ ਤਾਂ ਮੁਲਜ਼ਮ, ਸੁਧਰ ਕੇ ਇਕ ਸਧਾਰਨ ਨਾਗਰਿਕ ਵਾਂਗ ਜ਼ਿੰਦਗੀ ਜਿਊਣ ਲੱਗ ਪੈਂਦਾ ਹੈ। ਜਿਵੇਂ ਭੁੱਖਾ ਮਰਦਾ ਵਿਅਕਤੀ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਚੋਰੀ ਜਾਂ ਲੁੱਟ-ਖੋਹ ਅਤੇ ਵੱਡੀ ਉਮਰ ਤਕ ਅਣਵਿਆਹਿਆ ਰਹਿ ਜਾਣ ਕਾਰਨ ਸਰੀਰਕ ਭੁੱਖ ਮਿਟਾਉਣ ਲਈ ਬਲਾਤਕਾਰ ਕਰਦਾ ਹੈ। ਜੇ ਮਿਹਨਤ ਕਰਕੇ ਢਿੱਡ ਭਰ ਸਕਣ ਅਤੇ ਯੋਗਤਾ ਅਨੁਸਾਰ ਸਮਾਜਿਕ ਰੁਤਬਾ ਪ੍ਰਾਪਤ ਕਰਕੇ, ਸਮੇਂ ਸਿਰ ਗ੍ਰਹਿਸਥੀ ਵਸਾਉਣ ਦੇ ਮੌਕੇ ਉਪਲਬਧ ਹੋ ਜਾਣ ਤਾਂ ਕੋਈ ਵਿਰਲਾ ਹੀ ਜੁਰਮ ਦੀ ਦੁਨੀਆ ਵੱਲ ਮੂੰਹ ਕਰੇਗਾ।

ਚਿੰਤਕ ਇਹ ਵੀ ਕਹਿੰਦੇ ਹਨ ਕਿ ਬਾਕੀ ਬਚਦੇ 10 ਫੀਸਦੀ ਮੁਲਜ਼ਮ, ਜੁਰਮ ਨੂੰ ਇਕ ਪੇਸ਼ੇ ਦੇ ਤੌਰ 'ਤੇ ਅਪਣਾ ਚੁੱਕੇ ਹੁੰਦੇ ਹਨ। ਚੋਰੀਆਂ ਕਰਨਾ, ਜੇਬਾਂ ਕੱਟਣਾ, ਚਾਕੂ ਮਾਰਨੇ ਅਤੇ ਫਿਰ ਪੁਲਿਸ ਦਾ ਤਸ਼ੱਦਦ ਸਹਿਣਾ, ਬੇਇੱਜ਼ਤ ਹੋਣਾ, ਕਚਹਿਰੀਆਂ ਅਤੇ ਜੇਲ੍ਹਾਂ ਵਿਚ ਧੱਕੇ ਖਾਣੇ ਉਨ੍ਹਾਂ ਦੇ ਜੀਵਨ ਦਾ ਇਕ ਸਧਾਰਨ ਵਰਤਾਰਾ ਬਣ ਚੁੱਕਾ ਹੁੰਦਾ ਹੈ। ਅਜਿਹੇ ਪੇਸ਼ਾਵਰ ਮੁਜਰਮਾਂ ਨੂੰ ਸੁਧਾਰਨਾ ਅਸੰਭਵ ਹੁੰਦਾ ਹੈ। ਸਮਾਜ ਨੂੰ ਅਜਿਹੇ ਅਨਸਰਾਂ ਤੋਂ ਬਚਾਈ ਰੱਖਣ ਦਾ ਇਕੋ-ਇਕ ਤਰੀਕਾ ਉਨ੍ਹਾਂ ਨੂੰ ਜੇਲ੍ਹ ਦੀਆਂ ਚਾਰ-ਦੀਵਾਰੀਆਂ ਅੰਦਰ ਡੱਕੀ ਰੱਖਣਾ ਹੀ ਹੈ।

ਮੈਂ 35 ਸਾਲ ਤੋਂ ਜੁਰਮ ਦੀ ਦੁਨੀਆ ਵਿਚ ਵਿਚਰ ਰਿਹਾ ਹਾਂ। ਤੱਥਾਂ 'ਤੇ ਆਧਾਰਿਤ ਮੇਰਾ ਤਜਰਬਾ ਅਤੇ ਚਿੰਤਨ ਕੁਝ ਹੋਰ ਕਹਿੰਦਾ ਹੈ। ਮੇਰੀ ਪੱਕੀ ਧਾਰਨਾ ਹੈ ਕਿ ਪੇਸ਼ੇਵਰ ਆਖੇ ਜਾਂਦੇ ਮੁਜਰਮ ਵੀ ਆਪਣੀ ਮਰਜ਼ੀ ਨਾਲ ਇਹ ਪੇਸ਼ਾ ਨਹੀਂ ਅਪਣਾਉਂਦੇ। ਭੈੜੇ ਤੋਂ ਭੈੜਾ ਵਿਅਕਤੀ ਵੀ ਇਹ ਨਹੀਂ ਚਾਹੁੰਦਾ ਕਿ ਪੁਲਿਸ ਉਸ ਦੇ ਸਰੀਰ ਨੂੰ ਜਮੂਰਾਂ ਨਾਲ ਨੋਚੇ, ਉਸ ਧੀ-ਭੈਣ ਦੀ ਇੱਜ਼ਤ ਉਸ ਦੇ ਸਾਹਮਣੇ ਹੀ ਲੁੱਟੇ, ਜ਼ਿੰਦਗੀ ਦਾ ਵਧੀਆ ਹਿੱਸਾ ਜੇਲ੍ਹ ਦੀਆਂ ਚਾਰ-ਦੀਵਾਰੀਆਂ ਅੰਦਰ ਸਿਸਕੀਆਂ ਭਰਦੇ ਅਤੇ ਮਾਨਸਿਕ ਤਸੀਹੇ ਝੱਲਦੇ ਬੀਤੇ। ਉਹ ਵੀ ਜੁਰਮ ਪੇਸ਼ੇ ਨੂੰ ਤਿਆਗ ਕੇ, ਹੱਡ-ਭੰਨਵੀਂ ਮਿਹਨਤ ਨਾਲ ਸੱਚੀ-ਸੁੱਚੀ ਕਮਾਈ ਕਰਕੇ, ਸੁਖੀ ਘਰ ਗ੍ਰਹਿਸਥੀ ਵਸਾ ਕੇ ਸ਼ਾਂਤਮਈ ਅਤੇ ਇੱਜ਼ਤਦਾਰ ਜ਼ਿੰਦਗੀ ਜਿਊਣਾ ਚਾਹੁੰਦਾ ਹੈ।

ਦੁਖਾਂਤ ਇਹ ਹੈ ਕਿ ਮੌਜੂਦਾ ਰਾਜਸੱਤਾ ਨੂੰ ਮੁਜਰਮ ਪੇਸ਼ਾ ਘੋਸ਼ਿਤ ਕੀਤੇ ਕਬੀਲਿਆਂ ਬਾਰੇ ਸੋਚਣ ਦੀ ਵਿਹਲ ਹੀ ਨਹੀਂ ਹੈ। ਨਾ ਆਰਥਿਕ ਸਥਿਤੀਆਂ ਸੁਧਾਰ ਕੇ

ਰੁਜ਼ਗਾਰ ਉਪਲਬਧ ਕਰਾਏ ਜਾ ਰਹੇ ਹਨ, ਨਾ ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਬੁਢਾਪਾ ਸੁਰੱਖਿਅਤ। ਉਲਟਾ ਘਟੀਆ ਰਾਜ-ਪ੍ਰਬੰਧ, ਮੁਲਜ਼ਮਾਂ ਦੀ ਗਿਣਤੀ ਦੇ ਗ੍ਰਾਫ ਨੂੰ ਤੇਜ਼ੀ ਨਾਲ ਵਧਾਉਣ ਵਿਚ ਯੋਗਦਾਨ ਪਾ ਰਿਹਾ ਹੈ। ਅਖੌਤੀ ਪੇਸ਼ਾਵਰ ਮੁਜਰਮਾਂ ਨੂੰ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਤੋਂ ਰੋਕਣ ਲਈ, ਮੌਜੂਦਾ ਸੱਤਾ ਦੇ ਨਾਲ-ਨਾਲ ਕਾਨੂੰਨ ਅਤੇ ਸਮਾਜ ਵੀ ਜ਼ਿੰਮੇਵਾਰ ਹੈ। ਸਮਾਜ ਸੇਵਾਂ ਅਤੇ ਆਪਣੇ ਯਤਨਾਂ ਨਾਲ, ਜਿਉਂ ਹੀ ਇਹ ਲੋਕ ਵਧੀਆ ਜ਼ਿੰਦਗੀ ਜਿਉਣ ਦਾ ਯਤਨ ਸ਼ੁਰੂ ਕਰਦੇ ਹਨ ਤਾਂ ਇਕ ਪਾਸੇ ਸਮਾਜ ਇਨ੍ਹਾਂ ਨੂੰ ਗਲੇ ਲਾਉਣ ਤੋਂ ਝਿਜਕਦਾ ਹੈ ਅਤੇ ਦੂਜੇ ਪਾਸੇ, ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ, ਕਾਨੂੰਨ ਦੇ ਰਖਵਾਲੇ ਵੀ ਇਨ੍ਹਾਂ ਨੂੰ ਮੁੜ ਜੁਰਮ ਦੀ ਦੁਨੀਆ ਵੱਲ ਧੱਕਣ ਵਿਚ ਯੋਗਦਾਨ ਪਾਉਂਦੇ ਹਨ।

ਆਪਣੇ ਨਾਵਲਾਂ ਵਿਚ ਮੈਂ ਬੜੀ ਮਜ਼ਬੂਤੀ ਨਾਲ ਇਨ੍ਹਾਂ ਦਸ ਫੀਸਦੀ ਲੋਕਾਂ ਦਾ ਪੱਖ ਪੂਰਿਆ ਹੈ ਅਤੇ ਸਿੱਧ ਕੀਤਾ ਹੈ ਕਿ ਇਹ ਲੋਕ ਵੀ ਜੁਰਮਾਂ ਨੂੰ ਨਫ਼ਰਤ ਕਰਦੇ ਹਨ ਅਤੇ ਵਧੀਆ ਜ਼ਿੰਦਗੀ ਜਿਉਣ ਲਈ ਯਤਨਸ਼ੀਲ ਹਨ। ਇਨ੍ਹਾਂ ਨੂੰ ਮੁਜਰਮ ਬਣਾਉਣ ਲਈ ਵਿਵਸਥਾ, ਕਾਨੂੰਨ ਅਤੇ ਸਮਾਜ ਜ਼ਿੰਮੇਵਾਰ ਹਨ।

? *ਇਸ ਦਾਅਵੇ ਦੀ ਪੁਸ਼ਟੀ ਲਈ ਆਪਣੇ ਨਾਵਲਾਂ ਵਿਚੋਂ ਕੁਝ ਉਦਾਹਰਣ ਦੇਵੋ ?*

• ਮੇਰੇ ਚਾਰੇ ਨਾਵਲਾਂ ਦਾ ਪੇਸ਼ਾਵਰ ਮੁਜਰਮ ਨਜ਼ਰ ਆਉਂਦਾ ਹਰ ਪਾਤਰ ਮੇਰੇ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ। ਫਿਰ ਵੀ ਸਪੱਸ਼ਟਤਾ ਲਈ ਕੁਝ ਉਦਾਹਰਣ ਹਾਜ਼ਰ ਹਨ।

**ਤਫ਼ਤੀਸ਼**, **ਕਟਹਿਰਾ** ਅਤੇ **ਸੁਧਾਰ ਘਰ** ਨਾਵਲਾਂ ਦੇ ਨਾਇਕਾਂ ਵਰਗੇ ਪਾਤਰ ਪਾਲਾ ਅਤੇ ਮੀਤਾ ਪੇਸ਼ਾਵਰ ਮੁਜਰਮਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪਾਲਾ ਚੋਰ ਅਤੇ ਮੀਤਾ ਜੇਬ ਕਤਰਾ ਰਿਹਾ ਹੈ। ਸਮਾਜ ਸੁਧਾਰਕ ਅਤੇ ਚੇਤਨ ਵਿਅਕਤੀਆਂ ਦੀ ਪ੍ਰੇਰਨਾ 'ਤੇ ਉਹ ਜੁਰਮ ਪੇਸ਼ੇ ਨੂੰ ਤਿਆਗ ਕੇ ਮਿਹਨਤ ਮਜ਼ਦੂਰੀ ਕਰਨ ਲੱਗਦੇ ਹਨ ਪਰ ਪਿਛੋਕੜ ਇਨ੍ਹਾਂ ਦਾ ਖਹਿੜਾ ਨਹੀਂ ਛੱਡਦਾ। ਬੰਟੀ ਦੇ ਕਤਲ ਬਾਅਦ ਪੁੱਛ-ਗਿੱਛ ਲਈ ਉਨ੍ਹਾਂ ਨੂੰ ਠਾਣੇ ਬਿਠਾ ਲਿਆ ਜਾਂਦਾ ਹੈ। ਦਸ ਪੰਦਰਾਂ ਦਿਨ ਵਗਾਰ ਕਰਾਈ ਜਾਂਦੀ ਹੈ। ਜਦੋਂ ਪੁਲਿਸ ਬੰਟੀ ਦੇ ਅਸਲ ਕਾਤਲਾਂ ਨੂੰ ਫੜਨ ਵਿਚ ਅਸਫਲ ਹੋ ਜਾਂਦੀ ਹੈ ਤਾਂ ਪੁਲਿਸ ਆਪਣੀ ਧੌਂੜੀ ਬਚਾਉਣ ਲਈ, ਉਨ੍ਹਾਂ ਨੂੰ ਕਾਤਲ ਗਰਦਾਨ ਕੇ ਗ੍ਰਿਫ਼ਤਾਰ ਕਰ ਲੈਂਦੀ ਹੈ। ਝੂਠੇ ਸਬੂਤ ਘੜ ਕੇ ਉਨ੍ਹਾਂ ਨੂੰ ਸਜ਼ਾ ਵੀ ਕਰਵਾ ਦਿੰਦੀ ਹੈ। ਜੇਲ੍ਹ ਵਿਚ ਫਿਰ ਉਨ੍ਹਾਂ ਨੂੰ ਧਨਾਢ ਕੈਦੀਆਂ ਦੀ ਸੇਵਾ ਲਈ ਲਾ ਦਿੱਤਾ ਜਾਂਦਾ ਹੈ।

**ਸੁਧਾਰ ਘਰ** ਨਾਵਲ ਤਾਂ ਆਧਾਰਿਤ ਹੀ ਅਜਿਹੇ ਪਾਤਰਾਂ ਉੱਪਰ ਹੈ। ਕੁਝ ਵਿਸ਼ੇਸ਼ ਉਦਾਹਰਣ ਹਾਜ਼ਰ ਹੈ।

ਕਰੀਮੂ (ਕਾਂਡ 40) ਰਾਅ ਸਿੱਖ ਬਰਾਦਰੀ ਨਾਲ ਸੰਬੰਧ ਰੱਖਦਾ ਹੈ। ਜ਼ਮੀਨਾਂ ਉਪਜਾਊ ਨਾ ਹੋਣ ਕਾਰਨ, ਜਿਸ ਦਾ ਮੁੱਖ ਧੰਦਾ ਨਜਾਇਜ਼ ਸ਼ਰਾਬ ਕੱਢਣਾ ਅਤੇ ਚੋਰੀਆਂ ਕਰਨਾ ਹੈ। ਆਪਣੇ ਬਾਪ ਦੇ ਵਿਰੋਧ ਦੇ ਬਾਵਜੂਦ ਉਹ ਖ਼ਾਨਦਾਨੀ ਪੇਸ਼ੇ ਦੀ ਥਾਂ ਪੜ੍ਹਾਈ ਨੂੰ ਪਹਿਲ ਦਿੰਦਾ ਹੈ ਪਰ ਪੁਲਿਸ ਨੂੰ ਇਹ ਪਸੰਦ ਨਹੀਂ ਹੈ। ਉਸ ਦਾ ਤਾਇਆ ਅਫੀਮ ਅਤੇ ਭੁੱਕੀ ਵੇਚਣ ਦਾ ਕੰਮ ਕਰਦਾ ਹੈ। ਪੁਲਿਸ ਤਾਏ ਦੀਆਂ ਭੁੱਕੀ ਦੀਆਂ ਬੋਰੀਆਂ ਤਾਂ ਫੜ ਲੈਂਦੀ ਹੈ ਪਰ ਤਾਏ ਨੂੰ ਨਹੀਂ। ਖਿਝੀ ਪੁਲਿਸ ਤਾਏ ਦੀ ਥਾਂ ਮੁਕੱਦਮਾ ਕਰੀਮੂ ’ਤੇ ਦਰਜ ਕਰ ਦਿੰਦੀ ਹੈ ਅਤੇ ਸਜ਼ਾ ਕਰਵਾ ਦਿੰਦੀ ਹੈ। ਇਸ ਧੱਕੇਸ਼ਾਹੀ ਤੋਂ ਖਿਝਿਆ ਕਰੀਮੂ ਜਦੋਂ ਖੂੰਖਾਰ ਮੁਲਜ਼ਮ ਬਣ ਜਾਂਦਾ ਹੈ ਤਾਂ ਉਸ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਉਸ ਨੂੰ ਅੰਨ੍ਹਾ ਕਰ ਦਿੱਤਾ ਜਾਂਦਾ ਹੈ।

ਮਿੱਠੋ (ਕਾਂਡ 33) ਅਖੌਤੀ ਜਰਾਇਮ ਪੇਸ਼ਾ ਬਾਜ਼ੀਗਰ ਕਬੀਲੇ ਨਾਲ ਸੰਬੰਧ ਰੱਖਦੀ ਹੈ। ਉਹ ਅਤੇ ਉਸ ਦਾ ਘਰਵਾਲਾ ਖ਼ਾਨਦਾਨੀ ਪੇਸ਼ਾ ਤਿਆਗ ਕੇ ਮਿਹਨਤ ਮਜ਼ਦੂਰੀ ਨਾਲ ਢਿੱਡ ਭਰਨਾ ਸ਼ੁਰੂ ਕਰਦੇ ਹਨ। ਉਸ ਦਾ ਘਰਵਾਲਾ ਘਰਾਂ ਵਿਚ ਰੰਗ-ਰੋਗਨ ਕਰਨ ਅਤੇ ਮਿੱਠੋ ਸਾਗ-ਸਬਜ਼ੀਆਂ, ਦਾਤਣਾਂ ਆਦਿ ਵੇਚਣ ਲੱਗਦੀ ਹੈ। ਮਿੱਠੋ ਦੇ ਘਰਵਾਲੇ ਨੇ ਦੀਵਾਲੀ ਦੇ ਦਿਨਾਂ ਵਿਚ, ਜਿਸ ਕੋਠੀ ਵਿਚ ਰੰਗ-ਰੋਗਨ ਕੀਤਾ ਸੀ, ਵਿਚ ਚੋਰੀ ਹੋ ਜਾਣ ’ਤੇ ਪਿਛੋਕੜ ਦੇ ਆਧਾਰ ’ਤੇ ਮਿੱਠੋ ਦੇ ਘਰਵਾਲੇ ਨੂੰ ਪੁਲਿਸ ਵੱਲੋਂ ਫੜ ਲਿਆ ਜਾਂਦਾ ਹੈ। ਤਸ਼ੱਦਦ ਕਰ-ਕਰ ਮਾਰ ਦਿੱਤਾ ਜਾਂਦਾ ਹੈ। ਮਜਬੂਰੀ ਵੱਸ ਮਿੱਠੋ ਨੂੰ ਮੁੜ ਆਪਣਾ ਖ਼ਾਨਦਾਨੀ ਪੇਸ਼ਾ ਅਪਣਾਉਣ ਲਈ ਮਜਬੂਰ ਹੋਣਾ ਪੈਂਦਾ ਹੈ।

ਦੇਬੂ (ਕਾਂਡ 40) ਨਜਾਇਜ਼ ਸ਼ਰਾਬ ਵੇਚਣ ਦਾ ਧੰਦਾ ਤਿਆਗ ਕੇ ਰਿਕਸ਼ਾ ਚਲਾਉਣ ਲੱਗਦਾ ਹੈ। ਉਸ ਦੀ ਅੱਧੀ ਕਮਾਈ ਰਿਕਸ਼ੇ ਦੇ ਮਾਲਿਕ ਨੂੰ ਰਿਕਸ਼ੇ ਦਾ ਕਿਰਾਇਆ ਅਤੇ ਰਿਕਸ਼ੇ ਦੀ ਮੁਰੰਮਤ ’ਤੇ ਖਰਚ ਹੋ ਜਾਂਦੀ ਹੈ। ਮੀਂਹ ਕਣੀ ਵਾਲੇ ਦਿਨ ਨੌਬਤ ਫਾਕੇ ਕੱਟਣ ਤਕ ਆ ਜਾਂਦੀ ਹੈ। ਯੂਨੀਅਨ ਵਾਲੇ ਉਸ ਨੂੰ ਬੈਂਕ ਕੋਲੋਂ ਕਰਜ਼ਾ ਲੈ ਕੇ ਆਪਣਾ ਰਿਕਸ਼ਾ ਖ਼ਰੀਦਣ ਲਈ ਪ੍ਰੇਰਦੇ ਹਨ ਪਰ ਬੈਂਕ ਇਕ ਸਾਬਕਾ ਅਪਰਾਧੀ ਨੂੰ ਇਕ ਮਾਮੂਲੀ ਜਿਹੀ ਰਕਮ ਵੀ ਕਰਜ਼ੇ ਦੇ ਤੌਰ ’ਤੇ ਦੇਣ ਤੋਂ ਇਨਕਾਰ ਕਰ ਦਿੰਦੀ ਹੈ। ਮਾਸਟਰ ਓਮ ਪ੍ਰਕਾਸ਼ (ਕਾਂਡ 40) ਕਤਲ ਕੇਸ ਵਿਚ ਫੜੇ ਜਾਣ ਤੋਂ ਪਹਿਲਾਂ ਸਕੂਲ ਅਧਿਆਪਕ ਸੀ। ਕੈਦ ਦੌਰਾਨ ਉਸ ਦਾ ਆਚਰਣ ਸ਼ਲਾਘਾਯੋਗ ਰਿਹਾ, ਜਿਸ ਕਾਰਨ ਉਸ ਨੂੰ ਢੇਰ ਸਾਰੀਆਂ ਮੁਆਫ਼ੀਆਂ ਮਿਲੀਆਂ। ਕੈਦ ਕੱਟਣ ਬਾਅਦ ਜਦੋਂ ਉਸ ਨੇ ਆਪਣੀ ਨੌਕਰੀ ਵਾਪਸ ਮੰਗੀ ਤਾਂ ਸਰਕਾਰ ਅਤੇ ਫਿਰ ਅਦਾਲਤ ਨੇ, ਸਾਬਕਾ ਮੁਜਰਮ ਹੋਣ ਦੇ ਆਧਾਰ ’ਤੇ ਉਸ ਨੂੰ ਸਰਕਾਰੀ ਨੌਕਰੀ ਦੇ ਅਯੋਗ ਕਰਾਰ ਦੇ ਦਿੱਤਾ।

ਚੌਰਾਹਿਆਂ ’ਤੇ ਖੜ੍ਹੇ, ਭੰਬਲ-ਭੂਸਿਆਂ ਵਿਚ ਪਏ ਅਜਿਹੇ ਸੈਂਕੜੇ ਪਾਤਰ ਸੋਚ

ਰਹੇ ਹਨ ਕਿ ਕੀ ਉਹ ਅੱਗੇ ਤੁਰਦੇ ਰਹਿਣ ਜਾਂ ਪਿਛਾਂਹ ਨੂੰ ਮੁੜ ਜਾਣ।

ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਦੇ ਦੋਸ਼ ਵਿਚ ਕੈਦ ਕੱਟ ਰਿਹਾ ਬਸੰਤ (ਕਾਂਡ 46) ਜੇ ਚਾਹੁੰਦਾ ਤਾਂ ਸਾਥੀ ਕੈਦੀਆਂ ਦੀ ਢਾਣੀ ਵਿਚ ਰਲ ਕੇ ਕਹਿੰਦਾ-ਕਹਾਉਂਦਾ ਸਮਗਲਰ ਬਣ ਕੇ ਆਰਾਮ ਦੀ ਜ਼ਿੰਦਗੀ ਜਿਉ ਸਕਦਾ ਸੀ। ਪਰ ਆਪਣਾ ਘਰ-ਬਾਰ ਲੁਟਾ ਚੁੱਕਾ ਅਤੇ ਜੁਰਮ ਦੀ ਜ਼ਿੰਦਗੀ ਤੋਂ ਉਕਤਾ ਚੁੱਕਾ ਬਸੰਤ ਜੇਲ੍ਹ ਕੱਟਣ ਬਾਅਦ, ਸੁਖ-ਸ਼ਾਂਤੀ ਦੀ ਜ਼ਿੰਦਗੀ ਜਿਉਣ ਦਾ ਸੁਪਨਾ ਲੈ ਕੇ ਜੇਲ੍ਹ ਦੇ ਤਸੀਹੇ ਝੱਲਦਾ ਰਹਿੰਦਾ ਹੈ। ਕੈਦ ਦੇ ਆਖ਼ਰੀ ਦਿਨਾਂ ਵਿਚ ਜਦੋਂ ਉਹ ਆਪਣੀ ਰਿਹਾਈ ਦੇ ਹੁਕਮ ਜਾਰੀ ਕਰਾਉਣ ਲਈ ਜੇਲ੍ਹ ਕਰਮਚਾਰੀਆਂ ਨੂੰ ਰਿਸ਼ਵਤ ਦੇਣ ਤੋਂ ਅਸਮਰੱਥ ਰਹਿੰਦਾ ਹੈ ਤਾਂ ਖਿਝੇ ਬਾਬੂ ਉਸ ਦੀ ਰਿਹਾਈ ਰੋਕਣ ਲਈ ਉਸ ਨੂੰ ਝੂਠੇ ਮੁਕੱਦਮੇ ਵਿਚ ਫਸਵਾ ਦਿੰਦੇ ਹਨ। ਮੁੜ ਅੰਧਕਾਰ ਵਿਚ ਧੱਕਣ ਵਾਲੀ ਇਹ ਧੱਕੜਸ਼ਾਹੀ ਬਸੰਤ ਨੂੰ ਉਲਟਾ ਸੋਚਣ ਲਈ ਮਜਬੂਰ ਕਰ ਦਿੰਦੀ ਹੈ। ਉਹ ਪਹਿਲਾਂ ਨਾਲੋਂ ਵੀ ਖ਼ਤਰਨਾਕ ਮੁਜਰਮ ਬਣਨ ਦਾ ਫ਼ੈਸਲਾ ਹੀ ਨਹੀਂ ਕਰਦਾ ਸਗੋਂ ਅਮਲ ਵੀ ਸ਼ੁਰੂ ਕਰ ਦਿੰਦਾ ਹੈ।

ਹੁਣ ਕੀ ਇਹ ਸਵਾਲ ਪੈਦਾ ਨਹੀਂ ਹੁੰਦਾ ਕਿ ਅਜਿਹੇ ਪੇਸ਼ਾਵਰ ਮੁਲਜ਼ਮਾਂ ਦੇ ਆਪਣੇ ਪੇਸ਼ੇ ਵਿਚ ਬਣੇ ਰਹਿਣ ਲਈ ਇਹ ਖ਼ੁਦ ਜ਼ਿੰਮੇਵਾਰ ਹਨ ਜਾਂ ਇਨ੍ਹਾਂ ਨੂੰ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਤੋਂ ਰੋਕ ਕੇ ਮੁੜ ਖਾਈ ਵਿਚ ਸੁੱਟਣ ਵਾਲਾ ਸਮਾਜ ਅਤੇ ਵਿਵਸਥਾ ?

? *ਕੋਈ ਅਜਿਹਾ ਪਾਤਰ ਜਿਸ ਬਾਰੇ ਤੁਸੀਂ ਸਮਝਦੇ ਹੋ ਕਿ ਗੱਲ ਹੋਣੀ ਚਾਹੀਦੀ ਹੈ ਪਰ ਹੋਈ ਨਹੀਂ ?*

- ਨਿਆਂ-ਵਿਵਸਥਾ ਤੋਂ ਇਲਾਵਾ ਸਮਾਜ ਦੇ ਹੋਰ ਮਹੱਤਵਪੂਰਨ ਸਰੋਕਾਰਾਂ ਨੂੰ ਸ਼ਿੱਦਤ ਨਾਲ ਪੇਸ਼ ਕਰਦੇ ਇਕ ਨਹੀਂ ਕਈ ਪਾਤਰ ਪੁਲਿਸੀਆਂ, ਵਕੀਲਾਂ, ਜੱਜਾਂ ਅਤੇ ਮੁਲਜ਼ਮਾਂ ਦੀ ਭੀੜ ਵਿਚ ਗੁਆਚ ਗਏ ਹਨ। ਪਾਠਕਾਂ ਦੀ ਤਾਂ ਕੀ, ਕਿਸੇ ਚਿੰਤਕ ਤਕ ਦੀ ਉਨ੍ਹਾਂ 'ਤੇ ਨਜ਼ਰ ਨਹੀਂ ਪਈ।

ਦਲਿਤ ਸਰੋਕਾਰਾਂ ਨੂੰ ਮੈਂ ਸ਼ਿੱਦਤ ਨਾਲ ਛੋਹਿਆ ਹੈ। ਦਲਿਤ ਸਮਾਜ ਦਾ ਇਕ ਦੁਖਾਂਤ ਇਹ ਹੈ ਕਿ ਇਸ ਦਾ ਇਕ ਵਰਗ ਤੇਜ਼ੀ ਨਾਲ ਤਰੱਕੀ ਕਰਕੇ ਜਿਥੇ ਮੱਧਵਰਗ, ਉੱਚ ਮੱਧਵਰਗ ਅਤੇ ਇਥੋਂ ਤਕ ਕਿ ਉੱਤਮ ਵਰਗ ਵਿਚ ਸ਼ਾਮਿਲ ਹੁੰਦਾ ਜਾ ਰਿਹਾ ਹੈ, ਉਥੇ ਦੂਜਾ ਵਰਗ ਰਾਖਵੇਂਕਰਨ ਦੇ ਲਾਭਾਂ ਤੋਂ ਵਾਂਝਾ ਅਤੇ ਅਸੰਤੁਲਿਤ ਆਰਥਿਕ ਵਿਕਾਸ ਦੇ ਦੁਸ਼ਟ ਪ੍ਰਭਾਵਾਂ ਕਾਰਨ ਗ਼ਰੀਬੀ ਦੀ ਦਲਦਲ ਵਿਚ ਹੋਰ ਡੂੰਘਾ ਧਸਦਾ ਜਾ ਰਿਹਾ ਹੈ। ਇਸ ਸਥਿਤੀ ਨੂੰ ਪ੍ਰਗਟਾਉਂਦਾ **ਤਫ਼ਤੀਸ਼** ਨਾਵਲ ਦੇ ਕਾਂਡ ਨੰਬਰ 17 ਦੇ ਦਲਿਤਾਂ ਦੀ ਅਤਿ ਨਿਮਨ ਸ਼੍ਰੇਣੀ ਨਾਲ ਸੰਬੰਧਤ ਪਾਤਰ ਜੋਗਿੰਦਰ।

ਜੋਗਿੰਦਰ ਸਰਕਾਰ ਦਾ ਪੱਕਾ ਮੁਲਾਜ਼ਮ ਨਹੀਂ ਹੈ। ਉਸ ਨੂੰ ਹਸਪਤਾਲ ਦੀ

ਹਲਟੀ ਨੂੰ ਚਲਾਉਣ ਵਾਲੇ ਝੋਟੇ ਨੂੰ ਪਾਲਣ ਲਈ ਰੱਖਿਆ ਗਿਆ ਸੀ। ਇਸ ਬਦਲੇ ਉਸ ਨੂੰ 'ਝੋਟਾ ਭੱਤਾ' ਮਿਲਦਾ ਸੀ। ਵਗਾਰ ਦੇ ਤੌਰ 'ਤੇ, ਪੋਸਟ ਮਾਰਟਮ ਸਮੇਂ ਲਾਸ਼ਾਂ ਦੀ ਚੀਰ ਫਾੜ ਲਈ ਉਹ ਡਾਕਟਰ ਦਾ ਹੱਥ ਵਟਾਉਂਦਾ ਹੈ। ਬਦਲੇ ਵਿਚ ਡਾਕਟਰ ਉਸ ਨੂੰ ਮ੍ਰਿਤਕਾਂ ਦੇ ਵਾਰਸਾਂ ਕੋਲੋਂ ਕੁਝ ਮਿਹਨਤਾਨਾ ਲੈਣ ਦੀ ਖੁੱਲ੍ਹ ਦਿੰਦੇ ਹਨ। ਔਖਾ ਸੌਖਾ ਹੋ ਕੇ ਆਪਣੇ ਟੱਬਰ ਦਾ ਪੇਟ ਪਾਲਦਾ ਹੈ।

ਤਕਨਾਲੌਜੀ ਦੇ ਵਿਕਾਸ ਦੀ ਸਭ ਤੋਂ ਵੱਧ ਮਾਰ ਉਸ 'ਤੇ ਪੈਂਦੀ ਹੈ। ਖੂਹ 'ਤੇ ਮੋਟਰ ਲੱਗ ਜਾਣ ਕਾਰਨ ਝੋਟਾ ਬੇਕਾਰ ਅਤੇ ਉਸ ਦਾ 'ਝੋਟਾ ਭੱਤਾ' ਬੰਦ ਹੋ ਜਾਂਦਾ ਹੈ। ਤਕਨਾਲੌਜੀ ਦੇ ਹੋਰ ਵਿਕਾਸ ਨਾਲ ਲੋਕ ਉਸ ਦੇ ਝੋਟੇ ਕੋਲੋਂ ਮੱਝਾਂ ਨਵੇਂ ਦੁੱਧ ਕਰਾਉਣੋਂ ਹਟ ਜਾਂਦੇ ਹਨ। ਉਸ ਦੇ ਗੁਜ਼ਾਰੇ ਦਾ ਇਕੋ-ਇਕ ਸਾਧਨ ਲਾਸ਼ਾਂ ਦੀ ਚੀਰ-ਫਾੜ ਦਾ ਮਿਹਨਤਾਨਾ ਹੀ ਰਹਿ ਜਾਂਦਾ ਹੈ।

ਆਮ ਮਨੁੱਖ ਵਾਂਗ ਜੋਗਿੰਦਰ ਵੀ ਸੁਪਨ-ਸਾਜ਼ ਹੈ। ਉਹ ਆਪਣੀ ਧੀ ਨੂੰ ਚੰਗੇ ਘਰ ਵਿਆਹੁਣ ਦਾ ਸੁਪਨਾ ਲੈਂਦਾ ਹੈ। ਨਰਾਤਿਆਂ ਦੇ ਦਿਨਾਂ ਵਿਚ, ਸੇਵਾ ਸੰਮਤੀ ਰਾਮ ਲੀਲ੍ਹਾ ਕਰਾਉਂਦੀ ਹੈ। ਸੀਤਾ ਸਵੰਬਰ ਵਾਲੇ ਦਿਨ ਇਕ ਦਲਿਤ ਕੁੜੀ ਦਾ ਵਿਆਹ ਕਰਦੀ ਹੈ। ਵਿਆਹੁਤਾ ਕੁੜੀ ਨੂੰ, ਦਾਨੀਆਂ ਕੋਲੋਂ ਸਰਦੇ-ਪੁੱਜਦੇ ਘਰ ਦੀ ਕੁੜੀ ਜਿੰਨਾ ਦਾਜ ਮਿਲ ਜਾਂਦਾ ਹੈ। ਸੇਵਾ ਸੰਮਤੀ ਵੱਲੋਂ ਅੱਖਾਂ ਦੇ ਮੁਫ਼ਤ ਅਪਰੇਸ਼ਨ ਕੈਂਪ ਵੀ ਲਗਾਏ ਜਾਂਦੇ ਹਨ। ਜੋਗਿੰਦਰ ਦੀ ਆਪਣੀ ਕਮਾਈ ਦੇ ਇੰਨੇ ਸਾਧਨ ਨਹੀਂ ਕਿ ਉਹ ਧੀ ਦੇ ਦਾਜ ਲਈ ਕੁਝ ਬਚਾ ਸਕੇ ਅਤੇ ਉਸ ਨੂੰ ਕਿਸੇ ਕਮਾਊ ਮੁੰਡੇ ਦੇ ਲੜ ਲਾ ਸਕੇ। ਨਿਸ਼ਕਾਮ ਸੇਵਾ ਵਜੋਂ ਜੋਗਿੰਦਰ ਮਰੀਜ਼ਾਂ ਦੀ ਗੰਦਗੀ ਦੀ ਸਫ਼ਾਈ ਕਰਨ ਦੀ ਸੇਵਾ ਨਿਭਾਉਂਦਾ ਹੈ। ਉਸ ਨੂੰ ਜਾਪਦਾ ਹੈ ਸੇਵਾ ਸੰਮਤੀ ਉਸ ਨਾਲ ਇਨਸਾਫ਼ ਕਰੇਗੀ। ਦਲਿਤਾਂ ਦੀ ਸਭ ਤੋਂ ਵੱਧ ਨਿਮਨ ਸ਼੍ਰੇਣੀ ਨਾਲ ਸੰਬੰਧਿਤ ਹੋਣ ਕਾਰਨ, ਅਗਲੇ ਸੀਤਾ ਸਵੰਬਰ ਵਾਲੇ ਦਿਨ ਵਿਆਹ ਲਈ ਉਸ ਦੀ ਧੀ ਦੀ ਚੋਣ ਕਰੇਗੀ। ਮਨ ਵਿਚ ਇਸ ਆਸ ਦੀ ਜੋਤ ਜਗਾ ਕੇ ਉਹ ਕੁੜੀ ਦਾ ਰਿਸ਼ਤਾ ਕੰਪਾਊਡਰ ਨਾਲ ਕਰ ਦਿੰਦਾ ਹੈ ਪਰ ਜਦੋਂ ਲਾਲਾ ਜੀ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ, ਉਸ ਦਾ ਹੱਕ ਮਾਰ ਕੇ ਫ਼ੈਸਲਾ ਮੁੱਖ ਮੰਤਰੀ ਦੀ ਸਰਦੇ-ਪੁੱਜਦੇ ਘਰ ਦੀ ਸਫ਼ਾਈ ਸੇਵਕਾ ਦੀ ਧੀ ਦੇ ਹੱਕ ਵਿਚ ਕਰ ਦਿੰਦੇ ਹਨ ਤਾਂ ਉਸ ਦੇ ਸੁਪਨੇ ਖੇਰੂੰ-ਖੇਰੂੰ ਹੋ ਜਾਂਦੇ ਹਨ।

ਜੋਗਿੰਦਰ ਦਾ ਸੁਭਾਅ ਵਿਦਰੋਹੀ ਹੈ। ਜਦੋਂ ਵੀ ਮੌਕਾ ਮਿਲਦਾ ਹੈ, ਉਹ ਆਪਣੇ ਨਾਲ ਹੋਈ ਬੇਇਨਸਾਫ਼ੀ ਦਾ ਬਦਲਾ ਲੈਂਦਾ ਹੈ। ਜਦੋਂ ਇਕ ਲਾਸ਼ ਦਾ ਪੋਸਟ ਮਾਰਟਮ ਕਰਾਉਣ ਆਏ ਕਾਮਰੇਡ, ਜੋਗਿੰਦਰ ਦੇ ਮਿਹਨਤਾਨੇ ਨੂੰ ਰਿਸ਼ਵਤ ਸਮਝ ਕੇ ਉਸ ਵਿਰੁੱਧ ਨਾਅਰੇਬਾਜ਼ੀ ਕਰਦੇ ਹਨ ਤਾਂ ਉਹ ਕਾਮਰੇਡਾਂ ਦੇ ਇਸ ਮਜ਼ਦੂਰ ਵਿਰੋਧੀ ਵਿਵਹਾਰ 'ਤੇ ਖਿਝ ਜਾਂਦਾ ਹੈ। ਆਪਣੇ ਹੁਨਰ ਦੀ ਵਰਤੋਂ

ਕਰਕੇ ਉਹ ਲਾਸ਼ ਦੀ ਸਲਾਈ ਇਸ ਢੰਗ ਨਾਲ ਕਰਦਾ ਹੈ ਕਿ ਲਾਸ਼ ਘਰ ਪਹੁੰਚਣ ਤੋਂ ਪਹਿਲਾਂ ਹੀ ਖੱਖੜੀ-ਖੱਖੜੀ ਹੋ ਜਾਂਦੀ ਹੈ। ਕਾਮਰੇਡਾਂ ਨੂੰ ਬਿਨਾ ਕੋਈ ਹੋਰ ਰਸਮ ਨਿਭਾਏ ਲਾਸ਼ ਦਾ ਸਸਕਾਰ ਕਰਨਾ ਪੈਂਦਾ ਹੈ। ਬੰਟੀ ਦੀ ਲਾਸ਼ ਦੇ ਪੋਸਟ ਮਾਰਟਮ ਲਈ ਹਸਪਤਾਲ ਆਉਣ 'ਤੇ ਜੋਗਿੰਦਰ ਨੂੰ ਲਾਲਾ ਜੀ ਤੋਂ ਬਦਲਾ ਲੈਣ ਦਾ ਮੌਕਾ ਮਿਲਦਾ ਹੈ। ਉਹ ਬੰਟੀ ਦੀ ਲਾਸ਼ ਨੂੰ, ਮਿਹਨਤਾਨਾ ਮਿਲਣ ਤਕ ਹੱਥ ਨਹੀਂ ਲਾਉਂਦਾ। ਡਾਕਟਰ ਦੀਆਂ ਹਦਾਇਤਾਂ ਦੀ ਵੀ ਪਰਵਾਹ ਨਹੀਂ ਕਰਦਾ।

ਉਹ ਰਹਿਮ ਦਿਲ ਇਨਸਾਨ ਹੈ। ਜਦੋਂ ਉਸ ਦਾ ਇਕ ਹਵਲਦਾਰ ਮਿੱਤਰ ਹਾਦਸੇ ਦਾ ਸ਼ਿਕਾਰ ਹੋ ਕੇ ਮਰ ਜਾਂਦਾ ਹੈ ਤਾਂ ਉਸ ਦੀ ਲਾਸ਼ ਦੀ ਚੀਰ-ਫਾੜ ਉਸ ਨੂੰ ਕਰਨੀ ਪੈਂਦੀ ਹੈ ਤਾਂ ਉਸ ਦੇ ਹੱਥਾਂ ਵਿਚ ਫੜੀ ਛੁਰੀ ਕੰਬਣ ਲੱਗ ਜਾਂਦੀ ਹੈ। ਉਹ ਆਪਣਾ ਮਿਹਨਤਾਨਾ ਲੈਣ ਤੋਂ ਇਨਕਾਰ ਕਰਦਾ ਹੈ। ਬੁੱਢਾ ਅਤੇ ਬੇਕਾਰ ਹੋ ਜਾਣ ਕਾਰਨ ਝੋਟਾ ਉਸ ਦੀ ਆਰਥਿਕਤਾ 'ਤੇ ਬੋਝ ਬਣ ਜਾਂਦਾ ਹੈ। ਉਹ ਮਨੁੱਖ ਨਾਲ ਕੀ, ਇਕ ਪਸ਼ੂ ਨਾਲ ਵੀ ਦਗਾ ਨਹੀਂ ਕਰਦਾ। ਤੰਗੀ-ਤੁਰਸ਼ੀ ਦੇ ਬਾਵਜੂਦ ਜੋਗਿੰਦਰ ਝੋਟੇ ਨੂੰ ਹਿੱਕ ਨਾਲ ਲਾਈ ਰੱਖਦਾ ਹੈ।

ਉਹ ਅਹਿਸਾਨ-ਫਰੋਸ਼ ਵੀ ਨਹੀਂ। ਉਸ ਦੇ ਮਨ ਦੀ ਗੱਲ ਬੁੱਝ ਕੇ ਜਦੋਂ ਬਾਬੂ ਜੀ ਉਸ ਨੂੰ ਮਿਹਨਤਾਨਾ ਦੇਣ ਦੀ ਪੇਸ਼ਕਸ਼ ਕਰਦੇ ਹਨ ਤਾਂ ਬਾਬੂ ਜੀ ਦੇ ਅਹਿਸਾਨਾਂ ਹੇਠ ਦੱਬਿਆ ਜੋਗਿੰਦਰ ਆਪਣਾ ਗ਼ੁੱਸਾ ਪੀ ਜਾਂਦਾ ਹੈ, ਵਿਦਰੋਹੀ ਹਥਿਆਰ ਸੁੱਟ ਕੇ, ਬਿਨਾ ਮਿਹਨਤਾਨਾ ਲਏ, ਬੁਝੇ ਮਨ ਨਾਲ ਆਪਣੇ ਫ਼ਰਜ਼ ਨਿਭਾਉਣ ਲੱਗਦਾ ਹੈ।

ਇਕ ਲਾਚਾਰ, ਅਤਿ ਨਿਮਨ ਦਲਿਤ ਵਰਗ ਨਾਲ ਸੰਬੰਧਿਤ ਇਕ ਅਦਨਾ ਇਨਸਾਨ ਹੋਰ ਕਰ ਵੀ ਕੀ ਸਕਦਾ ਹੈ ?

ਇਕ ਅਤਿ ਨਿਮਨ ਵਰਗ ਦੀ ਪ੍ਰਤੀਨਿਧਤਾ ਕਰਦੇ ਅਜਿਹੇ ਪਾਤਰ ਬਾਰੇ ਕਦੇ ਕੋਈ ਗੱਲ ਨਹੀਂ ਹੋਈ।

*ਕਾਂਤਾ*—ਹੁਣ ਗੱਲ ਕਰਦੇ ਹਾਂ ਸਮਾਜ ਦੇ ਇਕ ਹੋਰ ਦਲਿਤ (ਨਾਰੀ) ਵਰਗ ਦੀ ਪ੍ਰਤੀਨਿਧਤਾ ਕਰਦੀ **ਤਫ਼ਤੀਸ਼** ਨਾਵਲ ਦੀ ਪਾਤਰ (ਕਾਂਡ 22) ਕਾਂਤਾ ਦੀ। ਕਾਂਤਾ ਮੁੱਢਲੀ ਸਿੱਖਿਆ ਪ੍ਰਾਪਤ, ਇਕ ਸਧਾਰਨ ਪਰਿਵਾਰ ਨਾਲ ਸੰਬੰਧਿਤ ਅਤੇ ਛੋਟੇ ਜਿਹੇ ਸ਼ਹਿਰ ਵਿਚ ਰਹਿਣ ਵਾਲੀ ਆਮ ਔਰਤ ਹੈ। ਇਸ ਸਭ ਦੇ ਬਾਵਜੂਦ ਉਸ ਨੂੰ 'ਆਪਣੇ ਲਤਾੜੇ ਜਾਣ ਲਈ ਪੈਦਾ ਹੋਣ' ਵਾਲੀ ਸਥਿਤੀ ਦੀ ਜਾਣਕਾਰੀ ਹੈ। ਉਸ ਦੀ ਸੋਚ ਰੂੜੀਵਾਦੀ ਨਹੀਂ। ਉਹ ਕੁੜੀਆਂ ਮੁੰਡਿਆਂ ਵਿਚ ਫ਼ਰਕ ਨਹੀਂ ਸਮਝਦੀ। ਮੁੰਡਾ ਪੈਦਾ ਕਰਨ ਦੀ ਉਸ ਦੀ ਕੋਈ ਰੀਝ ਨਹੀਂ। ਇਹ ਕਮੀ ਉਹ ਘਰ-ਜਵਾਈ ਰੱਖ ਕੇ ਪੂਰਾ ਕਰਨਾ ਚਾਹੁੰਦੀ ਹੈ। ਉਹ 'ਮਰਿਆਂ ਨਾਲ ਮੋਹ' ਰੱਖ ਕੇ ਇਕ ਵਿਧਵਾ ਦੇ ਰੂਪ ਵਿਚ ਆਪਣੀ ਜ਼ਿੰਦਗੀ ਨੂੰ ਨਰਕ

ਵੀ ਨਹੀਂ ਬਣਾਉਣਾ ਚਾਹੁੰਦੀ। ਉਹ ਦੂਸਰਾ ਵਿਆਹ ਕਰਵਾਉਣ ਦੇ ਹੱਕ ਵਿਚ ਹੈ। ਮੁੰਡੇ ਦੀ ਪ੍ਰਾਪਤੀ ਲਈ ਸੈਕਸ ਟੈਸਟ ਕਰਾਉਣ ਅਤੇ ਕੁੜੀ ਦੇ ਭਰੂਣ ਦੀ ਹੱਤਿਆ ਦੇ ਖ਼ਿਲਾਫ਼ ਹੈ। ਪਰ ਬੇਲੋੜੇ ਬੱਚੇ ਤੋਂ ਨਜਾਤ ਪਾਉਣ ਲਈ ਉਹ ਗਰਭਪਾਤ ਕਰਾਉਣ ਲਈ ਤਿਆਰ ਹੈ।

ਕਾਂਤਾ ਵਰਤਮਾਨ ਰਾਜਨੀਤਕ ਸਥਿਤੀ ਬਾਰੇ ਸੁਚੇਤ ਹੈ। ਚਾਰੇ ਪਾਸੇ ਫੈਲੀ ਅਰਾਜਕਤਾ ਲਈ ਉਹ ਵਰਤਮਾਨ ਸੱਤਾ ਨੂੰ ਜ਼ਿੰਮੇਵਾਰ ਸਮਝਦੀ ਹੈ। ਆਪਣੇ ਬੱਚੇ ਦਾ ਕਾਤਲ ਪ੍ਰਾਂਤ ਦੇ ਮੁੱਖ ਮੰਤਰੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਠਹਿਰਾਉਂਦੀ ਹੈ।

ਕਾਂਤਾ ਅਣਖੀਲੀ ਔਰਤ ਹੈ। ਉਹ ਆਪਣੇ ਬੱਚੇ ਦੀ ਮੌਤ ਦਾ ਮੁੱਲ ਨਹੀਂ ਵੱਟਣਾ ਚਾਹੁੰਦੀ। ਮੁੱਖ ਮੰਤਰੀ ਵੱਲੋਂ ਮਿਲਣ ਵਾਲੀ ਚੌਖੀ ਆਰਥਿਕ ਸਹਾਇਤਾ ਨੂੰ ਉਹ ਠੁਕਰਾ ਦਿੰਦੀ ਹੈ। ਦੂਜੇ ਪਾਸੇ ਉਹ ਮਿਹਨਤ ਕਰਕੇ ਢਿੱਡ ਭਰਨ ਨੂੰ ਤਰਜੀਹ ਦੇਣ ਵਾਲੀ ਹੈ। ਜਦੋਂ ਮੁੱਖ ਮੰਤਰੀ ਵੱਲੋਂ ਉਸ ਨੂੰ ਨੌਕਰੀ ਦੀ ਪੇਸ਼ਕਸ਼ ਹੁੰਦੀ ਹੈ ਤਾਂ ਉਹ ਇਨਕਾਰ ਨਹੀਂ ਕਰਦੀ।

ਆਪਣੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਕਾਰਵਾਈਆਂ ਵਿਰੁੱਧ ਰੋਸ ਪ੍ਰਗਟਾਉਣ ਦੀ ਉਹ ਜ਼ੁਰੱਅਤ ਰੱਖਦੀ ਹੈ। ਦੁੱਖ ਪ੍ਰਗਟ ਕਰਨ ਲਈ ਉਸ ਦੇ ਘਰ ਆ ਰਹੇ ਮੁੱਖ ਮੰਤਰੀ ਦੇ ਸਵਾਗਤ ਲਈ ਚਾਹ ਅਤੇ ਬਰਫ਼ੀ ਆਦਿ ਦੇ ਪ੍ਰਬੰਧ 'ਤੇ ਉਹ ਚਿੜ੍ਹਦੀ ਹੈ। ਰੋਸ ਵਜੋਂ ਉਹ ਖੇਸ ਤਾਣ ਕੇ ਪੈ ਜਾਂਦੀ ਹੈ। ਵਾਰ-ਵਾਰ ਕਹੇ ਜਾਣ ਦੇ ਬਾਵਜੂਦ ਕਾਂਤਾ ਨਾ ਆਪਣੇ ਵਾਲਾਂ ਨੂੰ ਕੰਘੀ ਕਰਦੀ ਹੈ ਅਤੇ ਨਾ ਹੀ ਕੱਪੜੇ ਬਦਲਦੀ ਹੈ। ਮਨ੍ਹਾ ਕਰੇ ਜਾਣ ਦੇ ਬਾਵਜੂਦ ਜਦੋਂ ਬਿਸਕੁਟ ਘਰ ਵਿਚ ਲਿਆਂਦੇ ਜਾਂਦੇ ਹਨ ਤਾਂ ਉਸ ਦਾ ਵਿਦਰੋਹ ਪ੍ਰਚੰਡ ਰੂਪ ਧਾਰਨ ਕਰਦਾ ਹੈ। ਵਿਦਰੋਹ ਨਾ ਚਾਹੁੰਦੇ ਹੋਏ ਵੀ ਆਪਣੀਆਂ ਲਾਡਲੀਆਂ ਧੀਆਂ ਦੇ ਹੱਥੋਂ ਬਿਸਕੁਟ ਖੋਹ ਕੇ ਉਹ ਨਾਲੀ ਵਿਚ ਸੁੱਟ ਦਿੰਦੀ ਹੈ।

ਉਹ ਸਿਆਣੀ ਵੀ ਹੈ। ਸਥਿਤੀਆਂ ਅਨੁਸਾਰ ਢਲ ਜਾਣਾ ਜਾਣਦੀ ਹੈ। ਪਰਿਵਾਰ ਵਿਚ ਤ੍ਰੇੜ ਨਾ ਪਵੇ, ਇਸ ਲਈ ਨਾ ਚਾਹੁੰਦੇ ਹੋਏ ਵੀ ਸੈਕਸ ਟੈਸਟ ਕਰਵਾਉਂਦੀ ਅਤੇ ਸਹੁਰੇ ਦੇ ਕਹਿਣ 'ਤੇ ਮੁੱਖ ਮੰਤਰੀ ਨੂੰ ਮਿਲਣ ਨੂੰ ਆ ਜਾਂਦੀ ਹੈ।

ਨਾਰੀ ਚੇਤਨਾ ਦੀ ਪ੍ਰਤੀਕ ਇਸ ਪਾਤਰ ਬਾਰੇ ਵੀ ਗੱਲ ਹੋਣੀ ਬਾਕੀ ਹੈ।

? *ਕਰੀਬ 900 ਪੰਨਿਆਂ 'ਤੇ ਫ਼ੈਲੇ ਤਿੰਨ ਨਾਵਲ (**ਤਫ਼ਤੀਸ਼**, **ਕਟਹਿਰਾ**, **ਸੁਧਾਰ ਘਰ**) ਪਾਲੇ ਅਤੇ ਮੀਤੇ ਨਾਲ ਹੋਈ ਬੇਇਨਸਾਫ਼ੀ ਵਿਰੁੱਧ ਲੋਕਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੁਆਲੇ ਘੁੰਮਦੇ ਹਨ। ਸੰਘਰਸ਼ ਸੰਮਤੀ ਦੀ ਸੋਚ ਦਾ ਇਨ੍ਹਾਂ ਨੂੰ ਜਾਗ ਕਿਉਂ ਨਹੀਂ ਲੱਗਦਾ? ਇਨ੍ਹਾਂ ਵਿਚੋਂ ਕੋਈ ਵੀ ਇਨਕਲਾਬੀ ਕਿਉਂ ਨਹੀਂ ਬਣਦਾ?*

• ਇਹ ਦੋਵੇਂ ਪਾਤਰ ਸਮਾਜ ਦੇ ਪਰੋਲੋਤਾਰੀ ਵਰਗ ਨਾਲ ਸੰਬੰਧ ਰੱਖਦੇ ਹਨ। ਪੜ੍ਹਾਈ-ਲਿਖਾਈ ਦੇ ਨੇੜੇ ਨਹੀਂ ਢੁੱਕੇ। ਆਲੇ-ਦੁਆਲੇ ਕੀ ਵਾਪਰ ਰਿਹਾ ਹੈ, ਉਨ੍ਹਾਂ ਨੂੰ ਕੁਝ ਨਹੀਂ ਪਤਾ। ਰੇਹੜਾ ਵਾਹੁੰਦਿਆਂ ਅਤੇ ਆੜਤੀਏ ਦੀ ਦੁਕਾਨ 'ਤੇ ਝਾੜੂ ਲਾਉਂਦਿਆਂ ਉਨ੍ਹਾਂ ਨੂੰ ਪੁਲਿਸ ਚੁੱਕ ਲੈਂਦੀ ਹੈ। ਫਿਰ ਜੇਲ੍ਹ ਵਿਚ ਡੱਕ ਦਿੰਦੀ ਹੈ। ਜੇਲ੍ਹ ਦੇ ਬਾਹਰ ਕੀ ਹੋ ਰਿਹਾ ਹੈ, ਉਨ੍ਹਾਂ ਨੂੰ ਪਤਾ ਨਹੀਂ ਚੱਲਦਾ। ਅਜਿਹੀ ਸੂਝ ਅਤੇ ਸਮਝ ਵਾਲੇ ਪਾਤਰਾਂ ਤੋਂ ਭਗਤ ਸਿੰਘ ਬਣ ਜਾਣ ਦੀ ਆਸ ਰੱਖਣਾ ਬੇਸਮਝੀ ਹੈ।

ਇਸ ਦਾ ਇਹ ਮਤਲਬ ਨਹੀਂ ਕਿ ਸੰਘਰਸ਼ ਸੰਮਤੀ ਦੀ ਵਿਚਾਰਧਾਰਾ ਦਾ ਉਨ੍ਹਾਂ 'ਤੇ ਉੱਕਾ ਹੀ ਰੰਗ ਨਹੀਂ ਚੜ੍ਹਿਆ। ਉਹ ਸੰਮਤੀ ਦੇ ਸਿਧਾਂਤਾਂ ਨੂੰ ਸੁਭਾਵਕ ਰੂਪ ਵਿਚ ਆਪਣੀ ਜ਼ਿੰਦਗੀ ਵਿਚ ਢਾਲਦੇ ਹਨ। ਦੋਹਾਂ ਵਿਚੋਂ, ਘਾਟ-ਘਾਟ ਦਾ ਪਾਣੀ ਪੀਤੇ ਹੋਣ ਕਾਰਨ, ਮੀਤਾ ਜ਼ਿਆਦਾ ਚੇਤਨ ਹੈ। ਹਵਾਲੇ ਲਈ ਉਸ ਦੀ ਸੋਚ ਅਤੇ ਵਿਵਹਾਰ ਦੀਆਂ ਦੋ ਉਦਾਹਰਣਾਂ ਦਿੰਦਾ ਹਾਂ।

ਸਿੰਘਾਂ ਵਾਲੀ ਬੈਰਕ ਵਿਚ ਰਹਿੰਦੇ ਸਮੇਂ ਉਸ ਨੂੰ ਸਿੰਘ ਸਜਣ, ਹੱਥ ਵਿਚ ਸਟੇਨ ਗੰਨ ਫੜਨ ਅਤੇ ਪੱਟੀ ਜਾ ਰਹੀ ਸੁਰੰਗ ਰਾਹੀਂ ਜੇਲ੍ਹੋਂ ਭੱਜਣ ਦਾ ਜਦੋਂ ਮੌਕਾ ਮਿਲਦਾ ਹੈ ਤਾਂ ਉਹ ਸਿੰਘਾਂ ਦੇ 'ਤੱਤੇਪਣ' ਦੀ ਥਾਂ ਸੰਮਤੀ ਵਾਲੇ 'ਠਰ੍ਹੰਮੇ' ਅਤੇ 'ਲੋਕ ਰਾਏ ਬਣਾ ਕੇ ਸੱਤਾ ਪ੍ਰਾਪਤ ਕਰਨਾ' ਵਾਲੇ ਰਾਹ ਨੂੰ ਪਹਿਲ ਦਿੰਦਾ ਹੈ। ਜੇਲ੍ਹ ਅਧਿਕਾਰੀਆਂ ਦੀ ਨਰਾਜ਼ਗੀ ਦਾ ਸ਼ਿਕਾਰ ਹੋ ਕੇ, ਮੁਸ਼ੱਕਤ ਲਈ ਜਦੋਂ ਹਾਕਮ ਆਰੇ ਤੇ ਆਉਂਦਾ ਹੈ ਤਾਂ ਪੰਜਾ ਇੰਚਾਰਜ ਬਣਿਆ ਮੀਤਾ ਉਸ ਨੂੰ ਪਹਿਚਾਣ ਲੈਂਦਾ ਹੈ। ਹਾਕਮ ਕੋਲੋਂ ਉਸ ਨੇ ਕਦੀ ਕੋਈ ਨਿੱਜੀ ਫ਼ਾਇਦਾ ਤਾਂ ਨਹੀਂ ਉਠਾਇਆ ਪਰ ਉਸ ਨੂੰ ਹਾਕਮ ਵੱਲੋਂ ਗ਼ਰੀਬ ਕੈਦੀਆਂ ਦੀ ਕੀਤੀ ਜਾਂਦੀ ਮਦਦ ਦਾ ਪਤਾ ਹੈ। ਆਪਣੇ ਵਰਗਿਆਂ 'ਤੇ ਹੋਏ ਅਹਿਸਾਨਾਂ ਦਾ ਬਦਲਾ ਚੁਕਾਉਣ ਲਈ ਮੀਤਾ ਜੋਖ਼ਮ ਉਠਾ ਕੇ ਹਾਕਮ ਦੀ ਮਦਦ ਕਰਦਾ ਹੈ। ਉਸ ਦੀ ਇਹ ਸੋਚ ਅਤੇ ਵਿਵਹਾਰ ਕੀ ਪ੍ਰਗਤੀਵਾਦੀ ਨਹੀਂ ?

? *ਤੁਹਾਡੇ ਨਾਵਲਾਂ ਵਿਚ ਦਲਿਤ ਪਾਤਰਾਂ ਦੀ ਗਿਣਤੀ ਕਾਫ਼ੀ ਹੈ। ਕੀ ਇਹ ਸੁਭਾਵਿਕ ਹੀ ਹੋ ਗਿਆ ਹੈ ਜਾਂ ਦਲਿਤ ਸਰੋਕਾਰਾਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਘੋਖਣ ਲਈ ਇੰਜ ਜਾਣ-ਬੁੱਝ ਕੇ ਕੀਤਾ ਹੈ ?*

• ਮੇਰੇ ਨਾਵਲ ਜੁਰਮ ਵਿਗਿਆਨ 'ਤੇ ਆਧਾਰਿਤ ਹਨ। ਆਰਥਿਕ ਪਿਛੜੇਵੇਂ ਅਤੇ ਸਮਾਜ ਵੱਲੋਂ ਛੇਕੇ ਜਾਣ ਕਾਰਨ, ਅਤਿ ਨਿਮਨ ਵਰਗ ਦੇ ਕੁਝ ਲੋਕਾਂ ਨੂੰ ਹਾਲੇ ਵੀ ਆਪਣੇ ਢਿੱਡ ਭਰਨ ਲਈ ਛੋਟੇ-ਮੋਟੇ ਜੁਰਮ ਕਰਨੇ ਪੈਂਦੇ ਹਨ। ਉਨ੍ਹਾਂ ਨੂੰ ਪੁਲਿਸ ਦੀਆਂ ਵਧੀਕੀਆਂ ਅਤੇ ਅੱਤਿਆਚਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜੁਰਮ ਕੋਈ ਵੀ ਕਰੇ, ਫੜ-ਫੜਾਈ, ਕੁਟਾਪਾ ਅਤੇ ਝੂਠੇ ਮੁਕੱਦਮੇ ਝੁੱਗੀਆਂ ਝੌਂਪੜੀਆਂ ਵਿਚ ਰਹਿਣ ਵਾਲਿਆਂ ਉੱਪਰ ਹੀ ਬਣਦੇ ਹਨ। ਇਸ ਕਾਰਨ

ਸਾਧਨ-ਹੀਣ ਪਾਤਰਾਂ ਦਾ ਵੱਡੀ ਗਿਣਤੀ ਵਿਚ ਨਾਵਲਾਂ ਵਿਚ ਪ੍ਰਵੇਸ਼ ਕਰਨਾ ਸੁਭਾਵਿਕ ਹੈ। ਅਜਿਹੇ ਸਾਰੇ ਪਾਤਰ ਕੇਵਲ ਦਲਿਤ ਨਹੀਂ, ਹੋਰ ਜਾਤਾਂ ਜਮਾਤਾਂ ਨਾਲ ਵੀ ਸੰਬੰਧਤ ਹਨ।

ਦਲਿਤ ਸਮਾਜ ਵਿਚ ਘੱਟ ਰਹੇ ਕੁਝ ਅਸੁਖਾਵੇਂ ਵਰਤਾਰਿਆਂ ਵੱਲ ਉਂਗਲ ਕਰਨ ਲਈ ਕੁਝ ਪਾਤਰ ਮੈਂ ਵਿਸ਼ੇਸ਼ ਤੌਰ 'ਤੇ ਵੀ ਚੁਣੇ ਹਨ।

**ਸੁਧਾਰ ਘਰ** ਨਾਵਲ (ਕਾਂਡ 42) ਦਾ ਪਾਤਰ, ਸਹਾਇਕ ਦਰੋਗਾ ਸੰਤੋਖ ਆਪਣੇ ਪੁਰਖਿਆਂ 'ਤੇ ਹੋਏ ਅੱਤਿਆਚਾਰਾਂ ਦਾ ਬਦਲਾ ਲੈਣ ਲਈ, ਜ਼ਨਾਨਾ ਵਾਰਡ ਵਿਚ ਬੰਦ ਅਸਹਾਏ ਕੈਦਣਾਂ ਨਾਲ ਨਜਾਇਜ਼ ਸੰਬੰਧ ਸਥਾਪਿਤ ਕਰਨ ਵਿਚ ਵਡੱਪਣ ਅਤੇ ਸਕੂਨ ਮਹਿਸੂਸ ਕਰਦਾ ਹੈ। ਦਲਿਤ ਵਰਗ ਦੇ ਉੱਚ ਜਾਤੀ ਵਰਗੀਆਂ ਤਾਕਤਾਂ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਵੱਲੋਂ ਜਾਤੀਵਾਦ ਦਾ ਸ਼ਿਕਾਰ ਹੋ ਕੇ ਸਮਾਜ ਦੀਆਂ ਅਖੌਤੀ ਉੱਚੀਆਂ ਜਾਤੀਆਂ ਵਿਚ ਪੈਦਾ ਹੋਏ ਵਿਅਕਤੀਆਂ ਨਾਲ, ਜੋ ਅਸੁਖਾਵੀਆਂ ਪਰਿਸਥਿਤੀਆਂ ਦਾ ਸ਼ਿਕਾਰ ਹੋ ਕੇ ਦਲਿਤਾਂ ਨਾਲੋਂ ਵੀ ਭੈੜੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ, ਅੱਤਿਆਚਾਰ ਕਰਨਾ ਕੀ ਜਾਇਜ਼ ਹੈ ? ਇਸ ਤਰ੍ਹਾਂ ਕੀ ਇਤਿਹਾਸ ਨੂੰ ਪੁੱਠਾ ਗੇੜਾ ਨਹੀਂ ਆ ਰਿਹਾ ?

ਇਸੇ ਨਾਵਲ ਦੇ (ਕਾਂਡ 35) ਦੀ ਪਾਤਰ ਪ੍ਰੀਤੀ ਦਾ ਐੱਸ.ਡੀ.ਐੱਮ. ਬਾਪ, ਪ੍ਰੀਤੀ ਦੇ ਪ੍ਰੇਮੀ ਸੀਤਲ ਸਿੰਘ ਨਾਲੋਂ 26 ਸਾਲ ਪਹਿਲਾਂ ਪੈਦਾ ਹੋਣ ਕਾਰਨ, ਰਾਖਵੇਂਕਰਨ ਦਾ ਲਾਭ ਉਠਾ ਕੇ, ਸਰਕਾਰੀ ਉੱਚੀ ਪਦਵੀ ਪ੍ਰਾਪਤ ਕਰਕੇ, ਆਪਣੇ ਪਿਛੋਕੜ ਨੂੰ ਭੁੱਲੀ ਬੈਠਾ ਹੈ। ਉਸ ਨੂੰ ਆਪਣੀ ਧੀ ਦੀ, ਆਪਣੀ ਹੀ ਬਿਰਾਦਰੀ ਦੇ, ਆਪਣੇ ਤੋਂ ਵੱਧ ਲਾਇਕ ਮੁੰਡੇ ਦੀ ਚੋਣ ਕੇਵਲ ਇਸ ਲਈ ਮਨਜ਼ੂਰ ਨਹੀਂ ਕਿਉਂਕਿ ਉਹ ਵਿਹੜੇ ਵਿਚ ਰਹਿੰਦਾ ਹੈ ਅਤੇ ਅਜੋਕੇ ਸਮੇਂ ਵਿਚ ਰਾਖਵੇਂਕਰਨ ਦਾ ਲਾਭ ਉਠਾ ਕੇ ਉਸ ਦਾ ਤਰੱਕੀ ਕਰਨਾ ਯਕੀਨੀ ਨਹੀਂ। ਐੱਸ.ਡੀ.ਐੱਮ. ਆਪਣੀ ਧੀ ਨੂੰ ਵਿਹੜੇ ਦੀ ਥਾਂ ਆਪਣੇ ਵਰਗੇ ਕਿਸੇ ਅਧਿਕਾਰੀ ਦੇ ਬੰਗਲੇ ਭੇਜਣਾ ਚਾਹੁੰਦਾ ਹੈ। ਦਲਿਤ ਸਮਾਜ ਵਿਚ ਪੁੰਗਰਨੀ ਸ਼ੁਰੂ ਹੋਈ ਇਹ ਸ਼੍ਰੇਣੀ ਵੰਡ ਕੀ ਸਮੁੱਚੇ ਦਲਿਤ ਸਮਾਜ ਦੇ ਵਿਕਾਸ ਵਿਚ ਰੋੜਾ ਨਹੀਂ ਬਣ ਰਹੀ ?

? *ਤੁਹਾਡੇ ਵਿਚਾਰ ਅਨੁਸਾਰ ਤੁਹਾਡੇ ਨਾਵਲਾਂ ਦੇ ਕਿਹੜੇ-ਕਿਹੜੇ ਪੱਖ 'ਤੇ ਖੋਜ ਹੋ ਸਕਦੀ ਹੈ ?*

- ਵਰਤਮਾਨ ਸਮਾਜਕ, ਧਾਰਮਿਕ ਅਤੇ ਰਾਜਨੀਤਕ ਸਥਿਤੀ ਨੂੰ ਮੈਂ ਦੂਰਬੀਨੀ ਦ੍ਰਿਸ਼ਟੀ ਨਾਲ ਘੋਖਿਆ ਅਤੇ ਆਲੋਚਨਾਤਮਕ ਟਿੱਪਣੀ ਨਾਲ ਚਿਤਰਿਆ ਹੈ। ਨਿਆਂ-ਪ੍ਰਬੰਧ, ਪੁਲਿਸ ਤੰਤਰ, ਜੇਲ੍ਹ-ਪ੍ਰਬੰਧ, ਜੁਰਮ-ਵਿਗਿਆਨ, ਪੀੜਤ ਵਿਗਿਆਨ, ਪੈਸੇ ਦੇ ਪ੍ਰਭਾਵ ਹੇਠ ਟੁੱਟ ਰਹੇ ਸਮਾਜਕ ਰਿਸ਼ਤੇ, ਲੋਕ ਸੰਘਰਸ਼ਾਂ ਦੇ

ਕਿਰਦਾਰਾਂ, ਨਾਰੀ ਅਤੇ ਦਲਿਤ ਸਰੋਕਾਰਾਂ ਆਦਿ ਅਨੇਕਾਂ ਵਿਸ਼ਿਆਂ ਨੂੰ ਆਪਣੇ ਨਾਵਲਾਂ ਵਿਚ ਛੋਹਿਆ ਹੈ। ਹਰ ਵਿਸ਼ੇ ਉੱਪਰ ਭਰਪੂਰ ਖੋਜ ਹੋ ਸਕਦੀ ਹੈ।

ਜੁਰਮ ਵਿਗਿਆਨ, ਸਮਾਜ ਸ਼ਾਸਤਰ ਦਾ ਇਕ ਮਹੱਤਵਪੂਰਨ ਅੰਗ ਹੈ। ਇਨ੍ਹਾਂ ਨਾਵਲਾਂ ਰਾਹੀਂ, ਇਸ ਇਕੱਲੇ ਵਿਸ਼ੇ ਉੱਪਰ ਗਹਿਰ ਗੰਭੀਰ ਖੋਜ ਹੋ ਸਕਦੀ ਹੈ। ਕਿਵੇਂ ? ਮੈਂ ਸਪੱਸ਼ਟ ਕਰਦਾ ਹਾਂ।

ਇਕ ਮਿੱਥ ਅਨੁਸਾਰ ਇਸ ਸ੍ਰਿਸ਼ਟੀ ਦਾ ਮੁੱਢ ਆਦਮ ਅਤੇ ਈਵ ਵੱਲੋਂ ਵਰਜਿਤ ਫਲਾਂ ਨੂੰ ਤੋੜ ਲੈਣ (ਭਾਵ ਕਾਨੂੰਨ ਦੀ ਉਲੰਘਣਾ ਕਰਨ) ਕਾਰਨ ਸਜ਼ਾ ਦੇ ਤੌਰ 'ਤੇ ਉਨ੍ਹਾਂ ਨੂੰ ਧਰਤੀ ਉੱਪਰ ਸੁੱਟ ਦੇਣ ਨਾਲ ਹੋਇਆ ਹੈ। ਭਾਵ ਇਹ ਹੈ ਕਿ ਰਾਜਨੀਤਕ ਵਿਵਸਥਾ ਚਾਹੇ, ਜਿਸ ਤਰ੍ਹਾਂ ਦੀ ਮਰਜ਼ੀ ਹੋਵੇ (ਰਾਮਰਾਜ, ਪੂੰਜੀਵਾਦੀ, ਸਮਾਜਵਾਦੀ, ਭੂਪਵਾਦੀ ਆਦਿ) ਜੁਰਮ (ਘੱਟ ਜਾਂ ਵੱਧ) ਹੁੰਦੇ ਹੀ ਰਹਿਣਗੇ। ਹਰ ਰਾਜ ਵਿਵਸਥਾ ਨੂੰ ਜੁਰਮਾਂ ਨੂੰ ਪ੍ਰਭਾਸ਼ਿਤ ਕਰਨ, ਮੁਲਜ਼ਮਾਂ ਨੂੰ ਫੜਨ ਅਤੇ ਸਜ਼ਾ ਦੇਣ ਵਾਲੀਆਂ ਸੰਸਥਾਵਾਂ ਸਥਾਪਿਤ ਕਰਨੀਆਂ ਹੀ ਪੈਣਗੀਆਂ। ਅਪਰਾਧ ਵਿਗਿਆਨੀਆਂ ਅਨੁਸਾਰ ਇਕ ਪਾਸੇ ਜੁਰਮ ਦੀ ਜੜ੍ਹ ਆਰਥਿਕ ਅਤੇ ਸਮਾਜਕ ਅਸੰਤੁਲਨ, ਦੂਜੇ ਪਾਸੇ ਵਿਅਕਤੀ ਦੀ ਵਿਗੜੀ ਮਾਨਸਿਕਤਾ ਅਤੇ ਤੀਜੇ ਪਾਸੇ ਕਾਮੁਕ ਅਤ੍ਰਿਪਤੀ ਵਿਚ ਹੈ। ਇਹ ਵਿਗਿਆਨੀ ਇਹ ਵੀ ਕਹਿੰਦੇ ਹਨ ਕਿ ਸਮਾਜ ਦੇ ਵੱਖ-ਵੱਖ ਵਰਗ, ਜਾਤਾਂ ਅਤੇ ਜਮਾਤਾਂ ਵੱਖ-ਵੱਖ ਕਿਸਮ ਦੇ ਜੁਰਮ ਕਰਦੇ ਹਨ।

ਜੁਰਮ ਵਿਗਿਆਨੀਆਂ ਦੇ ਇਨ੍ਹਾਂ ਵਿਚਾਰਾਂ ਅਤੇ ਸਿਧਾਂਤਾਂ ਨੂੰ, ਤੱਥਾਂ ਦੀ ਕਸਵੱਟੀ 'ਤੇ ਪਰਖਣ ਬਾਅਦ ਮੈਂ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। ਹਵਾਲੇ ਲਈ **ਤਫ਼ਤੀਸ਼** ਨਾਵਲ ਦੇ ਤਲਾਸ਼ੀਆਂ ਵਾਲੇ ਤਿੰਨ ਕਾਂਡਾਂ (10, 11 ਅਤੇ 13) ਦੀ ਗੱਲ ਕਰਦੇ ਹਾਂ। ਮਾਡਲ ਟਾਊਨਾਂ (ਕਾਂਡ 10) ਵਿਚ ਰਹਿਣ ਵਾਲੇ ਉੱਚ ਮੱਧਵਰਗੀ ਲੋਕ ਰਿਸ਼ਵਤਾਂ ਲੈਣ, ਸਰਕਾਰੀ ਮਾਲ ਹੜੱਪਣ, ਬੀਮੇ ਆਦਿ ਦੇ ਝੂਠੇ ਕਲੇਮ ਲੈਣ, ਲਾਇਸੰਸ-ਕੋਟੇ ਦਵਾ ਕੇ, ਸਰਕਾਰੀ ਮੁਲਾਜ਼ਮਾਂ ਦੀਆਂ ਭਰਤੀਆਂ, ਬਦਲੀਆਂ ਕਰਵਾ ਕੇ ਦਲਾਲੀ ਲੈਣ ਵਰਗੇ ਆਰਥਿਕ ਅਪਰਾਧ ਕਰਦੇ ਹਨ। ਅਗਵਾੜਾਂ (ਕਾਂਡ 11) ਵਿਚ ਰਹਿਣ ਵਾਲੀ ਨਿਮਨ ਕਿਰਸਾਨੀ ਦੇ ਜੁਰਮ ਜ਼ਮੀਨ ਅਤੇ ਜੋਰੂ ਨਾਲ ਜੁੜੇ ਹੁੰਦੇ ਹਨ। ਜ਼ਮੀਨ ਹਥਿਆਉਣ ਜਾਂ ਖੁੱਸਦੀ ਜ਼ਮੀਨ ਨੂੰ ਬਚਾਉਣ ਲਈ ਉਹ ਨਜਾਇਜ਼ ਹਥਿਆਰ ਰੱਖਣ, ਜਾਅਲੀ ਦਸਤਾਵੇਜ਼ ਤਿਆਰ ਕਰਨ, ਲੋੜ ਪੈਣ 'ਤੇ ਵਿਰੋਧੀ ਧਿਰ ਦੇ ਸਿਰ ਪਾੜਨ ਤੋਂ ਲੈ ਕੇ ਕਤਲ ਕਰਨ ਤਕ ਦੇ ਅਪਰਾਧ ਕਰਦੇ ਹਨ। ਹੱਡ ਭੰਨਵੀਂ ਮਿਹਨਤ ਕਰਨ ਲਈ ਭੁੱਕੀ, ਅਫ਼ੀਮ ਤਕ ਖਾਂਦੇ ਹਨ। ਸਰਦੇ-ਪੁੱਜਦੇ ਘਰ ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਕਰਦੇ ਹਨ। ਸਸਤੇ ਮਨੋਰੰਜਨ ਲਈ ਘਰੇ ਸ਼ਰਾਬ ਕੱਢਦੇ ਹਨ। ਗੁਰਬਤ ਕਾਰਨ ਦੂਰ-ਦੁਰਾਡੇ ਨੌਕਰੀ ਕਰਨ ਗਏ

ਗੁਆਂਢੀਆਂ-ਰਿਸ਼ਤੇਦਾਰਾਂ ਦੀਆਂ ਜਵਾਨ ਬੀਵੀਆਂ ਨਾਲ ਨਜਾਇਜ਼ ਸੰਬੰਧ ਕਾਇਮ ਕਰਨ ਅਤੇ ਉਨ੍ਹਾਂ ਨੂੰ ਵਰਗਲਾ ਕੇ ਲੈ ਜਾਣ ਦੇ ਜੁਰਮ ਕਰਦੇ ਹਨ। ਸਾਂਸੀਆਂ ਦੇ ਵਿਹੜੇ (ਕਾਂਡ 13) ਰਹਿੰਦੇ ਅਖੌਤੀ ਜਰਾਇਮ ਪੇਸ਼ਾ ਕਬੀਲੇ ਦੇ, ਸਮਾਜ ਤੋਂ ਛੇਕੇ, ਪਰੋਲੋਤਾਰੀ ਵੱਡੇ ਸਮਗਲਰਾਂ ਦੇ ਕੈਰੀਅਰ ਬਨਣ, ਜੇਬਾਂ ਕੱਟਣ, ਚੇਨੀਆਂ ਝਪਟਣ ਅਤੇ ਚੋਰੀਆਂ ਕਰਨ ਦੇ ਛੋਟੇ-ਛੋਟੇ ਜੁਰਮ ਕਰਦੇ ਹਨ ਕਿਉਂਕਿ ਆਪਣੇ ਚੁੱਲ੍ਹਿਆਂ ਨੂੰ ਮਘਦੇ ਰੱਖਣ ਲਈ ਉਨ੍ਹਾਂ ਨੂੰ ਹੋਰ ਸਾਧਨ ਉਪਲਬਧ ਨਹੀਂ ਹਨ।

ਹੋਰ ਜਾਣਕਾਰੀ ਪ੍ਰਾਪਤ ਕਰਨ ਲਈ **ਸੁਧਾਰ ਘਰ** ਨਾਵਲ ਦੀ ਜੇਲ੍ਹ ਦੀਆਂ ਵਿਸ਼ੇਸ਼ ਨਾਵਾਂ ਵਾਲੀਆਂ ਬੈਰਕਾਂ, ਜਿਵੇਂ ਕਿ ਬਾਦਸ਼ਾਹਾਂ ਦੀ ਬੈਰਕ (ਕਾਂਡ 9), ਸਿੰਘਾਂ ਵਾਲੀ ਬੈਰਕ (ਕਾਂਡ 11), ਕੋਠੀ (ਕਾਂਡ 12), ਪੰਛੀਆਂ ਵਾਲੀ ਬੈਰਕ (ਕਾਂਡ 21), ਮਾੜੇ ਤੀੜਿਆਂ ਦੀ ਬੈਰਕ (ਕਾਂਡ 28), ਨੰਗਾਂ ਦੀ ਬੈਰਕ (ਕਾਂਡ 29), ਹਸਪਤਾਲ (ਕਾਂਡ 10), ਜ਼ਨਾਨਾ ਵਾਰਡ (ਕਾਂਡ 30) ਨੂੰ ਘੋਖਿਆ ਜਾ ਸਕਦਾ ਹੈ।

ਮੁਲਜ਼ਮਾਂ ਨਾਲ ਨਜਿੱਠਣ ਲਈ ਅਸੀਂ ਜਿਹੜੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਹਨ, ਉਹ ਕਿੰਨੀਆਂ ਕੁ ਸਾਰਥਕ ਹਨ ? ਸਾਡਾ ਸਮਾਜਕ ਢਾਂਚਾ ਅਤੇ ਰਾਜਨੀਤਕ ਵਿਵਸਥਾ ਜੁਰਮ ਦੀਆਂ ਜੜ੍ਹਾਂ ਵਿਚ ਤੇਲ ਪਾ ਰਹੀ ਹੈ ਜਾਂ ਪਾਣੀ ? ਪਿਛਲੇ ਸਮੇਂ ਵਿਚ ਜੁਰਮ ਕਰਨ ਦੀ ਰਫ਼ਤਾਰ ਕਿਸ ਵਰਗ ਦੀ ਵਧੀ ਹੈ ਅਤੇ ਕਿਉਂ ? ਨਾਵਲ ਵਿਚ ਘਟਦੀਆਂ ਘਟਨਾਵਾਂ ਅਤੇ ਪਾਤਰਾਂ ਨੂੰ ਆਧਾਰ ਬਣਾ ਕੇ ਸਾਡੇ ਇਸ ਖਿੱਤੇ (ਸਗੋਂ ਦੇਸ਼) ਵਿਚ ਅਪਰਾਧਾਂ ਦੇ ਵਧਣ ਦੇ ਕਾਰਨ, ਉਨ੍ਹਾਂ ਦੇ ਸਮਾਜ 'ਤੇ ਪੈ ਰਹੇ ਮਾੜੇ ਪ੍ਰਭਾਵਾਂ, ਰੋਕਥਾਮ ਦੇ ਉਪਾਵਾਂ ਆਦਿ ਦਾ ਵਿਸ਼ਲੇਸ਼ਣ ਸਮਾਜ ਸ਼ਾਸਤਰ ਦੇ ਨਾਲ-ਨਾਲ ਸਾਹਿਤਕ ਪੱਖ ਤੋਂ ਵੀ ਹੋ ਸਕਦਾ ਹੈ।

? *ਕੀ ਕਿਸੇ ਹੋਰ ਵਿਧੀ ਰਾਹੀਂ ਵੀ ਨਾਵਲ ਘੋਖੇ ਜਾ ਸਕਦੇ ਹਨ ?*

• ਮੇਰੇ ਨਾਵਲਾਂ ਦੇ ਪਾਤਰਾਂ ਦੀ ਭੂਮਿਕਾ, ਕਹਾਣੀ ਨੂੰ ਰੌਚਕ ਬਣਾਉਣ ਜਾਂ ਕੇਵਲ ਅੱਗੇ ਤੋਰਨ ਦੀ ਹੀ ਨਹੀਂ ਹੈ। ਮੇਰਾ ਹਰ ਪਾਤਰ ਵਿਵਸਥਾ ਅਤੇ ਸਮਾਜ ਦੀ ਕਿਸੇ ਨਾ ਕਿਸੇ ਮਹੱਤਵਪੂਰਨ ਸਮੱਸਿਆ ਨੂੰ ਛੋਹਣ ਅਤੇ ਬਿਆਨਣ ਦਾ ਸ੍ਰੋਤ ਹੈ। ਵਿਵਸਥਾ ਦੀਆਂ ਤੰਦਾਂ ਅਤੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦੀ ਗਿਣਤੀ ਅਣਗਿਣਤ ਹੈ। ਇਸੇ ਲਈ ਮੇਰੇ ਪਾਤਰਾਂ ਦੀ ਗਿਣਤੀ ਵੀ ਹਜ਼ਾਰਾਂ ਵਿਚ ਹੈ।

ਖੋਜ-ਕਾਰਜ ਸਮਾਜ ਦੀਆਂ ਵੱਖ-ਵੱਖ ਗੁੰਝਲਦਾਰ ਪਰਿਸਥਿਤੀਆਂ, ਨਾਵਲਾਂ ਵਿਚ ਵਿਚਰਦੇ ਵੱਖ-ਵੱਖ ਕਿਸਮ ਦੇ ਪਾਤਰਾਂ ਦੇ ਪਿਛੋਕੜ, ਵਰਤਮਾਨ ਅਤੇ ਉਨ੍ਹਾਂ ਦੀ ਸੋਚ ਤੇ ਵਿਵਹਾਰ ਦੇ ਅਧਿਐਨ ਦੇ ਆਧਾਰ 'ਤੇ ਵੀ ਕੀਤਾ ਜਾ

ਸਕਦਾ ਹੈ। ਉਦਾਹਰਣ ਲਈ ਇਕੱਲੀ ਨਿਆਂ-ਪਾਲਿਕਾ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕਰਨ ਵਾਲੇ ਜੱਜਾਂ, ਸਰਕਾਰੀ ਅਤੇ ਪ੍ਰਾਈਵੇਟ ਵਕੀਲਾਂ ਦੀ ਗਿਣਤੀ ਬੀਸੀਆਂ ਵਿਚ ਹੈ। ਇਸ ਪ੍ਰਬੰਧ ਦੀਆਂ ਬਾਰੀਕੀਆਂ ਨੂੰ ਸਮਝ ਲਈ ਪਾਤਰਾਂ ਦੇ ਇਸ ਸਮੂਹ ਦਾ ਅਧਿਐਨ ਹੀ ਕਾਫ਼ੀ ਹੈ। ਖੋਜ ਦਾ ਘੇਰਾ ਜੇ ਹੋਰ ਵਿਸ਼ਾਲ ਕਰਨਾ ਹੋਵੇ ਤਾਂ ਪ੍ਰਬੰਧ ਦੇ ਬਾਕੀ ਪੁਰਜ਼ਿਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਹੋਰ ਪਾਤਰ ਜਿਵੇਂ ਕਿ ਅਦਾਲਤ ਦੇ ਬਾਹਰ ਖੜ ਕੇ ਧਿਰਾਂ ਨੂੰ ਆਵਾਜ਼ਾਂ ਮਾਰਨ ਵਾਲੇ ਅਰਦਲੀ, ਜੱਜ ਦੇ ਰੀਡਰ, ਸਟੈਨੋ, ਅਹਿਲਕਾਰ, ਨਾਇਬ ਕੋਰਟ, ਵਕੀਲਾਂ ਦੇ ਮੁਨਸ਼ੀ, ਮੁਲਜ਼ਮਾਂ ਦੇ ਜਮਾਨਤੀ ਅਤੇ ਦਲਾਲ ਆਦਿ ਇਸ ਸਮੂਹ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ।

ਇਸੇ ਤਰ੍ਹਾਂ ਪੁਲਿਸ-ਤੰਤਰ, ਜੇਲ੍ਹ-ਪ੍ਰਬੰਧ, ਜੁਰਮ ਪੇਸ਼ੇ ਵਿਚ ਫਸੇ, ਪੀੜਤ ਧਿਰ ਬਣੇ, ਲੋਕ ਸੰਘਰਸ਼ਾਂ ਵਿਚ ਜੁਟੇ ਪਾਤਰਾਂ ਨੂੰ ਸਮੂਹਾਂ ਵਿਚ ਵੰਡ ਕੇ ਖੋਜ ਦਾ ਆਧਾਰ ਬਣਾਇਆ ਜਾ ਸਕਦਾ ਹੈ।

ਲੋੜ ਕੇਵਲ ਚਿੰਤਨ ਅਤੇ ਪਹਿਲ ਕਰਨ ਦੀ ਹੈ।

? *ਤੁਹਾਡੀਆਂ ਰਚਨਾਵਾਂ ਦਾ ਪਾਠਕ ਵਰਗ ਉੱਪਰ ਜੋ ਪ੍ਰਭਾਵ ਪਿਆ ਹੈ, ਕੀ ਉਹ ਲੋਕਪੱਖੀ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਮੇਲ ਖਾਂਦਾ ਹੈ ?*

• ਨਾਵਲਾਂ ਵਿਚ ਮੈਂ ਕੇਵਲ ਸਮੇਂ ਦੇ ਸੱਚ ਨੂੰ ਪੇਸ਼ ਕੀਤਾ ਹੈ। ਨਾਵਲਾਂ ਦੇ ਧਰਾਤਲ ਦੇ ਵਿਸ਼ਾਲ ਹੋਣ ਕਾਰਨ ਜ਼ਿੰਦਗੀ ਦਾ ਲਗਪਗ ਹਰ ਪੱਖ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੇਸ਼ ਹੋਇਆ ਹੈ। ਕਈ ਵਾਰ ਗ਼ੈਰ-ਮਨੁੱਖੀ ਸੰਸਥਾਵਾਂ ਜਾਂ ਵਿਚਾਰਧਾਰਾਵਾਂ ਦੇ ਧਾਰਨੀਆਂ ਨੂੰ ਮਹਿਸੂਸ ਹੋਣ ਲੱਗਦਾ ਹੈ ਜਿਵੇਂ ਨਾਵਲ ਵਿਚ ਪੇਸ਼ ਹੋਏ ਕੁਝ ਤੱਥ ਜਾਂ ਘਟਨਾਵਾਂ ਉਨ੍ਹਾਂ ਦਾ ਪੱਖ ਪੂਰਦੇ ਹਨ। ਪਰ ਸੱਚ ਇਹ ਨਹੀਂ ਹੈ। ਨਾਵਲਾਂ ਨੂੰ ਜਦੋਂ ਸਮੁੱਚ ਵਿਚ ਘੋਖਿਆ ਜਾਂਦਾ ਹੈ ਤਾਂ ਇਹ ਲੋਕਪੱਖੀ ਅਤੇ ਉਨ੍ਹਾਂ ਦੇ ਦੁੱਖ-ਦਰਦਾਂ ਦੀ ਤਰਜਮਾਨੀ ਕਰਨ ਵਾਲੇ ਹੀ ਸਿੱਧ ਹੁੰਦੇ ਹਨ।

? *ਫ਼ਿਲਹਾਲ ਆਖ਼ਰੀ ਸਵਾਲ—ਸਾਹਿਤ ਨੂੰ ਕਿਸੇ ਫ਼ਿਰਕੇ, ਰੰਗ, ਜਾਤ ਜਾਂ ਨਸਲ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨੀ ਚਾਹੀਦੀ ਹੈ ਜਾਂ ਮਨੁੱਖੀ ਦਰਦ ਅਤੇ ਮਾਨਵੀ ਸਰੋਕਾਰਾਂ ਨਾਲ ਜੁੜਨਾ ਚਾਹੀਦਾ ਹੈ ?*

• ਫ਼ਿਕਰਾਪ੍ਰਸਤੀ ਆਦਿ ਦੇ ਆਧਾਰ 'ਤੇ ਵੱਖਰਾ (ਦੂਸਰਿਆਂ ਨਾਲੋਂ ਉੱਤਮ) ਮਹਿਸੂਸ ਕਰਨ ਵਾਲੀ ਸੋਚ ਲੋਕਾਂ ਨੂੰ ਆਪਸ ਵਿਚ ਲੜਾਉਣ ਦੇ ਹਥਿਆਰ ਵਜੋਂ ਵਰਤੀ ਜਾਂਦੀ ਹੈ। ਬੁਰਾਈ ਦੀਆਂ ਇਨ੍ਹਾਂ ਜੜ੍ਹਾਂ ਦੇ ਵਿਰੁੱਧ ਸਾਹਿਤ ਨੂੰ ਡਟ ਕੇ ਖਲੋਣਾ ਚਾਹੀਦਾ ਹੈ। ਸਾਹਿਤ ਨੂੰ ਸਦਾ ਮਨੁੱਖਵਾਦੀ ਸੋਚ ਵਾਲੀਆਂ ਭਾਵਨਾਵਾਂ ਦੀ ਤਰਜਮਾਨੀ ਕਰਨੀ ਚਾਹੀਦੀ ਹੈ।

✶✶

# ਮੈਂ ਅਤੇ ਮੇਰੇ ਆਲੋਚਕ

*ਮਿੱਤਰ ਸੈਨ ਮੀਤ*

ਮੈਂ ਆਲੋਚਕਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡ ਕੇ ਚੱਲਦਾ ਹਾਂ। ਪਹਿਲੀ ਸ਼੍ਰੇਣੀ ਵਿਚ ਉਹ ਆਲੋਚਕ ਆਉਂਦੇ ਹਨ ਜੋ ਆਲੋਚਨਾਂ ਦੇ ਸਿਧਾਂਤਾਂ ਨੂੰ ਸਮਝਦੇ ਹਨ ਅਤੇ ਰਚਨਾਵਾਂ 'ਤੇ ਲਾਗੂ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਦੇ ਹਨ। ਦੂਸਰੀ ਸ਼੍ਰੇਣੀ ਵਿਚ ਪਾਠਕ ਆਉਂਦੇ ਹਨ, ਜਿਹੜੇ ਰਚਨਾ ਬਾਰੇ ਸੁਭਾਵਿਕ ਹੀ ਟਿੱਪਣੀ ਕਰ ਜਾਂਦੇ ਹਨ। ਦੋਨਾਂ ਹੀ ਸ਼੍ਰੇਣੀਆਂ ਦੇ ਆਲੋਚਕਾਂ ਦੀਆਂ ਟਿੱਪਣੀਆਂ ਲੇਖਕ ਦੇ ਸਾਹਿਤਕ ਸਫ਼ਰ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਆਲੋਚਕ ਦੇ ਕਾਰਜਾਂ ਨੂੰ ਵੀ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਆਲੋਚਨਾ ਉਹ ਹੁੰਦੀ ਹੈ ਜੋ ਰਚਨਾ ਵਿਚੋਂ ਨੁਕਸ ਕੱਢਣ ਅਤੇ ਕਿਰਤ ਨੂੰ ਨਿੰਦਣ ਲਈ ਕੀਤੀ ਜਾਂਦੀ ਹੈ। ਦੂਜੀ ਆਲੋਚਨਾ ਉਹ ਹੁੰਦੀ ਹੈ ਜੋ ਰਚਨਾ ਦੇ ਗੁਣਾਂ ਨੂੰ ਉਜਾਗਰ ਕਰਨ ਅਤੇ ਲੇਖਕ ਨੂੰ ਖਾਮੀਆਂ ਤੋਂ ਸੁਚੇਤ ਕਰਨ ਲਈ ਹੁੰਦੀ ਹੈ। ਆਲੋਚਨਾ ਦਾ ਇਕ ਕਾਰਜ ਪਾਠਕਾਂ ਨੂੰ ਰਚਨਾ ਦੀਆਂ ਖ਼ੂਬੀਆਂ ਅਤੇ ਕਮੀਆਂ ਤੋਂ ਜਾਣੂ ਕਰਵਾ ਕੇ ਰਚਨਾ ਪੜ੍ਹਨ ਦਾ ਵੱਲ ਸਿਖਾਉਣਾ ਵੀ ਹੁੰਦਾ ਹੈ।

ਮੈਂ ਵਕਾਲਤ ਦੇ ਕਿੱਤੇ ਨਾਲ ਸੰਬੰਧਤ ਹਾਂ। ਇਸ ਕਿੱਤੇ ਦਾ ਸਾਹਿਤ ਜਾਂ ਆਲੋਚਨਾ ਸਿਧਾਂਤਾਂ ਨਾਲ ਕੋਈ ਸੰਬੰਧ ਨਹੀਂ ਹੈ। ਇਸ ਕਿੱਤੇ ਵਿਚ ਮੁਹਾਰਤ ਹਾਸਿਲ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹੋਣਾ ਅਤੇ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸਾਹਿਤ ਰਚਨ ਜਾਂ ਆਲੋਚਨਾ ਦੇ ਸਿਧਾਂਤਾਂ ਨੂੰ ਸਮਝਣ ਲਈ ਬਹੁਤਾ ਧਿਆਨ ਨਹੀਂ ਦਿੱਤਾ ਜਾ ਸਕਦਾ। ਸਮੇਂ ਦੀ ਘਾਟ ਕਾਰਨ ਮੈਂ ਆਲੋਚਨਾ ਸਿਧਾਂਤਾਂ ਨੂੰ, ਆਲੋਚਕਾਂ ਵੱਲੋਂ ਵੱਖ-ਵੱਖ ਸਮਾਗਮਾਂ ਵਿਚ ਦਿੱਤੇ ਵਿਆਖਿਆਨਾਂ ਅਤੇ ਲਿਖੇ ਖੋਜ-ਪੱਤਰਾਂ ਤੋਂ ਹੀ ਸਿੱਖਿਆ ਹੈ।

ਆਪਣੇ 'ਤੇ ਹੋਈ ਆਲੋਚਨਾ ਨੂੰ ਮੈਂ ਖਿੜੇ ਮੱਥੇ ਸਵੀਕਾਰ ਕਰਨ ਦਾ ਆਦੀ ਹਾਂ। ਸ਼ਾਇਦ ਇਸ ਦਾ ਕਾਰਨ ਮੇਰਾ ਵਕੀਲ ਹੋਣਾ ਹੈ। ਪੰਜਾਬੀ ਦੇ ਬਹੁਤੇ ਲੇਖਕ ਅਧਿਆਪਨ ਦੇ ਕਿੱਤੇ ਨਾਲ ਸੰਬੰਧਤ ਹਨ। ਉਨ੍ਹਾਂ ਨੇ ਹਮੇਸ਼ਾ ਆਪਣੇ ਨਾਲੋਂ ਘੱਟ ਜਾਣਕਾਰੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਸੰਬੋਧਿਤ ਹੋਣਾ ਹੁੰਦਾ ਹੈ। ਵਿਆਖਿਆਨ ਸੁਣਨ ਵਾਲਿਆਂ ਦੇ ਵਿਆਖਿਆਨ ਕਰਨ ਵਾਲਿਆਂ ਤੋਂ ਘੱਟ ਗਿਆਨਵਾਨ ਹੋਣ ਕਾਰਨ, ਵਿਆਖਿਆ ਕਰਤਾਵਾਂ ਉੱਪਰ ਕਿੰਤੂ ਪਰੰਤੂ ਕਰਨ ਦੀਆਂ ਸੰਭਾਵਨਾਵਾਂ ਨਾ-ਮਾਤਰ ਹੁੰਦੀਆਂ ਹਨ। ਦੂਜੇ ਪਾਸੇ ਵਕੀਲ ਦਾ ਵਿਆਖਿਆਨ ਜੇ ਵੱਧ ਨਹੀਂ

ਤਾਂ ਉਸ ਦੇ ਬਰਾਬਰ ਦਾ ਗਿਆਨ ਰੱਖਣ ਵਾਲੇ ਜੱਜ ਦੇ ਸਾਹਮਣੇ ਤਾਂ ਹੁੰਦਾ ਹੀ ਹੈ। ਉਸ ਦੇ ਵਿਆਖਿਆਨ ਉੱਪਰ ਦੂਜੀ ਧਿਰ ਦੇ ਵਕੀਲ ਦੀ ਘੋਖਵੀਂ ਨਜ਼ਰ ਵੀ ਹੁੰਦੀ ਹੈ। ਇਸ ਲਈ ਵਕੀਲ ਨੂੰ ਆਪਣੇ ਕੰਮ-ਕਾਜ ਵਿਚ ਹੁੰਦੀ ਮੀਨਮੇਖ ਸੁਣਨ ਅਤੇ ਬਰਦਾਸ਼ਤ ਕਰਨ ਦੀ ਆਦਤ ਪਾਉਣੀ ਪੈਂਦੀ ਹੈ।

ਮੈਂ ਆਪਣੇ 'ਤੇ ਹੁੰਦੀ ਆਲੋਚਨਾ ਨੂੰ ਧਿਆਨ ਨਾਲ ਸੁਣਦਾ ਹਾਂ। ਹੋਈ ਆਲੋਚਨਾ 'ਤੇ ਆਪਣੇ ਗਿਆਨ ਦਾ ਛਾਣਾ ਲਾਉਂਦਾ ਹਾਂ। ਜੋ ਸੁਝਾਅ ਠੀਕ ਲੱਗਦੇ ਹਨ ਉਹ ਅਪਣਾ ਲੈਂਦਾ ਹਾਂ ਅਤੇ ਜੋ ਠੀਕ ਨਹੀਂ ਲੱਗਦੇ, ਉਨ੍ਹਾਂ ਨੂੰ ਰੱਦ ਕਰ ਦਿੰਦਾ ਹਾਂ।

ਆਪਣੇ ਆਲੋਚਕਾਂ ਕੋਲੋਂ ਸਿੱਖ-ਸਿੱਖ ਮੈਂ ਕਿਸ ਤਰ੍ਹਾਂ ਆਪਣੀ ਮੰਜ਼ਿਲ ਵੱਲ ਵਧਿਆ, ਅੱਜ ਉਸ ਦਾ ਜ਼ਿਕਰ ਕਰ ਰਿਹਾ ਹਾਂ।

ਆਪਣੇ ਸਿਰਜਣ ਪ੍ਰਕਿਰਿਆ ਦੇ ਪਹਿਲੇ ਦੌਰ ਵਿਚ, ਜੋ ਕਿ ਸਾਲ 1967 ਤੋਂ ਸ਼ੁਰੂ ਹੋ ਕੇ ਸਾਲ 1969 ਵਿਚ ਖ਼ਤਮ ਹੋ ਗਿਆ, ਮੈਂ ਕੁਝ ਕਹਾਣੀਆਂ ਲਿਖੀਆਂ ਜੋ ਕਿ 16-17 ਸਾਲ ਦੀ ਉਮਰ ਦੇ ਗਭਰੇਟ ਦੀ ਸੋਚ ਦੇ ਹਾਣ ਦੀਆਂ ਸਨ। ਇਹ ਕਹਾਣੀਆਂ ਉਸ ਸਮੇਂ ਦੇ ਸਧਾਰਨ ਪੱਧਰ ਦੇ ਸਪਤਾਹਿਕ ਅਖ਼ਬਾਰਾਂ, **ਸਮਰਾਟ** ਅਤੇ **ਹਾਣੀ** ਆਦਿ ਵਿਚ ਛਪੀਆਂ। ਕੁਝ ਕਹਾਣੀਆਂ **ਰਣਜੀਤ** ਵਰਗੇ ਅਖ਼ਬਾਰਾਂ ਵਿਚ ਵੀ ਛਪੀਆਂ। ਸਿਰਜਣ ਪ੍ਰਕਿਰਿਆ ਦਾ ਦੂਸਰਾ ਦੌਰ ਸਾਲ 1970 ਤੋਂ ਸ਼ੁਰੂ ਹੋਇਆ। ਉਨ੍ਹਾਂ ਦਿਨਾਂ ਵਿਚ ਗੁਰਸ਼ਰਨ ਭਾਅ ਜੀ **ਸਰਦਲ** ਮਾਸਿਕ ਪੱਤ੍ਰਿਕਾ ਪ੍ਰਕਾਸ਼ਿਤ ਕਰਦੇ ਸਨ। ਉਹ ਪੱਤ੍ਰਿਕਾ ਨੂੰ ਪੜ੍ਹਨ ਬਾਅਦ ਮੈਂ ਉਸ ਪੱਤ੍ਰਿਕਾ ਦੀ ਵਿਚਾਰਧਾਰਾ ਨੂੰ ਅਪਣਾਇਆ ਅਤੇ ਇਨਕਲਾਬੀ ਸੋਚ ਨਾਲ ਸੰਬੰਧਤ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। **ਸਰਦਲ** ਦੇ ਨਾਲ-ਨਾਲ ਇਹ ਕਹਾਣੀਆਂ ਉਸ ਸਮੇਂ ਦੀਆਂ ਇਨਕਲਾਬੀ ਪੱਤ੍ਰਿਕਾਵਾਂ **ਹੇਮ ਜਯੋਤੀ**, **ਸਿਆੜ** ਆਦਿ ਵਿਚ ਵੀ ਛਪੀਆਂ ਅਤੇ ਨਕਸਲੀ ਸੋਚ ਦੀਆਂ ਪ੍ਰਤੀਨਿਧ ਕਹਾਣੀਆਂ ਅਖਵਾਈਆਂ। ਸਾਲ 1971 ਵਿਚ ਮੈਂ ਪਹਿਲਾ ਨਾਵਲ **ਅੱਗ ਦੇ ਬੀਜ** ਲਿਖਿਆ ਜੋ ਗੁਰਸ਼ਰਨ ਭਾਅ ਜੀ ਨੇ ਸਾਹਿਤ ਕੇਂਦਰ ਵੱਲੋਂ ਛਾਪ ਕੇ ਮੈਨੂੰ ਉਤਸ਼ਾਹਿਤ ਕੀਤਾ। ਇਸ ਉਤਸ਼ਾਹ ਤੋਂ ਪ੍ਰੇਰਿਤ ਹੋ ਕੇ 1973 ਵਿਚ ਮੈਂ ਦੂਸਰਾ ਨਾਵਲ **ਕਾਫ਼ਲਾ** ਲਿਖਿਆ ਪਰ ਇਨਕਲਾਬੀ ਲਹਿਰ ਦੇ ਖੇਰੂੰ-ਖੇਰੂੰ ਹੋ ਜਾਣ ਬਾਅਦ ਇਹ ਨਾਵਲ ਛਪਣੋਂ ਰਹਿ ਗਿਆ। ਇਸ ਦੌਰ ਵਿਚ ਲਿਖੀਆਂ ਕਹਾਣੀਆਂ ਬਾਅਦ ਵਿਚ **ਪੁਨਰਵਾਸ** ਕਹਾਣੀ ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਈਆਂ।

ਆਲੋਚਨਾ ਦਾ ਪਹਿਲਾ ਸਬਕ ਮੈਂ ਗੁਰਸ਼ਰਨ ਭਾਅ ਜੀ ਤੋਂ ਸਿੱਖਿਆ। **ਅੱਗ ਦੇ ਬੀਜ** ਨਾਵਲ ਪ੍ਰਕਾਸ਼ਿਤ ਹੋਣ ਸਮੇਂ ਮੈਂ ਬੀ.ਏ. ਦਾ ਵਿਦਿਆਰਥੀ ਸੀ ਅਤੇ ਬਰਨਾਲੇ ਵਰਗੇ ਛੋਟੇ ਸ਼ਹਿਰ ਵਿਚ ਰਹਿੰਦਾ ਸੀ। ਮੈਂ ਭਾਅ ਜੀ ਨੂੰ ਇਸ ਨਾਵਲ ਬਾਰੇ ਆਲੋਚਨਾਤਮਕ ਲੇਖ ਲਿਖਾਉਣ ਲਈ ਬੇਨਤੀ ਕੀਤੀ। ਉਨ੍ਹਾਂ ਸਪੱਸ਼ਟ ਰੂਪ ਵਿਚ ਕਿਹਾ ਕਿ ਹਾਲੇ ਮੇਰੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਹੀ ਹੈ। ਰਚਨਾ ਨੂੰ ਆਪਣੇ ਦਮ

’ਤੇ ਪਹਿਚਾਣ ਬਣਾਉਣ ਦਿੱਤੀ ਜਾਵੇ। ਕਹਿ ਸੁਣ ਕੇ ਕਰਵਾਈ ਗਈ ਚਰਚਾ ‘ਆਤਿਸ਼ਬਾਜ਼ੀ’ ਵਾਂਗ ਹੁੰਦੀ ਹੈ ਜੋ ਇਕ ਅੱਧੇ ਮਿੰਟ ਲਈ ਆਪਣਾ ਜੌਹਰ ਦਿਖਾ ਕੇ ਮਰ ਮੁੱਕ ਜਾਂਦੀ ਹੈ। ਆਪਣੇ ਆਪ ਬਣੀ ਪਹਿਚਾਣ ਸਦੀਵੀ ਹੁੰਦੀ ਹੈ। ਇਸ ਗੁਰ ਨੂੰ ਮੈਂ ਸਦਾ-ਸਦਾ ਲਈ ਅਪਣਾ ਲਿਆ ਅਤੇ ਔਲੇ ਦੇ ਸਵਾਦ ਵਾਂਗ ਇਸ ਦਾ ਮਹੱਤਵ ਬਾਅਦ ਵਿਚ ਜਾਣਿਆ।

ਸਿਰਜਣ ਪ੍ਰਕਿਰਿਆ ਦਾ ਤੀਸਰਾ ਦੌਰ ਸਾਲ 1983 ਵਿਚ ਰਾਮਪੁਰਾਫੂਲ ਤੋਂ ਸ਼ੁਰੂ ਹੋਇਆ। **ਕਾਫ਼ਲਾ** ਨਾਵਲ ਸਾਲ 1986 ਵਿਚ ਪ੍ਰਕਾਸ਼ਿਤ ਹੋਇਆ। ਉਸ ਸਮੇਂ ਮੇਰੀ ਬਦਲੀ ਜਗਰਾਉਂ ਦੀ ਹੋ ਚੁੱਕੀ ਸੀ। ਮਿੱਤਰ ਦਰਸ਼ਨ ਗਿੱਲ ਦੇ ਉਪਰਾਲੇ ਨਾਲ ਇਸ ਨਾਵਲ ਨੂੰ ਬਠਿੰਡੇ ਵਿਖੇ ਰਿਲੀਜ਼ ਕੀਤਾ ਗਿਆ। ਰਿਲੀਜ਼ ਸਮਾਗਮ ਵਿਚ ਕਾਮਰੇਡ ਸੁਰਜੀਤ ਗਿੱਲ ਅਤੇ ਡਾ. ਟੀ.ਆਰ. ਵਿਨੋਦ ਵੀ ਹਾਜ਼ਰ ਸਨ। ਕਾਮਰੇਡ ਸੁਰਜੀਤ ਗਿੱਲ ਸ਼ਿਕਾਰੀ ਵਾਲੀ ਅੱਖ ਰੱਖਦੇ ਸਨ। ਨਾਵਲ ਪੜ੍ਹਨ ਬਾਅਦ ਸ਼ਾਇਦ ਉਨ੍ਹਾਂ ਮੇਰੀ ਪ੍ਰਤਿਭਾ ਪਹਿਚਾਣ ਲਈ ਅਤੇ ਲਗਾਤਾਰ ਮੇਰੇ ਨਾਲ ਸੰਪਰਕ ਵਿਚ ਰਹਿਣ ਲੱਗੇ। ਮੈਨੂੰ ਮਾਰਕਸਵਾਦੀ ਸਿਧਾਂਤਾਂ ਦੀ ਜਾਣਕਾਰੀ ਦੇਣ ਲੱਗੇ। ਮੈਂ ਤੇਜ਼ੀ ਨਾਲ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਅਪਣਾਉਂਦਾ ਗਿਆ। **ਅੱਗ ਦੇ ਬੀਜ** ਦੇ ਗੁਣਾਂ-ਔਗੁਣਾਂ ਨੂੰ ਸਮਝਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਇਹ ਨਾਵਲ ਦੋ ਬੇਰੁਜ਼ਗਾਰ ਵਿਅਕਤੀਆਂ ਦੇ ਰੁਜ਼ਗਾਰ ਪ੍ਰਾਪਤ ਕਰਨ ਵਿਚ ਅਸਫਲ ਹੋ ਜਾਣ ਕਾਰਨ ਪੈਦਾ ਹੋਏ ਗ਼ੁੱਸੇ ਅਤੇ ਵਿਦਰੋਹ ’ਤੇ ਆਧਾਰਿਤ ਹੈ। ਵਿਦਰੋਹ ਕਿਸੇ ਜਮਾਤੀ ਸੰਘਰਸ਼ ਵਿਚੋਂ ਪੈਦਾ ਨਹੀਂ ਹੋਇਆ। ਇਸੇ ਤਰ੍ਹਾਂ ਦੀ ਗੱਲ ਉਨ੍ਹਾਂ ਨਾਵਲ **ਕਾਫ਼ਲਾ** ਬਾਰੇ ਕਹੀ। ਉਨ੍ਹਾਂ ਟਿੱਪਣੀ ਕੀਤੀ ਕਿ **ਕਾਫ਼ਲਾ** ਦੀ ਨਾਇਕਾ ਵੱਲੋਂ ਕੀਤਾ ਗਿਆ ਕਤਲ ਵੀ ਉਸ ਦੇ ਨਿੱਜੀ ਕਾਰਨਾਂ ਦਾ ਸਿੱਟਾ ਸੀ ਨਾ ਕਿ ਕਿਸੇ ਜਮਾਤੀ ਸੰਘਰਸ਼ ਦਾ। ਉਨ੍ਹਾਂ ਸਮਝਾਇਆ ਕਿ ਨਾਵਲਾਂ ਦਾ ਬਿਰਤਾਂਤ ਜਮਾਤੀ ਸੰਘਰਸ਼ਾਂ ਉੱਪਰ ਆਧਾਰਿਤ ਹੋਣਾ ਚਾਹੀਦਾ ਹੈ। ਮੇਰੇ ਨਾਵਲਾਂ ਵਿਚ ਕੇਵਲ ਇੱਛਿਤ ਯਥਾਰਥ ਹੈ ਜਦੋਂ ਕਿ ਸਫ਼ਲ ਰਚਨਾ ਵਿਚ ਕਰੂਰ ਯਥਾਰਥ ਹੋਣਾ ਚਾਹੀਦਾ ਹੈ। ਇਸ ਸਿੱਖਿਆ ਨੂੰ ਮੈਂ ਲੜ ਬੰਨ੍ਹ ਲਿਆ।

ਦੂਸਰੇ ਪਾਸੇ ਡਾ. ਟੀ.ਆਰ. ਵਿਨੋਦ ਵੱਲੋਂ ਮੇਰੀਆਂ ਕੁਝ ਕਹਾਣੀਆਂ ਦਾ ਅਧਿਐਨ ਕੀਤਾ ਗਿਆ। ਇਨ੍ਹਾਂ ਕਹਾਣੀਆਂ ਵਿਚਲੇ ਪਾਤਰ ਨਕਲਸਬਾੜੀ ਲਹਿਰ ਨਾਲ ਸੰਬੰਧਤ ਸਨ। ਉਹ ਕਿਰਸਾਨੀ ਵਿਚ ਵਿਚਰ ਕੇ ਉਨ੍ਹਾਂ ਨੂੰ ਇਨਕਲਾਬ ਲਈ ਭਾਸ਼ਣ ਦਿੰਦੇ ਸਨ। ਭਾਸ਼ਣਾਂ ਦੇ ਪ੍ਰਭਾਵ ਹੇਠ ਲੋਕ ਇਨਕਲਾਬ ਵੱਲ ਤੁਰ ਪੈਂਦੇ ਸਨ। ਇਕ ਕਹਾਣੀ ਵਿਚ ਇਕ ਭੁੱਖੀ ਮਰਦੀ ਔਰਤ ਹੋਰ ਭੁੱਖ ਬਰਦਾਸ਼ਤ ਕਰਨ ਦੀ ਥਾਂ, ਅਮੀਰਾਂ ਕੋਲੋਂ ਰੋਟੀ ਖੋਹ ਕੇ ਖਾਣ ਲਈ ਉੱਠ ਖੜ੍ਹੋਂਦੀ ਹੈ। ਅਜਿਹੀਆਂ ਕਹਾਣੀਆਂ ਦੇ ਅਧਿਐਨ ਬਾਅਦ ਉਨ੍ਹਾਂ ਮੈਨੂੰ ਸਮਝਾਇਆ ਕਿ ਇਨਕਲਾਬੀ ਸੋਚ ਪਰਿਸਥਿਤੀਆਂ ਵਿਚੋਂ ਪੈਦਾ ਹੁੰਦੀ ਹੈ, ਨਾ ਕਿ ਭਾਸ਼ਣਬਾਜ਼ੀ ਵਿਚੋਂ। ਦੁੱਖਾਂ ਭਰਿਆ ਜੀਵਨ ਜੀ-ਜੀ

ਕੇ ਥੱਕ ਜਾਣ ਅਤੇ ਸੰਕਟ ਵਿਚੋਂ ਨਿਕਲਣ ਦੇ ਲੱਖ ਯਤਨ ਕਰਨ ਬਾਅਦ ਵੀ ਜਦੋਂ ਨਰਕ ਵਿਚੋਂ ਛੁਟਕਾਰਾ ਹੋਣ ਦੀ ਸੰਭਾਵਨਾ ਖ਼ਤਮ ਹੋ ਜਾਂਦੀ ਹੈ ਤਾਂ ਹੀ ਵਿਅਕਤੀ ਵਿਦਰੋਹ ਦੇ ਰਾਹ 'ਤੇ ਤੁਰਦਾ ਹੈ। ਉਹ ਇਕ ਹੋਰ ਧਾਰਨਾ ਦੇ ਵੀ ਮਾਲਕ ਸਨ। ਉਹ ਕਹਿੰਦੇ ਸਨ ਕਿ ਸਾਹਿਤਕਾਰ ਦਾ ਕੰਮ ਕੇਵਲ ਯਥਾਰਥ ਜਾਂ ਆਲੋਚਨਾਤਮਕ ਯਥਾਰਥ ਪੇਸ਼ ਕਰਨਾ ਹੀ ਨਹੀਂ ਹੈ, ਸਗੋਂ ਮਾਰੂ ਪਰਿਸਥਿਤੀਆਂ ਵਿਚੋਂ ਨਿਕਲਣ ਦਾ ਰਾਹ ਦਰਸਾਉਣਾ ਵੀ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਰਚਨਾ ਵਿਚ ਲੋਕ-ਪੱਖੀ ਸਿਧਾਂਤਾਂ ਦਾ ਪ੍ਰਗਟਾ ਪ੍ਰਤੱਖ ਰੂਪ ਵਿਚ ਨਹੀਂ, ਸਗੋਂ ਲੁਕਵੇਂ ਅਤੇ ਕਲਾਤਮਿਕ ਰੂਪ ਵਿਚ ਹੋਣਾ ਚਾਹੀਦਾ ਹੈ। ਇਸ ਵਿਚਾਰ ਨੂੰ ਸਮਝਾਉਣ ਲਈ ਉਹ ਇਕ ਉਦਾਹਰਣ ਦਿਆ ਕਰਦੇ ਸਨ। ਉਹ ਕਹਿੰਦੇ ਸਨ ਕਿ ਜੇ ਖਾਣਾ ਖਾਣ ਦੇ ਅੱਧੇ ਘੰਟੇ ਬਾਅਦ ਉਲਟੀ ਆ ਜਾਵੇ ਤਾਂ ਉਲਟੀ ਵਾਲੇ ਪਦਾਰਥ ਤੋਂ ਇਹ ਸਾਫ਼ ਪਤਾ ਲੱਗ ਜਾਵੇਗਾ ਕਿ ਉਲਟੀ ਕਰਨ ਵਾਲੇ ਵਿਅਕਤੀ ਵੱਲੋਂ ਕੀ ਖਾਧਾ ਗਿਆ, ਕਿਉਂਕਿ ਪਾਚਨ ਪ੍ਰਕਿਰਿਆ ਮੁਕੰਮਲ ਨਹੀਂ ਹੋਈ ਹੁੰਦੀ। ਦੂਜੇ ਪਾਸੇ ਜਦੋਂ ਓਹੀ ਖਾਣਾ ਪੂਰੀ ਪਾਚਨ ਪ੍ਰਕਿਰਿਆ ਵਿਚੋਂ ਲੰਘ ਕੇ ਖ਼ੂਨ ਵਿਚ ਤਬਦੀਲ ਹੋ ਜਾਂਦਾ ਹੈ ਤਾਂ ਖ਼ੂਨ ਦੇ ਤੁਪਕੇ ਤੋਂ ਇਹ ਪਤਾ ਨਹੀਂ ਲੱਗਦਾ ਕਿ ਖ਼ੂਨ ਦੇ ਬਣਨ ਵਿਚ ਕਿਸ-ਕਿਸ ਚੀਜ਼ ਨੇ ਹਿੱਸਾ ਪਾਇਆ। ਇਸੇ ਤਰ੍ਹਾਂ ਰਚਨਾ ਵਿਚ ਸਿਧਾਂਤ ਖ਼ੂਨ ਵਾਂਗ ਰਚਿਆ ਹੋਣਾ ਚਾਹੀਦਾ ਹੈ ਨਾ ਕਿ ਅੱਧ-ਪਚੇ ਖਾਣੇ ਵਾਂਗ।

**ਵਿਰਾਸਤ** ਕਹਾਣੀ 'ਤੇ ਟਿੱਪਣੀ ਕਰਦਿਆਂ ਇਕ ਵਾਰ ਡਾ. ਸੁਰਜੀਤ ਭੱਟੀ ਨੇ ਕਿਹਾ ਕਿ ਨਿਮਨ ਵਰਗ (ਸਾਂਸੀ ਕਬੀਲੇ) ਦੇ ਕਿਸੇ ਪੜ੍ਹੇ ਲਿਖੇ ਨੌਜਵਾਨ ਨੂੰ ਜੱਜ ਵਰਗੀ ਉੱਚ ਪਦਵੀ ਪ੍ਰਾਪਤ ਹੋਣੀ ਆਮ ਵਰਤਾਰਾ ਨਹੀਂ ਹੈ। ਇਹ ਕੇਵਲ ਇੱਛਿਤ ਯਥਾਰਥ ਹੈ। ਰਚਨਾ ਵਿਚ ਇੱਛਿਤ ਯਥਾਰਥ ਹੀ ਨਹੀਂ, ਸਗੋਂ ਕਰੂਰ ਯਥਾਰਥ ਪੇਸ਼ ਹੋਣਾ ਚਾਹੀਦਾ ਹੈ। ਇਹ ਟਿੱਪਣੀ ਬੜੀ ਸਾਰਥਕ ਸੀ। ਮੈਂ ਝੱਟ ਅਪਣਾ ਲਈ।

ਇਨ੍ਹਾਂ ਆਲੋਚਕਾਂ ਦੇ ਪਥ-ਪ੍ਰਦਰਸ਼ਨ ਦਾ ਸਿੱਟਾ ਉਸ ਸਮੇਂ ਦੀਆਂ ਕੁਝ ਪ੍ਰਸਿੱਧ ਕਹਾਣੀਆਂ **ਦਹਿਸ਼ਤਗਰਦ** ਅਤੇ **ਲਾਮ** ਦੀ ਸਿਰਜਣਾ ਵਿਚ ਨਿਕਲਿਆ।

ਨਿੱਜੀ ਦੀ ਥਾਂ ਜਮਾਤੀ ਸਮੱਸਿਆਵਾਂ ਅਤੇ ਸੰਘਰਸ਼ਾਂ ਦੀ ਪੇਸ਼ਕਾਰੀ ਦੇ ਸਿਧਾਂਤ ਨੇ ਮੇਰੇ 'ਤੇ ਇੰਨਾ ਗਹਿਰਾ ਅਸਰ ਕੀਤਾ ਕਿ ਮੈਂ ਨਾਵਲ **ਤਫ਼ਤੀਸ਼** ਦੀ ਸਿਰਜਣਾ ਸਮੇਂ ਜਮਾਤਾਂ/ਵਰਗਾਂ/ਸੰਸਥਾਵਾਂ ਦੀ ਪ੍ਰਤੀਨਿਧਤਾ ਕਰਦੇ ਸੈਂਕੜੇ ਪਾਤਰ ਹੀ ਨਹੀਂ, ਸਗੋਂ ਘਟਨਾਵਾਂ ਵੀ ਚੁਣੀਆਂ। ਅਪ੍ਰੈਲ 1990 ਵਿਚ ਬਰਨਾਲਾ ਵਿਖੇ ਹੋਈ ਪਹਿਲੀ ਗੋਸ਼ਟੀ ਵਿਚ ਹੀ ਇਸ ਨਾਵਲ ਨੂੰ ਭਰਪੂਰ ਮਾਨਤਾ ਪ੍ਰਾਪਤ ਹੋ ਗਈ। ਉਸ ਸਮੇਂ ਦੇ ਚੋਟੀ ਦੇ ਆਲੋਚਕ ਡਾ. ਜੋਗਿੰਦਰ ਸਿੰਘ ਰਾਹੀ ਦੇ ਨਾਵਲ ਦੇ ਕਲਾਤਮਿਕ ਪੱਖ ਨੂੰ ਉਜਾਗਰ ਕਰਦੇ ਹੋਏ ਇਸ ਨਾਵਲ ਨੂੰ **ਬੂਮਰੈਂਗ ਵਿਧੀ** ਵਿਚ ਲਿਖਿਆ ਨਾਵਲ ਕਰਾਰ ਦਿੱਤਾ। ਡਾ. ਟੀ.ਆਰ. ਵਿਨੋਦ ਨੇ ਇਸ ਨਾਵਲ ਨੂੰ **ਮਸ਼ਕਰੀ ਵਿਧੀ** ਵਿਚ ਲਿਖਿਆ ਪੰਜਾਬੀ ਦਾ ਪਹਿਲਾ ਨਾਵਲ ਮੰਨਿਆ। ਡਾ. ਰਘਬੀਰ ਸਿੰਘ ਸਿਰਜਣਾ ਨੇ

ਇਸ ਨਾਵਲ ਨੂੰ **ਵਿਲੱਖਣ ਗਲਪ ਰਚਨਾ** ਦਾ ਦਰਜਾ ਪ੍ਰਦਾਨ ਕੀਤਾ। ਗੁਰਸ਼ਰਨ ਭਾਅ ਜੀ ਨੇ ਇਸ ਗੋਸ਼ਟੀ ਵਿਚ ਭਾਵਪੂਰਤ ਟਿੱਪਣੀ ਕਰਦੇ ਹੋਏ ਨਾਵਲ ਦੇ ਇਕ ਪਾਤਰ ਬੰਟੀ ਦੇ ਅਗਵਾ ਹੋਣ ਦੀ ਘਟਨਾ ਨੂੰ **ਪੰਜਾਬ ਦੀ ਸਮੁੱਚੀ ਮਾਸੂਮੀਅਤ ਦੇ ਅਗਵਾ ਹੋਣ ਦਾ ਪ੍ਰਤੀਕ** ਕਹਿ ਕੇ ਨਾਵਲ ਨੂੰ ਵਡਿਆਇਆ। ਅਜਿਹੀ ਮਾਨਤਾ ਨੇ ਮੇਰੇ ਹੌਸਲੇ ਬੁਲੰਦ ਕੀਤੇ। ਤੁਰੰਤ ਹੀ ਮੈਂ ਦੂਸਰੇ ਨਾਵਲ **ਕਟਹਿਰਾ** ਦੀ ਸਿਰਜਣਾ ਵਿਚ ਜੁਟ ਗਿਆ।

ਡਾ. ਜੋਗਿੰਦਰ ਸਿੰਘ ਰਾਹੀ ਨੇ ਅੰਮ੍ਰਿਤਸਰ ਵਾਪਸ ਮੁੜਦਿਆਂ ਹੀ **ਤਫ਼ਤੀਸ਼** ਨਾਵਲ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਦਿੱਤੇ ਜਾਂਦੇ **ਨਾਨਕ ਸਿੰਘ ਗਲਪ ਪੁਰਸਕਾਰ** ਦੇਣ ਦੀ ਸਿਫ਼ਾਰਿਸ਼ ਕੀਤੀ ਅਤੇ ਐੱਮ.ਏ. ਪੰਜਾਬੀ ਦੇ ਸਿਲੇਬਸ ਦਾ ਹਿੱਸਾ ਬਣਾ ਦਿੱਤਾ। ਨਾਲ ਹੀ ਉਨ੍ਹਾਂ ਦੇ ਦੋ ਸੁਘੜ ਵਿਦਿਆਰਥੀਆਂ ਅਤੇ ਸਹਿਕਰਮੀਆਂ ਡਾ. ਸੁਖਦੇਵ ਸਿੰਘ ਖਾਹਰਾ ਅਤੇ ਡਾ ਹਰਿਭਜਨ ਸਿੰਘ ਭਾਟੀਆ ਨੇ ਵੀ ਇਸ ਨਾਵਲ ਨੂੰ ਗਹਿਰਾਈ ਨਾਲ ਘੋਖਿਆ ਅਤੇ ਇਸ ਦੇ ਅਨੇਕਾਂ ਕਲਾਤਮਿਕ ਪੱਖਾਂ ਨੂੰ ਉਘਾੜਿਆ। ਡਾ. ਖਾਹਰਾ ਨੇ **ਤਫ਼ਤੀਸ਼ ਦਾ ਵਿਸ਼ਲੇਸ਼ਣ** ਨਾਂ ਦੀ ਪੁਸਤਕ ਦਾ ਸੰਪਾਦਨ ਕੀਤਾ। **ਕਟਹਿਰਾ** ਨਾਵਲ ਆਉਣ ਬਾਅਦ ਉਨ੍ਹਾਂ ਦੂਸਰੀ ਪੁਸਤਕ **ਨਾਵਲਕਾਰ ਮਿੱਤਰ ਸੈਨ ਮੀਤ** ਦਾ ਸੰਪਾਦਨ ਕੀਤਾ। ਖ਼ੁਦ ਖੋਜ ਭਰਪੂਰ ਲੇਖ ਵੀ ਲਿਖੇ ਅਤੇ ਮੇਰੇ ਨਾਲ ਰੂਬਰੂ ਵੀ ਕੀਤਾ।

ਇਹ ਤਿੰਨੇ ਵਿਦਵਾਨ ਰਚਨਾ ਦੇ ਕਲਾਤਮਿਕ ਪੱਖ ਨੂੰ ਜ਼ਿਆਦਾ ਤਰਜੀਹ ਦਿੰਦੇ ਸਨ। ਵੱਖ-ਵੱਖ ਸਮੇਂ ਹੋਏ ਵਿਚਾਰ ਵਟਾਂਦਰਿਆਂ ਦੌਰਾਨ ਇਨ੍ਹਾਂ ਨੇ ਮੈਨੂੰ ਨਾਵਲਾਂ ਵਿਚਲੀਆਂ ਘਾਟਾਂ ਅਤੇ ਖ਼ੂਬੀਆਂ ਬਾਰੇ ਜਾਣੂ ਕਰਾਇਆ। ਰਚਨਾਵਾਂ ਨੂੰ, ਕਲਾ ਪੱਖ ਤੋਂ ਕਿਸ ਤਰ੍ਹਾਂ ਉੱਚ ਪੱਧਰ ਦੀਆਂ ਬਣਾਇਆ ਜਾ ਸਕਦਾ ਹੈ ? ਇਹ ਵੀ ਸਮਝਾਇਆ।

**ਕਟਹਿਰਾ** ਨਾਵਲ ਦਾ ਅੰਤ, ਇਸ ਨਾਵਲ ਦੇ ਇਕ ਜੁਝਾਰੂ ਵਕੀਲ ਪਿਆਰਾ ਲਾਲ ਦੇ, ਅਦਾਲਤ ਦੇ ਫ਼ੈਸਲੇ 'ਤੇ ਨਿਰਾਸ਼ਤਾ ਪ੍ਰਗਟ ਕਰਦੇ ਹੋਏ, ਆਪਣੇ ਕਾਲੇ ਕੋਟ ਨੂੰ ਉਤਾਰ ਕੇ ਸੁੱਟ ਦੇਣ ਅਤੇ ਫਿਰ ਪੁਲਿਸ ਵੱਲੋਂ ਉਸ ਕਾਲੇ ਕੋਟ ਨੂੰ ਲਤਾੜ ਕੇ ਲੰਘ ਜਾਣ ਅਤੇ ਪੁਲਿਸ ਨਾਲ ਜਾ ਰਹੇ ਜੱਜ ਦੇ ਕਾਲੇ ਕੋਟ ਦੇ ਲਤਾੜੇ ਜਾਣ ਤੇ ਦੁਖੀ ਹੋਣ 'ਤੇ ਹੁੰਦਾ ਹੈ। ਡਾ. ਟੀ.ਆਰ. ਵਿਨੋਦ ਨੂੰ ਨਾਵਲ ਦਾ ਇਹ ਅੰਤ ਬਹੁਤ ਹੀ ਕਲਾਤਮਿਕ ਅਤੇ ਪੂਰੇ ਨਿਆਂ-ਪ੍ਰਬੰਧ 'ਤੇ ਵਿਅੰਗ ਜਾਪਦਾ ਸੀ। ਇਸ ਦੇ ਉਲਟ ਡਾ. ਹਰਿਭਜਨ ਸਿੰਘ ਭਾਟੀਆ ਦਾ ਸੁਝਾ ਸੀ ਕਿ ਨਾਵਲ ਪਿਆਰਾ ਲਾਲ ਦੇ 'ਲਾਲ ਭੀੜ' ਵਿਚ ਗੁਆਚ ਜਾਣ ਤੋਂ ਪਹਿਲਾਂ ਹੀ, ਬੇਕਸੂਰਾਂ ਨੂੰ ਸਜ਼ਾ ਸੁਣਾਉਣ ਵਾਲੇ ਜੱਜ ਵੱਲੋਂ ਕੀਤੇ ਗ਼ਲਤ ਫ਼ੈਸਲੇ ਦਾ ਅਹਿਸਾਸ ਕਰਦੇ ਹੋਏ, ਆਪਣੀ ਫ਼ੈਸਲੇ ਵਾਲੀ ਕਲਮ ਦੇ ਨਿੱਬ ਨੂੰ ਤੋੜ ਦੇਣ ਉੱਪਰ ਹੀ ਸਮਾਪਤ ਹੋ ਜਾਣਾ ਚਾਹੀਦਾ ਸੀ। **ਕਟਹਿਰਾ** ਨਾਵਲ ਦੇ ਦੂਸਰੇ ਐਡੀਸ਼ਨ ਵਿਚ ਮੈਂ ਇਸ ਸੁਝਾ ਨੂੰ ਲਾਗੂ ਕਰ ਦਿੱਤਾ।

ਜਦੋਂ ਡਾ. ਟੀ.ਆਰ. ਵਿਨੋਦ ਹੁਰਾਂ ਨੇ ਦੂਸਰਾ ਐਡੀਸ਼ਨ ਪੜ੍ਹਿਆ ਤਾਂ ਉਨ੍ਹਾਂ ਪੁੱਛਿਆ ਕਿ ਕੱਟੀਆਂ ਗਈਆਂ ਸਤਰਾਂ ਕਿਸੇ ਗ਼ਲਤੀ ਕਾਰਨ ਛਪਣੀਆਂ ਰਹਿ ਗਈਆਂ ਹਨ ਜਾਂ ਮੈਂ ਜਾਣ ਬੁੱਝ ਕੇ ਹਟਾਈਆਂ ਹਨ। ਸਤਰਾਂ ਨੂੰ ਹਟਾਏ ਜਾਣ ਦਾ ਕਾਰਨ ਜਦੋਂ ਮੈਂ ਡਾ. ਵਿਨੋਦ ਹੁਰਾਂ ਨੂੰ ਦੱਸਿਆ ਤਾਂ ਉਨ੍ਹਾਂ ਸਤਰਾਂ ਦਾ ਮਹੱਤਵ ਸਮਝਾ ਕੇ ਇਨ੍ਹਾਂ ਸਤਰਾਂ ਨੂੰ ਮੁੜ ਨਾਵਲ ਵਿਚ ਸ਼ਾਮਲ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਦਾ ਸੁਝਾਅ ਮੰਨਦੇ ਹੋਏ ਮੈਂ ਨਾਵਲ ਦੇ ਤੀਸਰੇ ਐਡੀਸ਼ਨ ਵਿਚ ਫਿਰ ਪਹਿਲੇ ਐਡੀਸ਼ਨ ਵਾਲੀਆਂ ਸਤਰਾਂ ਸ਼ਾਮਲ ਕਰ ਦਿੱਤੀਆਂ। ਮੇਰੇ ਮਨ ਵਿਚ ਇਨ੍ਹਾਂ ਆਲੋਚਕਾਂ ਦੇ ਸੁਝਾਵਾਂ ਪ੍ਰਤੀ ਇੰਨਾ ਸਤਿਕਾਰ ਸੀ ਕਿ ਮੈਂ ਨਾਵਲ ਦੇ ਮਹੱਤਵਪੂਰਨ ਅੰਸ਼ਾਂ ਵਿਚ ਤਬਦੀਲੀ ਕਰਨ ਲੱਗਿਆਂ ਇਕ ਮਿੰਟ ਵੀ ਨਹੀਂ ਲਾਇਆ।

**ਤਫ਼ਤੀਸ਼** ਨਾਵਲ ਦੇ ਪ੍ਰਕਾਸ਼ਨ ਬਾਅਦ ਇਕ ਵਾਰ ਮੈਂ ਡਾ. ਕੇਸਰ ਸਿੰਘ ਕੇਸਰ ਹੁਰਾਂ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਗਿਆ। ਉਨ੍ਹਾਂ ਨਾਵਲ ਪੜ੍ਹਿਆ ਹੋਇਆ ਸੀ। ਨਾਵਲ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਮੈਨੂੰ ਇਕ ਸਬਕ ਦਿੰਦਿਆਂ ਆਖਿਆ ਕਿ ਇਸ ਨਾਵਲ ਦੀ ਸਫਲਤਾ ਤੋਂ ਪ੍ਰਭਾਵਿਤ ਹੋ ਕੇ ਨਵਾਂ ਨਾਵਲ ਲਿਖਣ ਵਿਚ ਕਾਹਲ ਨਾ ਕਰਾਂ। ਨਵਾਂ ਨਾਵਲ ਇਸ ਤੋਂ ਵਧੀਆ ਹੋਵੇ, ਇਸ ਲਈ ਕਰੜੀ ਮਿਹਨਤ ਕਰਾਂ। ਨਾਵਲ ਦੇ ਹਰ ਪੈਰ੍ਹੇ, ਹਰ ਸਤਰ ਵੱਲ ਵੀ ਨਹੀਂ ਹਰ ਸਬਦ ਵੱਲ ਵੀ ਧਿਆਨ ਦੇਵਾਂ। ਆਪਣੇ ਸਿਧਾਂਤ ਨੂੰ ਸਮਝਾਉਣ ਲਈ ਉਨ੍ਹਾਂ ਇਕ ਉਦਾਹਰਣ ਦਿੱਤੀ। ਉਨ੍ਹਾਂ ਆਖਿਆ ਕਿ ਇਕ ਮੇਜ਼ ਚਾਹ ਵਾਲੀ ਸਾਧਾਰਨ ਜਿਹੀ ਰੇਹੜੀ ਦੇ ਅੱਗੇ ਗ਼ਰੀਬ ਗਾਹਕਾਂ ਦੇ ਬੈਠਣ ਲਈ ਪਿਆ ਹੁੰਦਾ ਹੈ। ਉਸੇ ਲੱਕੜੀ ਦਾ ਬਣਿਆ ਦੂਜਾ ਮੇਜ਼ ਅਮੀਰ ਲੋਕਾਂ ਦੇ ਡਰਾਇੰਗ ਰੂਮਾਂ ਵਿਚ ਸੱਜਦਾ ਹੈ। ਉਸੇ ਲੱਕੜੀ ਦਾ ਬਣਿਆ ਤੀਜਾ ਮੇਜ਼ ਰਾਜੇ ਮਹਾਰਾਜਿਆਂ ਦੇ ਮਹਿਲਾਂ ਦੀ ਸ਼ੋਭਾ ਬਣਦਾ ਹੈ ਅਤੇ ਕਲਾ ਵਸਤੂ ਦੇ ਤੌਰ 'ਤੇ ਪਹਿਚਾਣ ਬਣਾਉਂਦਾ ਹੈ। ਤਿੰਨਾਂ ਦੀ ਕੀਮਤ ਵਿਚ ਵੀ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਇਸ ਅੰਤਰ ਦਾ ਕਾਰਨ ਮੇਜ਼ ਨੂੰ ਬਣਾਉਣ ਵਾਲੇ ਮਿਸਤਰੀ ਦੀ ਕਲਾਤਮਿਕ ਸੂਝ ਦੇ ਨਾਲ-ਨਾਲ ਉਸ ਵੱਲੋਂ ਕੀਤੀ ਗਈ ਅਣਥੱਕ ਮਿਹਨਤ ਵੀ ਹੁੰਦਾ ਹੈ। ਇਸ ਸਬਕ ਨੇ ਮੈਨੂੰ ਅਗਲੇ ਨਾਵਲ ਲਿਖਣ ਸਮੇਂ ਕਰੜੀ ਮਿਹਨਤ ਕਰਨ ਲਈ ਪ੍ਰੇਰਿਆ

**ਕਟਹਿਰਾ** ਨਾਵਲ ਲਿਖਣ ਬਾਅਦ ਮੇਰੇ ਵਿਚ ਖੜੋਤ ਆ ਗਈ। ਮੈਂ ਪੂਰੀ ਤਰ੍ਹਾਂ ਸਾਹਿਤਕ ਸਰਗਰਮੀਆਂ ਤੋਂ ਕੱਟਿਆ ਗਿਆ। ਜਾਪਦਾ ਸੀ ਮੁੜ ਸਾਹਿਤਕ ਸਿਰਜਣਾ ਵੱਲ ਨਹੀਂ ਆਵਾਂਗਾ। ਡਾ. ਹਰਿਭਜਨ ਸਿੰਘ ਭਾਟੀਆ ਸਦਾ ਹੀ ਮੇਰੇ ਸੰਪਰਕ ਵਿਚ ਰਹੇ ਅਤੇ ਮੈਨੂੰ ਹੋਰ ਲਿਖਣ ਲਈ ਪ੍ਰੇਰਦੇ ਰਹੇ। ਮੇਰੀਆਂ ਹਨੂਮਾਨ ਵਾਲੀਆਂ ਸ਼ਕਤੀਆਂ ਬਾਰੇ ਜਾਣੂ ਕਰਵਾਉਂਦੇ ਰਹੇ। ਉਨ੍ਹਾਂ ਦੇ ਲਗਾਤਾਰ ਕੀਤੇ ਗਏ ਇਸ ਯਤਨ ਦਾ ਸਿੱਟਾ **ਕੌਰਵ ਸਭਾ** ਅਤੇ **ਸੁਧਾਰ ਘਰ** ਨਾਵਲਾਂ ਦੀ ਸਿਰਜਣਾ ਵਿਚ ਨਿਕਲਿਆ।

ਚਾਰੇ ਨਾਵਲ ਪ੍ਰਕਾਸ਼ਿਤ ਹੋਣ ਬਾਅਦ, ਆਲੋਚਕਾਂ ਵਿਚਕਾਰ, ਨਾਵਲਾਂ ਦੇ

ਮੁੱਲਾਂਕਣ ਲਈ ਘਮਸਾਨ ਜਿਹਾ ਮੱਚ ਗਿਆ। ਇਨ੍ਹਾਂ ਨਾਵਲਾਂ ਦੀ ਵਡਿਆਈ ਅਤੇ ਛੁਟਿਆਈ ਲਈ ਆਲੋਚਕਾਂ ਦੇ ਧੜੇ ਬਣ ਗਏ। ਛੁਟਿਆਈ ਕਰਨ ਵਾਲੇ ਆਲੋਚਕਾਂ ਨੇ ਨਾਵਲਾਂ 'ਤੇ ਟਿੱਪਣੀ ਕਰਦੇ ਹੋਏ ਇਨ੍ਹਾਂ ਨੂੰ ਨਾਇਕ-ਖਲਨਾਇਕ ਰਹਿਤ ਹੋਣ ਕਾਰਨ ਨਾਵਲ ਮੰਨਣ ਤੋਂ ਇਨਕਾਰ ਕੀਤਾ। ਕੁਝ ਆਲੋਚਕਾਂ ਨੇ ਇਨ੍ਹਾਂ ਨਾਵਲਾਂ ਨੂੰ **ਕੇਵਲ ਤੱਥਾਂ ਦੀ ਪੇਸ਼ਕਾਰੀ ਜਾਂ ਡਾਕੂਮੈਂਟੇਸ਼ਨ** ਆਖਿਆ। ਨਾਵਲਾਂ ਵਿਚ ਆਏ ਸੈਂਕੜੇ ਪਾਤਰਾਂ ਕਾਰਨ ਕਈਆਂ ਨੂੰ ਨਾਵਲ 'ਪਾਤਰਾਂ ਦੇ ਘੜਮੱਸ' ਜਾਪੇ। ਇਨ੍ਹਾਂ ਟਿੱਪਣੀਆਂ ਦਾ ਜਵਾਬ ਦੇਣ ਲਈ ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ.ਆਰ. ਵਿਨੋਦ, ਕਾਮਰੇਡ ਸੁਰਜੀਤ ਗਿੱਲ ਅਤੇ ਡਾ. ਹਰਿਭਜਨ ਸਿੰਘ ਭਾਟੀਆ ਨੇ ਮੋਰਚਾ ਸੰਭਾਲਿਆ। ਡਾ. ਜੋਗਿੰਦਰ ਸਿੰਘ ਰਾਹੀ ਨੇ ਆਪਣੇ ਖੋਜ ਪੱਤਰਾਂ ਰਾਹੀਂ ਸਿੱਧ ਕੀਤਾ ਕਿ ਤੱਥਾਂ ਦੀ ਪੇਸ਼ਕਾਰੀ ਵਿਚ ਵੀ ਕਲਾ ਹੁੰਦੀ ਹੈ। ਡਾ. ਟੀ.ਆਰ. ਵਿਨੋਦ ਅਤੇ ਕਾਮਰੇਡ ਸੁਰਜੀਤ ਗਿੱਲ ਨੇ ਇਹ ਪੱਖ ਲਿਆ ਕਿ ਨਾਵਲ ਨਾਇਕ ਜਾਂ ਖਲਨਾਇਕ ਵਿਅਕਤੀਆਂ ਦੀ ਥਾਂ ਸਮੁੱਚੇ ਪ੍ਰਬੰਧ ਨੂੰ ਨਾਇਕ ਅਤੇ ਖਲਨਾਇਕ ਦੇ ਤੌਰ 'ਤੇ ਪੇਸ਼ ਕਰਦੇ ਹਨ, ਇਸ ਲਈ ਵਿਅਕਤੀਗਤ ਨਾਇਕ-ਖਲਨਾਇਕ ਦੀ ਗ਼ੈਰਹਾਜ਼ਰੀ ਨਾਵਲ ਦਾ ਔਗੁਣ ਨਹੀਂ, ਸਗੋਂ ਵਿਸ਼ੇਸ਼ਤਾ ਹੈ। ਡਾ. ਭਾਟੀਆ ਵੱਲੋਂ ਇਨ੍ਹਾਂ ਨਾਵਲਾਂ ਨੂੰ ਇਤਿਹਾਸਕ ਮਹੱਤਤਾ ਵਾਲੇ ਨਾਵਲ ਮੰਨਦੇ ਹੋਏ ਟਿੱਪਣੀਆਂ ਕੀਤੀਆਂ ਕਿ ਜਿੰਨਾ ਚਿਰ ਵਰਤਮਾਨ ਭ੍ਰਿਸ਼ਟ ਪ੍ਰਬੰਧ ਬਦਲ ਨਹੀਂ ਜਾਂਦਾ, ਓਨਾ ਚਿਰ ਇਨ੍ਹਾਂ ਨਾਵਲਾਂ ਨੂੰ ਪ੍ਰਬੰਧ ਨੂੰ ਬਦਲਣ ਲਈ ਸੰਘਰਸ਼ ਲਈ ਪ੍ਰੇਰਨ ਵਾਲੇ ਨਾਵਲਾਂ ਦੇ ਤੌਰ 'ਤੇ ਪੜ੍ਹਿਆ ਜਾਵੇਗਾ ਅਤੇ ਪ੍ਰਬੰਧ ਦੇ ਬਦਲਣ ਬਾਅਦ, ਪ੍ਰਬੰਧ ਦੇ 'ਇਤਿਹਾਸ' ਦੇ ਤੌਰ 'ਤੇ। ਇਨ੍ਹਾਂ ਨਾਵਲਾਂ ਦੇ ਸਮਾਜਕ ਤੇ ਕਲਾਤਮਿਕ ਮਹੱਤਵ ਨੂੰ ਪਛਾਣਦੇ ਹੋਏ ਇਨ੍ਹਾਂ ਨੂੰ ਯੂਨੀਵਰਸਿਟੀਆਂ ਦੇ ਸਿਲੇਬਸਾਂ ਦਾ ਹਿੱਸਾ ਬਣਾਇਆ ਗਿਆ। ਡਾ. ਭਾਟੀਆ ਨੇ ਪਹਿਲਾਂ **ਕੌਰਵ ਸਭਾ ਦੀਆਂ ਪਰਤਾਂ** ਪੁਸਤਕ ਦਾ ਸੰਪਾਦਨ ਕਰਕੇ ਅਤੇ ਮਗਰੋਂ ਮੇਰੀ ਸਮੁੱਚੀ ਗਲਪ ਰਚਨਾ ਸੰਬੰਧੀ ਗਹਿਰ-ਗੰਭੀਰ ਵਿਸਤ੍ਰਿਤ ਮੁਲਾਕਾਤ ਕਰਕੇ ਮੇਰੇ ਨਾਵਲਾਂ ਦੀਆਂ ਛੁਪੀਆਂ ਪਰਤਾਂ ਨੂੰ ਉਭਾਰਿਆ। ਇਸ ਸਭ ਕੁਝ ਨੇ ਮੈਨੂੰ ਹੱਲਾਸ਼ੇਰੀ ਤਾਂ ਦਿੱਤੀ ਹੀ, ਨਾਲ ਹੀ ਨਾਲ ਮੈਨੂੰ ਖ਼ੁਦ ਆਪਣੀ ਗਲਪ ਰਚਨਾ ਨੂੰ ਵੇਖਣ/ਸਮਝਣ ਦੀ ਨੀਝ ਵੀ ਪ੍ਰਦਾਨ ਕੀਤੀ।

ਇੰਜ ਇਨ੍ਹਾਂ ਆਲੋਚਕਾਂ ਵੱਲੋਂ ਕੀਤੀ ਮੇਰੀ ਰਹਿਨੁਮਾਈ ਅਤੇ ਹੱਲਾਸ਼ੇਰੀ ਦਾ ਸਿੱਟਾ ਇਹ ਨਿਕਲਿਆ ਕਿ ਮੇਰੇ ਨਾਵਲਾਂ ਨੂੰ "ਗੁਰਦਿਆਲ ਸਿੰਘ ਤੋਂ ਅਗਲੇ ਪੜਾਅ" ਦੇ ਨਾਵਲ ਮੰਨਿਆ ਗਿਆ। ਸਾਹਿਤ ਅਕੈਡਮੀ ਦਾ ਪੁਰਸਕਾਰ ਪ੍ਰਾਪਤ ਹੋਇਆ। ਚਾਰੇ ਨਾਵਲਾਂ ਨੂੰ ਹਿੰਦੀ ਵਿਚ ਵੀ ਮਾਨਤਾ ਪ੍ਰਾਪਤ ਹੋਈ। ਡਾ. ਨਾਮਵਰ ਸਿੰਘ, ਡਾ. ਮੈਨੇਜਰ ਪਾਂਡੇ, ਡਾ. ਰਮੇਸ਼ ਕੁੰਤਲ ਮੇਘ, ਡਾ. ਵਿਨੋਦ ਸ਼ਾਹੀ, ਪੰਕਜ ਬਿਸ਼ਟ ਅਤੇ ਸੁਰੇਸ਼ ਪੰਡਿਤ ਵਰਗੇ ਵਿਦਵਾਨਾਂ ਵੱਲੋਂ ਇਨ੍ਹਾਂ ਨਾਵਲਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

**ਕੌਰਵ ਸਭਾ** ਨੂੰ ਨੈਸ਼ਨਲ ਪੁਲਿਸ ਅਕੈਡਮੀ, ਹੈਦਰਾਬਾਦ ਵਰਗੀ ਮਹੱਤਵਪੂਰਨ ਸੰਸਥਾ ਵੱਲੋਂ ਅੰਗਰੇਜ਼ੀ ਵਿਚ ਛਾਪੇ ਜਾਣ ਨੂੰ ਅਗਲੇ ਪੜਾਅ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ।

ਪੰਜਾਬਾਂ ਦੇ ਲਗਪਗ ਹਰ ਆਲੋਚਕ ਨੇ, ਕਿਸੇ ਨਾ ਕਿਸੇ ਨਾਵਲ 'ਤੇ ਕੋਈ ਨਾ ਕੋਈ ਮਹੱਤਵਪੂਰਨ ਟਿੱਪਣੀ ਕੀਤੀ ਹੈ ਅਤੇ ਮੇਰੇ ਮੌਜੂਦਾ ਸਥਾਨ ਉੱਪਰ ਪਹੁੰਚਣ ਵਿਚ ਯੋਗਦਾਨ ਪਾਇਆ ਹੈ। ਮੈਂ ਸਾਰੇ ਹੀ ਆਲੋਚਕਾਂ ਦਾ ਧੰਨਵਾਦੀ ਹਾਂ।

**

## ਵਿਦਵਾਨਾਂ ਦੀ ਪ੍ਰਤਿਕਿਰਿਆ

ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ **ਤਫ਼ਤੀਸ਼** ਨਾਵਲ ਪੰਜਾਬੀ ਨਾਵਲ ਦੀ ਮੁੱਖ ਧਾਰਾ ਨੂੰ ਇਕ ਨਵੀਂ ਦਿਸ਼ਾ ਵੱਲ ਮੋੜਦਾ ਹੈ, ਉਚੇਚੇ ਮਨੋਰਥਵਾਦ ਦੀ ਥਾਂ ਮਾਨਵਵਾਦੀ ਸੰਵੇਦਨਾ ਵੱਲ, ਨਾਅਰੇਬਾਜ਼ੀ ਦੀ ਥਾਂ ਮਨੁੱਖੀ ਸੋਚ ਦੀ ਪਛਾਣ ਅਤੇ ਇਸ ਦੇ ਘੋਰ ਦੁਖਾਂਤ ਵੱਲ। ਵੈਸੇ ਤਾਂ ਪੰਜਾਬੀ ਨਾਵਲ ਦੇ ਖੇਤਰ ਵਿਚ ਗੁਰਦਿਆਲ ਸਿੰਘ ਤੋਂ ਪਿੱਛੋਂ ਕਈ ਕੁਸ਼ਲ ਨਾਵਲਕਾਰਾਂ ਨੇ ਇਸ ਨੂੰ ਨਵੇਂ ਵਿਸਥਾਰ ਤੇ ਪਾਸਾਰ ਪ੍ਰਦਾਨ ਕੀਤੇ ਹਨ। ਖ਼ਾਸ ਤੌਰ ’ਤੇ ਕਰਮਜੀਤ ਕੁੱਸਾ, ਨਿੰਦਰ ਗਿੱਲ, ਗੁਰਮੁਖ ਸਿੰਘ ਸਹਿਲ, ਸ. ਸੋਜ਼ ਨੇ। ਪਰ **ਤਫ਼ਤੀਸ਼** ਲਈ ਜੋ ਸਥਾਨ ਨਿਸ਼ਚਿਤ ਹੋਇਆ ਹੈ, ਉਹ ਅਲੌਕਿਕ ਅਤੇ ਬੇਮਿਸਾਲ ਹੈ।

ਇਕ ਨਾਵਲੀ ਕਿਰਤ ਵਜੋਂ **ਤਫ਼ਤੀਸ਼** ਦੀ ਇਕ ਵਡਿਆਈ ਇਹ ਵੀ ਹੈ ਕਿ ਇਹ ਨਾਵਲ ਤਤਕਾਲੀ ਉਤੇਜਨਾ ਨੂੰ ਸਰਬਕਾਲੀ ਪ੍ਰਸੰਗ ਪ੍ਰਦਾਨ ਕਰਦਾ ਹੈ। ਇਸ ਦੀ ਘਟਨਾ ਦਾ ਸੰਬੰਧ ਸਮਕਾਲੀ ਪੰਜਾਬ ਦੇ ਮਹਾਂ-ਰੁਦਨ ਦੇ ਸੱਚ ਨਾਲ ਹੈ ਪਰ ਨਾਵਲ ਦਾ ਅਰਥ ਸਮੁੱਚੇ ਭਾਰਤ ਦੇ ਹੀ ਨਹੀਂ ਸਗੋਂ ਜਿਥੇ ਵੀ ਕੋਈ ਮਨੁੱਖ ਵੱਸਿਆ ਹੈ ਜਾਂ ਵੱਸਦਾ ਹੈ, ਉਥੇ ਰਾਜ ਤੇ ਵਿਅਕਤੀ ਦੀ ਅਨਿਵਾਰੀ ਟੱਕਰ ਦਾ ਮਾਰਮਿਕ ਬਣ ਗਿਆ ਹੈ। ਅਪਰਾਧ ਤੇ ਦੰਡ, ਨਿਆਂ ਤੇ ਅਨਿਆਂ, ਰਾਜ ਤੇ ਵਿਅਕਤੀਗਤ ਸੁਤੰਤਰਤਾ, ਕਰਤੱਵ ਤੇ ਕਿਰਦਾਰ, ਸੰਵੇਦਨਸ਼ੀਲ ਵਿਅਕਤੀ ਦੀ ਇਕੱਲਤਾ ਤੇ ਸਮੂਹਿਕ ਭੀੜ ਦੀ ਨਿਰਵਿਸ਼ੇਸ਼ਤਾ ਦੇ ਦਵੰਦਾਂ ਨੂੰ ਲੇਖਕ ਨੇ ਇਸ ਕਲਾਕਾਰੀ ਨਾਲ ਉਸਾਰਿਆ ਹੈ ਕਿ ਕਿਤੇ ਵੀ ਕੋਈ ਵਿਰਲ ਜਾਂ ਵਿਕਾਰ ਨਜ਼ਰ ਨਹੀਂ ਆਉਂਦਾ। ਨਿਰੋਲ ਪਾਠਕ ਦੇ ਪੱਖ ਤੋਂ ਇਹ ਰਚਨਾ ਇਤਨੀ ਰੌਚਿਕ ਅਤੇ ਜਗਿਆਸਾ ਭਰਪੂਰ ਹੈ ਕਿ ਇਕ ਵਾਰੀ ਸ਼ੁਰੂ ਕਰਕੇ ਨਾਵਲ ਅੰਤ ਤਕ ਪੜ੍ਹੇ ਬਿਨਾ ਚੈਨ ਨਹੀਂ ਆਉਂਦਾ। ਤੇ ਮੁਕਾ ਕੇ ਵੀ ਕਿਹੜਾ ਚੈਨ ਆਉਂਦਾ ਹੈ। ਪਾਲਾ ਤੇ ਮੀਤਾ ਤੇ ਗੁਰਮੀਤ ਅਤੇ ਬਾਬਾ ਗੁਰਦਿੱਤ ਸਿੰਘ ਦਾ ਸੰਤਾਪ ਹੋਰ ਅਨੇਕ ਮਨੁੱਖੀ ਪ੍ਰਸ਼ਨਾਂ ਨੂੰ ਨਿਰਾਰਥਕ ਬਣਾ ਕੇ ਪਾਠਕ ਨੂੰ ਆਪਣੀ ਸੱਚ ਦੀ ਘੜੀ ਦੇ ਪੇਸ਼ ਨੂੰ ਹੋਣ ਨੂੰ ਟੁੰਬਦਾ ਹੈ ਜਾਂ ਘੱਟੋ-ਘੱਟ ਉਹ ਆਪਣੀ ਕੱਜਹੀਣ ਕਾਇਰਤਾ ਦੇ ਰੂਬਰੂ ਹੋ ਸਕੇ।

—*ਪ੍ਰੋ. ਅਤਰ ਸਿੰਘ,* “ਤਫ਼ਤੀਸ਼ : ਨਵੀਂ ਦਿਸ਼ਾ ਦਾ ਸੂਚਕ”

—✶—

ਮਿੱਤਰ ਸੈਨ ਮੀਤ ਦੇ ਨਾਵਲ ਸਾਫ਼ ਤੌਰ ’ਤੇ ਐਲਾਨ ਕਰਦੇ ਹਨ ਕਿ ਨਿੱਜੀ ਜਾਇਦਾਦ ਰਹਿਤ ਸਮਾਜ ਦੀ ਸਿਰਜਣਾ ਲਈ ਸੰਗਠਿਤ ਅਤੇ ਚੇਤਨ ਕੋਸ਼ਿਸ਼ ਦੀ ਲੋੜ ਹੈ ਅਤੇ ਇਸ ਕ੍ਰਾਂਤੀ ਵਿਚ ਥੋੜੀ ਜਾਇਦਾਦ ਵਾਲਿਆਂ ਨੂੰ ਵੀ ਨਾਲ ਰਲਾਉਣ

ਦੀ ਲੋੜ ਹੈ। ਵਰਗ ਸਮਾਜ ਤੋਂ ਵਰਗ ਰਹਿਤ ਸਮਾਜ ਸਿਰਜਣਾ ਇਕ ਵੱਡਾ ਕੰਮ ਹੈ ਅਤੇ ਇਸ ਲਈ ਵੱਡੀ ਕੀਮਤ ਅਦਾ ਕਰਨੀ ਪੈਂਦੀ ਹੈ ਪਰ ਜੇਕਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਫਿਰ ਇਸ ਦੇ ਨਤੀਜੇ ਹੋਰ ਵੀ ਖ਼ਤਰਨਾਕ ਹੋਣਗੇ। ਅੱਜ ਦੀ ਮਾਨਵ ਜਾਤੀ ਨੂੰ ਸਮਾਜਵਾਦ ਜਾਂ ਜੰਗਲ ਰਾਜ ਵਿਚੋਂ ਇਕ ਨੂੰ ਚੁਣਨਾ ਹੀ ਪਵੇਗਾ। ਇਸ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੈ।

ਪੂੰਜੀਵਾਦੀ ਸਟੇਟ ਦਾ ਘਿਨਾਉਣਾ ਚਿਹਰਾ **ਕੌਰਵ ਸਭਾ** ਨਾਵਲ ਵਿਚ ਬਹੁਤ ਹੀ ਡੂੰਘੀ, ਵਿਆਖਿਆਤਮਕ ਅਤੇ ਨਿਯਮਬੱਧ ਤਰੀਕੇ ਨਾਲ ਨੰਗਾ ਕੀਤਾ ਗਿਆ ਹੈ। ਨਾਵਲ ਦਾ ਸਿਰਲੇਖ ਮਹਾਂਭਾਰਤ ਦੇ ਸਮੇਂ ਦਾਸ ਸਮਾਜ ਦੇ ਅਨਿਆਂ ਅਤੇ ਕਾਨੂੰਨ ਵਿਰੋਧੀ ਹੋਣ ਦਾ ਪ੍ਰਤੀਕ ਹੈ। ਕੌਰਵਾਂ ਅਤੇ ਪਾਂਡਵਾਂ ਨੇ ਗਰੀਬ ਲੋਕਾਂ ਦਾ ਸ਼ੋਸ਼ਣ ਕਰਕੇ ਹਸਤਿਨਾਪੁਰ ਰਾਜ ਬਣਾਇਆ। ਉਨ੍ਹਾਂ ਨੇ ਕਬੀਲਿਆਂ ਦੇ ਲੋਕਤੰਤਰ ਦਾ ਦਮਨ ਕਰਕੇ ਚੱਕਰਵਰਤੀ ਰਾਜ ਦੀ ਸਥਾਪਨਾ ਕੀਤੀ। ਪਰ ਜਦੋਂ ਇਸ ਲੁੱਟ ਨੂੰ ਵੰਡਣ ਦਾ ਸਵਾਲ ਉੱਠਿਆ ਤਾਂ ਦੋਵੇਂ ਪਰਿਵਾਰਾਂ ਵਿਚ ਲੜਾਈ ਛਿੜ ਗਈ ਅਤੇ ਇਸ ਦੇ ਨਤੀਜੇ ਵਜੋਂ ਬਹੁਤ ਸਾਰੇ ਲੋਕ ਇਸ ਵਿਚ ਮਾਰੇ ਗਏ। ਅੰਤ ਵਿਚ ਪਾਂਡਵਾਂ ਨੇ ਲੜਾਈ ਜਿੱਤੀ ਅਤੇ ਵੱਡੇ ਇਲਾਕੇ ਵਿਚ ਦਾਸ ਸਮਾਜ ਦੀ ਸਥਾਪਨਾ ਕੀਤੀ, ਜਿਸ ਦਾ ਨਾਮ 'ਭਾਰਤ' ਪਿਆ।

ਲੇਖਕ **ਕੌਰਵ ਸਭਾ** ਵਿਚ ਪੁਰਾਣੀ ਮਿੱਥ ਤੋਂ ਕੁਝ ਅੰਸ਼ ਲੈ ਕੇ ਆਧੁਨਿਕ ਸਮਾਜ ਦਾ ਮਹਾਂ-ਕਾਵਿ ਸਿਰਜਦਾ ਹੈ। ਇਸ ਨਾਵਲ ਵਿਚ 'ਮਾਇਆ ਨਗਰ' ਨਾਮ ਦੀ ਸਟੇਟ ਦਾ ਵਰਣਨ ਹੈ, ਜਿਸ ਦਾ ਅਰਥ ਹੈ ਪੈਸਾ ਹੀ ਸਮਾਜ ਨੂੰ ਚਲਾਉਂਦਾ ਹੈ। ਨਾਵਲਕਾਰ ਸਟੇਟ ਅਤੇ ਪੈਸੇ ਦੇ ਅੰਦਰੂਨੀ ਸੰਬੰਧਾਂ ਬਾਰੇ ਚੰਗੀ ਤਰ੍ਹਾਂ ਜਾਣੂ ਹੈ।

*—ਡਾ. ਟੀ.ਆਰ. ਵਿਨੋਦ,*

"ਸਵੈ, ਸਾਹਿਤ ਅਤੇ ਸਮਾਜ ਦੀ ਇਕਸੁਰਤਾ : ਮਿੱਤਰ ਸੈਨ ਮੀਤ"

—✶—

**ਕੌਰਵ ਸਭਾ**...ਵੱਖਰੀ ਪ੍ਰਕਾਰ ਦਾ ਨਾਵਲ ਹੈ। ਇਹ ਪੰਜਾਬੀ ਨਾਵਲ ਵਿਚ ਆਪਣੀ ਹੀ ਕਿਸਮ ਦੀ ਕੋਟੀ ਹੈ। ਇਸ ਵਿਚ ਕੋਈ ਐਸਾ ਕੇਂਦਰੀ ਪਾਤਰ ਨਹੀਂ, ਜਿਸ ਨੂੰ ਕਿਸੇ ਇਕ ਜਾਂ ਦੂਜੀ ਵੰਨਗੀ ਦੇ ਨਾਇਕ ਦਾ ਰੁਤਬਾ ਦਿੱਤਾ ਜਾ ਸਕੇ। ਦੂਸਰੇ ਸ਼ਬਦਾਂ ਵਿਚ, ਇਸ ਵਿਚ ਕੋਈ ਸੁਪਨਹਾਰ ਕਿਰਦਾਰ ਨਹੀਂ। ਬਾਕੀ ਜਿਸ ਚੀਜ਼ ਨੂੰ ਅਸੀਂ 'ਨਾਵਲੀ' ਕਹਿੰਦੇ ਹਾਂ, ਉਹ ਸਭ ਕੁਝ ਇਸ ਵਿਚ ਪ੍ਰਾਪਤ ਹੈ। ਸੁਪਨਹਾਰ ਪਾਤਰ ਨਿਪਟ ਮਾਨਵਵਾਦੀ ਕੋਟੀ ਦਾ ਹੋਵੇ ਜਾਂ ਦੁਖਾਂਤ ਮਾਨਵਵਾਦੀ ਕੋਟੀ ਦਾ, ਉਹ ਨਾਇਕ ਦਾ ਹੀ ਇਕ ਜਾਂ ਦੂਜੀ ਕਿਸਮ ਦਾ ਪਰਿਆਇ ਹੁੰਦਾ ਹੈ। ਪਰੰਤੂ ਜੇ ਇਹ ਪਰਿਆਏ ਕਿਸੇ ਨਾਵਲ ਸਮਝੇ ਜਾਂਦੇ ਬਿਰਤਾਂਤ ਵਿਚ ਪ੍ਰਾਪਤ ਨਹੀਂ ਕਿ ਉਹ ਬਿਰਤਾਂਤ ਰਚਨਾ ਨਾਵਲ ਨਹੀਂ ਰਹਿੰਦੀ। ਇਹ ਬੱਸ ਸੰਜੋਗ ਦੀ ਗੱਲ ਹੈ ਕਿ ਨਾਵਲ ਵਿਚ ਬਾਕੀ ਸਭ ਪਾਤਰਾਂ ਉਚੇਰੀ ਸੁਚੇਤਨਾ ਤੇ ਪ੍ਰਤਿਬੱਧਤਾ ਨਾਲ ਸੰਬੰਧਤ

ਪਾਤਰ, ਬਿਰਤਾਂਤਕ ਵਾਰਤਾ ਦਾ ਕੇਂਦਰੀ ਸੂਤਰ ਸਮਝਿਆ ਜਾਣ ਲੱਗਦਾ ਹੈ। ਵੈਸੇ ਜੋ ਚੀਜ਼ ਨਾਵਲੀ ਬਿਰਤਾਂਤ ਨੂੰ ਕੇਂਦਰੀ ਸੂਤਰ ਵਿਚ ਬੰਨ੍ਹਦੀ ਹੈ, ਉਹ ਨਾਇਕਾ ਜਾਂ ਪ੍ਰਮੁੱਖ ਪਾਤਰ ਨਹੀਂ ਹੁੰਦਾ, ਕੇਂਦਰੀ ਸਮੱਸਿਆ ਹੁੰਦੀ ਹੈ। ਇਸ ਨਾਵਲ ਦੀ ਕੇਂਦਰੀ ਸਮੱਸਿਆ 'ਫ਼ੌਜਦਾਰੀ ਨਿਆਂ-ਪ੍ਰਣਾਲੀ' ਹੈ। ਨਾਇਕੀ ਕਿਰਦਾਰ ਦੀ ਥਾਂ, ਕੇਂਦਰੀ ਸਮੱਸਿਆ ਦਾ ਸੰਗਠਨਕਾਰੀ ਸੂਤਰ ਹੋ ਨਿਬੜਨਾ ਪੰਜਾਬੀ ਨਾਵਲ ਵਿਚ ਨਵੀਂ ਕਿਸਮ ਦੀ ਸ਼ਿਲਪਕਾਰੀ ਦੀ ਸ਼ੁਰੂਆਤ ਹੈ। ਪਰਮਜੀਤ ਜੱਜ ਦਾ **ਤ੍ਰਕਾਲਾਂ** ਵੀ ਇਸ ਵੰਨਗੀ ਦਾ ਹੀ ਨਾਵਲ ਹੈ। ਬਹੁਤ ਸਮਾਂ ਪਹਿਲਾਂ ਲਿਖਿਆ ਗਿਆ ਸੁਰਜੀਤ ਸਿੰਘ ਸੇਠੀ ਦਾ ਨਾਵਲ **ਆਬਰਾ ਕਦਾਬਰਾ** ਇਨ੍ਹਾਂ ਦਾ ਪੂਰਵਜ ਹੋ ਸਕਦਾ ਹੈ।

**ਕੌਰਵ ਸਭਾ** ਦਾ ਸ਼ਕਤੀਸ਼ਾਲੀ ਸ਼ਾਸਤਰ ਇਸ ਦੇ ਤੱਥ ਹਨ ਜੋ ਏਨੇ ਵਿਵਿਧ ਤੇ ਪ੍ਰਮਾਣਕ ਹਨ ਕਿ ਹੋਰ ਜੁਗਤਾਂ ਦੀ ਅਹਿਮੀਅਤ ਦੁਜੈਲੀ ਹੋ ਨਿਬੜਦੀ ਹੈ। ਨਾਵਲ ਦਾ ਮੁੱਖ ਸਰੋਕਾਰ ਹੁਣ ਤਕ ਦੇ ਆਜ਼ਾਦ ਭਾਰਤ ਵਿਚ ਰਾਜ-ਪ੍ਰਣਾਲੀ, ਸਮਾਜ-ਤੰਤਰ ਤੇ ਮਨੁੱਖੀ ਰਿਸ਼ਤਿਆਂ ਦੀ ਅਮਾਨਵੀਅਤਾ ਨੂੰ ਸਾਹਿਤਕ ਟੇਕ ਦੀ ਪੂਰੀ ਸ਼ਿੱਦਤ ਨਾਲ ਚਿਤਰਨਾ ਹੈ ਤੇ ਇਹ ਕਾਰਜ ਨਾਵਲਕਾਰ ਨੇ ਤੱਥਾਂ ਦੇ ਵਿਸਤਾਰ ਤੇ ਪੁਨਰਗਠਨ ਰਾਹੀਂ ਇੰਜ ਨਿਭਾਇਆ ਹੈ ਕਿ ਜਿਸ ਦਾ ਸਿੱਟਾ ਨਾਵਲ ਵਿਚ ਜਗਿਆਸਾ ਨੂੰ ਸਾਣ ਉੱਤੇ ਲਾਉਣ ਵਾਲੇ ਗਾਲਪਨਿਕ ਰਹੱਸ ਵਿਭਿੰਨ ਪੈਂਤੜਿਆਂ ਵਿਚ ਉਸਰਦੇ ਵੀ ਹਨ ਤੇ ਟੁੱਟਦੇ ਵੀ, ਨਾਵਲ ਦੀ ਪਕੜ ਦੇ ਹਿਤ ਵਿਚ।

—*ਡਾ. ਜੋਗਿੰਦਰ ਸਿੰਘ ਰਾਹੀ,* "ਕੌਰਵ ਸਭਾ ਦੀ ਸ਼ਿਲਪਕਾਰੀ"

—*—

ਮਿੱਤਰ ਸੈਨ ਮੀਤ ਦਾ ਨਵਾਂ ਨਾਵਲ **ਕੌਰਵ ਸਭਾ** ਭਾਵੇਂ ਇਸ ਤੋਂ ਪਹਿਲੇ ਦੋ ਨਾਵਲਾਂ **ਤਫ਼ਤੀਸ਼** ਅਤੇ **ਕਟਹਿਰਾ** ਤੋਂ ਇਕ ਦਹਾਕੇ ਬਾਅਦ ਪ੍ਰਕਾਸ਼ਿਤ ਹੋਇਆ ਹੈ ਪਰ ਪਹਿਲੇ ਦੋਹਾਂ ਵਾਂਗ ਇਸ ਦਾ ਵਸਤੂ-ਖੇਤਰ ਵੀ ਪੰਜਾਬ ਪੁਲਿਸ ਦੀ ਬਦਨਾਮ ਕਾਰਗੁਜ਼ਾਰੀ ਤੇ ਵਰਤਮਾਨ ਨਿਆਂ-ਕਾਨੂੰਨ ਦੀ ਭ੍ਰਿਸ਼ਟ ਸਥਿਤੀ ਨਾਲ ਸੰਬੰਧਤ ਹੈ... **ਕੌਰਵ ਸਭਾ** ਪਹਿਲੇ ਦੋਹਾਂ ਨਾਵਲਾਂ ਨਾਲ ਵਸਤੂ-ਖੇਤਰ ਦੀ ਸਾਂਝ ਦੇ ਬਾਵਜੂਦ, ਇਸ ਪਛਾਣ ਵਿਚ ਇਕ ਮਹੱਤਵਪੂਰਨ ਪਾਸਾਰ ਜੋੜਦਾ ਹੈ ਕਿਉਂਕਿ ਇਹ ਕੇਵਲ ਭ੍ਰਿਸ਼ਟਾਚਾਰ ਦਾ ਬਿਰਤਾਂਤ ਹੀ ਨਹੀਂ, ਪੈਸੇ ਦੀ ਸ਼ਕਤੀ ਦਾ ਪ੍ਰਵਚਨ ਵੀ ਹੈ। ਇਹ ਨਾਵਲ ਬਿਰਤਾਂਤ ਕੈਨਵਸ ਦੀ ਵਿਸ਼ਾਲਤਾ, ਥੀਮ ਦੀ ਸੰਘਣਤਾ, ਗਲਪ-ਵਿਧੀ ਦੀ ਵਿਲੱਖਣਤਾ, ਭਾਸ਼ਾ ਸ਼ੈਲੀ ਦੀ ਠੇਠਤਾ ਤੇ ਸਥਿਤੀ ਦੀ ਸਮੱਗਰ ਸਿਰਜਣਾ ਦੇ ਪੱਖੋਂ ਪਹਿਲੇ ਦੋਹਾਂ ਨਾਵਲਾਂ ਨਾਲੋਂ ਬੇਹਤਰ ਹੋਣ ਕਰਕੇ, ਮੀਤ ਦੀ ਨਾਵਲ-ਕਲਾ ਦੇ ਵਿਕਾਸ ਦਾ ਪ੍ਰਤੱਖ ਪ੍ਰਮਾਣ ਹੈ।

ਅੱਜ ਦੇ ਪੂੰਜੀ-ਪ੍ਰਧਾਨ ਸਮਾਜ ਦੀਆਂ ਸਥਾਪਤ ਸ਼ਕਤੀਆਂ ਦੇ ਸੱਚ ਨੂੰ **ਕੌਰਵ ਸਭਾ** ਦਾ ਸੱਚ ਦਰਸਾ ਕੇ ਮਿੱਤਰ ਸੈਨ ਮੀਤ ਇਨ੍ਹਾਂ ਸ਼ਕਤੀਆਂ ਉੱਤੇ ਕੇਵਲ ਵਿਅੰਗ ਹੀ ਨਹੀਂ ਕੱਸਦਾ, ਸਗੋਂ ਇਨ੍ਹਾਂ ਦੇ ਭ੍ਰਿਸ਼ਟ ਸਭਿਆਚਾਰ ਦਾ ਚੀਰ-ਹਰਨ ਵੀ ਕਰਦਾ

ਹੈ। ਇਨਸਾਫ਼ ਦੀ ਓਟ ਵਿਚ ਹੋ ਰਹੀ ਬੇਇਨਸਾਫ਼ੀ ਬਾਹਰੋਂ ਆਉਂਦੇ ਪ੍ਰਬੰਧਾਂ ਦੀ ਆੜ ਵਿਚ ਨਿਰੰਕੁਸ਼ ਹਿੱਤਾਂ ਦੀ ਅਰਾਜਕਤਾ, ਮਨੁੱਖੀ ਹੱਕਾਂ ਦੀ ਰਾਖੀ ਦੇ ਪਰਦੇ ਹੇਠ ਹੋ ਰਹੀਆਂ ਨਿਹੱਕੀਆਂ ਨੂੰ ਇਹ ਨਾਵਲ ਅਲਫ਼ ਨੰਗਾ ਕਰਕੇ ਰੱਖ ਦਿੰਦਾ ਹੈ। ਵਿਕਾਊ ਵਕੀਲ, ਵੱਢੀਖੋਰ ਰਾਜਨੇਤਾ, ਭਈਆ ਮਜ਼ਦੂਰਾਂ ਦੀ ਗਰੀਬੀ ਨੂੰ ਅਪਰਾਧ ਵਿਚ ਬਦਲਦੇ ਸਰਮਾਏਦਾਰ, ਮੰਡੀ ਸਭਿਆਚਾਰ ਵਿਚ ਰੰਗਦੇ ਵਿਚੋਲੇ ਤੇ ਦਲਾਲ ਤੇ ਇਨ੍ਹਾਂ ਸਭ ਦੀ ਹਨੇਰਗਰਦੀ ਨੂੰ ਰੋਕ ਕੇ ਮਾਨਵੀ ਮੁੱਲਾਂ ਨੂੰ ਮੁੜ ਸਥਾਪਤ ਕਰਨ ਦੀ ਕੋਸ਼ਿਸ਼ ਵਿਚ ਜੁਟੀਆਂ ਧਿਰਾਂ ਦਾ ਇੰਨਾ ਭਰਵਾਂ ਚਿਤ੍ਰ ਪੰਜਾਬੀ ਨਾਵਲ ਵਿਚ ਪਹਿਲੀ ਵਾਰ ਹੋਇਆ ਹੈ। ਇਸ ਚਿਤ੍ਰ ਦਾ ਹੋਰ ਵਿਰਾਟ ਤੇ ਮੁਕੰਮਲ ਰੂਪ ਵੇਖਣ ਲਈ **ਕੌਰਵ ਸਭਾ** ਨੂੰ **ਤਫ਼ਤੀਸ਼** ਤੇ **ਕਟਹਿਰਾ** ਦੇ ਨਾਲ ਰੱਖ ਕੇ ਪੜ੍ਹਨਾ ਵਧੇਰੇ ਦਿਲਚਸਪ ਹੋ ਸਕਦਾ ਹੈ।

—*ਡਾ. ਕੇਸਰ ਸਿੰਘ ਕੇਸਰ,*
"ਪੈਸੇ ਦੀ ਸ਼ਕਤੀ ਦਾ ਪ੍ਰਵਚਨ : ਕੌਰਵ ਸਭਾ"

—*—

**ਤਫ਼ਤੀਸ਼** ਨਾਵਲ ਪੱਛੜੇ ਹੋਏ ਸਮਾਜ ਦੇ ਜੀਵਨ ਨੂੰ ਜੈੱਟ-ਯੁਗ ਦੀ ਰਫ਼ਤਾਰ ਨਾਲ ਪੇਸ਼ ਕਰਦਾ ਹੈ। ਇਸ ਵਿਚ ਵੀ ਇਸ ਦੀ ਵਾਰਤਕ ਸ਼ੈਲੀ ਪੂਰੀ ਤਰ੍ਹਾਂ ਸਹਾਈ ਹੁੰਦੀ ਹੈ। ਅਲੰਕਾਰ ਸ਼ਿੰਗਾਰ ਤੋਂ ਬਿਨਾ ਨਿੱਕੇ-ਨਿੱਕੇ ਵਾਕ, ਆਮ ਕਰਕੇ ਸਿੱਧਾ ਅਤੇ ਵਿਚ-ਵਿਚ ਵਾਰਤਾਲਾਪੀ ਢੰਗ, ਸੁਝਾਅ-ਪੂਰਨ ਵਕਫ਼ੇ, ਨਿੱਕੇ-ਨਿੱਕੇ ਪੈਰ੍ਹੇ—ਇਹ ਸਾਰਾ ਕੁਝ ਮਿਲ ਕੇ ਵਾਰਤਕ ਵਿਚ ਇਕ ਤਿੱਖੀ ਰਵਾਨੀ ਲੈ ਆਉਂਦਾ ਹੈ। ਕਈ ਥਾਵਾਂ ਉੱਤੇ ਇਹ ਰਵਾਨੀ ਇਕ ਅਜਿਹੀ ਮਸ਼ੀਨ-ਗੰਨ ਵਾਂਗ ਲੱਗਦੀ ਹੈ, ਜਿਹੜੀ ਪਾਤਰਾਂ ਅਤੇ ਘਟਨਾਵਾਂ ਦੀ ਬੁਛਾੜ ਲਾ ਦੇਂਦੀ ਹੈ। ਏਨੇ ਜ਼ਿਆਦਾ ਪਾਤਰ ਅਤੇ ਏਨੀਆ ਜ਼ਿਆਦਾ ਘਟਨਾਵਾਂ ਹੁਣ ਤਕ ਸ਼ਾਇਦ ਹੀ ਹੈ ਕਿਸੇ ਪੰਜਾਬੀ ਨਾਵਲ ਵਿਚ ਪੇਸ਼ ਹੋਈਆਂ ਹੋਣ। ਕਈ ਥਾਵਾਂ ਉੱਤੇ ਇਕ ਇਕ ਸਫ਼ੇ ਵਿਚ ਕਈ-ਕਈ ਪਾਤਰ ਪੇਸ਼ ਹੁੰਦੇ ਹਨ ਅਤੇ ਕਈ-ਕਈ ਘਟਨਾਵਾਂ ਵਾਪਰ ਜਾਂਦੀਆਂ ਹਨ। ਇੰਝ ਲੱਗਦਾ ਹੈ ਜਿਵੇਂ ਹੱਥ ਵਿਚ ਲਏ ਖੇਤਰ ਨਾਲ ਸੰਬੰਧਤ ਆਪਣੀ ਸਾਰੀ ਸਾਮੱਗਰੀ ਲੇਖਕ ਇਕੋ ਨਾਵਲ ਦੀ ਸਤਹ ਉੱਤੇ ਫੈਲਾ ਦੇਣੀ ਚਾਹੁੰਦਾ ਹੈ ਜਾਂ ਵਧੇਰੇ ਠੀਕ ਹੋਵੇਗਾ, ਇਕੋ ਨਾਵਲ ਵਿਚ ਵਰਤ ਲੈਣੀ ਚਾਹੁੰਦਾ ਹੈ।...

ਆਪਣੀ ਵਿਸ਼ਾਲਤਾ ਅਤੇ ਡੂੰਘਾਈ ਦੇ ਪੱਖੋਂ ਤਫ਼ਤੀਸ਼ ਇਕ ਬੇਮਿਸਾਲ ਰਚਨਾ ਹੈ। ਬਾਵਜੂਦ ਇਸ ਤੱਥ ਦੇ ਕਿ ਇਸ ਦਾ ਕਾਰਜ-ਖੇਤਰ ਇਕ ਕਸਬਾ ਹੈ, ਇਸ ਵਿਚ ਅੰਕਿਤ ਕਾਰਜ ਹਰ ਥਾਂ ਇਹੋ ਜਿਹਾ ਸਰੂਪ ਹੀ ਰੱਖਣਗੇ—ਨਗਰਾਂ ਅਤੇ ਮਹਾਂਨਗਰਾਂ ਵਿਚ ਵੀ। ਇਸ ਪੱਖੋਂ ਇਨ੍ਹਾਂ ਵਿਚ ਇਕ ਸਰਬ-ਵਿਆਪਕਤਾ ਹੈ। ਆਪਣੇ ਇਨ੍ਹਾਂ ਗੁਣਾਂ ਕਰਕੇ ਇਹ ਪ੍ਰਮਾਣਿਕ ਪਾਠ-ਪੁਸਤਕ ਬਣਨ ਦੀ ਸਮਰੱਥਾ ਰੱਖਦੀ ਹੈ। ਪੁਲਿਸ ਦੀ ਕਾਰਜ-ਵਿਧੀ ਵਿਚ ਦਿਲਚਸਪੀ ਰੱਖਦਾ ਕੋਈ ਵੀ ਰਾਜਸੀ,

ਸਮਾਜਕ, ਇਨਕਲਾਬੀ ਕਾਰਜ-ਕਰਤਾ ਜਾਂ ਇਸ ਬਾਰੇ ਡੂੰਘਾਈ ਵਿਚ ਜਾਨਣ ਦਾ ਅਭਿਲਾਸ਼ੀ ਸੱਜਰਾ ਬਣਿਆ ਪੁਲਿਸ ਕਰਮਚਾਰੀ ਇਸ ਨੂੰ ਪੜ੍ਹ ਕੇ ਲਾਭ ਉਠਾ ਸਕਦਾ ਹੈ। ਇਸ ਤਰ੍ਹਾਂ ਇਹ ਇਕ ਮਹੱਤਵਪੂਰਨ ਸਾਹਿਤ-ਰਚਨਾ ਹੈ। ਪਰ ਗਲਪ-ਰਚਨਾ ਵਜੋਂ ਸ਼ਾਇਦ ਇਸ ਬਾਰੇ ਇੰਝ ਨਾ ਕਿਹਾ ਜਾ ਸਕੇ।

*—ਪ੍ਰੋ. ਗੁਰਬਖ਼ਸ਼ ਸਿੰਘ ਫਰੈਂਕ,*

"ਤਫ਼ਤੀਸ਼ ਅਤੇ ਗਲਪ ਵਿਧਾ ਦਾ ਮੌਜੂਦਾ ਪੜਾਅ"

—*—

ਮਿੱਤਰ ਸੈਨ ਮੀਤ ਦਾ ਨਾਵਲ **ਤਫ਼ਤੀਸ਼** ਪੰਜਾਬੀ ਨਾਵਲ ਦੇ ਖੇਤਰ ਵਿਚ ਇਕ ਨਵਾਂ ਤਜਰਬਾ ਹੈ। **ਤਫ਼ਤੀਸ਼** ਇਕ ਨਿੱਕੀ ਜਿਹੀ ਘਟਨਾ ਨੂੰ ਬਿੰਦੂ ਬਣਾ ਕੇ ਸਾਰੇ ਪਾਸਿਆਂ ਵੱਲ ਨਿੱਕੀਆਂ-ਨਿੱਕੀਆਂ ਘਟਨਾਵਾਂ, ਟਿੱਪਣੀਆਂ ਅਤੇ ਪਿਛਲਝਾਤੀਆਂ ਆਸਰੇ ਫੈਲਦਾ ਹੈ।

ਇਹ ਨਾਵਲ ਇਸ ਗੱਲ ਨੂੰ ਵੀ ਸਪੱਸ਼ਟ ਕਰਦਾ ਹੈ ਕਿ ਕੋਈ ਵੀ ਬਾਜ਼ਮੀਰ ਬੰਦਾ ਇਸ ਪ੍ਰਬੰਧਕੀ ਢਾਂਚੇ ਵਿਚ ਫਿਟ ਨਹੀਂ ਹੋ ਸਕਦਾ। ਪ੍ਰਬੰਧਕੀ ਢਾਂਚਾ ਮੁੱਖ ਮੰਤਰੀ ਦੇ ਦਿੱਤੇ ਵਚਨਾਂ ਨੂੰ ਨਿਭਾਣ ਲਈ ਸਾਜਿਸ਼ ਰਚਦਾ ਹੈ ਅਤੇ ਥਾਣੇਦਾਰ ਤੋਂ ਲੈ ਕੇ ਜੱਜ ਤਕ ਮਿਲੀਭੁਗਤ ਕਰਕੇ ਦੋ ਗ਼ਰੀਬ ਬੇਸਹਾਰਾ ਬੰਦਿਆਂ ਨੂੰ ਖ਼ਤਰਨਾਕ ਮੁਜਰਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸਰਕਾਰੀ ਵਕੀਲ ਗੁਰਮੀਤ ਇਸ ਸਾਜ਼ਿਸ਼ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦਾ। ਇਸ ਲਈ ਉਸ ਨੂੰ ਮਜਬੂਰਨ ਅਸਤੀਫ਼ਾ ਦੇਣਾ ਪੈਂਦਾ ਹੈ।

**ਤਫ਼ਤੀਸ਼** ਵਿਚ ਲੇਖਕ ਨੇ ਭਾਵੇਂ ਨਾਵਲੀ ਚਿਤਰਪਟ ਤੇ ਸਮਾਜ ਦੀ ਤਫ਼ਤੀਸ਼ ਕੀਤੀ ਹੈ ਪਰ ਇਕ ਛੋਟੀ ਜਿਹੀ ਘਟਨਾ ਨੂੰ ਨਾਵਲ ਦੇ ਵਿਸ਼ੇ ਦਾ ਧੁਰਾ ਬਣਾਨ ਕਰਕੇ ਅਤੇ ਕਹਾਣੀ ਨੂੰ ਪਰੰਪਰਾਗਤ ਨਾਵਲ ਵਾਂਗ ਕਿਸੇ ਤਰਤੀਬ ਵਿਚ ਪੇਸ਼ ਨਾ ਕਰਨ ਕਰਕੇ ਇਹ ਨਾਵਲ ਜਿਥੇ ਪੰਜਾਬੀ ਨਾਵਲ ਦੇ ਖੇਤਰ ਵਿਚ ਇਕ ਨਵਾਂ ਤਜਰਬਾ ਕਰਦਾ ਹੈ, ਓਥੇ ਕੁਝ ਦੋਸ਼ਾਂ ਦਾ ਭਾਗ ਵੀ ਬਣਦਾ ਹੈ। ਇਸ ਨਾਵਲ ਨੂੰ ਪੜ੍ਹਦਿਆਂ ਇਹ ਗੱਲ ਅਖਰਦੀ ਹੈ ਕਿ ਨਾਵਲਕਾਰ ਘਟਨਾ ਨੂੰ ਯਥਾਰਥ ਤੋਂ ਵੱਧ ਖਿਲਾਰਾ ਦੇ ਰਿਹਾ ਹੈ।...ਇਹ ਨਾਵਲ ਜਿਥੇ ਸਾਡੇ ਪ੍ਰਬੰਧਕੀ ਢਾਂਚੇ ਨੂੰ ਯਥਾਰਥਕ ਪੱਧਰ 'ਤੇ ਪੇਸ਼ ਕਰਨ ਵਿਚ ਸਫ਼ਲ ਹੁੰਦਾ ਹੈ ਓਥੇ ਪਾਤਰਾਂ ਦੀ ਬਹੁਤਾਤ ਅਤੇ ਨਾਵਲ ਦੀ ਕਹਾਣੀ ਨੂੰ ਵਿਸਥਾਰ ਦੇਣ ਦੀ ਮਜਬੂਰੀ ਦਾ ਸ਼ਿਕਾਰ ਵੀ ਦਿਸਦਾ ਹੈ। ਜਦੋਂ ਸਮਾਜ ਦਾ ਯਥਾਰਥ ਸੁਭਾਵਕਤਾ ਵਿਚੋਂ ਨਾ ਉਘੜੇ ਤਾਂ ਨਾਵਲ ਦੀ ਕਹਾਣੀ ਨੂੰ ਕਈ ਵਾਰ ਬਨਾਵਟੀ ਮੋੜ ਦੇਣੇ ਪੈਂਦੇ ਹਨ। ਨਾਵਲ **ਤਫ਼ਤੀਸ਼** ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੈ।

*—ਡਾ. ਐੱਸ.ਐੱਸ. ਦੁਸਾਂਝ*

"ਤਫ਼ਤੀਸ਼ : ਵਸਤੂ-ਵਿਸ਼ਲੇਸ਼ਣ ਅਤੇ ਵਿਧੀ-ਮੂਲਕ ਨੁਕਤੇ"

—*—

ਇਹ ਨਾਵਲ (**ਤਫ਼ਤੀਸ਼**) ਪੰਜਾਬ ਸਮੱਸਿਆ ਨੂੰ ਅਨੋਖੇ ਅੰਦਾਜ਼ ਵਿਚ ਸੰਬੋਧਿਤ ਹੁੰਦਾ ਹੈ ਅਤੇ ਨਿਕਟ-ਸਮਕਾਲ ਵਿਚ ਵਾਪਰੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਦੇ ਪਿਛੋਕੜ ਵਿਚ ਇਕ ਪਾਸੇ ਪ੍ਰਬੰਧਕੀ ਢਾਂਚੇ ਅਤੇ ਅਨੁਸ਼ਾਸਨ ਬਲਾਂ ਦੇ ਦਿਨੋ-ਦਿਨ ਭ੍ਰਿਸ਼ਟ ਹੋ ਰਹੇ ਕਿਰਦਾਰ ਉੱਤੇ ਕਟਾਖਸ਼ ਕਰਦਾ ਹੈ ਅਤੇ ਦੂਸਰੇ ਪਾਸੇ ਫਿਰਕੂ ਰਾਜਨੀਤੀ ਦੀਆਂ ਸ਼ਤਰੰਜੀ ਚਾਲਾਂ ਦਾ ਪਾਜ ਉਘਾੜਦਾ ਹੈ। ਤਾਂ ਵੀ ਲੇਖਕ ਨੇ ਆਪਣੇ ਗਲਪੀ ਸੰਸਾਰ ਨੂੰ ਨਿਰਾ ਅੰਧਕਾਰਮਈ ਬਣਾ ਕੇ ਪੇਸ਼ ਨਹੀਂ ਕੀਤਾ। ਇਸ ਵਿਚ ਪ੍ਰਗਤੀਵਾਦੀ ਚੇਤਨਾ ਅਤੇ ਮਾਨਵ ਹਿਤਕਾਰੀ ਭਾਵਨਾ ਵਾਲੇ ਉਹ ਪਾਤਰ ਵੀ ਹਨ ਜੋ ਫਿਰਕੂ ਸਿਆਸਤ ਦਾ ਪਾਜ ਉਘਾੜਨ ਦਾ ਹੀਆ ਕਰਦੇ ਹਨ ਅਤੇ ਆਪਣੀ ਇਸ ਦੀਦਾ ਦਲੇਰੀ ਲਈ ਹਰ ਕੀਮਤ ਦੇਣ ਲਈ ਵੀ ਤਤਪਰ ਰਹਿੰਦੇ ਹਨ। ਇਸ ਸੰਦਰਭ ਵਿਚ ਦੇਸ਼ ਭਗਤ 'ਬਾਬੇ' ਅਤੇ ਸਰਕਾਰੀ ਵਕੀਲ 'ਗੁਰਮੀਤ' ਦਾ ਜਾਗਿਆ ਹੋਇਆ ਅੰਤਹਕਰਣ ਖ਼ਾਸ ਤੌਰ 'ਤੇ ਵਰਨਣਯੋਗ ਹੈ। ਇਉਂ ਥੋੜ੍ਹੇ ਜਿਹੇ ਅਕਾਊ ਦੁਹਰਾਉ ਦਾ ਸ਼ਿਕਾਰ ਹੋ ਕੇ ਵੀ ਇਹ ਨਾਵਲ ਆਪਣੀ ਨਿਵੇਕਲੀ ਭਾਂਤ ਦੀ ਗਲਪ-ਸ਼ੈਲੀ ਰਾਹੀਂ ਪਾਠਕ/ਆਲੋਚਕ ਨੂੰ ਵਰਤਮਾਨ ਵਿਵਸਥਾ ਉੱਪਰ ਕੱਸੇ ਗਏ ਵਿਅੰਗ ਅਤੇ ਕਟਾਖ਼ਸ਼ ਰਾਹੀਂ ਪ੍ਰਭਾਵਿਤ ਕਰਦਾ ਹੈ ਅਤੇ ਪੰਜਾਬ ਸਮੱਸਿਆ ਨੂੰ ਵੀ ਇਕ ਨਿਵੇਕਲੇ ਜ਼ਾਵੀਏ ਤੋਂ ਵਿਸ਼ਲੇਸ਼ਣ ਦਾ ਆਧਾਰ ਬਣਾਉਂਦਾ ਹੈ।

*—ਪ੍ਰੋਫ਼ੈਸਰ ਜਗਬੀਰ ਸਿੰਘ*

"ਨਾਵਲ 'ਤਫ਼ਤੀਸ਼' ਦਾ ਬਿਰਤਾਂਤ-ਸ਼ਾਸਤਰੀ ਅਧਿਐਨ"

—*—

**ਤਫ਼ਤੀਸ਼** ਮਿੱਤਰ ਸੈਨ ਮੀਤ ਦੀ ਇਕ ਮੁੱਲਵਾਨ ਗਲਪ-ਰਚਨਾ ਹੈ ਜਿਸ ਉੱਪਰ ਉਹ ਵਾਜਬ ਤੌਰ 'ਤੇ ਮਾਣ ਕਰ ਸਕਦਾ ਹੈ। ਇਸ ਨਾਵਲ ਰਾਹੀਂ ਉਹ ਪ੍ਰਮਾਣਿਕ ਅਨੁਭਵ ਦੀ ਕਲਾਤਮਕ ਪੇਸ਼ਕਾਰੀ ਦਾ ਜਿਹੋ ਜਿਹਾ ਸਬੂਤ ਦਿੰਦਾ ਹੈ, ਉਸ ਸਦਕਾ ਉਹ ਪੰਜਾਬੀ ਦੇ ਪਹਿਲੀ ਸਫ਼ ਦੇ ਨਾਵਲਕਾਰਾਂ ਵਿਚ ਸ਼ਾਮਲ ਹੋਣ ਦਾ ਅਧਿਕਾਰੀ ਬਣ ਜਾਂਦਾ ਹੈ...**ਤਫ਼ਤੀਸ਼** ਜਿਥੇ ਕੁਝ ਜਾਣੀਆਂ-ਪਛਾਣੀਆਂ ਰੂੜ੍ਹੀਆਂ ਦੇ ਤਿਆਗ ਦੁਆਰਾ ਪੰਜਾਬੀ ਨਾਵਲ ਰਚਨਾ ਦੇ ਨਵੇਂ ਦਿਸਹੱਦੇ ਉਜਾਗਰ ਕਰਦਾ ਹੈ, ਉਥੇ ਕੁਝ ਹੋਰਨਾਂ ਪੱਖਾਂ ਵਿਚ ਇਹ ਪੰਜਾਬੀ ਨਾਵਲ-ਸਾਹਿਤ ਵਿਚ ਉੱਭਰੀਆਂ ਨਵੀਆਂ ਪ੍ਰਵਿਰਤੀਆਂ ਨੂੰ ਹੋਰ ਵਿਸਤਾਰਦਾ ਤੇ ਵਿਕਸਿਤ ਕਰਦਾ ਹੈ...ਇਸ ਨਾਵਲ ਦੇ ਵਿਸ਼ੈ-ਵਸਤੂ ਦੀ ਚੋਣ ਤੇ ਇਸ ਦੀ ਸਮੁੱਚੀ ਪੇਸ਼ਕਾਰੀ ਅਥਵਾ ਇਸ ਦੀ ਨਾਵਲੀ ਜੁਗਤ ਅਜਿਹੀ ਹੈ ਕਿ ਮੈਂ ਇਸ ਨੂੰ ਇਕ ਅਸਲੋਂ ਨਵੀਂ ਪ੍ਰਵਿਰਤੀ ਕਹਿਣੀ ਵਧੇਰੇ ਉਚਿਤ ਸਮਝਦਾ ਹਾਂ।

ਨਾਵਲ (**ਤਫ਼ਤੀਸ਼**) ਦੀ ਸਮੁੱਚੀ ਵਿਉਂਤ ਵਿਚ ਚੰਗੀ ਤਰ੍ਹਾਂ ਸੰਜੁਗਤ ਹੈ। ਇਨ੍ਹਾਂ ਸਾਰੀਆਂ ਤੰਦਾਂ ਨੂੰ ਸੰਯੁਕਤ ਕਰਨ ਦਾ ਕਾਰਜ ਕਟਾਖ਼ਸ਼ ਤੇ ਵਿਅੰਗ ਵਾਲੀ ਉਸ ਸ਼ੈਲੀ ਨੇ ਨਿਭਾਇਆ ਹੈ ਜੋ ਨਾਵਲ ਦੀ ਸਮੁੱਚੀ ਆਤਮਾ ਵਿਚ ਰਮੀ ਹੋਈ ਹੈ। ਇਸ ਸਮੇਂ ਕੁਝ ਸੰਸਾਰ ਪ੍ਰਸਿੱਧ ਗਲਪ-ਰਚਨਾਵਾਂ ਦਾ ਪ੍ਰਸੰਗਕ ਹਵਾਲਾ ਦੇਣ ਦੀ

ਲਾਲਸਾ ਮੇਰੇ ਮਨ ਵਿਚ ਹੈ ਪਰ ਆਪਣੇ ਨਿਬੰਧ ਨੂੰ ਅਤਿਕਥਨੀ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਤਰ੍ਹਾਂ ਦੇ ਹਵਾਲੇ ਦੇਣ ਤੋਂ ਸੰਕੋਚ ਹੀ ਕਰਾਂਗਾ। ਫੇਰ ਵੀ ਏਨਾ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਅਨਿਆਈ ਸਮਾਜ-ਵਿਵਸਥਾ ਨੂੰ ਚਿਤਰਨ ਲਈ ਕਟਾਖ਼ਸ਼ ਤੇ ਵਿਅੰਗ ਦੀ ਸ਼ੈਲੀ ਇਸ ਨਾਵਲ ਨੂੰ ਬਹੁਤ ਰਾਸ ਆਈ ਹੈ।

ਨਾਵਲ (**ਤ਼ਫਤੀਸ਼**) ਦੇ ਅੰਤ ਵਿਚ ਜੋ ਭਵਿੱਖਾਰਥੀ ਸੰਕੇਤ ਲੇਖਕ ਦੇਣਾ ਚਾਹੁੰਦਾ ਹੈ, ਮੇਰੀ ਜਾਚੇ ਉਹ ਰਵਾਇਤੀ ਪ੍ਰਗਤੀਵਾਦੀ ਵਿਧੀ ਤੋਂ ਹਟ ਕੇ ਵਧੇਰੇ ਪ੍ਰਭਾਵਕਾਰੀ ਰੂਪ ਵਿਚ ਦਿੱਤਾ ਜਾ ਸਕਦਾ ਸੀ।

ਮਿੱਤਰ ਸੈਨ ਮੀਤ ਦੇ ਇਸ ਨਾਵਲ ਦੁਆਰਾ ਯਥਾਰਥਵਾਦ ਦੀ ਵਿਧੀ ਦੇ ਕਟਾਖ਼ਸ਼, ਵਿਅੰਗ ਤੇ ਗਵਾਹੀ ਵਰਗੇ ਕੁਝ ਘੱਟ ਗੌਲੇ ਪੱਖਾਂ ਦੀ ਸਾਰਥਕਤਾ ਨੂੰ ਉਭਾਰਨ ਦਾ ਅਹਿਮ ਕਾਰਜ ਨਿਭਾਇਆ।

*—ਡਾ. ਰਘਬੀਰ ਸਿੰਘ (ਸਿਰਜਣਾ)*

"ਪੰਜਾਬੀ ਨਾਵਲ-ਪਰੰਪਰਾ ਵਿਚ ਤਫ਼ਤੀਸ਼ ਦੀ ਵਿਲੱਖਣਤਾ"

—*—

ਮੀਤ ਦੇ ਦੋਵੇਂ ਮੁੱਢਲੇ ਨਾਵਲਾਂ ਵਿਚ ਹਕੀਕਤ ਦੀ ਪੇਸ਼ਕਾਰੀ, ਵਿਸ਼ੇਸ਼ ਕਰਕੇ ਜ਼ਮੀਨੀ ਰਿਸ਼ਤਿਆਂ ਦੇ ਇਰਦ-ਗਿਰਦ ਬੁਣੇ ਹੋਏ ਭਾਵ ਸੰਸਕਾਰਾਂ ਦੇ ਅੰਤਰ-ਵਿਰੋਧਾਂ ਨੂੰ ਹਕੀਕਤ-ਪਸੰਦੀ ਦੇ ਪੈਂਤੜੇ ਤੋਂ ਚਿਤ੍ਰਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਜਿਥੋਂ ਤਕ ਉਹ ਇਸ ਹਕੀਕਤ ਨੂੰ ਆਪਣੀ ਮਨਪਸੰਦ ਵਿਚਾਰਧਾਰਾ ਦੀ ਮਦਦ ਨਾਲ ਮਨੋਇੱਛਤ ਦਸ਼ਾ ਵਿਚ ਸੁਧਾਰਨ ਜਾਂ ਤਬਦੀਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਚਿਤ੍ਰਣ ਨੂੰ ਮੈਗਨੀਫ਼ਾਈ ਕਰਨ ਦੀ ਰੁਚੀ ਹਕੀਕਤ ਪਸੰਦੀ ਤੋਂ ਮੁੱਖ ਮੋੜ ਲੈਂਦੀ ਹੈ। ਇਹ ਦਵੰਦ ਉਸ ਦੇ ਦੋਵੇਂ ਮੁੱਢਲੇ ਨਾਵਲਾਂ ਵਿਚ ਮੌਜੂਦ ਹੈ। ਇਹ ਦਵੰਦ ਇਨ੍ਹਾਂ ਮੁੱਢਲੇ ਨਾਵਲਾਂ ਦੀ ਰੂਪ-ਰਚਨਾ ਦਾ ਦਵੰਦ ਵੀ ਬਣ ਜਾਂਦਾ ਹੈ। ਪਰ ਇਸ ਦੌਰ ਵਿਚ ਇਨ੍ਹਾਂ ਨਾਵਲਾਂ ਦੀ ਰਚਨਾਕਾਰੀ ਹੋਈ, ਉਸ ਸਮੇਂ ਇਹ ਦਵੰਦ ਵੇਲੇ ਦੀ ਸਥਿਤੀ ਦਾ ਕਲਾਤਮਕ ਪਰਤੌ ਹੀ ਸੀ, ਜਿਸ ਦੀ ਗ੍ਰਿਫ਼ਤ ਵਿਚ ਉਸ ਵੇਲੇ ਦੇ ਬਹੁਤੇ ਪੰਜਾਬੀ ਲੇਖਕ ਆਏ ਹੋਏ ਸਨ। ਇਸ ਦੇ ਬਾਵਜੂਦ **ਅੱਗ ਦੇ ਬੀਜ** ਵਿਚ ਜਿਥੇ ਆਤੰਕ ਦੀ ਕਲਾਤਮਕ ਧਰਾਤਲ ਉੱਪਰ ਕੀਤੀ ਗਈ ਭਾਵਪੂਰਤ ਆਰਥਿਕ ਵਿਆਖਿਆ ਵਿਦਮਾਨ ਹੈ, ਉਥੇ **ਕਾ.ਫਲਾ** ਦਾ ਪ੍ਰਕਾਸ਼ਨ-ਸਾਲ ਇਸ ਦੇ ਮਹੱਤਵ ਨੂੰ ਇਕ ਹੋਰ ਪੱਖ ਤੋਂ ਵੀ ਉਜਾਗਰ ਕਰਦਾ ਹੈ। ਇਸ ਦਾ ਸੰਬੋਧਨ ਆਪਣੇ ਸਮਕਾਲ ਦੇ ਉਸ ਪਾਠਕ ਨੂੰ ਹੈ, ਜਿਸ ਨੂੰ ਦਹਿਸ਼ਤਜ਼ਦਾ ਕਰਕੇ ਧਾਰਮਿਕ-ਸੰਪਰਦਾਇਕ ਲੀਹਾਂ ਉੱਪਰ ਬਣਾਏ ਜਾ ਰਹੇ ਕਾਫ਼ਲਿਆਂ ਵਿਚ ਜਬਰੀ ਸ਼ਾਮਿਲ ਕੀਤਾ ਜਾ ਰਿਹਾ ਸੀ। ਇਹ ਨਾਵਲ ਸਮਕਾਲੀ ਪਾਠਕ ਨੂੰ ਆਪਣੇ ਸੰਦੇਸ਼ ਵਿਚ ਇਹ ਕਹਿੰਦਾ ਜਾਪਦਾ ਹੈ ਕਿ ਜੇ ਉਸ ਨੇ ਕਿਸੇ ਕਾਫ਼ਲੇ ਵਿਚ ਸ਼ਾਮਿਲ ਹੋਣਾ ਹੀ ਹੈ ਤਾਂ ਉਹ ਆਰਥਿਕ-ਰਾਜਨੀਤਕ ਆਧਾਰਾਂ ਉੱਪਰ ਸੰਗਠਿਤ ਹੋਣਾ ਚਾਹੀਦਾ ਹੈ। ਸਹੀ ਵਿਕਲਪ ਦੇ

ਸੁਝਾਅ ਦਾ ਸਾਹਸ ਨਿਸ਼ਚੈ ਹੀ **ਕਾਫ਼ਲਾ** ਦੇ ਪ੍ਰਕਾਸ਼ਨ-ਸਾਲ ਦੇ ਸਮਕਾਲੀ ਸੰਬੋਧਨ ਦੇ ਸੰਦਰਭ ਵਿਚ ਮੁੱਲਵਾਨ ਤੱਥ ਹੈ।

ਉਪਰੋਕਤ ਸਿਰਜਣਾਤਮਕ ਕਸ਼ਮਕਸ਼ ਅਤੇ ਦਵੰਦ ਵਿਚੋਂ ਲੰਘ ਕੇ ਹੀ ਮਿੱਤਰ ਸੈਨ ਮੀਤ **ਤਫ਼ਤੀਸ਼** ਅਤੇ **ਕਟਹਿਰਾ** ਦੀ ਰਚਨਾਕਾਰੀ ਤਕ ਅੱਪੜਿਆ ਹੈ।

*—ਡਾ. ਸੁਖਦੇਵ ਸਿੰਘ ਖਾਹਰਾ*

"ਪਿਛੋਕੜ ਅਤੇ ਪਰਿਪੇਖ : ਮੁੱਢਲੇ ਨਾਵਲ"

—*—

ਮਿੱਤਰ ਸੈਨ ਮੀਤ ਦਾ ਨਾਵਲ **ਕਟਹਿਰਾ** (1993) ਭ੍ਰਿਸ਼ਟਾਚਾਰ, ਪ੍ਰਜੀਵਤਾ ਅਤੇ ਕਪਟ ਨਾਲ ਪਲੀਤ ਹੋਈ ਭਾਰਤੀ ਨਿਆਂ-ਪ੍ਰਣਾਲੀ ਦੀ ਸਮਾਜਿਕ ਅਪ੍ਰਸੰਗਿਕਤਾ ਨੂੰ ਪੇਸ਼ ਕਰਦਾ ਹੈ। ਪਰ ਇਹ ਪੇਸ਼ਕਾਰੀ ਇਸ ਸੜ ਰਹੀ ਸਮਾਜਕ ਵਿਵਸਥਾ ਦਾ ਕੋਈ ਅਨੁਕਰਣ ਨਹੀਂ ਹੈ। ਵਾਸਤਵਿਕ ਸੰਸਾਰ ਦੀ ਨਿਆਂ ਪ੍ਰਣਾਲੀ ਦੇ ਕਟਹਿਰੇ ਵਿਚ ਮੁਜਰਮ ਪੇਸ਼ ਹੁੰਦੇ ਹਨ ਪਰ ਇਸ ਨਾਵਲ ਦੇ ਗਲਪ ਸੰਸਾਰ ਦੀ ਨਿਆਂ-ਪ੍ਰਣਾਲੀ ਦੇ ਕਟਹਿਰੇ ਵਿਚ ਤਾਂ ਵਾਸਤਵਿਕ ਸੰਸਾਰ ਦੀ ਇਸ ਭਾਰਤੀ ਨਿਆਂ-ਪ੍ਰਣਾਲੀ ਨੂੰ ਸ੍ਵੈਮ ਹੀ ਖੜ੍ਹਾ ਕਰ ਲਿਆ ਗਿਆ ਹੈ।

ਵਾਸਤਵਿਕ ਸੰਸਾਰ ਦੇ ਯਥਾਰਥ ਨੂੰ ਗਲਪ ਸੰਸਾਰ ਦੇ ਇਸ ਨਵੀਨ ਯਥਾਰਥ ਵਿਚ ਰੂਪਾਂਤ੍ਰਿਤ ਕਰ ਲੈਣ ਨਾਲ ਹੀ ਇਹ ਰਚਨਾ ਨਾਵਲ ਦਾ ਰੁਤਬਾ ਪ੍ਰਾਪਤ ਕਰਦੀ ਹੈ। ਨਾਵਲ ਇਸ ਲਈ ਕਿਉਂਕਿ ਇਸ ਸਾਹਿਤ-ਕਲਾ-ਕ੍ਰਿਤ ਦਾ ਸੰਸਾਰ ਆਪਣੇ ਆਪ ਨੂੰ ਕਿਸੇ ਨੈਰੇਟਰ ਦੇ ਡਿਸਕੋਰਸ ਰਾਹੀਂ ਨਹੀਂ, ਸਗੋਂ ਇਕ ਐਸੀ ਵਿਧੀ ਰਾਹੀਂ ਪ੍ਰਸਤੁਤ ਕਰਦਾ ਹੈ ਜਿਥੇ ਘਟਨਾਵਾਂ ਖ਼ੁਦ ਹੀ ਆਪਣੇ ਆਪ ਨੂੰ ਇਕ ਨੈਰੇਟਿਵ ਸਟਰਕਚਰ ਵਿਚ ਸੰਗਠਿਤ ਕਰ ਲੈਂਦੀਆਂ ਹਨ।

***

ਕਈ ਲੋਕ ਸੋਚਦੇ ਹਨ ਕਿ ਭ੍ਰਿਸ਼ਟਾਚਾਰ, ਪਰਜੀਵਤਾ ਅਤੇ ਨਿੱਘਰ ਰਹੀ ਭਾਰਤੀ ਨਿਆਂ-ਪ੍ਰਣਾਲੀ ਬਾਰੇ ਅਖ਼ਬਾਰਾਂ, ਰਸਾਲਿਆਂ, ਸਮਾਜ-ਵਿਗਿਆਨਕ ਅਧਿਐਨਾਂ, ਸਰਕਾਰੀ ਕਮਿਸ਼ਨਾਂ, ਰਿਪੋਰਟਾਂ ਆਦਿ ਵਿਚ ਬਹੁਤ ਕੁਝ ਆਖਿਆ ਜਾ ਚੁੱਕਾ ਹੈ, ਉਹ ਵੀ ਵਿਗਿਆਨਕ ਅਤੇ ਸਿਲਸਿਲੇ ਬੱਧ ਢੰਗ ਨਾਲ। ਫੇਰ ਅਜਿਹੀ ਸਥਿਤੀ ਵਿਚ ਨਾਵਲ ਦਾ ਕੀ ਮੁੱਲ ਰਹਿ ਜਾਂਦਾ ਹੈ। ਜਦੋਂ ਇਕ ਲੇਖ ਜਾਂ ਰਿਪੋਰਟ ਤੱਥਾਂ ਨੂੰ ਵਧੇਰੇ ਸਪੱਸ਼ਟਤਾ ਨਾਲ ਡੂੰਘੀ ਤਰ੍ਹਾਂ ਬਿਆਨ ਕਰ ਸਕਦੀ ਹੈ ਤਾਂ ਨਾਵਲ ਦੀ ਕੀ ਅਵੱਸ਼ਕਤਾ ਹੈ। ਏਥੇ ਕੇਵਲ ਏਨਾ ਹੀ ਕਹਿਣਾ ਬਣਦਾ ਹੈ ਕਿ ਜਿਥੇ ਲੇਖ ਅਤੇ ਰਿਪੋਰਟਾਂ ਤੱਥਾਂ ਦਾ ਗਿਆਨ ਦਿੰਦੇ ਹਨ, ਉਥੇ ਨਾਵਲ ਮਨੁੱਖੀ ਕਾਰਜ ਲਈ ਲੋੜੀਂਦਾ ਤਜਰਬਾ ਅਤੇ ਅੰਤਰਦ੍ਰਿਸ਼ਟੀ (ਇਨਸਾਈਟ) ਪ੍ਰਦਾਨ ਕਰਦਾ ਹੈ...ਮਿੱਤਰ ਸੈਨ ਮੀਤ ਦਾ ਇਹ ਨਾਵਲ ਪੰਜਾਬ ਵਿਚ ਭ੍ਰਿਸ਼ਟਾਚਾਰ ਅਤੇ ਪਰਜੀਵਤਾ ਦੇ ਟਾਕਰੇ ਲਈ ਇਕ ਸਭਿਆਚਾਰਕ ਲਹਿਰ ਦੀ ਸਿਰਜਣਾ ਵਾਸਤੇ ਪਾਠਕਾਂ ਨੂੰ ਜ਼ਿੰਦਗੀ ਦਾ

ਤਜਰਬਾ ਅਤੇ ਅੰਤਰ-ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਇਹ ਗੱਲ ਨਾਵਲ ਦੀ ਸਫ਼ਲਤਾ ਦਾ ਪ੍ਰਮਾਣ ਪੇਸ਼ ਕਰਦੀ ਹੈ।

*—ਅਮਰਜੀਤ ਸਿੰਘ ਗਰੇਵਾਲ*

"ਕਟਹਿਰਾ : ਟੈਕਸਟ ਅਤੇ ਸਭਿਆਚਾਰ

—*—

ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਹੇਠ ਲਿਖੀਆਂ ਵਿਲੱਖਣਤਾਵਾਂ ਹਨ :

1. ਮਿੱਤਰ ਸੈਨ ਮੀਤ ਪ੍ਰਤੀਬੱਧ, ਚੇਤਨ, ਜਮਾਤੀ ਵਰਤਾਰੇ ਨੂੰ ਸਮਝਣ ਵਾਲਾ ਤੇ ਰਾਜ ਦੇ ਅੰਗਾਂ ਨੂੰ ਲੋਕ ਹਿਤ ਵਿਚ ਨੰਗਾ ਕਰਨ ਵਾਲਾ ਕਲਾਕਾਰ ਹੈ।
2. ਮਿੱਤਰ ਸੈਨ ਮੀਤ ਚੇਤਨ ਪੱਧਰ 'ਤੇ ਦਲਿਤ ਅਤੇ ਨਿਮਨ ਜਮਾਤਾਂ ਵਿਚੋਂ ਪਾਤਰ ਚੁਣਦਾ ਹੈ। ਉਨ੍ਹਾਂ ਨਾਲ ਹੁੰਦੀ ਦੁਰਦਸ਼ਾ ਪੇਸ਼ ਕਰਕੇ ਜਮਾਤੀ ਜ਼ਬਰ ਨੂੰ ਨੰਗਾ ਕਰਦਾ ਹੈ।
3. ਮਿੱਤਰ ਸੈਨ ਮੀਤ ਮੱਧਵਰਗੀ ਸੋਚ ਤੋਂ ਪੂਰਨ ਤੌਰ 'ਤੇ ਮੁਕਤ ਹੈ। ਉਹ ਜਾਣਦਾ ਹੈ ਕਿ ਜਮਾਤੀ ਸੰਘਰਸ਼ ਵਿਚ ਜਥੇਬੰਦੀ ਜਮਾਤੀ ਸੰਘਰਸ਼ ਹੀ ਸਫ਼ਲ ਹੋ ਸਕਦਾ ਹੈ। ਇੱਕੜ-ਦੁੱਕੜ ਵਿਅਕਤੀਆਂ ਤੇ ਬੁੱਧੀਜੀਵੀਆਂ ਦੇ ਯਤਨ ਸਫਲ ਨਹੀਂ ਹੋ ਸਕਦੇ।
4. ਮਿੱਤਰ ਸੈਨ ਮੀਤ ਜਮਾਤੀ ਦਵੰਦ ਵਿਚ ਆਪਣੀ ਪੁਜ਼ੀਸ਼ਨ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹੈ। ਉਹ ਪ੍ਰਸਥਿਤੀਆਂ ਦਾ ਨਿਰਣਾ ਆਪਣੀ ਦਵੰਦਵਾਦੀ ਸੋਚ ਰਾਹੀਂ ਕਰਦਾ ਹੈ। ਉਹ ਬਹੁਤੇ ਮੱਧਵਰਗੀ ਲੇਖਕਾਂ ਵਾਂਗ ਹਵਾ ਦਾ ਰੁਖ ਵੇਖ ਕੇ ਬਦਲਦਾ ਨਹੀਂ ਹੈ।
5. ਮਿੱਤਰ ਸੈਨ ਮੀਤ ਕਥਾਨਕ ਦੀ ਗੋਂਦ ਸਮੇਂ ਸਹਿਜਤਾ ਨੂੰ ਆਪਣੇ ਹਥਿਆਰ ਵਜੋਂ ਵਰਤਦਾ ਹੈ। ਉਸ ਦੀ ਲਿਖਤ ਵਿਚ ਕਿਤੇ ਕਾਹਲਾਪਣ ਜਾਂ ਉਪਰਾਪਣ ਨਹੀਂ ਦਿਖਾਈ ਦਿੰਦਾ।
6. ਮਿੱਤਰ ਸੈਨ ਮੀਤ ਦੀ ਨਾਵਲੀ ਭਾਸ਼ਾ ਦੀ ਵਿਲੱਖਣਤਾ ਇਹ ਹੈ ਕਿ ਜਿਥੇ ਉਸ ਦੀ ਭਾਸ਼ਾ ਉਸ ਦੇ ਚੁਣੇ ਹੋਏ ਪਾਤਰਾਂ ਦੀ ਨੁਮਾਇੰਦਗੀ ਕਰਦੀ ਹੈ, ਉਥੇ ਨਾਲ ਦੀ ਨਾਲ ਹੀ ਪਾਠਕਾਂ ਦੀ ਪਕੜ ਤੋਂ ਬਾਹਰ ਨਹੀਂ ਨਿਕਲਦੀ।

ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਦਰੁਸਤ ਤੌਰ 'ਤੇ ਮੱਧਵਰਗੀ ਤੇ ਸਰਮਾਏਦਾਰ ਸੁਹਜ ਕਲਾ ਨਹੀਂ ਹੈ। ਹਰ ਇਕ ਜਮਾਤ ਦਾ ਆਪੋ-ਆਪਣਾ ਸੁਹਜ-ਸੁਆਦ ਤੇ ਆਪੋ-ਆਪਣਾ ਸੁਹਜ-ਸ਼ਾਸਤਰ ਹੁੰਦਾ ਹੈ। ਮਜ਼ਦੂਰ ਜਮਾਤ ਦਾ ਸੁਹਜ-ਸ਼ਾਸਤਰ ਆਪਣਾ ਅਲੱਗ ਹੁੰਦਾ ਹੈ। ਮਜ਼ਦੂਰ ਜਮਾਤ ਬਾਹਰੋਂ ਖੁਰਦਰੀ ਤੇ ਅੰਦਰੋਂ ਚੇਤਨ ਤੇ ਅਨੁਭਵੀ ਹੈ। ਇਸੇ ਤਰ੍ਹਾਂ ਮਿੱਤਰ ਸੈਨ ਮੀਤ ਦੇ ਨਾਵਲ ਫੋਕਾ ਆਡੰਬਰ ਨਹੀਂ ਰਚਦੇ ਬਲਕਿ ਚੇਤਨ ਤੌਰ 'ਤੇ ਸੱਚ ਪੇਸ਼ ਕਰਦੇ ਹਨ। ਮੀਤ ਜਮਾਤੀ ਦਵੰਦ ਦਾ ਚੇਤਨ ਆਲੰਬਰਦਾਰ ਹੈ। ਉਹ ਰਾਜ (State) ਦੇ ਜਮਾਤੀ ਅਦਾਰਿਆਂ ਨੂੰ ਲੋਕ ਵਿਰੋਧੀ ਤੇ

ਜਮਾਤ ਵਿਰੋਧੀ ਦੱਸ ਕੇ ਉਨ੍ਹਾਂ ਦਾ ਪਾਜ ਉਧੇੜਦੀ ਹੈ ਤੇ ਉਨ੍ਹਾਂ ਵਿਰੁੱਧ ਨਫ਼ਰਤ ਪੈਦਾ ਕਰਦੀ ਹੈ। ਨਾਲ ਹੀ ਵਿਅਕਤੀਗਤ ਸੰਘਰਸ਼ ਦੀ ਥਾਂ ਚੇਤਨ ਅਤੇ ਜਥੇਬੰਦ ਸੰਘਰਸ਼ ਦਾ ਸੱਦਾ ਦਿੰਦੀ ਹੈ। ਮਜ਼ਦੂਰ ਜਮਾਤ ਆਸ ਰੱਖਦੀ ਹੈ ਕਿ ਉਹਦਾ ਚੇਤਨ ਲੇਖਕ ਇਸੇ ਤਰ੍ਹਾਂ ਹੀ ਲਿਖਦਾ ਰਹੇ। ਇਕ ਗੱਲ ਹੋਰ ਕਿ ਮਜ਼ਦੂਰ ਜਮਾਤ ਦਾ ਸੰਘਰਸ਼ ਮੱਧਵਰਗ ਦੀ ਸੋਚ ਤੋਂ ਪੂਰਨ ਮੁਕਤ ਹੈ। ਇਹ ਪਲੋਸਵੀਆਂ ਗੱਲਾਂ ਨਹੀਂ ਕਰਦੀ।

—*ਸੁਰਜੀਤ ਗਿੱਲ*

"ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਵਿਲੱਖਣਤਾ"

—✶—

ਮਿੱਤਰ ਸੈਨ ਮੀਤ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ, ਜਿਸ ਨੇ ਭਾਰਤੀ ਨਿਆਂ-ਪ੍ਰਣਾਲੀ ਦੀਆਂ ਤਿੰਨ ਕੜੀਆਂ—ਪੁਲਿਸ, ਨਿਆਂਪਾਲਿਕਾ ਅਤੇ ਜੇਲ੍ਹ ਦੀ ਕਾਰਜ ਪ੍ਰਣਾਲੀ ਨੂੰ ਉਸ ਦੀ ਸਮੁੱਚਤਾ, ਪ੍ਰਮਾਣਿਕਤਾ ਅਤੇ ਗਲਪ-ਵਿਧੀ ਦੀ ਵਿਲੱਖਣਤਾ ਵਿਚ ਰੂਪਮਾਨ ਕੀਤਾ ਹੈ।

ਇਉਂ ਇਹ ਨਾਵਲ (**ਸੁਧਾਰ ਘਰ**) ਸਮੁੱਚੀ ਵਿਵਸਥਾ ਦੇ ਕਿਸੇ ਇਕ ਵਿਸ਼ੇਸ਼ ਵਿਅਕਤੀ ਜਾਂ ਅਧਿਕਾਰੀ ਪ੍ਰਤਿ ਨਫ਼ਰਤ ਪੈਦਾ ਨਹੀਂ ਕਰਦਾ, ਸਗੋਂ ਉਨ੍ਹਾਂ ਦੇ ਕਿਰਦਾਰ ਨੂੰ ਸਮੁੱਚੀ ਵਿਵਸਥਾ ਨਾਲ ਜੋੜ ਕੇ ਨਫ਼ਰਤ ਦਾ ਨਿਸ਼ਾਨਾ ਸੱਤਾ ਦੇ ਸਮੁੱਚੇ ਢਾਂਚੇ ਨੂੰ ਬਣਾਉਂਦਾ ਹੈ। ਵੇਰਵਿਆਂ ਦੀ ਬਾਰੀਕੀ ਤੇ ਪ੍ਰਮਾਣਿਕਤਾ, ਬਿਰਤਾਂਤੀਕਰਨ ਦਾ ਸੰਘਣਾਪਣ, ਵਿਸ਼ੇਸ਼ ਯਥਾਰਥਵਾਦੀ ਰੰਗਤ, ਬਹੁ-ਕਥਾਈ ਵਿਧੀ, ਪਾਤਰਾਂ ਦੀ ਭਰਮਾਰ, ਜੇਲ੍ਹ ਜੀਵਨ ਬਾਰੇ ਵੱਧ ਤੋਂ ਵੱਧ ਸੂਚਨਾ ਦੇਣ ਦੀ ਰੁਚੀ ਆਦਿ ਕਾਰਨ ਕਈ ਆਲੋਚਕਾਂ ਨੇ ਇਸ ਨਾਵਲ ਉੱਤੇ ਦੁਹਰਾਉ ਦਾ ਇਲਜ਼ਾਮ ਲਾਇਆ ਹੈ। ਇਹ ਵੀ ਕਿਹਾ ਗਿਆ ਹੈ ਕਿ "**ਸੁਧਾਰ ਘਰ** ਦੇ ਪਾਠਕਾਂ ਨੂੰ ਇਸ ਨਾਵਲ ਰਾਹੀਂ ਜਾਣਕਾਰੀ ਤਾਂ ਭਰਪੂਰ ਮਿਲ ਜਾਂਦੀ ਹੈ ਪਰ ਸਦੀਵੀ ਗਲਪੀ-ਬਿੰਬ ਥੋੜ੍ਹੇ ਮਿਲਦੇ ਹਨ।" ਜਿਥੋਂ ਤਕ ਦੁਹਰਾਉ ਦਾ ਸਵਾਲ ਹੈ ਇਸ ਨਾਵਲ ਵਿਚ ਜਿੰਨੇ ਵੀ ਬੰਦੇ ਮੁਜਰਮ ਕਰਾਰ ਦਿੱਤੇ ਗਏ ਹਨ, ਉਨ੍ਹਾਂ ਵਿਚ ਹਰੇਕ ਦਾ ਪਿਛੋਕੜ ਵੱਖਰਾ ਹੈ, ਉਸ ਦੀ ਕਹਾਣੀ ਵੱਖਰੀ ਹੈ, ਸਥਿਤੀਆਂ, ਸੁਭਾ ਤੇ ਵਿਹਾਰ ਵੱਖਰਾ ਹੈ, ਸਜ਼ਾ ਵੱਖਰੀ ਹੈ ਅਤੇ ਜੇਲ੍ਹਾਂ ਵਿਚ ਬਣੀਆਂ ਬੈਰਕਾਂ ਵੀ ਦਰਜੇਬੰਦੀ ਵਾਲੇ ਕ੍ਰਮ ਵਿਚ ਹਨ, ਹਰ ਬੈਰਕ ਦੀ ਆਪਣੀ ਵੱਖਰੀ ਕਹਾਣੀ ਹੈ। ਇਸ ਤੋਂ ਉਪਰੰਤ ਇਹ ਸਮੁੱਚਾ ਵਰਤਾਰਾ ਕਿਸੇ ਨਿਰਪੇਖ ਰੂਪ ਵਿਚ ਪੇਸ਼ ਹੋਣ ਦੀ ਥਾਂ ਭਾਰਤੀ ਲੋਕਤੰਤਰੀ ਸਟੇਟ ਦੇ ਜਮਾਤੀ ਖਾਸੇ ਅਤੇ ਯਥਾਰਥ ਦੇ ਸਮੁੱਚੇ, ਜਟਿਲ ਅਤੇ ਗਤੀਸ਼ੀਲ ਪ੍ਰਸੰਗ ਵਿਚ ਪੇਸ਼ ਹੋਇਆ ਹੈ। ਇਹ ਤਾਂ ਸਗੋਂ ਮਿੱਤਰ ਸੈਨ ਮੀਤ ਦੀ ਮਹਾਂ-ਕਾਵਿ ਦ੍ਰਿਸ਼ਟੀ ਦਾ ਕਮਾਲ ਹੈ ਕਿ ਅਜਿਹੇ ਗੰਭੀਰ, ਵਿਰਾਟਤਾ ਤੇ ਵਿਕਰਾਲਤਾ ਵਾਲੇ ਵਿਸ਼ੇ ਨੂੰ ਉਸ ਨੇ ਕਥਾ ਦੇ ਸਹਿਜਮਈ ਤੇ ਸੁਹਜਮਈ ਪ੍ਰਬੰਧ ਵਿਚ ਢਾਲਿਆ ਹੈ। ਨਾਵਲ ਦੀ ਵੱਡੀ ਪ੍ਰਾਪਤੀ ਇਸ ਗੱਲ ਵਿਚ ਵੀ ਹੈ ਕਿ ਇਹ ਨਾਵਲ ਬੰਦੇ ਦੇ ਸੁਪਨਿਆਂ ਨੂੰ ਮਰਨ ਨਹੀਂ ਦਿੰਦਾ,

ਸਗੋਂ ਫਿਰ ਤੋਂ ਦ੍ਰੋਣਾਚਾਰੀਆ ਵੱਲੋਂ ਰਚੇ ਖ਼ਤਰਨਾਕ ਚੱਕਰਵਿਊ ਨੂੰ ਤਹਿਸ-ਨਹਿਸ ਕਰਨ ਲਈ ਅੱਜ ਦੇ ਅਭਿਮਨਯੂ ਰੂਪੀ ਹਾਕਮ ਨੂੰ ਯੁੱਧ ਖੇਤਰ ਵਿਚ ਦੁਬਾਰਾ ਭੇਜੇ ਜਾਣ ਦੀਆਂ ਤਿਆਰੀਆਂ ਵਿਚ ਜਿਉਂਦਾ ਰੱਖਦਾ ਹੈ।

—*ਡਾ. ਸੁਰਿੰਦਰ ਕੁਮਾਰ ਦਵੇਸ਼ਵਰ,* "ਭ੍ਰਿਸ਼ਟ ਵਿਵਸਥਾ ਵਿਚ ਪੈਦਾ ਹੋ ਰਹੀ ਸੰਭਾਵੀ ਇਨਕਲਾਬੀ ਚੇਤਨਾ ਦਾ ਨਾਵਲ—ਸੁਧਾਰ ਘਰ"

—*—

**ਕੌਰਵ ਸਭਾ** ਮਿੱਤਰ ਸੈਨ ਮੀਤ ਦਾ ਇਕ ਚਰਚਿਤ ਨਾਵਲ ਹੈ। ਗਿਣਤੀ ਦੇ ਹਿਸਾਬ ਨਾਲ ਉਸ ਦਾ ਪੰਜਵਾ ਹਿਸਾਬ ਹੈ।...ਇਨ੍ਹਾਂ ਪੰਜ ਨਾਵਲੀ-ਕਿਰਤਾਂ ਰਾਹੀਂ ਮਿੱਤਰ ਸੈਨ ਮੀਤ ਨੇ ਪੰਜਾਬੀ-ਨਾਵਲ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਹੈ ਅਤੇ ਹੁਣ ਉਹ ਬਤੌਰ ਨਾਵਲਕਾਰ ਕਿਸੇ ਰਸਮੀ ਪਛਾਣ ਦਾ ਮੁਥਾਜ ਨਹੀਂ। ਉਸ ਦੀ ਪਛਾਣ ਦੀ ਵੱਖਰਤਾ ਦਾ ਮੂਲ ਆਧਾਰ, ਆਪਣੇ ਨਾਵਲਾਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦੇ ਜੀਵਨ-ਅਨੁਭਵ ਦੀ ਪੇਸ਼ਕਾਰੀ ਨੂੰ ਮੰਨਿਆ ਜਾ ਸਕਦਾ ਹੈ। ਇਸ ਜੀਵਨ-ਅਨੁਭਵ ਦਾ ਸਿੱਧਾ ਸਰੋਕਾਰ ਤਾਂ ਵਕਾਲਤੀ ਕਿੱਤੇ ਨਾਲ ਹੈ ਪਰ ਅਸਿੱਧੇ ਤੌਰ 'ਤੇ ਸਾਡੇ ਪੁਲਿਸ ਮਹਿਕਮੇ, ਖ਼ੁਫ਼ੀਆ ਏਜੰਸੀਆਂ ਅਤੇ ਸਾਡੀ ਨਿਆਂ-ਪ੍ਰਣਾਲੀ ਨਾਲ ਜੁੜੀਆਂ ਸਰਕਾਰੀ ਸੰਸਥਾਵਾਂ ਦੇ ਅੰਦਰੂਨੀ ਭ੍ਰਿਸ਼ਟ ਤੇ ਅਮਾਨਵੀ ਕਿਰਦਾਰ ਨਾਲ ਹੈ। **ਕੌਰਵ ਸਭਾ** ਨਾਵਲ ਵਿਚ ਜਿਨ੍ਹਾਂ ਸਾਰੀਆਂ ਸੁਰੱਖਿਆ ਤੇ ਨਿਆਂ-ਪ੍ਰਣਾਲੀਆਂ ਦੀ ਅੰਤਰ-ਸੰਬੰਧਤਾ ਨੂੰ ਬਾਖ਼ੂਬੀ ਉਭਾਰਿਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਇਨ੍ਹਾਂ ਪ੍ਰਣਾਲੀਆਂ ਨਾਲ ਜੁੜੀਆਂ ਸੰਸਥਾਵਾਂ ਬਣੀਆਂ ਤਾਂ ਜੁਰਮ ਦੇ ਖ਼ਾਤਮੇ ਅਤੇ ਸੁਰੱਖਿਆ ਨਿਆਂ ਮੁਹੱਈਆ ਕਰਨ ਵਾਸਤੇ ਸਨ। ਪਰ ਇਨ੍ਹਾਂ ਵਿਚ ਆਇਆ ਬਹੁਪੱਖੀ ਨਿਘਾਰ, ਬਿਲਕੁਲ ਸਥਿਤੀ ਦਾ ਸੂਚਕ ਹੋ ਨਿਬੜਦਾ ਹੈ। ਇਨ੍ਹਾਂ ਸੰਸਥਾਵਾਂ ਦੀ ਉਲਟ-ਪੁਲਟ ਹੋਈ ਇਸ ਸਥਿਤੀ ਨੂੰ ਸੁਨਿਸ਼ਚਿਤ ਗਲਪੀ-ਪ੍ਰਬੰਧ ਵਿਚ ਬੰਨ੍ਹਣ ਦਾ ਉਦਮ ਜ਼ਾਹਿਰ ਹੈ। ਕਿਉਂਕਿ ਇਹ ਇਕ ਵਿਸ਼ੇਸ਼ ਪ੍ਰਕਾਰ ਦਾ ਜੀਵਨ ਅਨੁਭਵ ਹੈ, ਇਸ ਕਰਕੇ ਹਰ ਕੋਈ ਇਸ ਨੂੰ ਹੱਥ ਨਹੀਂ ਪਾ ਸਕਦਾ। ਇਸ ਜੀਵਨ ਅਨੁਭਵ ਦੀ ਪ੍ਰਮਾਣਿਕ ਪੇਸ਼ਕਾਰੀ, ਇਕ ਖ਼ਾਸ ਕਿਸਮ ਦੀ ਵਿਸ਼ੇਸ਼ਗਤਾ ਦੀ ਮੰਗ ਕਰਦੀ ਹੈ।...ਆਪਣੀ ਉਚੇਰੀ ਵਕਾਲਤੀ ਯੋਗਤਾ ਤੇ ਤਜ਼ਰਬੇ ਸਦਕਾ ਹੀ ਮਿੱਤਰ ਸੈਨ ਮੀਤ, ਇਸ ਨਾਵਲ ਵਿਚ ਅਨਿਆਂ ਅਤੇ ਨਿਆਂ-ਪ੍ਰਣਾਲੀ ਦਾ ਬਿਰਤਾਂਤ ਬਾਖ਼ੂਬੀ ਸਿਰਜ ਸਕਿਆ ਹੈ। ਇਸ ਤੋਂ ਪਹਿਲਾਂ **ਤਫ਼ਤੀਸ਼** ਤੇ **ਕਟਹਿਰਾ** ਨਾਵਲਾਂ ਵਿਚ ਵੀ ਉਹ ਇਸੇ ਕਿਸਮ ਦੇ ਪ੍ਰਯੋਗ ਕਰ ਚੁੱਕਿਆ ਹੋਇਆ ਸੀ। ਭਾਵੇਂ **ਕੌਰਵ ਸਭਾ** ਆਪਣੇ ਆਪ ਵਿਚ ਇਕ ਸੁਤੰਤਰ ਨਾਵਲ ਹੈ ਪਰ ਇਸ ਦ੍ਰਿਸ਼ਟੀ ਤੋਂ ਇਸ ਨੂੰ ਸਹਿਜੇ ਹੀ ਇਨ੍ਹਾਂ ਦੋ ਨਾਵਲਾਂ ਦੀ ਨਿਰੰਤਰਤਾ ਵਿਚ ਵੇਖਿਆ ਜਾ ਸਕਦਾ ਹੈ।

—*ਪ੍ਰੋ. ਮਨਜੀਤ ਸਿੰਘ*

"ਕੌਰਵ ਸਭਾ : ਅਨਿਆਂ ਅਤੇ ਨਿਆਂ ਪ੍ਰਣਾਲੀ ਦਾ ਬਿਰਤਾਂਤ"

**ਕੌਰਵ ਸਭਾ** ਨਾਵਲ ਅੱਜ ਦੇ ਨਿਜ਼ਾਮ ਵਿਚ ਪੈਦਾ ਹੋ ਚੁੱਕੀਆਂ 'ਬਹੁਪਰਤੀ ਬੇਤਰਤੀਬੀਆਂ' ਬਹੁਰੰਗੇ ਸੰਤਾਪਾਂ ਅਤੇ ਬਹੁਪਾਸਾਰੀ ਸੰਕਟਾਂ ਦਾ ਚਿਤਰਣ ਕਰਕੇ 'ਸਹਿਜਤਾ ਤੋਂ ਥਿੜਕੇ' ਅਤੇ 'ਵਿਕਾਰਾਂ ਤੇ ਹਿਰਸਾਂ ਦਾ ਵਰੋਸਾਏ' ਹੋਏ ਭਾਈਚਾਰੇ ਦੀ ਦੁਖਾਂਤ ਦੀ ਪੇਸ਼ਕਾਰੀ ਕਰਦਾ ਹੈ। ਇਸ ਦੁਖਾਂਤ ਦੀ ਵਿਆਖਿਆ ਭਾਵੇਂ ਅਸੀਂ ਮਹਾਂਭਾਰਤ ਦੇ ਕਥਾ-ਸੰਦਰਭ ਵਿਚਲੇ 'ਕੌਰਵਾਂ' ਦੀ ਉੱਚ-ਅਕਾਂਖਿਆਵਾਂ, ਧੋਖੇਬਾਜ਼ੀਆਂ ਅਤੇ ਹਿਰਸਾਂ ਦੀ ਦੁਖਾਂਤਕ ਦਾਸਤਾਨ ਦੇ ਹਵਾਲੇ ਨਾਲ ਕਰ ਲਈਏ ਜਾਂ ਫਿਰ ਪੂੰਜੀਵਾਦੀ ਆਰਥਿਕਤਾ ਤੇ ਸਿਆਸਤ ਦੀ ਭ੍ਰਿਸ਼ਟੀ ਹੋਈ ਲੋਟੂ ਖਸਲਤ ਨਾਲ ਪੈਦਾ ਹੋਈ, ਜਮਾਤੀ ਵਿਹਾਰ-ਪ੍ਰਣਾਲੀ ਦੇ ਸੰਦਰਭ ਵਿਚ ਕਰ ਲਈਏ। ਸਾਰ-ਤੱਤ ਇਹ ਹੀ ਨਿਕਲਦਾ ਹੈ ਕਿ ਸਮਕਾਲੀ ਨਿਜ਼ਾਮ ਵਿਚ 'ਮਨੁੱਖ ਅਤੇ ਮਨੁੱਖਤਾ' ਬੇਮਾਇਨਾ ਹੋ ਕੇ ਸਿਰਫ਼ ਵਰਤਣਹਾਰ ਸ਼ੈ ਬਣ ਕੇ ਰਹਿ ਗਈ ਹੈ। ਇਸੇ ਕਰਕੇ ਇਸ ਦੇ ਸਾਰੇ ਸਰੋਕਾਰ 'ਮਾਲਕ ਅਤੇ ਮਲਕੀਅਤ' ਦੀ ਤਰਜ਼ ਉੱਤੇ ਹੀ ਉਸਰ ਸਕਦੇ ਹਨ। ਇਥੇ 'ਮਾਲਕ' ਹੋ ਕੇ ਆਪਣੀ 'ਮਾਲਕੀਅਤ' ਨੂੰ ਉਜਾਗਰ ਕਰ ਦੇਣਾ ਹੀ ਹਰ ਕਿਸਮ ਦੀ ਨਿਆਂਸ਼ੀਲਤਾ ਨੂੰ ਕਾਇਮ ਕਰ ਦਿੰਦਾ ਹੈ ਅਤੇ ਇਸ ਤੋਂ ਬਗ਼ੈਰ ਕੋਈ ਵੀ ਅਜਿਹੀ ਨੈਤਿਕ, ਸਮਾਜਿਕ, ਧਾਰਮਿਕ ਜਾਂ ਸ਼ਿਸਟਾਚਾਰ ਆਧਾਰ ਭੂਮੀ ਨਹੀਂ ਹੈ, ਜੋ ਕਿਸੇ ਵੀ ਮਾਲਕ ਦੀ ਮਾਲਕੀਅਤ ਦੀ ਨਿਆਸ਼ੀਲਤਾ ਨੂੰ ਖਾਰਜ ਕਰ ਸਕੇ। ਇਹ ਭਾਈਚਾਰਾ **ਕੌਰਵ ਸਭਾ** ਦਾ ਹੀ ਸਾਕਾਰ ਰੂਪ ਅਖ਼ਤਿਆਰ ਕਰ ਚੁੱਕਾ ਹੈ, ਜਿਸ ਦਾ ਮਸਲਾ ਸਰੋਕਾਰ ਅਤੇ ਮੰਜ਼ਿਲ ਮਾਲਕ ਬਣਨ ਅਤੇ ਮਾਲਕੀਅਤ ਉਜਾਗਰ ਕਰਨ ਦੀ ਸਰਗਰਮੀ ਵਿਚ ਹੀ ਹੈ, ਮਾਨਵਵਾਦੀ, ਨੈਤਿਕ ਅਤੇ ਕਲਿਆਣਕਾਰੀ ਮਾਨਵੀ ਸਮੂਹ ਦੀ ਮਿਸਾਲ ਬਣਨ ਵਿਚ ਨਹੀਂ।

**ਕੌਰਵ ਸਭਾ** ਸਮਕਾਲੀ ਪੰਜਾਬੀ ਨਾਵਲ ਵਿਚ ਗੰਭੀਰਤਾ ਨਾਲ ਅਤੇ ਵੱਖਰੇ ਕਿਸਮ ਦੀ ਵਿਸ਼ਲੇਸ਼ਣੀ ਵਿਧੀ ਨਾਲ ਸਮਝੇ ਜਾਣ ਵਾਲੀ ਰਚਨਾ ਹੈ। ਇਸ ਨੂੰ ਪਰੰਪਰਾਗਤ ਢੰਗ ਨਾਲ ਪੜ੍ਹਨਾ, ਸਮਝਣਾ ਅਤੇ ਇਸ ਦਾ ਮੁੱਲਾਂਕਣ ਪੇਸ਼ ਕਰਨਾ, ਇਸ ਦੇ ਅਰਥਗਤ ਸੰਦਰਭਾਂ ਨੂੰ ਉਜਾਗਰ ਕਰਨ ਦੀ ਥਾਂ, ਅਰਥਾਂ ਨੂੰ ਰੋਲਣ ਅਤੇ ਉਲਝਾਉਣ ਵਿਚ ਸ਼ਰੀਕ ਹੋਣਾ ਹੈ। ਨਿਰਸੰਦੇਹ ਇਹ ਅੱਜ ਦੇ ਨਿਜ਼ਾਮ ਵਿਚ ਪੈਦਾ ਹੋ ਚੁੱਕੀਆਂ ਅਤੇ ਫੈਲ ਰਹੀਆਂ ਬਹੁਪਰਤੀ ਬੇਤਰਤੀਬੀਆਂ, ਬਹੁਪਾਸਾਰੀ ਸੰਕਟਾਂ, ਬਹੁਰੰਗੇ ਸੰਤਾਪਾਂ ਨੂੰ ਪੇਸ਼ ਕਰਕੇ ਸਹਿਜਤਾ ਤੋਂ ਥਿੜਕੇ ਅਤੇ ਵਿਕਾਰਾਂ ਤੇ ਹਿਰਖਾਂ ਨਾਲ ਵਰੋਸਾਏ ਹੋਏ ਭਾਈਚਾਰੇ ਦੇ ਸਮੂਹਿਕ ਦੁਖਾਂਤ ਨੂੰ ਪੇਸ਼ ਕਰਨ ਵਾਲਾ ਮਹੱਤਵਪੂਰਨ ਨਾਵਲ ਹੈ।

—*ਗੁਰਪਾਲ ਸਿੰਘ ਸੰਧੂ*

"ਕੌਰਵ ਸਭਾ ਦਾ ਸਮੱਸਿਆਕਾਰ ਅਤੇ ਨਾਵਲੀ ਬਿਰਤਾਂਤ"

—*—

ਮਿੱਤਰ ਸੈਨ ਮੀਤ ਦਾ ਇਹ ਨਾਵਲ ਮੁੱਖ ਤੌਰ 'ਤੇ ਸੰਸਾਰੀਕਰਨ ਦੀ ਪ੍ਰਕਿਰਿਆ ਦੇ ਸਿੱਟੇ ਵਜੋਂ ਪੰਜਾਬ ਦੇ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ, ਕਾਨੂੰਨੀ,

ਸਭਿਆਚਾਰਕ ਆਦਿ ਪੱਖਾਂ 'ਤੇ ਪੈ ਰਹੇ ਪ੍ਰਭਾਵਾਂ ਦੇ ਯਥਾਰਥ ਨੂੰ ਸੂਖ਼ਮਤਾ ਤੇ ਕਲਾਤਮਕਤਾ ਨਾਲ ਪਕੜਨ ਦਾ ਯਤਨ ਕਰਦਾ ਹੈ। ਨਾਵਲਕਾਰ ਇਸ ਗੱਲੋਂ ਚੇਤੰਨ ਹੈ ਕਿ ਸੰਸਾਰੀਕਰਨ ਤੋਂ ਬਾਅਦ ਭਾਰਤ ਦੇ ਪੱਛੜੇ ਪੂੰਜੀਵਾਦੀ ਵਿਕਾਸ ਨੇ ਵੱਡੇ ਪੈਮਾਨੇ 'ਤੇ ਭ੍ਰਿਸ਼ਟਾਚਾਰ ਨੂੰ ਜਨਮ ਦਿੱਤਾ ਹੈ। ਭ੍ਰਿਸ਼ਟਾਚਾਰ ਬੁਨਿਆਦੀ ਤੌਰ 'ਤੇ ਪੂੰਜੀ ਦੇ ਛੇਤੀ ਤੋਂ ਛੇਤੀ ਇਕੱਤਰੀਕਰਨ ਦੀ ਪ੍ਰਕਿਰਿਆ ਹੈ, ਜਿਸ ਰਾਹੀਂ ਵਿਕੋਲਿਤਰੇ ਢੰਗਾਂ ਨਾਲ ਪੂੰਜੀ ਦਾ ਇਕੱਤਰੀਕਰਨ ਕੀਤਾ ਜਾਂਦਾ ਹੈ। ਨਾਵਲਕਾਰ ਨੇ ਸੰਸਾਰੀਕਰਨ ਦੇ ਸਿੱਟੇ ਵਜੋਂ, ਮੌਜੂਦਾ ਕਾਨੂੰਨੀ ਵਿਵਸਥਾ ਉੱਪਰ ਪੂੰਜੀ ਦੇ ਪੈ ਰਹੇ ਕੁਪ੍ਰਭਾਵਾਂ ਦਾ ਬੜਾ ਗਹਿਰਾ ਤੇ ਵਾਸਤਵਿਕ ਚਿਤਰ ਪੇਸ਼ ਕੀਤਾ ਹੈ। **ਕੌਰਵ ਸਭਾ** ਦੀ ਰਚਨਾ ਪ੍ਰਕਿਰਿਆ ਦਾ ਮੁੱਖ ਆਧਾਰ ਜੀਵਨ-ਯਥਾਰਥ ਦਾ ਉਹ ਪੈਟਰਨ ਹੈ, ਜਿਸ ਨੂੰ ਨਾਵਲਕਾਰ ਨੇ ਆਪ ਅਨੁਭਵਿਆ ਹੈ। ਨਾਵਲਕਾਰ ਆਪਣੇ ਅਨੁਭਵ ਕੀਤੇ ਯਥਾਰਥ ਨੂੰ ਆਪ-ਮੁਹਾਰੇ ਨਾਵਲ ਵਿਚ ਰੂਪਾਂਤ੍ਰਿਤ ਹੀ ਨਹੀਂ ਕਰਦਾ ਬਲਕਿ ਉਹ ਕਿਸੇ ਅੰਤਮ ਮਨੋਰਥ ਨੂੰ ਮੁੱਖ ਰੱਖ ਕੇ ਵੀ ਸ਼ਿਲਪ ਔਜ਼ਾਰਾਂ ਰਾਹੀਂ ਰਚਨਾ ਕਰਦਾ ਹੈ। ਇਸ ਪ੍ਰਕਿਰਿਆ ਦੌਰਾਨ ਉਹ ਅਨੁਭਵ ਕੀਤੇ ਯਥਾਰਥ ਦੀ ਕੱਚੀ ਸਾਮੱਗਰੀ ਨੂੰ ਆਪਣੇ ਮਨੋਰਥ ਲਈ ਸ਼ਿਲਪ ਨਿਰਮਾਣ ਵਿਚ ਤਬਦੀਲ ਕਰਦਾ ਹੈ। ਇਹੋ ਕਾਰਨ ਹੈ ਕਿ ਇਹ ਨਾਵਲ ਸਾਨੂੰ ਆਪਹੁਦਰਾ ਜਾਂ ਆਪ-ਮੁਹਾਰਾ ਨਹੀਂ ਸਗੋਂ ਨਿਰਉਚੇਚ ਤੇ ਸਹਿਜਸੇਤੀ ਪ੍ਰਤੀਤ ਹੁੰਦਾ ਹੈ। ਇਸ ਨਾਵਲ ਨੂੰ ਕੇਵਲ ਤੱਥਮੁਖ ਜਾਂ ਆਦਰਸ਼ਮੁਖ ਰਚਨਾ ਹੀ ਨਹੀਂ ਕਿਹਾ ਜਾ ਸਕਦਾ ਬਲਕਿ ਇਸ ਨਾਵਲ ਵਿਚ ਸੰਸਾਰੀਕਰਨ ਦੀ ਪ੍ਰਕਿਰਿਆ ਤੋਂ ਬਾਅਦ ਜੀਵਨ-ਯਥਾਰਥ ਦੇ ਲੁਕੇ ਹੋਏ ਅਤੇ ਨਾ-ਮੰਨਣਯੋਗ ਪੱਖਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਵਿਚ ਜਿਥੇ ਅਨੁਭਵੀ ਖੋਜ ਆਧਾਰਤ ਦ੍ਰਿਸ਼ਟਮਾਨ ਤੇ ਤੱਥਗਤ (Apparent and Factual) ਯਥਾਰਥ ਨੂੰ ਬਿਆਨ ਕੀਤਾ ਗਿਆ ਹੈ ਉਥੇ ਅਦ੍ਰਿਸ਼ਟ ਸੰਭਾਵਿਤ ਯਥਾਰਥ ਵੀ ਪੇਸ਼ ਹੋਇਆ ਹੈ। ਸਰਮਾਏਦਾਰੀ ਸਮਾਜ ਵਿਚ ਮਨੁੱਖੀ ਜੀਵਨ ਦੀਆਂ ਵੱਖ-ਵੱਖ ਪਰਤਾਂ ਦੀ ਜਟਿਲਤਾ ਤੇ ਉਨ੍ਹਾਂ ਦੇ ਬੋਧ ਜਾਂ ਤੱਤ-ਸਾਰ ਨੂੰ ਅਖੰਡ ਰੂਪ ਵਿਚ ਪ੍ਰਕਾਸ਼ਮਾਨ ਕਰਨ ਦੀ ਵੀ ਇਸ ਨਾਵਲ ਵਿਚ ਬੜੀ ਖ਼ੂਬਸੂਰਤੀ ਨਾਲ ਕੋਸ਼ਿਸ਼ ਕੀਤੀ ਗਈ ਹੈ।

*—ਭੀਮ ਇੰਦਰ ਸਿੰਘ*

"ਸੰਸਾਰੀਕਰਨ ਦਾ ਯਥਾਰਥਵਾਦੀ ਪ੍ਰਗਟਾਅ : ਕੌਰਵ ਸਭਾ"

—✶—

**ਤਫ਼ਤੀਸ਼** ਵਿਚ ਸਿਨੇਮੈਟੋਗ੍ਰਾਫ਼ੀ ਵਾਲੀ ਤਕਨੀਕ ਵਰਤੀ ਗਈ ਹੈ—ਯਾਨੀ ਫ਼ੇਡ ਇਨ ਅਤੇ ਫ਼ੇਡ ਆਊਟ। ਇਕ ਖ਼ਾਸ ਸਿਚੂਏਸ਼ਨ ਵਿਚ ਘਿਰੇ ਕੁਝ ਵਿਅਕਤੀ, ਉਨ੍ਹਾਂ ਦੀਆਂ ਆਪਸ ਵਿਚ ਗੱਲਾਂ, ਇਕ ਦੂਸਰੇ ਨਾਲ ਛਿੜਿਆ ਵਾਦ-ਵਿਵਾਦ—ਕੁਝ ਸਮੇਂ ਲਈ ਕੈਮਰਾ ਇਨ੍ਹਾਂ ਉੱਤੇ ਟਿਕਦਾ ਹੈ, ਫਿਰ ਫੇਡ-ਆਊਟ ਹੋ ਜਾਂਦਾ ਹੈ। ਇੰਜ ਹੀ ਨਵੀਂ ਸਿਚੂਏਸ਼ਨ, ਨਵੇਂ ਪਾਤਰ, ਨਵੀਆਂ ਗੱਲਾਂ, ਨਵੀਆਂ ਸਮੱਸਿਆਵਾਂ—ਪਹਿਲਾਂ

ਫ਼ੇਡ-ਇਨ, ਫਿਰ ਫ਼ੇਡ-ਆਊਟ। ਇਸ ਸਿਨੇ-ਤਕਨੀਕ ਦੇ ਆਧਾਰ ਉੱਤੇ ਨਾਵਲ ਪਾਠਕ ਦੇ ਜ਼ਿਹਨ ਉੱਤੇ ਆਪਣਾ ਨਕਸ਼ ਛੱਡਦਾ ਚਲਾ ਜਾਂਦਾ ਹੈ। ਸਮੇਂ ਅਤੇ ਸਥਾਨ ਦੇ ਪੱਖੋਂ ਵੀ ਇਸ ਨਾਵਲ ਵਿਚ ਇਕ ਨਵਾਂ ਤਜਰਬਾ ਕੀਤਾ ਗਿਆ ਹੈ। ਬੰਟੀ ਦੇ ਅਗਵਾ ਹੋਣ, ਉਸ ਨੂੰ ਤਲਾਸ਼ ਕਰਨ, ਲਾਸ਼ ਦੇ ਬਰਾਮਦ ਹੋਣ ਅਤੇ ਨਿਰਦੋਸ਼ ਬੰਦਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤੇ ਜਾਣ ਵਿਚ ਕਈ ਦਿਨ ਲੱਗ ਜਾਂਦੇ ਹਨ। ਪਰ ਇਹ ਸਭ ਕੁਝ ਇਕ ਦੂਸਰੇ ਨਾਲ ਇੰਜ ਜੁੜਿਆ ਹੋਇਆ ਹੈ ਕਿ ਪਾਠਕ ਨੂੰ ਪਤਾ ਹੀ ਨਹੀਂ ਲੱਗਦਾ ਕਿ ਸਮਾਂ ਬੀਤ ਗਿਆ ਹੈ ਜਾਂ ਬੀਤ ਰਿਹਾ ਹੈ। ਇੰਜ ਹੀ ਸਥਾਨ ਦੇ ਪੱਖੋਂ ਵੀ ਇਸ ਨਾਵਲ ਵਿਚ ਬਹੁਤੀ ਤਬਦੀਲੀ ਨਹੀਂ ਆਉਂਦੀ। ਇਹ ਠੀਕ ਹੈ ਕਿ ਸਥਾਨ ਕਦੀ ਕਿਸੇ ਦਾ ਘਰ ਹੁੰਦਾ ਹੈ, ਕਦੀ ਗਲੀ ਬਾਜ਼ਾਰ, ਕਦੀ ਪੁਲਿਸ ਸਟੇਸ਼ਨ, ਕਦੀ ਕਚਹਿਰੀ ਆਦਿ ਪਰ ਲੱਗਦਾ ਇੰਜ ਹੈ ਜਿਵੇਂ ਸਟੇਜ ਇਕ ਹੀ ਹੈ ਜੋ ਘੁੰਮ ਰਹੀ ਹੈ ਅਤੇ ਕਦੀ ਉਸ ਦੇ ਇਕ ਪਾਸੇ ਵੱਲ ਰੌਸ਼ਨੀ ਪੈਂਦੀ ਹੈ, ਕਦੀ ਦੂਸਰੇ ਪਾਸੇ ਵੱਲ। ਇੰਜ ਇਕੋ ਤਸਵੀਰ ਦੇ ਕਈ ਰੁਖ ਅਤੇ ਇਕੋ ਘਟਨਾ ਦੇ ਕਈ ਪਾਸਾਰ ਪਾਠਕ ਦੇ ਸਾਹਮਣੇ ਆਉਂਦੇ ਹਨ।

ਇਸ ਨਾਵਲ (**ਤਫ਼ਤੀਸ਼**) ਵਿਚ ਨਾਵਲਕਾਰ ਨੇ ਚੇਤਨਤਾ-ਪ੍ਰਵਾਹ ਵਾਲੀ ਤਕਨੀਕ ਦਾ ਸਹਾਰਾ ਵੀ ਲਿਆ ਹੈ। ਪਾਤਰਾਂ ਦੇ ਅੰਦਰਲੇ ਦਵੰਦ ਜਾਂ ਘੋਲ ਨੂੰ ਭਲੀਭਾਂਤ ਪੇਸ਼ ਕੀਤਾ ਗਿਆ ਹੈ...ਬੇਸ਼ਕ ਨਾਵਲਕਾਰ ਕਈ ਵਾਰ ਆਪਣੇ ਵਿਸ਼ੇ ਤੋਂ ਭਟਕ ਗਿਆ ਪ੍ਰਤੀਤ ਹੁੰਦਾ ਹੈ, ਖ਼ਾਸ ਕਰ ਉਦੋਂ ਜਦੋਂ ਉਹ ਆਪਣੇ ਪਾਤਰਾਂ ਪ੍ਰਤੀ ਬੇਲੋੜਾ ਵਿਸਥਾਰ ਦੇਣ ਲੱਗਦਾ ਹੈ, ਪਰ ਉਸ ਦੇ ਇਸ ਕੁਰਾਹੇ ਪੈਣ ਸਦਕਾ ਇਸ ਨਾਵਲ ਵਿਚ ਐਪਿਕ ਆਯਾਮ (ਡਾਇਮੈਨਸ਼ਨਜ਼) ਦਾ ਵਾਧਾ ਹੋ ਜਾਂਦਾ ਹੈ। ਇਸ ਰਚਨਾ ਦਾ ਆਕਾਰ ਇਕ ਐਸੀ ਨਦੀ ਵਰਗਾ ਹੈ ਜੋ ਕਈ ਮੋੜ ਮੁੜਦੀ ਹੋਈ ਆਖ਼ਿਰ ਆਪਣੀ ਮੰਜ਼ਿਲ ਉੱਤੇ ਪਹੁੰਚ ਜਾਂਦੀ ਹੈ। ਨਿਰਸੰਦੇਹ ਇਹ ਨਾਵਲ ਯੁੱਗ-ਚੇਤਨਾ ਦਾ ਧਾਰਨੀ ਹੋ ਨਿਬੜਿਆ ਹੈ।

*—ਪ੍ਰੋ. ਨਰਿੰਜਨ ਤਸਨੀਮ*

"ਤਫ਼ਤੀਸ਼—ਗਲਪ ਦ੍ਰਿਸ਼ਟੀ ਅਤੇ ਤਕਨੀਕ"

—*—

ਮਿੱਤਰ ਸੈਨ ਮੀਤ ਨੇ ਆਪਣੇ ਇਸ ਨਵੇਂ ਨਾਵਲ (**ਤਫ਼ਤੀਸ਼**) ਨਾਵਲ ਪੰਜਾਬੀ ਸਾਹਿਤਕ ਜਗਤ ਦੇ ਅਸੀਮ ਗਗਨ ਵਿਚ ਇਕ ਅਜਿਹੇ ਬੋਦੀ ਵਾਲੇ ਤਾਰੇ ਵਾਂਗ ਪ੍ਰਵੇਸ਼ ਕੀਤਾ ਹੈ ਜਿਸ ਦੀ ਲੰਮੀ ਜਗਮਗਾਉਂਦੀ ਪੂਛ ਵਿਚ ਸਦੀਆਂ ਪੁਰਾਣੀਆਂ ਧਾਰਨਾਵਾਂ ਅਤੇ ਅੰਧ-ਵਿਸ਼ਵਾਸਾਂ ਦੇ ਹਨੇਰਿਆਂ ਨੂੰ ਨਸ਼ਟ ਕਰਨ ਦੀਆਂ ਅਥਾਹ ਸ਼ਕਤੀਆਂ ਅਤੇ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ...ਪੰਜਾਬੀ ਸਾਹਿਤ ਦਾ ਇਹ ਬੋਦੀ ਵਾਲਾ ਤਾਰਾ ਵੀ ਪੰਜਾਬੀ ਸਾਹਿਤ ਵਿਚ ਨਵੀਆਂ ਪਿਰਤਾਂ ਅਤੇ ਨਵੀਆਂ ਸੰਭਾਵਨਾਵਾਂ ਦਾ ਪ੍ਰਤੀਕ ਬਣ ਕੇ ਪ੍ਰਗਟ ਹੋਇਆ ਹੈ।

ਵਿਸ਼ੇ, ਵਿਸਥਾਰ, ਵਿਸ਼ਲੇਸ਼ਣ ਅਤੇ ਪੁਲਿਸ ਕਿਰਦਾਰ ਸੰਬੰਧੀ ਜਾਣਕਾਰੀ ਦੇ ਪੱਖੋਂ ਇਹ ਨਾਵਲ (**ਤਫ਼ਤੀਸ਼**) ਪੰਜਾਬੀ ਸਾਹਿਤ ਵਿਚ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ। ਵਿਸ਼ੇ ਉਪਰ ਨਾਵਲਕਾਰ ਦੀ ਕੇਵਲ ਪਕੜ ਹੀ ਮਜ਼ਬੂਤ ਨਹੀਂ ਸਗੋਂ ਇਸ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨ ਵਿਚ ਵੀ ਉਸ ਨੇ ਕਮਾਲ ਦੀ ਮੁਹਾਰਤ ਦਾ ਸਬੂਤ ਦਿੱਤਾ ਹੈ। ਵੱਡ-ਅਕਾਰੇ ਇਸ ਯਥਾਰਥਵਾਦੀ ਨਾਵਲ ਵਿਚ ਪਿਆਰ ਨਾਲ ਸੰਬੰਧਿਤ ਇਕ ਵੀ ਘਟਨਾ ਨਾ ਹੋਣ ਦੇ ਬਾਵਜੂਦ ਨਾਵਲ ਦੀ ਰੌਚਿਕਤਾ ਹਰ ਕਾਂਡ ਵਿਚ ਵਧਦੀ ਚਲੀ ਜਾਂਦੀ ਹੈ। ਜਿਥੇ ਇਹ ਨਾਵਲ ਹਰ ਕਾਂਡ ਨਾਲ ਪਾਠਕ ਨੂੰ ਇਕ ਅਛੂਤੇ ਵਿਸ਼ੇ ਬਾਰੇ ਨਹੀਂ ਜਾਣਕਾਰੀ ਦੇ ਕੇ ਉਸ ਦੀ ਚੇਤਨਾ ਨੂੰ ਜਗਾਉਣ ਦਾ ਕਲਾਮਈ ਯਤਨ ਕਰਦਾ ਹੈ, ਉਥੇ ਉਹ ਹਰ ਕਦਮ 'ਤੇ ਆਪਣੇ ਆਸ਼ੇ ਅਤੇ ਉਦੇਸ਼ ਨੂੰ ਰੂਪਮਾਨ ਕਰਦਾ ਹੋਇਆ ਪੁਲਿਸ ਪ੍ਰਸ਼ਾਸਨ ਦੀ ਅਜੋਕੀ ਕਾਰਗੁਜ਼ਾਰੀ ਰਾਹੀਂ, ਵਰਤਮਾਨ ਆਰਥਿਕ, ਸਮਾਜਿਕ ਅਤੇ ਰਾਜਨੀਤਕ ਢਾਂਚੇ ਦੀਆਂ ਜਰਜਰੀਆਂ ਚੂਲਾਂ ਨੂੰ ਹਿਲਾਉਂਦਾ ਤੁਰਿਆ ਜਾਂਦਾ ਹੈ।

—*ਨਾਵਲਕਾਰ ਇੰਦਰ ਸਿੰਘ ਖ਼ਾਮੋਸ਼*

"ਤਫ਼ਤੀਸ਼ ਦੇ ਯਥਾਰਥ-ਬੋਧ ਦੀ ਵਿਸ਼ੇਸ਼ਤਾ"

—★—

# ਅੰਤਿਕਾ-I

## ਮਿੱਤਰ ਸੈਨ ਮੀਤ : ਜੀਵਨ ਬਿਓਰਾ

* ਨਾਮ
  ਮਿੱਤਰ ਸੈਨ ਗੋਇਲ

* ਸਾਹਿਤਕ ਨਾਮ
  ਮਿੱਤਰ ਸੈਨ ਮੀਤ

* ਜਨਮ ਮਿਤੀ
  20 ਅਕਤੂਬਰ 1952

* ਘਰ ਦਾ ਪਤਾ
  ਮਕਾਨ ਨੰ. 297, ਗਲੀ ਨੰ. 5, ਉਪਕਾਰ ਨਗਰ
  ਸਿਵਲ ਲਾਈਨਜ਼, ਲੁਧਿਆਣਾ (ਪੰਜਾਬ)

* ਫ਼ੋਨ
  0161-243002 (ਘਰ) * 98556 31777 (ਮੋਬਾਇਲ)

* ਵਿਦਿਅਕ ਯੋਗਤਾ
  ਬੀ.ਏ. ਆਨਰਜ਼ (ਮੈਥਸ), ਐੱਲ.ਐੱਲ.ਬੀ.

### ਭਾਗ ਪਹਿਲਾ
### ਕਾਰੋਬਾਰੀ ਤਜਰਬਾ ਅਤੇ ਮਾਨ ਸਨਮਾਨ

* **ਤਜਰਬਾ**
  ਵਕਾਲਤ : 2 ਸਾਲ (ਫ਼ਰਵਰੀ 1977 ਤੋਂ ਜਨਵਰੀ 1979)
  ਸਰਕਾਰੀ ਵਕੀਲ : 33 ਸਾਲ
  ਮਿਤੀ 31-10-2011 ਨੂੰ ਲੁਧਿਆਣਾ ਤੋਂ ਡਿਸਟਿਕ ਅਟਾਰਨੀ (District Attorney) ਦੇ ਅਹੁਦੇ ਤੋਂ ਸੇਵਾ-ਮੁਕਤ।
* **ਕਾਨੂੰਨੀ ਮਸਲਿਆਂ ਬਾਰੇ ਪੰਜ ਪੁਸਤਕਾਂ ਦੀ ਰਚਨਾ**

  **I. Pro-Prosecution Law on Custody and Bails :**
  ਇਹ ਪੁਸਤਕ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ

ਐਡਮਨਿਸਟ੍ਰੇਸ਼ਨ, ਪੰਜਾਬ, ਚੰਡੀਗੜ੍ਹ ਵੱਲੋਂ 2011 ਵਿਚ ਛਾਪੀ ਗਈ ਅਤੇ ਸਰਕਾਰੀ ਵਕੀਲਾਂ ਵਿਚ ਮੁਫ਼ਤ ਵੰਡੀ ਗਈ।

ਪੁਲਿਸ ਅਫ਼ਸਰਾਂ ਦੇ ਲਾਭ ਹਿਤ ਇਸ ਪੁਸਤਕ ਨੂੰ ਨੈਸ਼ਨਲ ਪੁਲਿਸ ਅਕੈਡਮੀ ਹੈਦਰਾਬਾਦ ਵੱਲੋਂ ਵੀ ਛਾਪਿਆ ਅਤੇ ਆਪਣੇ ਅਫ਼ਸਰਾਂ ਵਿਚ ਮੁਫ਼ਤ ਵੰਡਿਆ ਗਿਆ।

**II. Tips on Criminal Law to Investigating Officers**

ਇਸ ਪੁਸਤਕ ਦੇ ਕੁਲ ਬਾਰਾਂ ਅਧਿਆਇ ਹਨ। ਇਹ ਪੁਸਤਕ ਤਫ਼ਤੀਸ਼ ਕਰਨ ਵਾਲੇ ਅਫ਼ਸਰਾਂ ਲਈ ਤਫ਼ਤੀਸ਼ ਦੇ ਪੱਧਰ ਨੂੰ ਸੁਧਾਰਨ ਹਿਤ ਲਿਖੀ ਗਈ।

**III. Important Information on Criminal**

**IV. Basic Information on the Right to Information Act**

ਇਸ ਪੁਸਤਕ ਵਿਚ ਸੂਚਨਾ ਦਾ ਅਧਿਕਾਰ ਕਾਨੂੰਨ 2005 ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਦਾ ਮਕਸਦ ਲੋਕਾਂ ਅਤੇ ਲੋਕ ਜਥੇਬੰਦੀਆਂ ਨੂੰ ਇਸ ਕਾਨੂੰਨ ਸੰਬੰਧੀ ਸਰਲ-ਸੌਖੀ ਭਾਸ਼ਾ ਵਿਚ ਜਾਣਕਾਰੀ ਦੇਣਾ ਹੈ।

**V. Basic Informaion on the Punjab Right to Services Act**

ਇਸ ਪੁਸਤਕ ਵਿਚ ਪੰਜਾਬ ਸੇਵਾ ਅਧਿਕਾਰ ਕਾਨੂੰਨ 2011 ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਦਾ ਮਕਸਦ ਵੀ ਲੋਕਾਂ ਅਤੇ ਲੋਕ ਜਥੇਬੰਦੀਆਂ ਨੂੰ ਇਸ ਕਾਨੂੰਨ ਸੰਬੰਧੀ ਵਾਕਫ਼ੀ ਪ੍ਰਦਾਨ ਕਰਨਾ ਹੈ।

ਇਸ ਤੋਂ ਇਲਾਵਾ ਮਿੱਤਰ ਸੈਨ ਮੀਤ ਨੇ ਲੋਕ ਪੱਖੀ ਕਾਨੂੰਨਾਂ ਸੰਬੰਧੀ ਬਹੁਤ ਸਾਰੇ ਖੋਜ ਪੱਤਰ ਅਤੇ ਅਖ਼ਬਾਰੀ ਮਜ਼ਮੂਨ ਵੀ ਲਿਖੇ।

ਕਾਨੂੰਨ ਦੇ ਮਸਲਿਆਂ ਸੰਬੰਧੀ ਲਗਾਤਾਰ ਸਿਰਜਣਾਤਮਕ ਅਤੇ ਖੋਜ-ਮੂਲਕ ਕਾਰਜ ਸਦਕਾ ਉਸ ਨੂੰ ਪਹਿਲਾਂ ਭਾਰਤ ਸਰਕਾਰ ਦੇ ਵਿਭਾਗ **ਬਿਊਰੋ ਆਫ਼ ਪੁਲਿਸ ਐਂਡ ਡਿਵੈਲਪਮੈਂਟ** ਦੁਆਰਾ **ਗੋਬਿੰਦ ਵਲਭ ਪੰਤ ਪੁਰਸਕਾਰ**-2008 ਨਾਲ ਸਨਮਾਨਿਤ ਕੀਤਾ ਗਿਆ ਅਤੇ ਮਗਰੋਂ ਉਸ ਦੀ ਪੁਸਤਕ **ਰਾਮਰਾਜ** ਨੂੰ ਨਿਆਂ-ਪ੍ਰਣਾਲੀ ਸੰਬੰਧੀ ਇਕ ਖੋਜ-ਮੂਲਕ ਦਸਤਾਵੇਜ਼ ਸਵੀਕਾਰਦੇ ਹੋਏ ਹਰਿਆਣਾ ਪੁਲਿਸ, ਅਕਾਦਮੀ ਮਧੂਬਨ ਦੁਆਰਾ ਸਨਮਾਨਿਤ ਕੀਤਾ ਗਿਆ।

**ਭਾਗ ਦੂਸਰਾ**

## ਸਾਹਿਤਕ ਯੋਗਦਾਨ ਅਤੇ ਮਾਨ ਸਨਮਾਨ

ਮਿੱਤਰ ਸੈਨ ਮੀਤ ਨੇ ਛੇ ਨਾਵਲਾਂ ਅਤੇ ਤਿੰਨ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ।

* *ਨਾਵਲ*
  **ਅੱਗ ਦੇ ਬੀਜ, ਕਾਫ਼ਲਾ, ਤਫ਼ਤੀਸ਼, ਕਟਹਿਰਾ, ਕੌਰਵ ਸਭਾ, ਸੁਧਾਰ ਘਰ**

* *ਕਹਾਣੀ ਸੰਗ੍ਰਹਿ*
  **ਪੁਨਰਵਾਸ, ਠੋਸ ਸਬੂਤ, ਲਾਮ**

* ਉਸ ਦੇ ਚਾਰ ਨਾਵਲ ਹਿੰਦੀ ਭਾਸ਼ਾ ਵਿਚ ਵੀ ਅਨੁਵਾਦ ਹੋ ਚੁੱਕੇ ਹਨ। **ਕੌਰਵ ਸਭਾ** ਨਾਵਲ ਦਾ ਭਾਰਤੀ ਗਿਆਨਪੀਠ ਦੁਆਰਾ ਛਾਪਿਆ ਜਾਣਾ ਫ਼ਖ਼ਰਯੋਗ ਗੱਲ ਹੈ। ਇਸ ਤੋਂ ਇਲਾਵਾ ਉਸ ਦੇ ਤਿੰਨ ਨਾਵਲ **ਤਫ਼ਤੀਸ਼, ਕਟਹਿਰਾ** ਅਤੇ **ਸੁਧਾਰ ਘਰ**, **ਰਾਮ ਰਾਜਯ** ਦੇ ਸਿਰਲੇਖ ਹੇਠ ਹਰਿਆਣਾ ਪੁਲਿਸ ਅਕਾਦਮੀ, ਮਧੂਬਨ ਦੁਆਰਾ ਵੀ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਿਤ ਕੀਤੇ ਗਏ ਹਨ।

* ਪੰਜਾਬੀ ਦੇ ਤਿੰਨ ਵਿਦਵਾਨਾਂ ਦੁਆਰਾ ਉਸ ਦੇ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਸੰਬੰਧੀ ਖੋਜ ਪੁਸਤਕਾਂ ਸੰਪਾਦਿਤ ਕੀਤੀਆਂ ਜਾ ਚੁੱਕੀਆਂ ਹਨ, ਜੋ ਹੇਠ ਲਿਖੇ ਅਨੁਸਾਰ ਹਨ :
  **ਤਫ਼ਤੀਸ਼ ਦਾ ਵਿਸ਼ਲੇਸ਼ਣ** (ਸੰਪ. ਡਾ. ਸੁਖਦੇਵ ਸਿੰਘ ਖਾਹਰਾ)
  **ਨਾਵਲਕਾਰ ਮਿੱਤਰ ਸੈਨ ਮੀਤ** (ਸੰਪ. ਡਾ. ਸੁਖਦੇਵ ਸਿੰਘ ਖਾਹਰਾ)
  **ਕੌਰਵ ਸਭਾ ਆਲੋਚਨਾਤਮਕ ਵਿਸ਼ਲੇਸ਼ਣ** (ਸੰਪ. ਡਾ. ਸੁਖਦੇਵ ਸਿੰਘ ਖਾਹਰਾ)
  **ਕੌਰਵ ਸਭਾ ਦੀਆਂ ਪਰਤਾਂ** (ਸੰਪ. ਡਾ. ਹਰਿਭਜਨ ਸਿੰਘ ਭਾਟੀਆ)
  **ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ ਦਰ ਸੰਵਾਦ** (ਸੰਪਾ. ਐੱਸ. ਤਰਸੇਮ)

* ਇਸ ਤੋਂ ਇਲਾਵਾ ਪੰਜਾਬੀ ਅਤੇ ਅੰਗਰੇਜ਼ੀ ਵਿਚ ਉਸ ਦੀ ਗਲਪ ਰਚਨਾ ਦੇ ਵਿਸ਼ਲੇਸ਼ਣ ਅਤੇ ਵਿਵੇਚਨ ਸੰਬੰਧੀ ਤਿੰਨ ਮੌਲਿਕ ਪੁਸਤਕਾਂ ਵੀ ਰਚੀਆਂ ਜਾ ਚੁੱਕੀਆਂ ਹਨ :
  **ਪ੍ਰਸੰਗ ਕੌਰਵ ਸਭਾ** (ਲੇਖਕ : ਅਮਰਜੀਤ ਸਿੰਘ ਗਰੇਵਾਲ)
  **ਨਵੀਂ ਵਿਧਾ ਦਾ ਨਾਵਲਕਾਰ : ਮਿੱਤਰ ਸੈਨ ਮੀਤ** (ਲੇਖਕ : ਡਾ. ਕਮਲਜੀਤ ਸਿੰਘ)
  **Fiction of Mitter Sain Meet** (in English by Dr. T.R. Vinod)

* ਉਸ ਦੇ ਨਾਵਲ **ਤਫ਼ਤੀਸ਼** ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਵੱਲੋਂ

ਚਾਰ ਵਰ੍ਹੇ ਐੱਮ.ਏ. (ਪੰਜਾਬੀ) ਦੇ ਪਾਠ-ਕ੍ਰਮ ਦਾ ਹਿੱਸਾ ਬਣਾਇਆ ਗਿਆ।

* **ਤਫ਼ਤੀਸ਼** ਨਾਵਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਬੀ.ਏ. ਦੀਆਂ ਜਮਾਤਾਂ ਦੇ ਪਾਠ-ਕ੍ਰਮ ਦਾ ਹਿੱਸਾ ਹੈ।
* **ਕੌਰਵ ਸਭਾ** ਨਾਵਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪਾਠ-ਕ੍ਰਮ ਦਾ ਹਿੱਸਾ ਹੈ।
* ਮਿੱਤਰ ਸੈਨ ਮੀਤ ਦੇ ਨਾਵਲਾਂ ਸੰਬੰਧੀ ਤਿੰਨ ਖੋਜ ਵਿਦਿਆਰਥੀ ਆਪਣਾ ਪੀਐੱਚ.ਡੀ. ਦਾ ਖੋਜ ਕਾਰਜ ਮੁਕੰਮਲ ਕਰ ਚੁੱਕੇ ਹਨ।
* ਅਠਾਰਾਂ ਖੋਜ ਵਿਦਿਆਰਥੀ ਉਸ ਦੇ ਨਾਵਲਾਂ ਉੱਪਰ ਖੋਜ ਨਿਬੰਧ ਲਿਖ ਕੇ ਐੱਮ.ਫਿਲ ਦੀਆਂ ਉਪਾਧੀਆਂ ਹਾਸਿਲ ਕਰ ਚੁੱਕੇ ਹਨ।
* ਡਾ. ਨਾਮਵਰ ਸਿੰਘ, ਮੈਨੇਜਰ ਪਾਂਡੇ, ਡਾ. ਰਮੇਸ਼ ਕੁੰਤਲ ਮੇਘ ਆਦਿ ਵਰਗੇ ਪ੍ਰਸਿੱਧ ਹਿੰਦੀ ਵਿਦਵਾਨਾਂ ਨੇ ਉਸ ਦੁਆਰਾ ਲਿਖੇ ਨਾਵਲਾਂ ਦੀ ਭਰਵੀਂ ਸਰਾਹਨਾ ਕੀਤੀ ਅਤੇ ਉਨ੍ਹਾਂ ਪ੍ਰਤਿ ਬੌਧਿਕ ਹੁੰਗਾਰਾ ਭਰਿਆ ਹੈ।
* 2008 ਈ. ਵਿਚ ਉਸ ਨੂੰ ਸਾਹਿਤ ਅਕਾਦਮੀ ਦਿੱਲੀ ਦੁਆਰਾ ਉਸ ਦੇ ਨਾਵਲ **ਸੁਧਾਰ ਘਰ** ਉੱਪਰ ਰਾਸ਼ਟਰੀ ਪੁਰਸਕਾਰ ਦਿੱਤਾ ਗਿਆ।

ਇਸ ਤੋਂ ਇਲਾਵਾ ਗਲਪਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਕਰਕੇ ਉਸ ਨੂੰ ਹੋਰ ਵੀ ਬਹੁਤ ਸਾਰੇ ਇਨਾਮ ਸਨਮਾਨ ਪ੍ਰਾਪਤ ਹੋ ਚੁੱਕੇ ਹਨ।

# ਅੰਤਿਕਾ-II

## ਮਿੱਤਰ ਸੈਨ ਮੀਤ ਦੀਆਂ ਮੌਲਿਕ ਰਚਨਾਵਾਂ

* *ਨਾਵਲ*

  **ਅੱਗ ਦੇ ਬੀਜ**, ਸਾਹਿਤ ਕੇਂਦਰ, ਅੰਮ੍ਰਿਤਸਰ, 1971
  **ਕਾਫ਼ਲਾ**, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ, 1986
  **ਤਫ਼ਤੀਸ਼**, ਜੈਨ ਸੰਨਜ਼ ਪ੍ਰਕਾਸ਼ਨ, ਸਰਹਿੰਦ, 1990
  **ਕਟਹਿਰਾ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993
  **ਕੌਰਵ ਸਭਾ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003
  **ਸੁਧਾਰ ਘਰ**, ਦਸਤਕ ਪ੍ਰਕਾਸ਼ਨ, ਲੁਧਿਆਣਾ, 2006

* *ਕਹਾਣੀ ਸੰਗ੍ਰਹਿ*

  **ਪੁਨਰਵਾਸ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987
  **ਲਾਮ**, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ, 1988
  **ਠੋਸ ਸਬੂਤ**, ਦਰਦੀ ਪ੍ਰਕਾਸ਼ਨ, ਮਹਿਲਕਲਾਂ (ਬਰਨਾਲਾ), 1992

# ਅੰਤਿਕਾ-III

## ਮਿੱਤਰ ਸੈਨ ਮੀਤ ਦੀਆਂ ਰਚਨਾਵਾਂ ਉੱਪਰ ਹੋਇਆ ਖੋਜ ਕਾਰਜ

*ਪੀਐੱਚ.ਡੀ. ਦੇ ਖੋਜ ਪ੍ਰਬੰਧ*

* ਸਿਮਰਜੀਤ ਕੌਰ, **ਮਿੱਤਰ ਸੈਨ ਮੀਤ ਦਾ ਨਾਵਲ ਜਗਤ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
* ਬਲਵਿੰਦਰ ਸਿੰਘ, **ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਥੀਮਕ ਅਧਿਐਨ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2012.
* ਵਿਨੀਤ ਕੁਮਾਰ, **ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2013.

*ਐੱਮ.ਫਿਲ. ਦੇ ਖੋਜ-ਨਿਬੰਧ*

* ਰਾਜਿੰਦਰ ਸਿੰਘ, **ਮਿੱਤਰ ਸੈਨ ਮੀਤ ਦੁਆਰਾ ਰਚਿਤ ਨਾਵਲ ਤਫ਼ਤੀਸ਼ ਦਾ ਥੀਮਕ ਅਧਿਐਨ**, ਰੀਜਨਲ ਸੈਂਟਰ ਪੰਜਾਬੀ ਯੂਨੀਵਰਸਿਟੀ, ਬਠਿੰਡਾ, 1989-90.
* ਭੋਲਾ ਸਿੰਘ, **ਮਿੱਤਰ ਸੈਨ ਮੀਤ ਦੀਆਂ ਕਹਾਣੀਆਂ ਦਾ ਕਥਾ ਵਿਵੇਕ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991-92.
* ਪਰਮਜੀਤ ਕੌਰ, **ਮਿੱਤਰ ਸੈਨ ਮੀਤ ਦੇ ਨਾਵਲ ਤਫ਼ਤੀਸ਼ ਦਾ ਅਧਿਐਨ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992.
* ਰੁਪਿੰਦਰ ਕੌਰ, **ਮਿੱਤਰ ਸੈਨ ਮੀਤ ਦੇ ਨਾਵਲ ਕਟਹਿਰਾ ਦਾ ਆਲੋਚਨਾਤਮਕ ਅਧਿਐਨ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992-93.
* ਜਸਵਿੰਦਰ ਕੌਰ, **ਮਿੱਤਰ ਸੈਨ ਮੀਤ ਰਚਿਤ ਨਾਵਲ ਕਟਹਿਰਾ ਦਾ ਆਲੋਚਨਾਤਮਕ ਅਧਿਐਨ**, ਦਿੱਲੀ ਯੂਨੀਵਰਸਿਟੀ, ਦਿੱਲੀ, 1993.
* ਹਰਦੀਪ ਕੌਰ, **ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਸਭਿਆਚਾਰਕ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 1993-94.
* ਸੁਰਜੀਤ ਕੌਰ, **ਮਿੱਤਰ ਸੈਨ ਮੀਤ ਦੀ ਨਾਵਲੀ ਚੇਤਨਾ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 1997.

* ਸਰਬਜੀਤ ਕੌਰ, **ਕੌਰਵ ਸਭਾ ਨਾਵਲ ਵਿਚ ਰਾਜ ਅਪਕਰਮ ਦਾ ਬੋਧ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2002-2003.
* ਗੁਰਪ੍ਰੀਤ ਕੌਰ, **ਕੌਰਵ ਸਭਾ : ਜੁਰਮ ਵਿਗਿਆਨਕ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004.
* ਸਤਨਾਮ ਸਿੰਘ ਸਵਰਨਾ, **ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਸਮਾਜਕ ਸਰੋਕਾਰ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2004.
* ਸਵਿਤਾ ਵਰਮਾ, **ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਆਲੋਚਨਾਤਮਕ ਅਧਿਐਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.
* ਸਤਨਾਮ ਸਿੰਘ, **ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਸਮਾਜਕ ਸਰੋਕਾਰ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2004.
* ਹਰਪ੍ਰੀਤ ਸਿੰਘ, **ਮਿੱਤਰ ਸੈਨ ਮੀਤ ਦੇ ਨਾਵਲ ਕੌਰਵ ਸਭਾ ਦਾ ਆਲੋਚਨਾਤਮਕ ਅਧਿਐਨ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2005.
* ਸਵਰਨ ਸਿੰਘ, **ਮਿੱਤਰ ਸੈਨ ਮੀਤ ਦੀ ਨਾਵਲ ਕਲਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005-06.
* ਜਗਧੀਰ ਸਿੰਘ, **ਮਿੱਤਰ ਸੈਨ ਮੀਤ ਦੇ ਨਾਵਲ ਕੌਰਵ ਸਭਾ ਦਾ ਥੀਮਕ ਅਧਿਐਨ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2006.
* ਮਨਜੀਤ ਸਿੰਘ, **ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਜੁਰਮ ਦਾ ਸੰਕਲਪ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2008.
* ਲਖਵੀਰ ਕੌਰ, **ਮਿੱਤਰ ਸੈਨ ਮੀਤ ਦੇ ਨਾਵਲ ਸੁਧਾਰ ਘਰ ਦਾ ਆਲੋਚਨਾਤਮਕ ਅਧਿਐਨ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2007-2008.
* ਹਰਜਿੰਦਰ ਕੌਰ, **ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਜੁਰਮ ਦੇ ਵਿਭਿੰਨ ਪਾਸਾਰ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2008.

# ਅੰਤਿਕਾ–IV

## ਮਿੱਤਰ ਸੈਨ ਮੀਤ ਦੇ
## ਨਾਵਲਾਂ ਸੰਬੰਧੀ ਪ੍ਰਾਪਤ ਖੋਜ ਮੂਲਕ ਪੁਸਤਕਾਂ


*ਸੰਪਾਦਿਤ*

* ਸੁਖਦੇਵ ਸਿੰਘ ਖਾਹਰਾ, **ਤਫ਼ਤੀਸ਼ ਦਾ ਵਿਸ਼ਲੇਸ਼ਣ**, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 1992.
* ____, **ਨਾਵਲਕਾਰ ਮਿੱਤਰ ਸੈਨ ਮੀਤ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2005.
* ____, **ਕੌਰਵ ਸਭਾ ਆਲੋਚਨਾਤਮਕ ਵਿਸ਼ਲੇਸ਼ਣ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003.
* ਹਰਿਭਜਨ ਸਿੰਘ ਭਾਟੀਆ, **ਕੌਰਵ ਸਭਾ ਦੀਆਂ ਪਰਤਾਂ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006.
* ਐੱਸ. ਤਰਸੇਮ, **ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ ਦਰ ਸੰਵਾਦ**, ਮਾਤਾ ਭਗਵੰਤੀ ਸਾਹਿਤ ਸੇਵਾ ਸੰਮਤੀ, ਮਾਲੇਰਕੋਟਲਾ, 2008.

*ਮੌਲਿਕ*

* ਅਮਰਜੀਤ ਸਿੰਘ ਗਰੇਵਾਲ, **ਪ੍ਰਸੰਗ ਕੌਰਵ ਸਭਾ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
* ਕਮਲਜੀਤ ਸਿੰਘ, **ਨਵੀਂ ਵਿਧਾ ਦਾ ਨਾਵਲਕਾਰ : ਮਿੱਤਰ ਸੈਨ ਮੀਤ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012.
* T.R. Vinod, **Fiction of Mitter Sain Meet,** Angel Parkashan, Ludhiana, n.d.


**